GS CPA, INC.
ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
*Certified Public Accountant*
5450 Lafayette Road, Suite#3,
Indianapolis, IN 46254
Ph:317-248-4802
Fax: 317-800-7947
e-mail: info@gscpainc.com Website: www.gscpainc.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
*24/7 Customer Service*
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268, 732-983-4332/4333

PJ Insurance, Inc.
5450 Lafayette Road, Suite # 3, Indianapolis, IN 46254
For All Your Insurance Needs.
Quality Service at affordable price
Home, Auto, Commercial, Worker Comp, Business
General Liability & other
ਹੋਮ, ਆਟੋ, ਕਮਰਸ਼ੀਅਲ, ਵਰਕਰ ਕੌਂਪ, ਬਿਜਨਸ ਜਨਰਲ ਲਾਇਬਿਲਿਟੀ-ਆਪਣੀਆਂ ਸਾਰੀਆਂ ਇੰਸ਼ੋਰੈਂਸ ਲੋੜਾਂ ਲਈ ਸੰਪਰਕ ਕਰੋ
*Contact: Satvir K. Singh*
*Office Manager*
Ph:317-666-7862
Email: info@pjinsuranceinc.com



USPS - PP 1
Fourteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 14, Issue 47, November 23, 2013
20451 N Plum Grove Rd., Palatine, IL 60074
Ph:847-359-0746, Fax:847-705-9388


## ਅਕਾਲੀਆਂ ਦੀਆਂ ਤਾਰਾਂ ਨਸ਼ਿਆਂ ਨਾਲ ਜੁੜੀਆਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਉਤੇ ਇਕ ਵਾਰ ਮੁੜ ਜਰਾਇਮ ਪੇਸ਼ਾ ਲੋਕਾਂ ਦੀ ਪੁਸ਼ਤਪਨਾਹੀ ਕਰਨ ਦੇ ਦੋਸ਼ ਲੱਗੇ ਹਨ ਜਿਸ ਨਾਲ ਸਿੱਖ ਪੰਥ ਦੀ 'ਅਸਲ ਨੁਮਾਇੰਦਾ' ਹੋਣ ਦਾ ਦਾਅਵਾ ਕਰਨ ਵਾਲੀ ਇਸ ਧਿਰ ਦੇ ਅਕਸ ਨੂੰ ਵੱਡਾ ਧੱਕਾ ਲੱਗਾ ਹੈ। ਇਸ ਵਾਰ ਪੰਜਾਬ ਵਿਚ ਫੈਲੇ ਨਸ਼ਿਆਂ ਦੇ ਮਾਇਆਜਾਲ ਦੇ ਤਾਰ ਅਕਾਲੀ ਆਗੂਆਂ ਨਾਲ ਜਾ ਜੁੜੇ ਹਨ। ਕੌਮਾਂਤਰੀ ਪਹਿਲਵਾਨ ਤੇ ਸਾਬਕਾ ਪੁਲਿਸ ਅਧਿਕਾਰੀ ਜਗਦੀਸ਼ ਭੋਲਾ ਦੀ ਗ੍ਰਿਫਤਾਰੀ ਤੋਂ ਬਾਅਦ ਅਜਿਹੇ ਰਾਜ ਖੁੱਲ੍ਹੇ ਹਨ ਜਿਸ ਨਾਲ ਸਪਸ਼ਟ ਹੋ ਗਿਆ ਹੈ ਕਿ ਨਸ਼ਿਆਂ ਦੇ ਕਾਰੋਬਾਰ ਵਿਚ ਸਿਆਸਤਦਾਨਾਂ ਦੀ ਪੂਰੀ ਸਰਪ੍ਰਸਤੀ ਹੈ।

ਪਿਛਲੇ ਇਕ ਸਾਲ ਦੌਰਾਨ ਅਪਰਾਧਕ ਘਟਨਾਵਾਂ ਨਾਲ ਅਕਾਲੀ ਦਲ ਨੂੰ ਕਈ ਵਾਰੀ ਨਮੋਸ਼ੀ ਦੇਖਣੀ ਪਈ ਹੈ। ਦਸੰਬਰ 2012 ਵਿਚ ਅੰਮ੍ਰਿਤਸਰ ਵਿਚ ਇਕ ਯੂਥ ਅਕਾਲੀ ਨੇਤਾ ਨੇ ਪੰਜਾਬ ਪੁਲਿਸ ਦੇ ਏ.ਐਸ.ਆਈ. ਦੀ ਦਿਨ ਦਿਹਾੜੇ ਹੱਤਿਆ ਕਰ ਦਿੱਤੀ ਸੀ। ਉਸ ਤੋਂ ਬਾਅਦ ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਵੱਲੋਂ ਕਾਂਗਰਸ ਵਿਧਾਇਕ ਰਾਣਾ ਗੁਰਜੀਤ ਸਿੰਘ ਨੂੰ ਗਾਲ਼ਾਂ ਕੱਢਣ ਦਾ ਮਾਮਲਾ ਮੁਸੀਬਤ ਬਣਿਆ ਰਿਹਾ। ਲੁਧਿਆਣਾ ਵਿਚ ਯੂਥ ਅਕਾਲੀ ਆਗੂਆਂ ਨੇ ਪੰਜਾਬ ਪੁਲਿਸ ਦੇ ਏ.ਆਈ.ਜੀ. ਦੀ ਕੁੱਟਮਾਰ ਕੀਤੀ। ਕੁਝ ਦਿਨ ਪਹਿਲਾਂ ਹੀ ਮਾਨਸਾ ਵਿਚ ਅਕਾਲੀ ਆਗੂ ਦੇ


*(ਬਾਕੀ ਸਫਾ 6 'ਤੇ)*


### ਨਸ਼ਿਆਂ ਦੇ ਕਾਰੋਬਾਰ ਨੂੰ ਸਿਆਸਤਦਾਨਾਂ ਦੀ ਸਰਪ੍ਰਸਤੀ



### ਵੱਡੇ ਮਗਰਮੱਛਾਂ ਨੂੰ ਹੱਥ ਪਾਉਣਾ ਜ਼ਰੂਰੀ: ਕੈਪਟਨ



ਚੰਡੀਗੜ੍ਹ: ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਪਟਿਆਲਾ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਕੌਮਾਂਤਰੀ ਡਰੱਗ ਤਸਕਰ ਜਗਦੀਸ਼ ਭੋਲਾ ਅਤੇ ਸਾਥੀ ਤਾਂ ਛੋਟੀਆਂ ਮੱਛੀਆਂ ਹਨ; ਪੰਜਾਬ ਵਿਚ ਤਾਂ ਇਸ ਤੋਂ ਵੀ ਵੱਡੇ ਮਗਰਮੱਛ ਮੌਜੂਦ ਹਨ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਬੇਨਕਾਬ ਕਰਨ ਲਈ ਇਸ ਮਾਮਲੇ ਦੀ ਹਾਈ ਕੋਰਟ ਦੇ ਸਿਟਿੰਗ ਜੱਜ ਤੋਂ ਜਾਂਚ ਕਰਵਾਈ ਜਾਵੇ। ਪੰਜਾਬ ਪੁਲਿਸ ਵੀ ਭਾਵੇਂ ਨਿਰਪੱਖ ਜਾਂਚ ਕਰਨ ਦੇ ਸਮਰੱਥ ਹੈ ਪਰ ਇਸ ਧੰਦੇ ਵਿਚ ਸਰਕਾਰ ਪੱਖੀ ਲੋਕਾਂ ਦੀ ਸਿੱਧੀ ਸ਼ਮੂਲੀਅਤ ਹੋਣ ਕਾਰਨ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਨਾ ਪੁਲਿਸ ਲਈ ਮੁਸ਼ਕਿਲ ਹੈ। ਇਸ ਕਰਕੇ ਅਜਿਹੇ ਹਾਲਾਤ ਵਿਚ ਜ਼ਰੂਰੀ ਹੈ ਕਿ ਇਸ ਮਾਮਲੇ ਦੀ ਕਿਸੇ ਆਜ਼ਾਦ ਏਜੰਸੀ ਜਾਂ ਫੇਰ ਹਾਈ ਕੋਰਟ ਦੇ ਕਿਸੇ ਸਿਟਿੰਗ ਜੱਜ ਤੋਂ ਜਾਂਚ ਕਰਵਾਈ ਜਾਵੇ ਤਾਂ ਜੋ ਨਸ਼ੇ ਦੇ ਇਸ ਕਾਰੋਬਾਰ ਵਿਚ ਸ਼ਾਮਲ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਬੇਨਕਾਬ ਕੀਤਾ ਜਾ ਸਕੇ।

## ਸਾਂਝਾ ਮੋਰਚਾ ਅਤੇ ਬਸਪਾ ਨੇੜੇ-ਨੇੜੇ?

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਗਲੇ ਸਾਲ 2014 ਵਿਚ ਹੋ ਰਹੀਆਂ ਲੋਕ ਸਭਾ ਚੋਣਾਂ ਕਰ ਕੇ ਪੰਜਾਬ ਦੀ ਸਿਆਸਤ ਵਿਚ ਵੀ ਹਿੱਲਜੁਲ ਸ਼ੁਰੂ ਹੋ ਗਈ ਹੈ। ਇਕ ਪਾਸੇ ਜਿੱਥੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਆਗੂ ਸੁਰਜੀਤ ਸਿੰਘ ਬਰਨਾਲਾ ਦੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚ ਸ਼ਮੂਲੀਅਤ ਦੀ ਚਰਚਾ ਜਾਰੀ ਹੈ, ਉਥੇ ਬਹੁਜਨ ਸਮਾਜ ਪਾਰਟੀ ਤੇ ਸਾਂਝਾ ਮੋਰਚਾ ਵਿਚਾਲੇ ਸਿਆਸੀ ਗਠਜੋੜ ਦੇ ਵੀ ਸੰਕੇਤ ਮਿਲੇ ਹਨ। ਰਿਪੋਰਟਾਂ ਅਨੁਸਾਰ ਦੋਹਾਂ ਪਾਰਟੀਆਂ ਦੇ ਨੇਤਾਵਾਂ ਵਿਚ ਮੁਢਲੇ ਗੇੜ ਦੀਆਂ ਮੀਟਿੰਗਾਂ ਦੀ ਸਿਲਸਿਲਾ ਜਾਰੀ ਹੈ। ਦੋਵਾਂ ਪਾਰਟੀਆਂ ਦੇ ਨੇਤਾਵਾਂ ਦੀ ਆਖ਼ਰੀ ਮੀਟਿੰਗ ਨਵੰਬਰ ਦੇ ਪਹਿਲੇ ਹਫ਼ਤੇ ਹੋਈ ਸੀ।





ਜ਼ਿਕਰਯੋਗ ਹੈ ਕਿ ਬਸਪਾ ਦਾ ਦੁਆਬੇ ਸਣੇ ਕਈ ਹੋਰ ਲੋਕ ਸਭਾ ਹਲਕਿਆਂ ਵਿਚ ਆਧਾਰ ਹੈ ਤੇ ਜੇ ਸਾਂਝੇ ਮੋਰਚੇ ਨਾਲ ਮਿਲ ਕੇ ਪ੍ਰਭਾਵਸ਼ਾਲੀ ਉਮੀਦਵਾਰ ਮੈਦਾਨ ਵਿਚ ਉਤਾਰੇ ਜਾਂਦੇ ਹਨ ਤਾਂ ਇਹ ਅਕਾਲੀ-ਭਾਜਪਾ ਤੇ ਕਾਂਗਰਸ ਦੇ ਉਮੀਦਵਾਰਾਂ ਦੇ ਵੋਟ ਬੈਂਕ ਨੂੰ ਪ੍ਰਭਾਵਿਤ ਕਰ ਸਕਦੇ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਵੇਂ ਸਾਂਝੇ ਮੋਰਚੇ ਦੇ ਉਮੀਦਵਾਰ ਜਿੱਤ ਹਾਸਲ ਨਾ ਕਰ ਸਕਣ ਪਰ ਉਹ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੇ ਜ਼ਰੂਰ ਸਮਰੱਥ ਹੋਣਗੇ। ਉਂਜ, ਆਮ ਧਾਰਨਾ ਹੈ ਕਿ ਇਸ ਦਾ ਨੁਕਸਾਨ ਕਾਂਗਰਸ ਨੂੰ ਜ਼ਿਆਦਾ ਹੋ ਸਕਦਾ ਹੈ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਆਗੂ ਸੁਰਜੀਤ ਸਿੰਘ ਬਰਨਾਲਾ ਦੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚ ਸ਼ਮੂਲੀਅਤ ਦੀ ਵੀ ਚਰਚਾ ਹੈ ਤੇ ਜੇ ਅਜਿਹਾ ਹੁੰਦਾ ਹੈ ਤਾਂ ਇਹ ਸਾਂਝੇ ਮੋਰਚੇ ਨੂੰ ਤਕੜਾ ਝਟਕਾ ਹੋਵੇਗਾ। ਉਂਜ ਸ. ਬਰਨਾਲਾ ਨੇ ਕਿਹਾ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਨਹੀਂ ਹੋ ਰਹੇ। ਉਨ੍ਹਾਂ ਕਿਹਾ ਹੈ ਕਿ ਮੀਡੀਆ ਵਿਚ ਆਈਆਂ ਖਬਰਾਂ ਗਲਤ ਹਨ। ਪੀ.ਪੀ.ਪੀ. ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਵੀ ਕਿਹਾ ਕਿ ਸ. ਸੁਰਜੀਤ ਸਿੰਘ ਬਰਨਾਲਾ ਵੱਲੋਂ ਸ. ਪ੍ਰਕਾਸ਼ ਸਿੰਘ ਬਾਦਲ ਨਾਲ ਹੱਥ ਮਿਲਾਉਣ ਸਬੰਧੀ ਖ਼ਬਰਾਂ ਬੇਬੁਨਿਆਦ ਅਤੇ ਸੱਚਾਈ ਤੋਂ ਦੂਰ ਹਨ।

ਸਾਂਝੇ ਮੋਰਚੇ ਵਿਚ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਤੋਂ ਇਲਾਵਾ ਪੀਪਲਜ਼ ਪਾਰਟੀ ਆਫ ਪੰਜਾਬ, ਸੀ.ਪੀ.ਆਈ. (ਐਮ.) ਅਤੇ ਸੀ.ਪੀ.ਆਈ. ਸ਼ਾਮਲ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਸਾਂਝੇ ਮੋਰਚੇ ਦੀ ਵੋਟ ਪ੍ਰਤੀਸ਼ਤਤਾ ਸਵਾ ਪੰਜ ਫੀਸਦੀ ਦੇ ਕਰੀਬ ਸੀ ਤੇ ਬਸਪਾ ਦੀ ਵੋਟ ਪ੍ਰਤੀਸ਼ਤਤਾ ਸਾਢੇ ਚਾਰ ਫੀਸਦੀ ਦੇ ਕਰੀਬ ਸੀ। ਸੂਤਰਾਂ ਅਨੁਸਾਰ ਸਾਂਝੇ ਮੋਰਚੇ ਦੀ ਮੀਟਿੰਗ ਵਿਚ ਬਸਪਾ ਨਾਲ ਰਲ ਕੇ ਤੁਰਨ ਦੀ ਹੁਣ ਤਕ ਹੋਈ ਪ੍ਰਗਤੀ ਬਾਰੇ ਚਰਚਾ ਕੀਤੀ ਗਈ। ਪਤਾ ਲੱਗਾ ਹੈ ਕਿ ਸਾਂਝੇ ਮੋਰਚੇ ਵਿਚ ਸ਼ਾਮਲ ਸੀ.ਪੀ.ਆਈ. ਦੇ ਸੂਬਾਈ ਨੇਤਾਵਾਂ ਦੀਆਂ ਪੰਜਾਬ ਬਸਪਾ ਦੇ ਪ੍ਰਧਾਨ ਪ੍ਰਕਾਸ਼ ਸਿੰਘ ਜੰਡਿਆਲੀ ਅਤੇ


*(ਬਾਕੀ ਸਫਾ 6 'ਤੇ)*



Dhade & Associates, PC
Immigration Lawyers
WE FIGHT FOR YOUR RIGHTS!
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ

Herman Singh Dhade
Immigration Lawyer
Ph:248-254-3441
Fax:(248) 254-3443 www.eagle.pro, Email: info@eagle.pro
7071 Orchard Lake Rd, Suite 320, W. Bloomfield, MI 48322

World Wide Travel
www.fly2world.com
ਚੰਡੀਗੜ੍ਹ $1025*
ਦਿੱਲੀ $875*
ਅੰਮ੍ਰਿਤਸਰ $995*
DETROIT 734 838 9998
CHICAGO 312 224 8800
*ਰੇਟ ਸ਼ਿਕਾਗੋ ਤੋਂ ਰਾਊਂਡ ਟ੍ਰਿਪ ਅਤੇ ਟੈਕਸ ਸਮੇਤ ਹਨ। ਸਫਰ ਦਾ ਸਮਾਂ 10 ਜਨਵਰੀ ਤੋਂ 10 ਮਾਰਚ 2014 ਦਾ ਹੈ
*ਰੇਟ ਬਿਨਾ ਨੋਟਿਸ ਦਿਤੇ ਵਾਪਸ ਲਏ ਜਾ ਸਕਦੇ ਹਨ। ਹੋਰ ਕਈ ਸ਼ਰਤਾਂ ਵੀ ਲਾਗੂ ਹੁੰਦੀਆਂ ਹਨ। ਹੋਰ ਜਾਣਕਾਰੀ ਲਈ ਉਪਰ ਦਿੱਤੇ ਫੋਨ ਨੰਬਰਾਂ 'ਤੇ ਕਾਲ ਕਰੋ।

# ਬਾਬਾ ਬੜੂ ਸਾਹਿਬ ਵਾਲਿਆਂ ਨੇ ਰੱਖਿਆ ਮਨਾਲ ਵਿਚ ਲੜਕੀਆਂ ਦੇ ਕਾਲਜ ਦਾ ਨੀਂਹ ਪੱਥਰ

**ਸ਼ੇਰਪੁਰ (ਬਿਊਰੋ):** ਕਲਗੀਧਰ ਟਰੱਸਟ ਬੜੂ ਸਾਹਿਬ ਦੇ ਸੰਚਾਲਕ ਸੰਤ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਨੇ ਪਿੰਡ ਮਨਾਲ ਵਿਖੇ ਅਕਾਲ ਕਾਲਜ ਫਾਰ ਵੋਮੈਨ ਦੀ ਰਸਮੀ ਸ਼ੁਰੂਆਤ ਨੀਂਹ ਪੱਥਰ ਰੱਖ ਕੇ ਕੀਤੀ। ਜ਼ਿਕਰਯੋਗ ਹੈ ਕਿ ਇਸ ਕਾਲਜ ਅਤੇ ਅਕਾਲ ਅਕੈਡਮੀ ਲਈ 10 ਏਕੜ ਜ਼ਮੀਨ



*ਬਾਬਾ ਇਕਬਾਲ ਸਿੰਘ ਬੜੂ ਸਾਹਿਬ ਕਾਲਜ ਦਾ ਨੀਂਹ ਪੱਥਰ ਰੱਖਦੇ ਹੋਏ*

ਕਰੀਬ ਤਿੰਨ ਕਰੋੜ ਰੁਪਏ (ਛੇ ਲੱਖ ਡਾਲਰ) ਵਿਚ ਖਰੀਦ ਕੇ ਸ਼ਿਕਾਗੋ, ਅਮਰੀਕਾ ਵਸਦੇ ਮੇਜਰ ਗੁਰਚਰਨ ਸਿੰਘ ਝੱਜ ਅਤੇ ਉਨ੍ਹਾਂ ਦੀ ਸੁਪਤਨੀ ਰਮਿੰਦਰ ਕੌਰ ਝੱਜ ਨੇ ਆਪਣੇ ਮਰਹੂਮ ਪੁੱਤਰ ਗੁਰਦੀਪ ਸਿੰਘ ਝੱਜ ਦੀ ਯਾਦ 'ਚ ਦਾਨ ਵਜੋਂ ਦਿੱਤੀ ਹੈ।

ਇਸ ਮੌਕੇ ਬੋਲਦਿਆਂ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਨੇ ਕਿਹਾ ਕਿ ਟਰੱਸਟ ਵਲੋਂ ਚਲਾਈਆਂ ਜਾ ਰਹੀਆਂ ਵਿੱਦਿਅਕ ਸੰਸਥਾਵਾਂ 'ਚ ਮਿਆਰੀ ਤੇ ਪੁਰਾਤਨ ਗੁਰੂਕੁਲ ਰੀਤ ਨੂੰ ਅੱਗੇ ਵਧਾਉਂਦੀ ਵਿੱਦਿਆ ਦੇ ਕੇ ਬੱਚਿਆਂ ਨੂੰ ਬਾਣੀ ਤੇ ਬਾਣੇ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਖਿੱਤੇ 'ਚ ਲੜਕੀਆਂ ਦਾ ਕਾਲਜ ਖੁੱਲ੍ਹਣ ਨਾਲ ਇਲਾਕੇ ਨੂੰ ਵੱਡਾ ਲਾਭ ਮਿਲੇਗਾ ਤੇ ਲੜਕੀਆਂ ਨੂੰ ਉਚੇਰੀ ਵਿੱਦਿਆ ਲਈ ਦੂਰ ਨਹੀਂ ਜਾਣਾ ਪਵੇਗਾ। ਉਨ੍ਹਾਂ ਆਖਿਆ ਕਿ ਦਮਦਮਾ ਸਾਹਿਬ ਵਿਖੇ ਬਣਾਈ ਜਾ ਰਹੀ ਅਕਾਲ ਯੂਨੀਵਰਸਿਟੀ ਲਈ ਸਭ ਨੂੰ ਰਲ ਕੇ ਹੰਭਲਾ ਮਾਰਨ ਦੀ ਲੋੜ ਹੈ।

ਇਸ ਉਦਘਾਟਨੀ ਰਸਮ ਸਮੇਂ ਕਈ ਸ਼ਖ਼ਸੀਅਤਾਂ ਦਾ ਬਾਬਾ ਇਕਬਾਲ ਸਿੰਘ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇਂ ਉਚੇਚੇ ਤੌਰ 'ਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਾਬਕਾ ਚੀਫ ਆਰਗੇਨਾਈਜ਼ਰ ਪ੍ਰਿੰਸੀਪਲ ਰਾਮ ਸਿੰਘ ਕੁਲਾਰ, ਕਾਂਗਰਸੀ ਵਿਧਾਇਕ ਬੀਬੀ ਹਰਚੰਦ ਕੌਰ, ਸੇਵਾਮੁਕਤ ਡੀ.ਪੀ.ਆਰ.ਓ ਮਨਜੀਤ ਸਿੰਘ ਬਖ਼ਸ਼ੀ, ਸਿੱਖ ਬੁੱਧੀਜੀਵੀ ਮੰਚ ਪੰਜਾਬ ਦੇ ਪ੍ਰਧਾਨ ਮਾਸਟਰ ਹਰਬੰਸ ਸਿੰਘ ਸ਼ੇਰਪੁਰ, ਬਾਬਾ ਅਜਾਇਬ ਇੰਦਰ ਸਿੰਘ ਚੀਮਾ, ਪ੍ਰਿੰਸੀਪਲ ਅਕਾਲ ਅਕੈਡਮੀ ਭਦੌੜ ਗੁਰਦੀਪ ਕੌਰ, ਪ੍ਰਿੰਸੀਪਲ ਬਲਜੀਤ ਕੌਰ ਚੀਮਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਮਹਿਤਾਬ ਸਿੰਘ ਗੰਡੇਵਾਲ, ਬਾਬਾ ਜਗਜੀਤ ਸਿੰਘ ਕਾਤਰੋਂ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

*To Advertise with Punjab Times*
*Call: 847-359-0746*
*punjabtimesusa.com*

HK Trans
H K TRANSPORT INC
*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ



ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਨਵੇਂ ਨਕੋਰ ਟਰੇਲਰ ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰ ਲਈ |
|---|---|
| 92% ਫਲੈਟ ਡਿਸਪੈਚ | 42 ਸੈਂਟ ਤੱਕ ਪ੍ਰਤੀ ਮੀਲ |
| 30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | 95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| ਨਵੇਂ ਨਕੋਰ ਟਰੇਲਰ | ਨਵੇਂ ਨਕੋਰ ਟਰੇਲਰ |
| ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | ਵਧੀਆ ਅਤੇ ਸਾਫ ਸੁਥਰੇ ਟਰੱਕ |
| ਹਰ 15 ਦਿਨ ਬਾਅਦ ਅਦਾਇਗੀ | ਹਰ 15 ਦਿਨ ਪਿਛੋਂ ਤਨਖਾਹ |

*ਲੋੜੀਂਦੀ ਯੋਗਤਾ:*
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*
*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

Spiceland Truck Plaza
5809 S. State Road 3, Spiceland, IN 47385 (Exit 123 off I-70)




ਪੰਜਾਬੀਆਂ ਦਾ ਆਪਣਾ ਟਰੱਕ ਸਟਾਪ
*24 ਘੰਟੇ 7 ਦਿਨ ਖੁੱਲ੍ਹਾ*

Guaranteed 100% pure diesel no bio diesel.
100% ਪਿਓਰ ਡੀਜ਼ਲ, ਕੋਈ ਬਾਇਓ ਡੀਜ਼ਲ ਨਹੀਂ

ਹਰ ਗੈਲਨ 'ਤੇ 10 ਸੈਂਟ ਬਚਾਓ, ਖਰਚ ਘਟਾਓ, ਪੈਸੇ ਬਚਾਓ

*ਤਾਜ਼ਾ ਪੰਜਾਬੀ ਖਾਣਾ ਖਾਣ ਲਈ ਪੰਜਾਬੀ ਢਾਬਾ*

Fuel for Less! Save 10¢*




*Offer subject to change without notice.
Get Your Card from the Cashier
www.fuelmaster.net/rewards

Ph: 317-291-2300, ext. 22

# ਡੈਨ ਰੁਦਰਫੋਰਡ ਲਈ ਫੰਡਰੇਜ਼ਰ 23 ਨਵੰਬਰ ਨੂੰ

**ਸ਼ਿਕਾਗੋ (ਬਿਊਰੋ):** ਸਿੱਖ ਅਤੇ ਭਾਰਤੀ ਅਮਰੀਕੀ ਭਾਈਚਾਰੇ ਵਲੋਂ ਇਲੀਨਾਏ ਸਟੇਟ ਟਰੈਜ਼ਰਰ ਡੈਨ ਰੁਦਰਫੋਰਡ, ਜੋ ਕਿ ਇਲੀਨਾਏ ਸਟੇਟ ਦੇ ਗਵਰਨਰ ਲਈ ਅਗਲੇ ਸਾਲ ਹੋ ਰਹੀਆਂ ਚੋਣਾਂ ਵਾਸਤੇ ਉਮੀਦਵਾਰ ਹਨ, ਲਈ ਇਕ ਫੰਡਰੇਜ਼ਰ ਆਉਂਦੀ 23 ਨਵੰਬਰ ਸਨਿਚਰਵਾਰ ਨੂੰ ਇੰਡੀਆ ਹਾਊਸ, ਸ਼ਾਮਬਰਗ ਵਿਚ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਇਸ ਫੰਡਰੇਜ਼ਰ ਸਮਾਗਮ ਦੇ ਇਕ ਪ੍ਰਬੰਧਕ ਸਰਵਣ ਸਿੰਘ ਰਾਜੂ ਨੇ ਦਸਿਆ ਕਿ ਫੰਡਰੇਜ਼ਰ ਡਿਨਰ ਸ਼ਾਮੀ 4.30 ਵਜੇ ਸ਼ੁਰੂ ਹੋਵੇਗਾ। ਇਸ ਲਈ ਟਿਕਟ 60 ਡਾਲਰ ਹੋਵੇਗੀ। ਸਪਾਂਸਰਸ਼ਿਪ 250, 500 ਅਤੇ 1000 ਡਾਲਰ ਰਖੀ ਗਈ ਹੈ।

ਜ਼ਿਕਰਯੋਗ ਹੈ ਕਿ ਡੈਨ ਰੁਦਰਫੋਰਡ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਸਿੱਖ ਅਤੇ ਹੋਰ ਭਾਰਤੀ ਤੇ ਏਸ਼ੀਅਨ ਅਮਰੀਕਨ ਭਾਈਚਾਰਿਆਂ ਦੇ ਸਮਾਗਮਾਂ ਵਿਚ ਸ਼ਰੀਕ ਹੁੰਦੇ ਆ ਰਹੇ ਹਨ। ਉਹ ਕਈ ਵਾਰ ਪੀ ਸੀ ਐਸ ਦੇ ਸਮਾਗਮਾਂ ਵਿਚ ਵੀ ਪਹੁੰਚੇ ਹਨ। ਸਟੇਟ ਆਫ ਇਲੀਨਾਏ ਥਾਂਪਸਨ ਸੈਂਟਰ ਸ਼ਿਕਾਗੋ ਵਿਚ ਵਿਸ਼ਵ ਜੰਗਾਂ ਵਿਚ ਸਿੱਖ ਭਾਈਚਾਰੇ ਦੀ ਦੇਣ ਬਾਰੇ ਲੰਘੀ 13 ਤੋਂ 17 ਮਈ ਤਕ ਲਾਈ ਗਈ ਨੁਮਾਇਸ਼ ਉਨ੍ਹਾਂ ਨੇ ਸਪਾਂਸਰ ਕੀਤੀ ਸੀ। ਸਤੰਬਰ ਮਹੀਨੇ ਉਹ ਗੁਰਦੁਆਰਾ ਪੈਲਾਟਾਈਨ ਪਹੁੰਚੇ ਅਤੇ ਸਿੱਖ ਭਾਈਚਾਰੇ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿਵਾਇਆ।

ਸਟੇਟ ਸੈਨੇਟਰ ਵਜੋਂ ਅਤੇ ਫਿਰ ਇਲੀਨਾਏ ਦੇ ਵਿਤ ਮੰਤਰੀ ਵਜੋਂ ਉਨ੍ਹਾਂ ਦੀ ਕਾਰਗੁਜ਼ਾਰੀ ਕਾਬਿਲੇ ਤਾਰੀਫ ਰਹੀ ਹੈ। ਹੋਰ ਜਾਣਕਾਰੀ ਲਈ ਫੰਡਰੇਜ਼ਰ ਦੇ ਪ੍ਰਬੰਧਕਾਂ ਓਂਕਾਰ ਸਿੰਘ ਸੰਘਾ (ਫੋਨ 630-674-2052), ਸਰਵਣ ਸਿੰਘ ਰਾਜੂ (ਫੋਨ 224-628-5522) ਅਤੇ ਰਾਜਿੰਦਰ ਸਿੰਘ ਮਾਗੋ (ਫੋਨ 630-540-7730) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


ਘਰ, ਬਿਜਨਸ ਖਰੀਦਣਾ ਹੋਵੇ ਜਾਂ ਵੇਚਣਾ ਭਰੋਸੇਮੰਦ ਅਤੇ ਬਿਹਤਰੀਨ ਸੇਵਾਵਾਂ ਲਈ





Michigan Realty Executives, LLC

ਜਸ ਸੋਹੀ

Cell: 248-931-7694

Office: 248-458-2050

Fax: 877-396-2709

Jas Sohi

Broker/Owner, ABR, BPOR

Relocation Specialist,

Short Sale Expert

Multi Million $ Producer

Email: jas@michiganrealtyexecutives.com

www.michiganrealtyexecutives.com

■ Commercial ■ Residential ■ Hotels ■ Short Sale ■ Bank Owned Foreclosure

31333 Southfield Rd., Suite# 210, Beverly Hills, MI 48025


# ਹਿਰਾਸਤੀ ਉਮੀਦਵਾਰ ਲੜ ਸਕਣਗੇ ਚੋਣ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਜ਼ੇਰੇ ਹਿਰਾਸਤ ਵਿਅਕਤੀਆਂ ਦੇ ਚੋਣ ਲੜਨ 'ਤੇ ਪਾਬੰਦੀ ਲਾਉਣ ਬਾਰੇ ਆਪਣੇ ਫੈਸਲੇ ਦਾ ਰੀਵਿਊ ਕਰਨ ਦੀ ਕੇਂਦਰ ਦੀ ਅਪੀਲ ਖਾਰਜ ਕਰ ਦਿੱਤੀ ਹੈ ਅਤੇ ਕਿਹਾ ਕਿ ਪਾਰਲੀਮੈਂਟ ਵੱਲੋਂ ਕਾਨੂੰਨ ਵਿਚ ਕੀਤੀ ਸੋਧ ਦੇ ਮੱਦੇਨਜ਼ਰ ਇਸ ਮੁੱਦੇ ਨੂੰ ਵਾਚਣ ਦੀ ਲੋੜ ਨਹੀਂ ਰਹੀ। ਉਂਜ ਗ਼ੈਰ-ਸਰਕਾਰੀ ਜਥੇਬੰਦੀ 'ਲੋਕ ਪ੍ਰਹਰੀ' ਵੱਲੋਂ ਕੇਂਦਰ ਦੀ ਪਟੀਸ਼ਨ ਦਾ ਵਿਰੋਧ ਕੀਤੇ ਜਾਣ ਅਤੇ ਇਸ ਸਬੰਧੀ ਲੋਕ ਪ੍ਰਤੀਨਿਧਤਾ ਕਾਨੂੰਨ 'ਚ ਸੋਧ ਨੂੰ ਵੰਗਾਰਨ ਤੋਂ ਬਾਅਦ ਅਦਾਲਤ ਨੇ ਕਿਹਾ ਕਿ ਸੋਧ ਦੀ ਵਿਧਾਨਕ ਵਾਜਬੀਅਤ ਦਾ ਮੁੱਦਾ ਵੱਖਰੇ ਤੌਰ 'ਤੇ ਵਿਚਾਰਿਆ ਜਾਵੇਗਾ।

ਜਸਟਿਸ ਏ.ਕੇ. ਪਟਨਾਇਕ ਅਤੇ ਐਸ.ਜੇ. ਮੁਖੋਪਾਧਿਆਏ ਦੇ ਬੈਂਚ ਨੇ ਗ਼ੈਰ-ਸਰਕਾਰੀ ਜਥੇਬੰਦੀ (ਐਨ.ਜੀ.ਓ.) ਨੂੰ ਆਖਿਆ, "ਤੁਸੀਂ ਇਸ ਨੂੰ ਚੁਣੌਤੀ ਦਿੱਤੀ ਹੈ। ਇਸ ਉੱਤੇ ਵੱਖਰੇ ਤੌਰ 'ਤੇ ਵਿਚਾਰ ਕੀਤੀ ਜਾਵੇਗੀ।" ਬੈਂਚ ਨੇ ਆਪਣੇ ਹੁਕਮ 'ਚ ਆਖਿਆ ਹੈ, "ਸੋਧ ਦੇ ਸਿੱਟੇ ਵਜੋਂ ਕੋਈ ਵਿਅਕਤੀ ਮਹਿਜ਼ ਇਸ ਕਰ ਕੇ ਵੋਟ ਦਾ ਹੱਕ ਨਹੀਂ ਗੁਆਉਂਦਾ ਕਿ ਉਹ ਪੁਲੀਸ ਹਿਰਾਸਤ ਜਾਂ ਜੇਲ੍ਹ ਵਿਚ ਹੈ। ਇਸ ਲਈ ਉਹ ਸੂਬਾਈ ਵਿਧਾਨ ਸਭਾ ਜਾਂ ਸੰਸਦ ਦੀ ਵੀ ਚੋਣ ਲੜ ਸਕਦਾ ਹੈ।" ਪਹਿਲਾਂ ਬੈਂਚ ਨੇ ਕਿਹਾ ਸੀ ਕਿ ਸੋਧ ਦੇ ਮੱਦੇਨਜ਼ਰ ਕੇਂਦਰ ਦੀ ਰੀਵਿਊ ਅਪੀਲ ਨਿਹਫਲ ਹੋ ਗਈ ਹੈ, ਪਰ ਐਨ.ਜੀ.ਓ. ਵੱਲੋਂ ਸ਼ਬਦ 'ਖਾਰਜ' ਉਤੇ ਜ਼ੋਰ ਦੇਣ ਤੋਂ ਬਾਅਦ ਬੈਂਚ ਨੇ ਅਪੀਲ ਖਾਰਜ ਕਰਨ ਦੇ ਹੁਕਮ ਦੇ ਦਿੱਤੇ।

ਯਾਦ ਰਹੇ ਕਿ ਸੁਪਰੀਮ ਕੋਰਟ ਨੇ ਲੰਘੀ 10 ਜੁਲਾਈ ਨੂੰ ਦਿੱਤੇ ਆਪਣੇ ਫੈਸਲੇ 'ਚ ਤੈਅ ਕੀਤਾ ਸੀ ਕਿ ਜੇਲ੍ਹ ਜਾਂ ਪੁਲੀਸ ਹਿਰਾਸਤ 'ਚ ਕੋਈ ਵਿਅਕਤੀ ਵਿਧਾਨਕ ਸੰਸਥਾਵਾਂ ਲਈ ਚੋਣ ਨਹੀਂ ਲੜ ਸਕਦਾ। ਅਦਾਲਤ ਦਾ ਕਹਿਣਾ ਸੀ ਕਿ ਵੋਟਰ ਹੀ ਚੋਣ ਲੜ ਸਕਦਾ ਹੈ ਅਤੇ ਪੁਲੀਸ ਹਿਰਾਸਤ ਵਿਚਲੇ ਵਿਅਕਤੀ ਨੂੰ ਵੋਟ ਪਾਉਣ ਦਾ ਹੱਕ ਨਹੀਂ ਹੁੰਦਾ। ਸੁਪਰੀਮ ਕੋਰਟ ਦੇ ਇਸ ਫੈਸਲੇ ਨੂੰ ਰੱਦ ਕਰਦਿਆਂ ਪਾਰਲੀਮੈਂਟ ਨੇ ਲੰਘੀ ਸਤੰਬਰ 'ਚ ਇਕ ਬਿੱਲ ਪਾਸ ਕੀਤਾ ਸੀ ਜੋ ਜੇਲ੍ਹ 'ਚ ਨਜ਼ਰਬੰਦ ਕਿਸੇ ਵਿਅਕਤੀ ਨੂੰ ਚੋਣ ਲੜਨ ਦਾ ਅਧਿਕਾਰ ਦਿੰਦਾ ਹੈ। ਸਰਕਾਰ ਨੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਗਲਤ ਕਰਾਰ ਦਿੰਦਿਆਂ ਕਿਹਾ ਸੀ ਕਿ ਪਾਰਲੀਮੈਂਟ ਦਾ ਸੰਵਿਧਾਨਕ ਫਰਜ਼ ਹੈ ਕਿ ਇਸ ਨੂੰ ਦਰੁਸਤ ਕੀਤਾ ਜਾਵੇ। ਲੋਕ ਪ੍ਰਤੀਨਿਧਤਾ (ਸੋਧ ਅਤੇ ਵੈਧਤਾ) ਬਿੱਲ 2013 ਤੁਰਤ-ਫੁਰਤ ਲੋਕ ਸਭਾ 'ਚ ਲਿਆਂਦਾ ਗਿਆ ਅਤੇ ਥੋੜ੍ਹੀ ਜਿਹੀ ਬਹਿਸ ਤੋਂ ਬਾਅਦ 15 ਮਿੰਟਾਂ 'ਚ ਹੀ ਇਸ ਨੂੰ ਪਾਸ ਕਰ ਦਿੱਤਾ ਗਿਆ।

ਰਾਜ ਸਭਾ ਵੱਲੋਂ ਇਹ ਬਿੱਲ 27 ਅਗਸਤ ਨੂੰ ਪਾਸ ਕੀਤਾ ਗਿਆ ਸੀ। ਲੋਕ ਪ੍ਰਤੀਨਿਧਤਾ ਕਾਨੂੰਨ ਦੀ ਧਾਰਾ 62 ਤਹਿਤ ਉਪ ਧਾਰਾ (2) ਜੋੜੀ ਗਈ ਜਿਸ ਤਹਿਤ ਦਰਜ ਕੀਤਾ ਗਿਆ ਸੀ ਕਿ ਕਿਸੇ ਵਿਅਕਤੀ ਦਾ ਬਤੌਰ ਵੋਟਰ ਹੱਕ ਇਸ ਕਰ ਕੇ ਨਹੀਂ ਛਿਨ ਜਾਂਦਾ ਕਿ ਉਹ ਹਿਰਾਸਤ ਵਿਚ ਹੈ ਕਿਉਂਕਿ ਉਸ ਦਾ ਇਹ ਹੱਕ ਆਰਜ਼ੀ ਤੌਰ 'ਤੇ ਮੁਅੱਤਲ ਕੀਤਾ ਜਾਂਦਾ ਹੈ। ਇਹ ਸੋਧ 10 ਜੁਲਾਈ 2013 ਤੋਂ ਹੀ ਲਾਗੂ ਕੀਤੀ ਗਈ।



*ਟੋਰਾਂਟੋ, ਕੈਨੇਡਾ ਵਿਚ ਹੋਏ 'ਟੀ ਡਾਟ ਭੰਗੜਾ' ਮੁਕਾਬਲੇ ਵਿਚ ਜੇਤੂ ਮਿਸ਼ੀਗਨ ਦੀ 'ਫੁਰਤੀਲੇ ਸ਼ੌਕੀਨ' ਜੇਤੂ ਰਹੀ। ਟੀਮ ਦੀ ਇਸ ਫੋਟੋ ਵਿਚ ਵਿੱਕ ਗਿੱਲ, ਭਵਨੀਤ ਗਰੇਵਾਲ, ਸਨਪ੍ਰੀਤ ਸਿੰਘ, ਜੱਗਾ ਸੋਹਲ, ਅਰੁਣ ਸਿੰਘ, ਗੁਰਸਿਮਰਨ ਸਿੰਘ, ਸੁਖਰਾਜ ਬੁਆਲ, ਏਕਸ ਗਿੱਲ, ਦਮਨ ਸਿੱਧੂ, ਸੰਨੀ ਸਿੰਘ, ਜਸਪ੍ਰੀਤ ਸਿੰਘ ਅਤੇ ਕਰਨ ਸਿੰਘ ਜਿੱਤੇ ਹੋਏ ਕੱਪ ਨਾਲ।*







Tandoori King

Tandoori King Indo-Pak Restaurant

7220 Rockville Road, Indianapolis IN 46214

(Intersection of Rockville Rd & Girls School Rd)

Best North Indian Food in Indianapolis







ਤੰਦੂਰੀ ਚਿਕਨ, ਬਟਰ ਚਿਕਨ, ਸਾਗ ਪਨੀਰ, ਚਨਾ ਮਸਾਲਾ- ਇਕ ਵਾਰ ਖਾਓਗੇ, ਤੁਸੀਂ ਮੁੜ ਮੁੜ ਆਓਗੇ

Our speciality is that we use less oil for cooking and cook according to the choice of customers that they need spicy or mild.

ਟਰੱਕਾਂ ਲਈ ਵਾਧੂ ਪਾਰਕਿੰਗ ਅਤੇ ਟਰੱਕਰ ਵੀਰਾਂ ਲਈ 10% ਛੋਟ

$5 off on $26 purchase
$4 off on $21 purchase

(317) 240-8000

Customers can go online for coupens.
www.tandoorikingindy.com

Lunch Buffet 11 AM to 3:00 PM

Lunch Special $1 off

Dinner Time Daily 5:00 PM-9:30 PM



ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ

ਕਰਨ ਗਿੱਲ



Ph: (734) 612-9984

Either Buying or Selling a Home in Michigan "Always Go with the Winner"

COLDWELL BANKER

44644 Ann Arbor Road Plymouth, MI 48170
Email: KarnGill@Hotmail.com
Website: www.KarnGill.com

# ਨੇਪਾਲ ਵਿਚਲੇ ਗੁਰਧਾਮਾਂ ਲਈ ਗੰਭੀਰ ਹੋਈ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦੀਆਂ ਉਦਾਸੀਆਂ ਨਾਲ ਸਬੰਧਤ ਨੇਪਾਲ ਵਿਚ ਸਥਿਤ ਇਤਿਹਾਸਕ ਗੁਰਦੁਆਰਿਆਂ ਦਾ ਮਾਮਲਾ ਸਾਹਮਣੇ ਆਉਣ ਮਗਰੋਂ ਸ਼੍ਰੋਮਣੀ ਕਮੇਟੀ ਇਨ੍ਹਾਂ ਦੀ ਮੌਜੂਦਾ ਹਾਲਤ ਦਾ ਪਤਾ ਲਾਉਣ ਲਈ ਜਲਦੀ ਹੀ ਇਕ



ਵਫਦ ਨੇਪਾਲ ਭੇਜੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਗੁਰਪੁਰਬ ਮਗਰੋਂ ਪੰਜ ਮੈਂਬਰੀ ਸਿੱਖ ਵਫਦ ਨੂੰ ਨੇਪਾਲ ਭੇਜਿਆ ਜਾਵੇਗਾ ਜੋ ਉਥੋਂ ਦੇ ਸਮੂਹ ਗੁਰਦੁਆਰਿਆਂ ਦੇ ਇਤਿਹਾਸ ਤੇ ਮੌਜੂਦਾ ਹਾਲਤ ਬਾਰੇ ਜਾਣਕਾਰੀ ਇਕੱਠੀ ਕਰਕੇ ਰਿਪੋਰਟ ਤਿਆਰ ਕਰੇਗਾ। ਉਨ੍ਹਾਂ ਆਖਿਆ ਕਿ ਨੇਪਾਲ ਵਿਚਲੇ ਇਤਿਹਾਸਕ ਗੁਰਦੁਆਰਿਆਂ ਦੀ ਸੰਭਾਲ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਲਏਗੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਭਵਿੱਖ ਵਿਚ ਇਹ ਵੀ ਯਤਨ ਕਰੇਗੀ ਕਿ ਜਿਵੇਂ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਸਿੱਖ ਸ਼ਰਧਾਲੂਆਂ ਦੇ ਜਥੇ ਭੇਜੇ ਜਾਂਦੇ ਹਨ। ਇੰਜ ਹੀ ਨੇਪਾਲ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਜਥਾ ਭੇਜਿਆ ਜਾ ਸਕੇ।

ਕਾਠਮੰਡੂ ਵਿਖੇ ਮੌਜੂਦ ਸਰਬੱਤ ਦਾ ਭਲਾ ਚੈਰੀਟੇਬਲ ਟਰਸਟ ਦੇ ਮੁਖੀ ਐਸ.ਪੀ.ਐਸ. ਓਬਰਾਏ ਨੇ ਦੱਸਿਆ ਕਿ ਇਥੇ ਪੁਰਾਤਨ ਹੱਥ ਲਿਖਤ ਬੀੜ ਦੇ 1554 ਅੰਗ (ਪੰਨੇ) ਹਨ। ਇਥੇ ਹੋਰ ਵੀ ਕੁਝ ਪੁਰਾਤਨ ਸਰੂਪ ਹਨ ਪਰ ਇਨ੍ਹਾਂ ਦੀ ਹਾਲਤ ਮਾੜੀ ਹੈ ਅਤੇ ਕੁਝ ਦੇ ਅੰਗਾਂ ਨੂੰ ਸਿਉਂਕ ਲੱਗੀ ਹੋਈ ਹੈ। ਇਨ੍ਹਾਂ ਨੂੰ ਠੀਕ ਕਰਨ ਲਈ ਟਰਸਟ ਵਲੋਂ ਯਤਨ ਕੀਤੇ ਗਏ ਹਨ।

ਨੇਪਾਲ ਵਿਚ ਇਸ ਵੇਲੇ ਪੰਜ ਇਤਿਹਾਸਕ ਗੁਰਦੁਆਰੇ ਹਨ ਜਿਨ੍ਹਾਂ ਵਿਚੋਂ ਪ੍ਰਮੁੱਖ ਗੁਰਦੁਆਰਾ ਗੁਰੂ ਨਾਨਕ ਮੱਠ ਹੈ। ਇਹ ਗੁਰਦੁਆਰਾ ਕਾਠਮੰਡੂ ਸਥਿਤ ਬਾਲਾਜੂ ਵਿਖੇ ਹੈ ਅਤੇ ਗੁਰੂ ਨਾਨਕ ਦੇਵ ਦੀ ਤੀਜੀ ਉਦਾਸੀ ਨਾਲ ਸਬੰਧਤ ਹੈ। ਨੇਪਾਲ ਯਾਤਰਾ ਦੌਰਾਨ ਗੁਰੂ ਨਾਨਕ ਦੇਵ ਇਸ ਜਗ੍ਹਾ 'ਤੇ ਠਹਿਰੇ ਸਨ ਅਤੇ ਉਨ੍ਹਾਂ ਦੇ ਪ੍ਰਵਚਨਾਂ ਤੋਂ ਪ੍ਰਭਾਵਿਤ ਹੋ ਕੇ ਉਸ ਵੇਲੇ ਦੇ ਨੇਪਾਲ ਦੇ ਰਾਜਾ ਜੈ ਜਗਤ ਮੱਲਾ ਨੇ ਧਾਰਮਿਕ ਕਾਰਜਾਂ ਨੂੰ ਉਤਸ਼ਾਹਤ ਕਰਨ ਲਈ ਕਈ ਏਕੜ ਜ਼ਮੀਨ ਵੀ ਭੇਟ ਕੀਤੀ ਸੀ। ਇਸ ਵੇਲੇ ਗੁਰਦੁਆਰਾ ਗੁਰੂ ਨਾਨਕ ਮੱਠ ਕੋਲ 7-8 ਏਕੜ ਜ਼ਮੀਨ ਹੈ ਜਦੋਂਕਿ ਬਾਕੀ ਜ਼ਮੀਨ 'ਤੇ ਸਥਾਨਕ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਹੈ।

ਨੇਪਾਲ ਵਿਚ ਇਸ ਵੇਲੇ ਤਕਰੀਬਨ 150 ਸਿੱਖ ਪਰਿਵਾਰ ਹਨ ਜਿਨ੍ਹਾਂ ਵਿਚੋਂ ਵਧੇਰੇ ਟਰਾਂਸਪੋਰਟ ਦੇ ਕਾਰੋਬਾਰ ਵਿਚ ਹਨ। ਇਨ੍ਹਾਂ ਵੱਲੋਂ ਹੀ ਇਥੇ ਗੁਰਦੁਆਰਿਆਂ ਨੂੰ ਚਲਾਇਆ ਜਾ ਰਿਹਾ ਹੈ ਜਦੋਂਕਿ ਇਨ੍ਹਾਂ ਦਾ ਪ੍ਰਬੰਧ ਨਿਰਮਲੇ ਤੇ ਉਦਾਸੀ ਸੰਪਰਦਾ ਦੇ ਮਹੰਤਾਂ ਦੇ ਹੱਥ ਹੈ। ਪੁਰਾਤਨ ਤੇ ਇਤਿਹਾਸਕ ਗੁਰਦੁਆਰਾ ਗੁਰੂ ਨਾਨਕ ਮੱਠ ਦਾ ਪ੍ਰਬੰਧ ਮਹੰਤ ਨੇਮ ਦਾਸ ਮੁਨੀ ਚਲਾ ਰਹੇ ਹਨ ਜਦੋਂਕਿ ਗੁਰਦੁਆਰਾ ਪ੍ਰਬੰਧ ਲਈ ਗੁਰੂ ਨਾਨਕ ਮੱਠ ਕਮੇਟੀ ਵੀ ਬਣਾਈ ਹੋਈ ਹੈ।

## ਕੈਲੀਫੋਰਨੀਆ ਦੀ ਸਿੱਖ ਜਥੇਬੰਦੀ ਵੱਲੋਂ ਕਾਰ ਸੇਵਾ

ਇਸੇ ਕਮੇਟੀ ਦੇ ਮੈਂਬਰ ਭਾਗ ਸਿੰਘ ਅਨੁਸਾਰ 2006 ਵਿਚ ਅਕਾਲ ਤਖ਼ਤ ਦੀ ਪ੍ਰਵਾਨਗੀ ਨਾਲ ਸਿੱਖ ਜਥੇਬੰਦੀ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ, ਕੈਲੀਫੋਰਨੀਆ ਵੱਲੋਂ ਇਥੇ ਗੁਰਦੁਆਰਿਆਂ ਦੀ ਸੰਭਾਲ ਦੀ ਉਸਾਰੀ ਦੇ ਕੰਮ ਕਰਾਏ ਗਏ ਸਨ। ਹੁਣ ਵੀ ਬਾਬਾ ਸ੍ਰੀ ਚੰਦ ਨਾਲ ਸਬੰਧਤ ਗੁਰਦੁਆਰੇ ਦੀ ਕਾਰ ਸੇਵਾ ਕਰਾਈ ਜਾ ਰਹੀ ਹੈ। ਇਸ ਜਥੇਬੰਦੀ ਨੇ ਪਿਛਲੇ ਕੁਝ ਸਾਲਾਂ ਵਿਚ ਇਨ੍ਹਾਂ ਇਤਿਹਾਸਕ ਗੁਰਦੁਆਰਿਆਂ ਬਾਰੇ ਅਧਿਐਨ ਕਰਨ ਮਗਰੋਂ ਇਥੇ ਗੁਰਪੁਰਬ ਮਨਾਉਣੇ ਤੇ ਮਰਿਆਦਾ ਦੀ ਬਹਾਲੀ ਦਾ ਕੰਮ ਸ਼ੁਰੂ ਕੀਤਾ ਹੈ। ਫਿਲਹਾਲ ਇਥੇ ਕੋਈ ਸਰਾਂ ਨਹੀਂ ਹੈ। ਇਸ ਲਈ ਸ਼ਰਧਾਲੂਆਂ ਦੀ ਰਿਹਾਇਸ਼ ਦਾ ਪ੍ਰਬੰਧ ਹੋਰ ਥਾਂਵਾਂ 'ਤੇ ਕੀਤਾ ਜਾਂਦਾ ਹੈ।




ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਜਿਨ੍ਹਾਂ ਦੇ ਵੇਲੇ ਨੇਪਾਲ ਸਥਿਤ ਗੁਰਦੁਆਰਿਆਂ ਦੀ ਕਾਰ ਸੇਵਾ ਲਈ ਮਨਜ਼ੂਰੀ ਦਿੱਤੀ ਗਈ ਸੀ, ਦੇ ਨਿੱਜੀ ਸਹਾਇਕ ਪ੍ਰਿਥੀਪਾਲ ਸਿੰਘ ਅਨੁਸਾਰ ਗੁਰਦੁਆਰਾ ਗੁਰੂ ਨਾਨਕ ਮੱਠ ਵਿਖੇ ਸੱਤ ਪੁਰਾਤਨ ਹੱਥ ਲਿਖਤ ਸਰੂਪ ਤੇ 35 ਪੋਥੀਆਂ ਮੌਜੂਦ ਹਨ ਜਿਨ੍ਹਾਂ ਦਾ ਅਧਿਐਨ ਕਰਨ ਦੀ ਲੋੜ ਹੈ।

ਹਾਲ ਹੀ ਵਿਚ ਦੁਬਈ ਦੇ ਧਨਾਢ ਸਿੱਖ ਐਸ.ਪੀ.ਐਸ. ਓਬਰਾਏ ਨੇ ਵੀ ਨੇਪਾਲ ਦਾ ਦੌਰਾ ਕੀਤਾ ਹੈ ਤੇ ਉਨ੍ਹਾਂ ਸਰਬੱਤ ਦਾ ਭਲਾ ਟਰਸਟ ਰਾਹੀਂ ਉਥੇ ਗੁਰਦੁਆਰਿਆਂ ਦੀ ਕਾਰ ਸੇਵਾ ਕਰਾਉਣ ਦਾ ਦਾਅਵਾ ਕੀਤਾ ਹੈ ਪਰ ਇਸ ਮਾਮਲੇ ਨੂੰ ਲੈ ਕੇ ਸਥਾਨਕ ਸਿੱਖਾਂ ਵਿਚਾਲੇ ਰੋਸ ਹੈ। ਉਥੋਂ ਦੀ ਸਥਾਨਕ ਕਮੇਟੀ ਨੇ ਇਸ ਮਾਮਲੇ ਵਿਚ ਸਪਸ਼ਟ ਕੀਤਾ ਹੈ ਕਿ ਨੇਪਾਲ ਸਥਿਤ ਗੁਰਦੁਆਰਿਆਂ ਦੀ ਕਾਰ ਸੇਵਾ ਸਿਰਫ ਕੈਲੀਫੋਰਨੀਆ ਦੀ ਸਿੱਖ ਜਥੇਬੰਦੀ ਵੱਲੋਂ ਧਾਰਮਿਕ ਖਾਲਸਾ ਸਰਕਾਰ ਜਥੇਬੰਦੀ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ।

# ਹਰਿਮੰਦਰ ਸਾਹਿਬ ਪੁੱਜਦੇ ਨੇ ਰੋਜ ਡੇਢ ਲੱਖ ਸ਼ਰਧਾਲੂ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਨਾਲ ਸ਼ਰਧਾ ਜੁੜੀ ਹੋਣ ਕਾਰਨ ਵਿਸ਼ਵ ਭਰ ਦੇ ਕਰੋੜਾਂ ਲੋਕ ਹਰ ਸਾਲ ਇਥੇ ਦਰਸ਼ਨਾਂ ਲਈ ਆਉਂਦੇ ਹਨ। ਸੰਗਤ ਦੀ ਲਗਾਤਾਰ ਵਧਦੀ ਆਮਦ ਕਾਰਨ ਸ਼ਰਧਾਲੂਆਂ ਨੂੰ ਕਈ ਮੁਸ਼ਕਲਾਂ ਆ ਰਹੀਆਂ ਸਨ ਜਿਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਪਾਵਨ ਇਮਾਰਤ ਵਿਚ ਮੱਥਾ ਟੇਕਣ ਉਪਰੰਤ ਨਿਕਾਸੀ ਦੇ ਇਕ ਮਾਤਰ ਲਾਂਘੇ ਦੀ ਜਗ੍ਹਾ ਦੋ ਤਰਫਾ ਨਿਕਾਸੀ ਸ਼ੁਰੂ ਕਰਨ ਦੀ ਤਜਵੀਜ਼ ਬਣਾ ਲਈ ਗਈ ਹੈ।

ਰੋਜ਼ਾਨਾ ਤਕਰੀਬਨ ਸਵਾ ਤੋਂ ਡੇਢ ਲੱਖ ਸੰਗਤ ਦੀ ਹਰਿਮੰਦਰ ਸਾਹਿਬ ਵਿਖੇ ਹਾਜ਼ਰੀ ਤੋਂ ਇਲਾਵਾ ਵਿਸ਼ੇਸ਼ ਦਿਹਾੜਿਆਂ ਗੁਰਪੁਰਬ ਤੇ ਛੁੱਟੀਆਂ ਮੌਕੇ ਢਾਈ ਤੋਂ ਤਿੰਨ ਲੱਖ ਦੀ ਸੰਗਤ ਆਉਂਦੀ ਹੈ ਜਿਸ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਵਿਚ ਕਈ ਵਾਰ ਤਿੰਨ ਤੋਂ ਚਾਰ ਘੰਟੇ ਲੱਗ ਜਾਂਦੇ ਹਨ। ਅਜਿਹੇ ਵਿਚ ਛੋਟੇ ਬੱਚਿਆਂ, ਬਜ਼ੁਰਗਾਂ ਤੇ ਅੰਗਹੀਣ ਸ਼ਰਧਾਲੂਆਂ ਦੀ ਵੱਡੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ। ਇਨ੍ਹਾਂ ਵਿਚ ਕੁਝ ਬਜ਼ੁਰਗ ਸ਼ਰਧਾਲੂ ਅਜਿਹੇ ਹੁੰਦੇ ਹਨ ਜੋ ਆਪਣੀ ਵਧਦੀ ਉਮਰ ਦੇ ਕਾਰਨ ਗੁਰੂ ਘਰ ਮੱਥਾ ਟੇਕਣ ਨੂੰ ਆਪਣੇ ਜੀਵਨ ਦੀ ਸਰਵੋਤਮ ਕਾਮਨਾ ਬਣਾ ਕੇ ਆਉਂਦੇ ਹਨ ਪਰ ਭੀੜ ਕਾਰਨ ਉਨ੍ਹਾਂ ਨੂੰ ਆਪਣੀ ਖਾਹਿਸ਼ ਅਧੂਰੀ ਛੱਡਣੀ ਪੈਂਦੀ ਹੈ।

ਛੋਟੇ ਬੱਚਿਆਂ ਵਾਲੀਆਂ ਬੀਬੀਆਂ ਤੇ ਅੰਗਹੀਣ ਸ਼ਰਧਾਲੂਆਂ ਨੂੰ ਵੀ ਵਧੇਰੇ ਸੰਗਤ ਕਾਰਨ ਬਿਨ੍ਹਾਂ ਦਰਸ਼ਨ ਕੀਤਿਆਂ ਵਾਪਸ ਪਰਤਣਾ ਪੈਂਦਾ ਹੈ। ਮੌਜੂਦਾ ਪ੍ਰਬੰਧਾਂ ਤਹਿਤ ਨਤਮਸਤਕ ਹੋਣ ਲਈ ਆਏ ਸ਼ਰਧਾਲੂਆਂ ਵਿਚੋਂ 40 ਫੀਸਦੀ ਦੇ ਕਰੀਬ ਸ਼ਰਧਾਲੂ ਮੱਥਾ ਟੇਕਣ ਤੋਂ ਵਾਂਝੇ ਹੀ ਵਾਪਸ ਮੁੜ ਜਾਂਦੇ ਹਨ। ਇਸ ਉਲਝਣ ਦਾ ਕਾਰਨ ਹਰਿਮੰਦਰ ਸਾਹਿਬ ਵਿਚ ਮੱਥਾ ਟੇਕਣ ਉਪਰੰਤ ਨਿਕਾਸੀ ਲਈ ਕੇਵਲ ਖੱਬੇ ਪਾਸੇ ਦਾ ਪੂਰਬੀ ਰਸਤਾ ਹੀ ਵਰਤੇ ਜਾਣਾ ਸਮਝਿਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸੱਚਖੰਡ ਅੰਦਰ ਨਤਮਸਤਕ ਹੋਣ ਉਪਰੰਤ ਖੱਬੇ ਹੱਥ ਵਾਲੇ ਰਸਤੇ ਦੇ ਨਾਲ-ਨਾਲ ਸਾਹਮਣੇ ਦੱਖਣੀ ਰਸਤੇ ਨੂੰ ਜੋ ਹਰਿ ਕੀ ਪੌੜੀ ਵੱਲ ਖੁੱਲ੍ਹਦਾ ਹੈ, ਦੂਸਰੇ ਨਿਕਾਸੀ ਰਸਤੇ ਵਜੋਂ ਵਰਤਣ ਦੀ ਯੋਜਨਾ ਬਣਾਈ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਰੂਪ ਸਿੰਘ ਅਨੁਸਾਰ ਸੰਗਤ ਦੀ ਵਧਦੀ ਆਮਦ ਕਾਰਨ ਸ਼ਰਧਾਲੂਆਂ ਦੀ ਸਹੂਲਤਾਂ ਲਈ ਇਹ ਦੋ ਤਰਫਾ ਨਿਕਾਸੀ ਦਾ ਅਭਿਆਸ ਆਰੰਭਿਆ ਗਿਆ ਹੈ ਤੇ ਜੇਕਰ ਤਜ਼ਰਬੇ ਤਹਿਤ ਇਹ ਸਫਲ ਸਿੱਧ ਹੋ ਸਕਿਆ ਤਾਂ ਸੰਗਤ ਲਈ ਪੱਕੇ ਤੌਰ 'ਤੇ ਇਹ ਪ੍ਰਬੰਧ ਕਰ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸੱਚਖੰਡ ਦੇ ਅੰਦਰ ਗੁਰੂ ਗ੍ਰੰਥ ਸਾਹਿਬ ਲਈ ਪਾਵਨ ਪ੍ਰੰਪਰਿਕ ਅਸਥਾਨ ਹੂ-ਬਹੂ ਰਹਿਣਗੇ ਤੇ ਕੇਵਲ ਸੱਜੇ ਪਾਸੇ ਸੰਗਤ ਦੇ ਅੰਦਰ ਬੈਠਣ ਵਾਲੀ ਜਗ੍ਹਾ ਨਿਕਾਸੀ ਲਈ ਵਰਤੋਂ ਵਿਚ ਲਿਆਂਦੀ ਜਾਵੇਗੀ। ਇਹ ਅਭਿਆਸ ਸਫ਼ਲ ਹੋਣ 'ਤੇ 25 ਤੋਂ 30 ਫੀਸਦੀ ਵਧੇਰੇ ਸੰਗਤ ਦੀ ਮੱਥਾ ਟੇਕ ਲੈਣ ਦੀ ਆਸ ਹੈ।

## ਪਾਕਿਸਤਾਨ ਵੱਲੋਂ ਵੀਜ਼ੇ ਨਾ ਦੇਣ ਤੋਂ ਸ਼੍ਰੋਮਣੀ ਕਮੇਟੀ ਖਫਾ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥੇ ਵਿਚੋਂ ਇਸ ਵਾਰ ਕੇਂਦਰ ਸਰਕਾਰ ਤੇ ਪਾਕਿਸਤਾਨੀ ਸਫ਼ਾਰਤਖ਼ਾਨੇ ਵੱਲੋਂ 379 ਸਿੱਖ ਸ਼ਰਧਾਲੂਆਂ ਦੇ ਨਾਂ ਕੱਟ ਦਿੱਤੇ ਗਏ ਹਨ ਜਿਸ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਨਿਖੇਧੀ ਕੀਤੀ ਹੈ। ਕੁਝ ਦਿਨ ਪਹਿਲਾਂ ਹੀ ਭਾਰਤ ਦੌਰੇ 'ਤੇ ਆਏ ਪਾਕਿਸਤਾਨੀ ਪੰਜਾਬ ਸਰਕਾਰ ਦੇ ਨੁਮਾਇੰਦੇ ਤੇ ਸਿੱਖ ਆਗੂ ਰਮੇਸ਼ ਸਿੰਘ ਅਰੋੜਾ ਨੇ ਸ਼੍ਰੋਮਣੀ ਕਮੇਟੀ ਨੂੰ ਭਰੋਸਾ ਦਿੱਤਾ ਸੀ ਕਿ ਭਵਿੱਖ ਵਿਚ ਪਾਕਿਸਤਾਨ ਸਰਕਾਰ ਵੱਲੋਂ ਗੁਰਧਾਮਾਂ ਦੀ ਯਾਤਰਾ 'ਤੇ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਦੇਣ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ ਤੇ ਜਥੇ ਦੇ ਮੈਂਬਰਾਂ ਨੂੰ ਵੱਡੀ ਗਿਣਤੀ ਵਿਚ ਵੀਜ਼ੇ ਦਿੱਤੇ ਜਾਣਗੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਮੱਕੜ ਅਨੁਸਾਰ ਇਸ ਵਾਰ 17 ਨਵੰਬਰ ਨੂੰ ਨਨਕਾਣਾ ਸਾਹਿਬ ਵਿਖੇ ਮਨਾਏ ਗਏ ਪ੍ਰਕਾਸ਼ ਪੁਰਬ ਸਬੰਧੀ ਕੇਂਦਰ ਤੇ ਪਾਕਿਸਤਾਨ ਸਫ਼ਾਰਤਖ਼ਾਨੇ ਨੂੰ 1153 ਸਿੱਖ ਸ਼ਰਧਾਲੂਆਂ ਦੀ ਸੂਚੀ ਭੇਜੀ ਗਈ ਸੀ। ਸ਼੍ਰੋਮਣੀ ਕਮੇਟੀ ਵੱਲੋਂ 15 ਨਵੰਬਰ ਨੂੰ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਜਥਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਲਈ ਰਵਾਨਾ ਹੋਇਆ। ਇਹ ਜਥਾ ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨ ਕਰਨ ਉਪਰੰਤ 24 ਨਵੰਬਰ ਨੂੰ ਵਾਪਸ ਦੇਸ਼ ਪਰਤ ਆਵੇਗਾ।

# ਗੁਰਦੁਆਰਾ ਗੁਰੂ ਨਾਨਕ ਮੱਠ ਵਿਖੇ ਗੁਰਪੁਰਬ ਮਨਾਇਆ

**ਕਾਠਮੰਡੂ (ਬਿਊਰੋ):** ਦੇਸ਼ ਵਿਦੇਸ਼ ਤੋਂ ਆਏ ਸਿੱਖ ਸ਼ਰਧਾਲੂਆਂ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਮੌਕੇ ਇਥੇ ਗੁਰਦੁਆਰਾ ਨਾਨਕ ਮੱਠ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1554 ਪੰਨਿਆਂ ਵਾਲੇ ਸਰੂਪ ਦੇ ਦਰਸ਼ਨ ਦੀਦਾਰੇ ਕੀਤੇ। ਗੁਰਦੁਆਰਾ ਸਾਹਿਬ ਦੇ ਮੁਖੀ ਮਹੰਤ ਦਾਸ ਨੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦਰਸ਼ਨਾਂ ਲਈ ਪਾਲਕੀ ਉਪਰ ਸੁਸ਼ੋਭਿਤ ਕੀਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਮੁਕੰਮਲ ਕੀਤਾ ਗਿਆ।

ਸਰਬੱਤ ਦਾ ਭਲਾ ਚੈਰੀਟੇਬਲ ਟਰਸਟ ਦੇ ਮੁਖੀ ਐਸ ਪੀ ਐਸ ਓਬਰਾਏ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੇ ਇਸ ਸਰੂਪ ਦੀ ਹਾਲਤ ਕਾਫੀ ਅੱਛੀ ਹੈ ਪਰ ਨਾਲ ਹੀ ਕਿਹਾ ਕਿ ਇਥੋਂ ਕਰੀਬ ਪੰਜ ਕਿਲੋਮੀਟਰ ਦੂਰ ਸ਼ੋਭਾਵਤੀ ਸਥਿਤ ਇਕ ਹੋਰ ਗੁਰੂ ਨਾਨਕ ਮੱਠ ਗੁਰਦੁਆਰੇ ਵਿਚ ਮੌਜੂਦ ਗੁਰੂ ਗ੍ਰੰਥ ਸਾਹਿਬ ਦੇ ਕਈ ਸਰੂਪਾਂ ਦੇ ਕਈ ਕਈ ਪੰਨੇ ਸਿਓਂਕ ਲੱਗ ਜਾਣ ਕਾਰਨ ਕਾਫੀ ਖਰਾਬ ਹਾਲਤ ਵਿਚ ਹਨ। ਸਿੱਖ ਸ਼ਰਧਾਲੂ ਇਸ ਗੁਰਦੁਆਰੇ ਵਿਚ ਪਏ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਦਰਸ਼ਨਾਂ ਲਈ ਵੀ ਪਹੁੰਚੇ। ਇਸ ਸਮਾਗਮ ਦਾ ਸਾਰਾ ਪ੍ਰਬੰਧ ਸਰਬੱਤ ਦਾ ਭਲਾ ਚੈਰੀਟੇਬਲ ਟਰਸਟ (ਨੇਪਾਲ) ਵਲੋਂ ਕੀਤਾ ਗਿਆ ਕਿਉਂਕਿ ਨੇਪਾਲ ਸਰਕਾਰ ਨੇ ਇਸ ਟਰਸਟ ਨਾਲ ਇਸ ਸਬੰਧੀ ਸੰਧੀ ਪੱਤਰ ਉਤੇ ਦਸਤਖਤ ਕੀਤੇ ਹਨ।

ਇਸ ਸਮਾਗਮ ਦੌਰਾਨ ਪੰਜਾਬ ਦੇ ਸਾਬਕਾ ਡੀ ਜੀ ਪੀ ਮਹਿਲ ਸਿੰਘ ਭੁੱਲਰ, ਦੁਬਈ ਦੇ ਸਮਾਜ ਸੇਵੀ ਅਤੇ ਸਰਬਤ ਦਾ ਭਲਾ ਟਰਸਟ (ਇੰਡੀਆ ਅਤੇ ਨੇਪਾਲ) ਦੇ ਮੁਖੀ ਐਸ ਪੀ ਐਸ ਓਬਰਾਏ, ਸ੍ਰੀ ਗੁਰੂ ਸਿੰਘ ਸਭਾ ਕਾਠਮੰਡੂ ਦੇ ਪ੍ਰਧਾਨ ਪ੍ਰੀਤਮ ਸਿੰਘ, ਜਨਰਲ ਸਕੱਤਰ ਪ੍ਰੇਮ ਸਿੰਘ, ਮਹਿੰਦਰ ਸਿੰਘ, ਹਰਪਾਲ ਸਿੰਘ ਪਾਲੀ, ਗੱਜਣ ਸਿੰਘ, ਰਵਿੰਦਰ ਸਿੰਘ ਸੇਠੀ, ਅਜੀਤ ਸਿੰਘ, ਹਰਚਰਨ ਸਿੰਘ ਭੁੱਲਰ (ਆਈ ਪੀ ਐਸ), ਪਟਿਆਲਾ ਡਵੀਜ਼ਨ ਦੇ ਸਾਬਕਾ ਕਮਿਸ਼ਨਰ ਐਸ ਕੇ ਆਹਲੂਵਾਲੀਆ ਅਤੇ ਹੋਰ ਸ਼ਰਧਾਲੂ ਹਾਜ਼ਰ ਸਨ।

# ਹਰਿਮੰਦਰ ਸਾਹਿਬ ਦੀ ਕੰਧ ਕਲਾ ਸੰਭਾਲੇਗੀ ਪ੍ਰਾਈਵੇਟ ਕੰਪਨੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਖਰਾਬ ਹੋ ਰਹੇ ਸੋਨੇ ਦੇ ਪੱਤਰੇ ਤੇ ਪੁਰਾਤਨ ਕੰਧ ਕਲਾ ਦੀ ਸਾਂਭ ਸੰਭਾਲ ਦਾ ਕੰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਹਰ ਕੰਪਨੀ ਕੋਲੋਂ ਕਰਾਇਆ ਜਾਵੇਗਾ ਤੇ ਇਹ ਕੰਮ ਅਗਲੇ ਹਫ਼ਤੇ ਸ਼ੁਰੂ ਹੋਣ ਦੀ ਉਮੀਦ ਹੈ। ਇਸ ਤੋਂ ਪਹਿਲਾਂ ਸਾਂਭ ਸੰਭਾਲ ਦਾ ਇਹ ਕੰਮ ਕਾਰ ਸੇਵਾ ਵਾਲੇ ਬਾਬਿਆਂ ਤੋਂ ਕਰਾਉਣ ਦਾ ਫੈਸਲਾ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਸਾਂਭ ਸੰਭਾਲ ਦਾ ਇਹ ਕੰਮ ਦਿੱਲੀ ਦੀ ਕੰਪਨੀ 'ਦਰੋਨ' ਕੋਲੋਂ ਕਰਾਇਆ ਜਾਵੇਗਾ ਤੇ ਸਾਰੇ ਕੰਮ ਦੀ ਨਿਗਰਾਨੀ ਨੈਸ਼ਨਲ ਮਿਊਜ਼ੀਅਮ ਦਿੱਲੀ ਦੇ ਸਾਬਕਾ ਡਾਇਰੈਕਟਰ ਐਸ.ਪੀ. ਸਿੰਘ ਵੱਲੋਂ ਕੀਤੀ ਜਾਵੇਗੀ।

ਇਹ ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਮਾਹਰਾਂ ਵੱਲੋਂ ਕੁਝ ਮਹੀਨਿਆਂ ਦੌਰਾਨ ਇਸ ਸਮੁੱਚੇ ਕੰਮ ਦਾ ਸਰਵੇਖਣ ਕਰਕੇ ਰਿਪੋਰਟ ਤਿਆਰ ਕੀਤੀ ਗਈ ਹੈ, ਜਿਸ ਦੇ ਆਧਾਰ 'ਤੇ ਸਾਂਭ ਸੰਭਾਲ ਦਾ ਕੰਮ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਖਰਾਬ ਹੋ ਰਹੇ ਸੋਨੇ ਦੇ ਪੱਤਰਿਆਂ ਨੂੰ ਬਦਲ ਕੇ ਨਵੇਂ ਲਾਉਣ ਦੀ ਯੋਜਨਾ ਸੀ। ਇਸੇ ਤਰ੍ਹਾਂ ਕੰਧ ਕਲਾ ਨੂੰ ਵੀ



ਨਵਿਆਉਣ ਦੀ ਯੋਜਨਾ ਸੀ ਪਰ ਹੁਣ ਸਿਰਫ ਉਨ੍ਹਾਂ ਥਾਵਾਂ 'ਤੇ ਹੀ ਸੋਨੇ ਦੇ ਨਵੇਂ ਪੱਤਰੇ ਲਾਏ ਜਾਣਗੇ ਜਿਥੇ ਪੁਰਾਣੇ ਪੱਤਰਿਆਂ ਦੀ ਸਾਂਭ ਸੰਭਾਲ ਨਹੀਂ ਹੋ ਸਕਦੀ। ਕੰਧਾਂ 'ਤੇ ਵੀ ਪੁਰਾਤਨ ਨੱਕਾਸ਼ੀ ਨੂੰ ਹੀ ਸੰਭਾਲਣ ਦਾ ਯਤਨ ਕੀਤਾ ਜਾਵੇਗਾ।

ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਅਨੁਸਾਰ ਦਰੋਨ ਕੰਪਨੀ ਪੁਰਾਤਨ ਤੇ ਇਤਿਹਾਸਕ ਇਮਾਰਤਾਂ ਵਿਚ ਕੰਧ ਕਲਾ ਤੇ ਹੋਰ ਵਿਰਸੇ ਨੂੰ ਸੰਭਾਲਣ ਦੀ ਮਾਹਰ ਹੈ। ਕੰਪਨੀ ਦੇ ਮਾਹਰ ਅਗਲੇ ਹਫਤੇ ਤੋਂ ਸੱਚਖੰਡ ਵਿਖੇ ਸਾਂਭ ਸੰਭਾਲ ਦਾ ਕੰਮ ਸ਼ੁਰੂ ਕਰਨਗੇ। ਇਸ ਬਾਰੇ ਮਾਹਰਾਂ ਵਲੋਂ ਲੋੜੀਂਦਾ ਸਾਮਾਨ ਮੰਗਵਾਇਆ ਗਿਆ ਹੈ ਜਿਸ ਵਿਚ ਕੰਧ ਕਲਾ ਲਈ ਵਰਤੇ ਜਾਣ ਵਾਲੇ ਕੁਝ ਰੰਗ ਸ਼ਾਮਲ ਹਨ ਜੋ ਵਿਦੇਸ਼ ਤੋਂ ਮੰਗਵਾਏ ਗਏ ਹਨ।

ਇਨ੍ਹਾਂ ਮਾਹਿਰਾਂ ਵੱਲੋਂ ਪਹਿਲਾਂ ਨੱਕਾਸ਼ੀ ਦੀ ਸਾਂਭ ਸੰਭਾਲ ਲਈ ਕੰਮ ਸ਼ੁਰੂ ਕੀਤਾ ਜਾਵੇਗਾ ਜਿਸ ਤਹਿਤ ਇਕ ਵਰਗ ਫੁੱਟ ਖੇਤਰ ਵਿਚ ਖਰਾਬ ਹੋਈ ਕੰਧ ਕਲਾ ਤੋਂ ਤਜਰਬਾ ਕੀਤਾ ਜਾਵੇਗਾ। ਇਨ੍ਹਾਂ ਵੱਲੋਂ ਰਸਾਇਣ ਪਦਾਰਥਾਂ ਦੀ ਮਦਦ ਨਾਲ ਖਰਾਬ ਹੋ ਚੁੱਕੀ ਕੰਧ ਕਲਾ ਨੂੰ ਸਾਫ਼ ਕਰਕੇ ਇਸ ਨੂੰ ਮੁੜ ਉਭਾਰਨ ਦਾ ਯਤਨ ਕੀਤਾ ਜਾਵੇਗਾ। ਇਸ ਤਜਰਬੇ ਨੂੰ ਜਾਚਣ ਮਗਰੋਂ ਇਸੇ ਤਰਜ਼ 'ਤੇ ਅਗਾਂਹ ਕੰਮ ਦੀ ਸ਼ੁਰੂਆਤ ਕੀਤੀ ਜਾਵੇਗੀ। ਕੰਧ ਕਲਾ ਦਾ ਇਹ ਕੰਮ ਸ੍ਰੀ ਹਰਿਮੰਦਰ ਸਾਹਿਬ ਦੀ ਉਪਰਲੀ ਮੰਜ਼ਲ ਤੋਂ ਸ਼ੁਰੂ ਕੀਤਾ ਜਾਵੇਗਾ।

ਬਾਅਦ ਵਿਚ ਸੋਨੇ ਦੇ ਪੱਤਰਿਆਂ ਦੀ ਸਾਂਭ ਸੰਭਾਲ ਦਾ ਕੰਮ ਸ਼ੁਰੂ ਹੋਵੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਇਸ ਪੁਰਾਤਨ ਵਿਰਸੇ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਨਹੀਂ ਕੀਤੀ ਜਾਵੇਗੀ ਤੇ ਇਸੇ ਨੂੰ ਪੁਰਾਤਨ ਰੂਪ ਵਿਚ ਸੰਭਾਲਣ ਲਈ ਯਤਨ ਕੀਤੇ ਜਾਣਗੇ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਤੇ ਬਾਹਰ ਮਹਾਰਾਜਾ ਰਣਜੀਤ ਸਿੰਘ ਵੱਲੋਂ ਸੋਨੇ ਦੇ ਪੱਤਰੇ ਲਗਵਾਏ ਗਏ ਸਨ। ਬਾਹਰ ਵਾਲੇ ਸੋਨੇ ਦੇ ਪੱਤਰੇ ਤਾਂ 1995 ਵਿਚ ਬਦਲੇ ਵੀ ਜਾ ਚੁੱਕੇ ਹਨ। ਉਸ ਵੇਲੇ ਬਰਮਿੰਘਮ ਦੀ ਸਿੱਖ ਜਥੇਬੰਦੀ ਨਿਸ਼ਕਾਮ ਸੇਵਕ ਜਥੇ ਵੱਲੋਂ ਇਥੇ ਸੋਨੇ ਦੀ ਸੇਵਾ ਕੀਤੀ ਗਈ ਸੀ।

# ਕੇਬਲ ਤੇ ਪ੍ਰਾਈਵੇਟ ਚੈਨਲਾਂ ਦੀਆਂ ਆਪਹੁਦਰੀਆਂ ਨੂੰ ਵੰਗਾਰ

**ਚੰਡੀਗੜ੍ਹ:** ਚੋਣਾਂ ਦੌਰਾਨ ਕੇਬਲ ਨੈਟਵਰਕ ਤੇ ਨਿੱਜੀ ਚੈਨਲਾਂ ਦੀਆਂ ਮਨਮਰਜ਼ੀਆਂ ਡੱਕਣ ਲਈ ਕਾਨੂੰਨੀ ਲਾਮਬੰਦੀ ਸ਼ੁਰੂ ਹੋ ਗਈ ਹੈ। ਚੋਣਾਂ ਦੌਰਾਨ ਸਮੂਹ ਨਿੱਜੀ ਚੈਨਲਾਂ ਤੇ ਕੇਬਲ ਨੈੱਟਵਰਕ 'ਤੇ ਵੀ ਭਾਰਤ ਦੇ ਅਧਿਕਾਰਤ ਪ੍ਰਚਾਰ ਮਾਧਿਅਮਾਂ ਵਾਂਗ ਹੀ ਸਿਆਸੀ ਪਾਰਟੀਆਂ ਨੂੰ ਆਪਣੀ ਗੱਲ ਜਨਤਾ ਦੀ ਕਚਹਿਰੀ ਵਿਚ ਰੱਖਣ ਵਾਸਤੇ ਉਨ੍ਹਾਂ ਦੇ ਕੱਦ-ਬੁੱਤ ਦੇ ਹਿਸਾਬ ਨਾਲ ਸਮਾਂ-ਸੀਮਾ ਤੈਅ ਕਰਨ ਲਈ ਕਾਨੂੰਨੀ ਵਿਵਸਥਾ ਬਣੀ ਹੋਈ ਹੈ ਪਰ ਇਸ ਵਿਚ ਹਮੇਸ਼ਾ ਹੀ ਮਨਮਰਜ਼ੀਆਂ ਤੇ ਆਪਹੁੱਦਰੀਆਂ ਕੀਤੀਆਂ ਜਾ ਰਹੀਆਂ ਹਨ।

ਇਸ ਰੁਝਾਨ ਨੂੰ ਵੀ ਪੇਡ ਖ਼ਬਰਾਂ ਤੇ ਮਿੱਥ ਕੇ ਕੀਤੇ ਗਏ ਐਗਜ਼ਿਟ ਪੋਲ ਰੂਪੀ ਚੋਣ ਸਰਵੇਖਣਾਂ ਜਿੰਨਾਂ ਹੀ ਖ਼ਤਰਨਾਕ ਦੱਸਦੇ ਹੋਏ ਉੱਘੇ ਆਰ.ਟੀ.ਆਈ ਕਾਰਕੁਨ ਐਡਵੋਕੇਟ ਦਿਨੇਸ਼ ਚੱਢਾ ਵੱਲੋਂ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਨੂੰ ਇਸ ਵਿਰੁੱਧ ਹਾਈ ਕੋਰਟ ਵਿਚ ਚੁਣੌਤੀ ਦੇਣ ਦੀ ਚਿਤਾਵਨੀ ਦਿੰਦੇ ਹੋਏ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ ਜਿਸ ਰਾਹੀਂ 'ਰੀਪ੍ਰਜ਼ੈਂਟੇਸ਼ਨ ਆਫ਼ ਪਿਊਪਲ ਐਕਟ 1951' ਦੀ ਧਾਰਾ 39ਏ ਮੁਤਾਬਕ ਚੋਣਾਂ ਦੌਰਾਨ ਕਮਿਸ਼ਨ ਵੱਲੋਂ ਵੱਖ-ਵੱਖ ਸਿਆਸੀ ਪਾਰਟੀਆਂ ਲਈ ਉਨ੍ਹਾਂ ਦੇ ਪਿਛਲੇ ਕੰਮ ਦੇ ਆਧਾਰ 'ਤੇ ਕੇਬਲ ਟੈਲੀਵਿਜ਼ਨ ਨੈਟਵਰਕ 'ਤੇ ਪ੍ਰਚਾਰ ਦਾ ਸਮਾਂ ਤੈਅ ਕਰਨਾ ਹੋਣ ਦਾ ਹਵਾਲਾ ਦਿੱਤਾ ਗਿਆ ਹੈ।

ਚੋਣ ਕਮਿਸ਼ਨ ਇਸ ਕਾਨੂੰਨ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕਰ ਸਕਿਆ। ਇਸ ਦੀ ਪੁਸ਼ਟੀ ਚੋਣ ਕਮਿਸ਼ਨ ਤੋਂ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਜਾਣਕਾਰੀ ਤੋਂ ਹੀ ਹੋਈ ਹੈ ਜਿਸ ਮੁਤਾਬਕ ਪੰਜਾਬ ਵਿਚ ਹੋਈਆਂ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਚੋਣ ਕਮਿਸ਼ਨ ਵੱਲੋਂ ਇਸ ਧਾਰਾ ਅਨੁਸਾਰ ਸਿਰਫ਼ ਦੂਰਦਰਸ਼ਨ ਤੇ ਆਲ ਇੰਡੀਆ ਰੇਡੀਓ 'ਤੇ ਹੀ ਇਹ ਸਮਾਂ ਤੈਅ ਕੀਤਾ ਗਿਆ ਸੀ ਜਦਕਿ ਕਾਨੂੰਨ ਅਨੁਸਾਰ ਸਮੁੱਚੇ ਕੇਬਲ ਟੈਲੀਵਿਜ਼ਨ ਨੈਟਵਰਕ ਮਤਲਬ ਸਾਰੇ ਚੈਨਲਾਂ 'ਤੇ ਸਮਾਂ ਤੈਅ ਕਰਨਾ ਬਣਦਾ ਹੈ ਪਰ ਕਮਿਸ਼ਨ ਵੱਲੋਂ ਕਾਨੂੰਨ ਨੂੰ ਪੂਰੀ ਤਰ੍ਹਾਂ ਲਾਗੂ ਨਾ ਕਰਨ ਨਾਲ ਚੈਨਲਾਂ ਰਾਹੀਂ ਸਿਆਸੀ ਪਾਰਟੀਆਂ ਚੋਣਾਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਇਸ ਨਾਲ ਆਜ਼ਾਦ ਤੇ ਨਿਰਪੱਖ ਚੋਣਾਂ ਦੀ ਧਾਰਨਾ ਨੂੰ ਸੱਟ ਵੱਜ ਰਹੀ ਹੈ। ਇਸ ਹੀ ਕਾਨੂੰਨ ਮੁਤਾਬਕ ਚੋਣਾਂ ਦੌਰਾਨ ਕਮਿਸ਼ਨ ਵੱਲੋਂ ਕੇਬਲ ਅਪ੍ਰੇਟਰਾਂ ਲਈ ਜ਼ਾਬਤਾ ਵੀ ਲਾਗੂ ਕਰਨਾ ਹੁੰਦਾ ਹੈ ਜੋ ਕਿ ਨਹੀਂ ਕੀਤਾ ਜਾ ਰਿਹਾ। ਚੱਢਾ ਨੇ ਚੋਣ ਕਮਿਸ਼ਨ ਨੂੰ ਕਿਹਾ ਹੈ ਕਿ ਦਿੱਲੀ ਸਮੇਤ ਹੋਰ ਰਾਜਾਂ ਦੀਆਂ ਹੋਣ ਵਾਲੀਆਂ ਚੋਣਾਂ ਤੇ ਲੋਕ ਸਭਾ 2014 ਦੀਆਂ ਚੋਣਾਂ ਵਿਚ ਇਸ ਕਾਨੂੰਨ ਨੂੰ ਪੂਰੀ ਤਰਾਂ ਲਾਗੂ ਕੀਤਾ ਜਾਵੇ।


## ਤੰਦੂਰੀਏ ਕੁਕ ਅਤੇ ਹੈਲਪਰ ਦੀ ਲੋੜ ਹੈ

ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ
ਤੰਦੂਰੀਏ ਕੁਕ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
**ਸੰਪਰਕ ਕਰੋ: 316-708-9896**

## ਪੰਜਾਬ ਵਿਚ ਜ਼ਮੀਨ ਵਿਕਾਊ ਹੈ

ਰੋਪੜ ਜਿਲ੍ਹੇ (ਪੰਜਾਬ) ਵਿਚ 5 ਤੋਂ 14 ਕਿੱਲੇ ਤੱਕ ਬਾਗਬਾਨੀ ਵਾਲੀ ਉਪਜਾਊ ਜ਼ਮੀਨ ਵਿਕਾਊ ਹੈ। ਬਿਜਲੀ-ਪਾਣੀ ਉਪਲਬਧ ਅਤੇ ਫਲਾਂ ਦੇ ਪੌਧਿਆਂ ਦੀ ਬੀਜਾਈ ਸਮੇਤ ਤਿਆਰ ਜ਼ਮੀਨ ਦਾ ਮੁੱਲ 14 ਲੱਖ ਪ੍ਰਤੀ ਏਕੜ, ਬਗੈਰ ਤਿਆਰੀ ਦੇ ਮੁੱਲ 8 ਲੱਖ ਪ੍ਰਤੀ ਏਕੜ।

**ਸੰਪਰਕ ਕਰੋ:281-788-4571**


## ਭਾਰਤੀ ਮੂਲ ਦਾ ਡਾਕਟਰ ਅਗਲਾ ਸਰਜਨ ਜਨਰਲ ਹੋਵੇਗਾ

**ਵਾਸ਼ਿੰਗਟਨ:** ਬਰਾਕ ਓਬਾਮਾ ਦੇ ਸਿਹਤ ਸੰਭਾਲ ਕਾਨੂੰਨ ਦੇ ਪ੍ਰਚਾਰ ਲਈ ਕਾਇਮ ਗਰੁੱਪ ਦੀ ਅਗਵਾਈ ਕਰ ਰਹੇ ਭਾਰਤੀ ਮੂਲ ਦੇ ਅਮਰੀਕੀ ਡਾਕਟਰ ਨੂੰ ਅਮਰੀਕਾ ਦਾ ਅਗਲਾ ਅਮਰੀਕੀ ਸਰਜਨ ਜਨਰਲ ਬਣਾਇਆ ਜਾ ਸਕਦਾ ਹੈ ਕਿਉਂਕਿ ਰਾਸ਼ਟਰਪਤੀ ਓਬਾਮਾ ਨੇ ਉਸ ਨੂੰ ਇਸ ਅਹੁਦੇ 'ਤੇ ਨਾਮਜ਼ਦ ਕਰਨ ਦਾ ਐਲਾਨ ਕੀਤਾ ਹੈ।

## Matrimonial

### ਕੰਨਿਆਂ ਦੀ ਲੋੜ

ਸੈਣੀ ਸਿੱਖ, 30 ਸਾਲ, 5'-11", ਪੀ ਜੀ ਡੀ ਬੀ ਐਮ ਸੋਹਣੇ ਸੁਨੱਖੇ ਅਮਰੀਕਾ ਵਿਚ ਵਰਕ ਪਰਮਿਟ 'ਤੇ ਕੰਮ ਕਰਦੇ, ਮਾਤਾ-ਪਿਤਾ ਦੇ ਨਾਲ ਰਹਿੰਦੇ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 804-502-9507
*47-5*

ਲੁਬਾਣਾ ਸਿੱਖ ਲੜਕੇ, 26, ਕੱਦ 5'-11", ਅਮਰੀਕਾ ਵਿਚ ਵਰਕ ਪਰਮਿਟ 'ਤੇ ਕੰਮ ਕਰਦੇ ਤੇ ਆਰ ਐਨ ਦਾ ਕੋਰਸ ਕਰ ਰਹੇ ਗੁਰਸਿੱਖ ਲੜਕੇ ਲਈ ਸੁਨੱਖੀ ਗੁਰਸਿੱਖ ਲੜਕੀ ਦੀ ਲੋੜ ਹੈ। ਇੰਡੀਆ ਤੋਂ ਸਟੂਡੈਂਟ ਵੀਜ਼ੇ 'ਤੇ ਆਈ ਲੜਕੀ ਵੀ ਵਿਚਾਰਯੋਗ। ਸੰਪਰਕ ਕਰੋ, ਫੋਨ: 480-241-7596, singhkhalsapunjabi1987@gmail.com
*45-4*

Wanted suitable girl from USA, Canada, India for US citizen Amritdhari Sikh male 34, living in Ohio, truck driver, own house, divorced after 2 years of marriage, one daughter living with mom. Undocumented girls can also be considered. Contact: Ph.513-305-4654.
*46-4*

Beautiful & well educated girl sought for Lobana Sikh handsome clean shaven boy, 26, 5'-10", Green Card holder, B-tech engineering. Only reputed Lobana Sikh families from USA/ Canada need to contact. Ph: 916-821-1569 or email: supertoolsindia@yahoo.co.in
*43-4*

ਜੱਟ ਸਿੱਖ ਬੈਂਸ, 22, 5'-6", ਬੀ ਕਾਮ, ਸੋਹਣੇ ਸੁਨੱਖੇ, 22 ਕਰੋੜ ਦੀ ਜਾਇਦਾਦ ਦੇ ਮਾਲਕ ਮਾਪਿਆਂ ਦੇ ਇਕਲੌਤੇ ਲੜਕੇ ਲਈ ਅਮਰੀਕਾ/ਕੈਨੇਡਾ ਦੀ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੇ ਨਾਨਕੇ ਅਤੇ ਭੈਣ ਅਮਰੀਕਾ/ਕੈਨੇਡਾ ਵਿਚ ਸੈਟਲ ਹਨ ਅਤੇ ਮਾਤਾ-ਪਿਤਾ ਗੰਗਾਨਗਰ, ਇੰਡੀਆ ਹਨ। ਸੰਪਰਕ ਕਰੋ: 661-565-4432
*46-2*

### ਵਰ ਦੀ ਲੋੜ

Doctor/professional match for a Jatt Sikh, US citizen beautiful girl, 30yrs, 5'-8", divorcee, working as RN in a state hospital of California, only child of doctor parents. Call, Ph: 559-355-3073, e-mail: gulkaur818@gmail.com
*47-2*

## ਭਾਰਤ ਤੇ ਯੂਰਪੀ ਲੋਕਾਂ ਦੇ ਜੀਨ ਵਿਚ ਸਮਾਨਤਾ

**ਲੰਡਨ:** ਕੈਂਬਰਿਜ ਯੂਨੀਵਰਸਿਟੀ ਵੱਲੋਂ ਕੀਤੀ ਗਈ ਖੋਜ ਵਿਚ ਖੁਲਾਸਾ ਹੋਇਆ ਹੈ ਕਿ ਭਾਰਤ ਤੇ ਯੂਰਪੀ ਮੂਲ ਦੇ ਲੋਕਾਂ ਵਿਚ ਜੈਨੇਟਿਕ ਮਿਊਟੇਸ਼ਨ ਦੀ ਸਾਂਝ ਹੈ। ਜੈਨੇਟਿਕ ਮਿਊਟੇਸ਼ਨ ਚਮੜੀ ਦੇ ਗੋਰੇ ਰੰਗ ਲਈ ਸਹਾਈ ਹੁੰਦੀ ਹੈ।

ਯੂਰਪੀ ਲੋਕਾਂ ਵਿਚ ਇਹ ਮਿਊਟੇਸ਼ਨ 100 ਫੀਸਦੀ ਹੈ ਜਿਸ ਕਾਰਨ ਉਹ ਕਾਫ਼ੀ ਗੋਰੇ ਹਨ ਜਦੋਂਕਿ ਭਾਰਤੀ ਮੂਲ ਦੇ ਲੋਕਾਂ ਵਿਚ ਮਿਊਟੇਸ਼ਨ ਦੀ ਮਾਤਰਾ ਘੱਟ ਹੈ ਜਿਸ ਕਾਰਨ ਉਨ੍ਹਾਂ ਦਾ ਰੰਗ ਕੁਝ ਸਾਂਵਲਾ ਹੁੰਦਾ ਹੈ। ਜੈਨੇਟਿਕ ਮਿਊਟੇਸ਼ਨ ਐਸ.ਐਲ.ਸੀ. 24 ਏ 5 ਅਫਰੀਕੀ ਮੂਲ ਲੋਕਾਂ ਵਿਚ ਸਭ ਤੋਂ ਘੱਟ ਹੁੰਦੀ ਹੈ ਜਿਸ ਕਾਰਨ ਉਹ ਵਧੇਰੇ ਸਾਂਵਲੇ ਹੁੰਦੇ ਹਨ।


## ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ




ਕੀ ਤੁਸੀਂ ਡੀਪੋਰਟ ਹੋ ਰਹੇ ਹੋ?
ਜਾਂ ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ?
ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ

## ਇੰਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ

- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
- ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ

ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ

NEW YORK
T 718.672.8000
75-20 ASTORIA BLVD, SUITE 170
JACKSON HEIGHTS, NEW YORK 11370

CALIFORNIA
T 510.796.9000
39180 LIBERTY STREET, SUITE 118
FREEMONT, CA 94538

* ADMITTED IN THE STATE OF NEW YORK ONLY

## ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਓ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ



ਅਮਰੀਕ ਸਿੰਘ

ਹਾਰਡਵੁੱਡ ਫਲੋਰ, ਕਿਚਨ ਕੈਬਨਿਟ
ਹਰ ਤਰ੍ਹਾਂ ਦੇ ਫਲੋਰ ਉਪਲਬਧ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

**Amar Carpets Inc**

ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

**Ph: 773-508-5253,773-507-8043, Fax: 773-508-5249**

**Punjab Times**
**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬੀ ਸੱਥ ਵੱਲੋਂ 2013 ਲਈ ਪੁਰਸਕਾਰਾਂ ਦਾ ਐਲਾਨ

**ਲਾਂਬੜਾ:** ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਸੰਸਥਾ ਪੰਜਾਬੀ ਸੱਥ ਲਾਂਬੜਾ ਵੱਲੋਂ 23ਵੀਂ ਵਰ੍ਹੇਵਾਰ ਪਰ੍ਹਿਆ ਮੌਕੇ ਸਨਮਾਨਿਤ ਕੀਤੀਆਂ ਜਾਣ ਵਾਲੀਆਂ ਹਸਤੀਆਂ ਦਾ ਐਲਾਨ ਕਰ ਦਿੱਤਾ ਗਿਆ। ਇਸ ਸਾਲ ਡਾ. ਸ਼ਾਮ ਸੁੰਦਰ ਦੀਪਤੀ ਸਮੇਤ ਛੇ ਸ਼ਖਸੀਅਤਾਂ ਅਤੇ ਸੰਸਥਾਵਾਂ ਨੂੰ ਸਨਮਾਨਿਤ ਕੀਤਾ ਜਾਵੇਗਾ।

ਪੰਜਾਬੀ ਸੱਥ ਦੇ ਮੁੱਖ ਸੇਵਾਦਾਰ ਡਾ. ਨਿਰਮਲ ਸਿੰਘ ਨੇ 23ਵੀਂ ਵਰ੍ਹੇਵਾਰ ਪਰ੍ਹਿਆ ਮੌਕੇ ਸਨਮਾਨਿਤ ਕੀਤੀ ਜਾਣ ਵਾਲੀਆਂ ਸੰਸਥਾਵਾਂ ਅਤੇ ਸ਼ਖਸੀਅਤਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਸ ਵਾਰੀ ਭਾਗ ਸਿੰਘ ਹੇਅਰ ਸਿੰਘ ਖਾਲਸਾ ਮਹਿਲਾ ਕਾਲਜ ਕਾਲਾ ਟਿੱਬਾ ਅਬੋਹਰ ਨੂੰ ਭਾਈ ਕਾਹਨ ਸਿੰਘ ਨਾਭਾ ਪੁਰਸਕਾਰ (ਵਿੱਦਿਆ), ਜਨਾਬ ਨੂਰ ਮੁਹੰਮਦ ਨੂਰ ਮਲੇਰਕੋਟਲਾ ਨੂੰ ਅਲਾਮਾ ਇਕਬਾਲ ਪੁਰਸਕਾਰ (ਖੋਜ), ਡਾ. ਸ਼ਿਆਮ ਸੁੰਦਰ ਦੀਪਤੀ ਮਿੰਨੀ ਅੰਮ੍ਰਿਤਸਰ ਨੂੰ ਨਾਨਕ ਸਿੰਘ ਪੁਰਸਕਾਰ (ਸਾਹਿਤ), ਸੁਰਿੰਦਰ ਬਾਂਸਲ ਸ਼ਾਹਬਾਦ (ਹਰਿਆਣਾ) ਨੂੰ ਭਗਤ ਪੂਰਨ ਸਿੰਘ ਪੁਰਸਕਾਰ (ਵਾਤਾਵਰਣ ਤੇ ਵਿਰਾਸਤ), ਬੀਬੀ ਦਲੇਰ ਕੌਰ ਸੋਹੀ ਗੁਰਦਾਸਪੁਰ ਨੂੰ ਬਾਬਾ ਬੁਲ੍ਹੇ ਸ਼ਾਹ ਪੁਰਸਕਾਰ (ਲੋਕ ਸੰਗੀਤ/ਗਾਇਨ), ਨਿਰਜੰਨ ਸਿੰਘ ਸਾਥੀ ਜਲੰਧਰ ਨੂੰ ਭਾਈ ਗੁਰਦਾਸ ਪੁਰਸਕਾਰ (ਗੁਰਮਤਿ) ਭੇਟ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਮਾਂ ਬੋਲੀ ਪੰਜਾਬੀ ਵਿਚ ਪ੍ਰਕਾਸ਼ਿਤ ਨਿਵੇਕਲੀਆਂ ਪੁਸਤਕਾਂ ਲਈ ਸ਼ਬਦ ਸਤਿਕਾਰ ਮਾਣ ਪੱਤਰ ਇਸ ਵਰ੍ਹੇ ਡਾ. ਹਰਪ੍ਰੀਤ ਸਿੰਘ ਸਰਹਿੰਦ ਦੀ ਪੁਸਤਕ 'ਵਿਰਾਸਤ-ਏ-ਪੰਜਾਬ', ਰਘਬੀਰ ਸਿੰਘ ਤੀਰ (ਤਰਨਤਾਰਨ) ਦੀ ਪੁਸਤਕ 'ਪੈੜਾਂ ਦੇ ਪਰਛਾਵੇਂ', ਗਿਆਨੀ ਆਤਮਾ ਸਿੰਘ ਚਿੱਟੀ ਦੀ ਪੁਸਤਕ 'ਦੇਖਿਆ ਸੁਣਿਆ ਪਿੰਡ ਚਿੱਟੀ', ਡਾ. ਰਾਮ ਮੂਰਤੀ ਧਰਮਕੋਟ ਦੀ ਪੁਸਤਕ 'ਦੋਨਾ ਮੇਰਾ ਦੇਸ਼', ਸੂਬੇਦਾਰ ਸ਼ਿਵ ਸਿੰਘ ਕਪੂਰਥਲਾ ਦੀ ਪੁਸਤਕ 'ਅਨਮੋਲ ਬਚਨ', ਬੀਬੀ ਦਲਜੀਤ ਕੌਰ ਦਾਊਂ ਮੁਹਾਲੀ ਦੀ ਪੁਸਤਕ 'ਕੱਜਣ', ਪ੍ਰਿੰਸੀਪਲ ਪਰਮਜੀਤ ਕੌਰ ਮੰਡੇਰ ਜਰਗ ਲੁਧਿਆਣਾ ਦੀ ਪੁਸਤਕ 'ਵਲਵਲਿਆਂ ਦੀ ਹੂਕ', ਸਤਨਾਮ ਸਿੰਘ ਦਰਦੀ ਚਾਨੀਆਂ ਨਕੋਦਰ ਦੀ ਪੁਸਤਕ 'ਮੇਰਾ ਪਿੰਡ ਮੇਰੀਆਂ ਯਾਦਾਂ', ਬਾਬੂ ਸਿੰਘ ਚੌਹਾਨ ਖਮਾਣੋਂ ਦੀ ਪੁਸਤਕ 'ਪਿੰਡਾਂ ਵਿਚੋਂ ਪਿੰਡ ਰੰਗਲੇ ਪੰਜਾਬ ਦੇ', ਬੀਬੀ ਜਗਦੀਸ਼ ਕੌਰ ਵਾਡੀਆ ਜਲੰਧਰ ਦੀ ਪੁਸਤਕ 'ਖਲੀਲ ਜ਼ਿਬਰਾਨ', ਜਨਾਬ ਅਹਿਸਨ ਬਾਜਵਾ ਸਿਆਲਕੋਟ ਵੱਲੋਂ ਰਚੇ 'ਕਿੱਸਾ ਪੂਰਨ ਬਾਣੀ' (ਸ਼ਾਹਮੁਖੀ ਵਿਚ) ਅਤੇ ਜਨਾਬ ਅਸ਼ਰਫ਼ ਸੁਹੇਲ ਲਾਹੌਰ ਦੇ ਬਾਲ ਰਿਸਾਲੇ 'ਪਖੇਰੂ' (ਸ਼ਾਹਮੁਖੀ ਵਿਚ) ਨੂੰ ਭੇਟ ਕੀਤੇ ਜਾਣਗੇ। ਡਾ. ਨਿਰਮਲ ਸਿੰਘ ਨੇ ਦੱਸਿਆ ਕਿ ਸਨਮਾਨਾਂ ਲਈ ਲਾਂਬੜਾ-ਜਲੰਧਰ ਵਿਖੇ ਸਮਾਗਮ ਕਰਵਾਇਆ ਜਾਵੇਗਾ। ਸਮਾਗਮ ਵਿੱਚ ਪੰਜਾਬ ਅਤੇ ਦੇਸ਼-ਵਿਦੇਸ਼ ਤੋਂ ਪੰਜਾਬੀ ਪਿਆਰੇ ਪੁੱਜਣਗੇ ਅਤੇ ਇਨ੍ਹਾਂ ਸ਼ਖਸੀਅਤਾਂ ਨੂੰ ਸਨਮਾਨ ਭੇਟ ਕਰਨਗੇ। ਸਮਾਗਮ 'ਚ ਪੰਜਾਬੀ ਕਿਤਾਬ ਮੇਲਾ ਵੀ ਲਾਇਆ ਜਾਵੇਗਾ। ਇਸ ਮੌਕੇ ਡਾ. ਨਿਰਮਲ ਸਿੰਘ ਤੋਂ ਇਲਾਵਾ ਬਲਦੇਵ ਸਿੰਘ ਸਿੱਧੂ, ਹਿੰਦਪਾਲ ਸਿੰਘ ਚਿੱਟੀ, ਗੁਰਦਿਆਲ ਸਿੰਘ ਚਿੱਟੀ, ਕੁਲਵੰਤ ਸਿੰਘ ਅਠਵਾਲ, ਬਹਾਦਰ ਸਿੰਘ ਸੰਧੂ, ਏ.ਆਰ.ਆਰ.ਐਸ.ਸੰਧੂ ਵੀ ਹਾਜ਼ਰ ਸਨ।

# ਸਾਂਝਾ ਮੋਰਚਾ ਅਤੇ ਬਸਪਾ ਨੇੜੇ-ਨੇੜੇ?

*(ਸਫਾ ਇਕ ਦੀ ਬਾਕੀ)*

ਪਾਰਟੀ ਇੰਚਾਰਜ ਨਰਿੰਦਰ ਕਸ਼ਿਅਪ ਨਾਲ ਤਿੰਨ ਮੀਟਿੰਗਾਂ ਹੋ ਚੁੱਕੀਆਂ ਹਨ। ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਸੀਨੀਅਰ ਨੇਤਾ ਵੱਲੋਂ ਵੀ ਵੱਖਰੇ ਤੌਰ 'ਤੇ ਮੀਟਿੰਗ ਕੀਤੀ ਜਾ ਚੁੱਕੀ ਹੈ।

ਸੂਤਰਾਂ ਅਨੁਸਾਰ ਦੋਵਾਂ ਪਾਰਟੀਆਂ ਦੇ ਨੇਤਾ ਇਸ ਗੱਲ 'ਤੇ ਇਕਮੱਤ ਹਨ ਕਿ ਰਲ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਨੂੰ ਲੜਾਈ ਹੀ ਨਹੀਂ ਦਿੱਤੀ ਜਾ ਸਕਦੀ, ਸਗੋਂ ਗਠਜੋੜ ਦਾ ਲੋਕ ਸਭਾ ਵਿਚ ਆਪਣਾ ਖ਼ਾਤਾ ਖੋਲ੍ਹਣ ਦਾ ਦਾਅ ਵੀ ਲੱਗ ਸਕਦਾ ਹੈ। ਮੀਟਿੰਗਾਂ ਵਿਚ ਸ਼ਾਮਲ ਹੋਣ ਵਾਲੇ ਬਸਪਾ ਦੇ ਨੇਤਾਵਾਂ ਨੇ ਉਂਜ ਸਪਸ਼ਟ ਕਰ ਦਿੱਤਾ ਸੀ ਕਿ ਅੰਤਿਮ ਫੈਸਲਾ ਲੈਣ ਦਾ ਅਧਿਕਾਰ ਪਾਰਟੀ ਸੁਪਰੀਮੋ ਮਾਇਆਵਤੀ ਕੋਲ ਹੈ। ਸਾਂਝੇ ਮੋਰਚੇ ਦੇ ਉਪਰਲੀ ਕਤਾਰ ਦੇ ਨੇਤਾ ਲੋਕ ਸਭਾ ਦੀਆਂ ਅਗਲੀਆਂ ਚੋਣਾਂ ਕਾਂਗਰਸ ਨਾਲੋਂ ਬਸਪਾ ਨਾਲ ਰਲ ਕੇ ਲੜਨ ਨੂੰ ਵਧੇਰੇ ਪਹਿਲ ਦੇਣ ਲੱਗੇ ਹਨ।

ਉਧਰ, ਬਸਪਾ ਸੁਪਰੀਮੋ ਮਾਇਆਵਤੀ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਕਬਜ਼ਾ ਕਰਨ ਲਈ ਕੇਂਦਰ ਵਿਚ ਖੱਬੇ ਪੱਖੀਆਂ ਨਾਲ ਸਮਝੌਤਾ ਕਰਨ ਬਾਰੇ ਸੋਚ ਰਹੀ ਹੈ। ਖੱਬੇ ਪੱਖੀ ਪਾਰਟੀਆਂ ਹਾਲ ਦੀ ਘੜੀ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਪਾਰਟੀ ਨਾਲ ਦੂਰੀ ਬਣਾ ਕੇ ਚੱਲ ਰਹੀਆਂ ਹਨ। ਕਾਬਲੇਗ਼ੌਰ ਹੈ ਕਿ ਸਾਂਝੇ ਮੋਰਚੇ ਤੇ ਬਸਪਾ ਨੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵੱਖ ਵੱਖ ਲੜੀਆਂ ਸਨ ਤੇ ਇਨ੍ਹਾਂ ਦੇ ਕਈ ਉਮੀਦਵਾਰ ਥੜ੍ਹੀਆਂ ਥੋੜੀਆਂ ਵੋਟਾਂ ਦੇ ਫਰਕ ਨਾਲ ਹਾਰੇ ਸਨ।

ਸੀ.ਪੀ.ਆਈ. ਦੇ ਸੂਬਾ ਸਕੱਤਰ ਬੰਤ ਬਰਾੜ ਨੇ ਕਿਹਾ ਹੈ ਕਿ ਸਾਂਝੇ ਮੋਰਚੇ ਅਤੇ ਬਸਪਾ ਦੇ ਨੇਤਾਵਾਂ ਦੀਆਂ ਆਪਸੀ ਮੀਟਿੰਗਾਂ ਹਾਂ-ਪੱਖੀ ਰਹੀਆਂ ਹਨ। ਹਾਲ ਦੀ ਘੜੀ ਕੇਂਦਰ ਵਿਚ ਤੀਜੇ ਫਰੰਟ ਦੇ ਆਸਾਰ ਬਣ ਰਹੇ ਹਨ। ਬਸਪਾ ਦੇ ਪੰਜਾਬ ਇਕਾਈ ਦੇ ਇੰਚਾਰਜ ਨਰਿੰਦਰ ਕਸ਼ਿਅਪ ਦਾ ਕਹਿਣਾ ਹੈ ਕਿ ਦੋਵਾਂ ਦੇ ਰਲ ਕੇ ਚੱਲਣ ਨਾਲ ਲਾਭ ਜ਼ਰੂਰ ਪੁੱਜੇਗਾ ਪਰ ਅੰਤਿਮ ਫੈਸਲਾ ਬੀਬੀ ਮਾਇਆਵਤੀ 'ਤੇ ਨਿਰਭਰ ਕਰਦਾ ਹੈ। ਇਸੇ ਦੌਰਾਨ ਪਤਾ ਲੱਗਾ ਹੈ ਕਿ ਸਾਂਝੇ ਮੋਰਚੇ ਦੀ ਮੀਟਿੰਗ ਦੌਰਾਨ ਅਗਲੀਆਂ ਵਿਧਾਨ ਸਭਾ ਚੋਣਾ ਬਾਰੇ ਵਿਚਾਰ-ਵਟਾਂਦਰਾ ਹੋਇਆ ਅਤੇ ਇਹ ਫੈਸਲਾ ਵੀ ਕੀਤਾ ਗਿਆ ਕਿ ਮੁਕਤਸਰ ਵਿਖੇ ਮਾਘੀ ਦੇ ਮੇਲੇ ਮੌਕੇ ਹੋਣ ਵਾਲੀ ਕਾਨਫਰੰਸ ਅਤੇ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਚ ਇਤਿਹਾਸਕ ਇਕੱਠ ਕੀਤਾ ਜਾਵੇ।

# ਪੁਲਿਸ ਵੱਲੋਂ ਦਿੱਲੀ ਹਵਾਈ ਅੱਡੇ 'ਤੇ ਪਰਵਾਸੀ ਭਾਰਤੀ ਦੀ ਕੁੱਟਮਾਰ

**ਚੰਡੀਗੜ੍ਹ:** ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਪਰਵਾਸ ਤੇ ਪੁਲਿਸ ਮੁਲਾਜ਼ਮ ਵੱਲੋਂ ਅਮਰੀਕਾ ਵਿਚ ਵਸੇ ਪਰਵਾਸੀ ਭਾਰਤੀ ਡਾ. ਹਰਮਨਦੀਪ ਰਾਏ ਦੀ ਕੁੱਟਮਾਰ ਕੀਤੀ ਗਈ। ਰਾਏ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸਿਰਫ਼ ਹਵਾਈ ਅੱਡੇ 'ਤੇ ਪਰਵਾਸ ਅਧਿਕਾਰੀਆਂ ਨੂੰ ਆਪਣੇ ਨਾਲ ਆਈ ਮਹਿਲਾ ਮਿੱਤਰ ਨੂੰ ਚਾਰ ਘੰਟਿਆਂ ਦੀ ਪੁੱਛ-ਪੜਤਾਲ ਮਗਰੋਂ ਨਾ ਛੱਡਣ ਦੇ ਕਾਰਨ ਬਾਰੇ ਪੁੱਛਿਆ ਸੀ। ਇਸ ਸਵਾਲ ਤੋਂ ਪੁਲਿਸ ਤੇ ਪਰਵਾਸ ਅਧਿਕਾਰੀ ਐਨੇ ਖਿਝੇ ਕਿ ਉਨ੍ਹਾਂ ਡਾ. ਰਾਏ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ।

ਇਸ ਮਗਰੋਂ ਉਨ੍ਹਾਂ ਨੂੰ ਥਾਣੇ ਲਿਜਾਇਆ ਗਿਆ ਜਿਥੇ ਇਸ ਪਰਵਾਸੀ ਉਪਰ ਸਰਕਾਰੀ ਕੰਮ ਵਿਚ ਵਿਘਨ ਪਾਉਣ ਤੇ ਸਰਕਾਰੀ ਮੁਲਾਜ਼ਮਾਂ 'ਤੇ ਹਮਲਾ ਕਰਨ ਦੇ ਦੋਸ਼ਾਂ ਹੇਠ ਧਾਰਾ 186 ਤੇ 353 ਤਹਿਤ ਕੇਸ ਪਾ ਦਿੱਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਭਾਰਤ ਦੇ ਸਰਕਾਰੀ ਮੁਲਾਜ਼ਮਾਂ ਨੇ ਬਿਨਾਂ ਵਜ੍ਹਾ ਉਸ ਨੂੰ ਕੁੱਟਿਆ। ਐਨਾ ਕੁਝ ਹੋਣ ਦੇ ਬਾਵਜੂਦ ਮੇਰੀ ਕਿਸੇ ਨੇ ਨਹੀਂ ਸੁਣੀ। ਇਸ ਬਾਰੇ ਆਈ.ਜੀ.ਪੀ/ ਐਨ.ਆਰ.ਆਈ ਤੇ ਮਹਿਲਾ ਵਿੰਗ ਨੇ ਸ੍ਰੀ ਰਾਏ ਨੂੰ ਕਿਹਾ ਕਿ ਉਹ ਦਿੱਲੀ ਪੁਲਿਸ ਕੋਲ ਜਾਣ ਤੇ ਅਮਰੀਕਨ ਨਾਗਰਿਕ ਸੇਵਾ (ਨਵੀਂ ਦਿੱਲੀ) ਨੇ ਕਿਹਾ ਕਿ ਸਫਾਰਤਖਾਨਾ ਇਸ ਕੰਮ ਵਿਚ ਦਖਲ ਨਹੀਂ ਦੇ ਸਕਦਾ।

ਇਸੇ ਦੌਰਾਨ ਉੱਤਰ ਅਮਰੀਕੀ ਪੰਜਾਬੀ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਭਾਰਤੀ ਆਜ਼ਾਦੀ ਲਈ ਲੜਨ ਵਾਲੇ ਦੇ ਪੋਤੇ ਨਾਲ ਅਜਿਹੀ ਹਰਕਤ ਸ਼ਰਮਸਾਰ ਕਰਨ ਵਾਲੀ ਹੈ। ਜਥੇਬੰਦੀ ਮੁਤਾਬਕ ਥਾਣੇਦਾਰ ਵਰਿੰਦਰ ਜੈਨ ਨੇ ਡਾ. ਰਾਏ ਉਪਰ ਝੂਠਾ ਕੇਸ ਪਾਇਆ ਹੈ। ਦਿੱਲੀ ਵਿਖੇ ਪਰਵਾਸੀ ਭਾਰਤੀ ਦੇ ਵਕੀਲ ਨੇ ਕਿਹਾ ਕਿ ਉਨ੍ਹਾਂ ਦਾ ਮੁਵੱਕਿਲ ਪਟਿਆਲਾ ਹਾਊਸ ਅਦਾਲਤ ਵੱਲੋਂ ਦਿੱਤੀ ਜ਼ਮਾਨਤ 'ਤੇ ਹੈ ਤੇ ਹੁਣ ਸਾਲ ਦੇ ਅੰਦਰ-ਅੰਦਰ ਪੇਸ਼ ਹੋਣਾ ਹੈ। ਉਨ੍ਹਾਂ ਕਿਹਾ ਕਿ ਪਰਵਾਸੀਆਂ ਨਾਲ ਅਕਸਰ ਹਵਾਈ ਅੱਡਿਆਂ ਉਤੇ ਅਜਿਹਾ ਸਲੂਕ ਕੀਤਾ ਜਾਂਦਾ ਹੈ। ਜਦੋਂ ਵੀ ਕੋਈ ਪਰਵਾਸੀ ਅਫਸਰ ਨੂੰ ਕੋਈ ਸਵਾਲ ਕਰਦਾ ਹੈ ਤਾਂ ਉਹ ਜਵਾਬ ਦੇਣ ਦੀ ਥਾਂ ਤੰਗ ਕਰਨਾ ਸ਼ੁਰੂ ਕਰ ਦਿੰਦਾ ਹੈ।

# ਅਕਾਲੀਆਂ ਦੀਆਂ ਤਾਰਾਂ ਨਸ਼ਿਆਂ ਨਾਲ ਜੁੜੀਆਂ

*(ਸਫਾ ਇਕ ਦੀ ਬਾਕੀ)*

ਘਰੋਂ ਬਦਮਾਸ਼ ਫੜੇ ਗਏ ਸਨ। ਇਸ ਤੋਂ ਬਿਨਾਂ ਹੋਰ ਵੀ ਕਈ ਅਜਿਹੀਆਂ ਘਟਨਾਵਾਂ ਵਾਪਰੀਆਂ ਜਦੋਂ ਅਕਾਲੀ ਦਲ ਨੂੰ ਨਮੋਸ਼ੀ ਝੱਲਣੀ ਪਈ।

ਕਾਬਲੇਗੌਰ ਹੈ ਕਿ ਕਿਸੇ ਵੇਲੇ ਨਿਰੋਲ ਪੰਥਕ ਸਿਆਸੀ ਪਾਰਟੀ ਵਜੋਂ ਜਾਣੇ ਜਾਂਦੇ ਸ਼੍ਰੋਮਣੀ ਅਕਾਲੀ ਦਲ ਦੀ ਧਰਮ ਨਿਰਪੱਖ ਪਾਰਟੀਆਂ ਵਿਚ ਸ਼ਮੂਲੀਅਤ ਲਈ ਘੜੀ ਗਈ ਨਵੀਂ ਰਣਨੀਤੀ ਜਿਥੇ ਗੈਰ-ਪੰਥਕ ਆਗੂਆਂ ਅਤੇ ਵੋਟਰਾਂ ਨੂੰ ਨਾਲ ਜੋੜਨ ਵਿਚ ਸਹਾਈ ਹੋਈ ਹੈ, ਉਥੇ ਪੁਰਾਣੇ ਜੂਨੀਅਰ ਵਿੰਗ ਹਰਿਆਵਲ ਦਸਤੇ (ਸਿੱਖ ਸਟੂਡੈਂਟਸ ਫੈਡਰੇਸ਼ਨਾਂ) ਦੀ ਜਗ੍ਹਾ ਪਹਿਲਾਂ ਐਸ.ਓ.ਆਈ. ਤੇ ਹੁਣ ਯੂਥ ਅਕਾਲੀ ਦਲ ਨੂੰ ਪ੍ਰਭਾਵੀ ਬਣਾ ਕੇ ਸਿੱਖ ਸਿਧਾਂਤਾਂ ਤੋਂ ਵਿਹੂਣੇ ਲੋਕਾਂ ਦਾ ਬਿਨਾਂ ਪਿਛੋਕੜ ਤੇ ਚਰਿੱਤਰ ਵੇਖੇ, ਇਸ ਵਿਚ ਸ਼ੁਮਾਰ ਕਰਾਉਣਾ ਅਕਾਲੀ ਦਲ ਲਈ ਮੁਸੀਬਤ ਬਣ ਰਿਹਾ ਹੈ।

ਤਾਜ਼ਾ ਘਟਨਾਕ੍ਰਮ ਵਿਚ ਯੂਥ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਵਜੋਂ ਜਾਣੇ ਜਾਂਦੇ ਅੰਮ੍ਰਿਤਸਰ ਦੇ ਕਾਰੋਬਾਰੀ ਮਨਿੰਦਰ ਸਿੰਘ ਬਿੱਟੂ ਔਲਖ ਦੀ ਨਸ਼ਾ ਤਸਕਰੀ ਕਾਰੋਬਾਰ ਵਿਚ ਗ੍ਰਿਫ਼ਤਾਰੀ ਨੇ ਯੂਥ ਅਕਾਲੀ ਦਲ ਦੀ ਦਿਆਨਤਦਾਰੀ 'ਤੇ ਸਵਾਲ ਖੜ੍ਹੇ ਕੀਤੇ ਹਨ। ਘਟਨਾਵਾਂ ਦੀ ਲੜੀ ਜੋੜੀਏ ਤਾਂ ਪਿਛਲੇ ਸਾਲ ਪੰਜ ਦਸੰਬਰ ਨੂੰ ਸੱਤਾ ਦੇ ਨਸ਼ੇ ਵਿਚ ਰਣਜੀਤ ਸਿੰਘ ਰਾਣਾ ਨਾਂ ਦੇ ਸਥਾਨਕ ਯੂਥ ਅਕਾਲੀ ਆਗੂ ਨੇ ਥਾਣੇਦਾਰ ਦੀ ਆਪਣੀ ਧੀ ਨੂੰ ਤੰਗ ਕਰਨੋਂ ਰੋਕਣ 'ਤੇ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਸੀ। ਮੀਡੀਆ ਨੇ ਇਸ ਮਾਮਲੇ ਨੂੰ ਜ਼ੋਰ-ਸ਼ੋਰ ਨਾਲ ਉਭਾਰਿਆ ਤਾਂ ਸੱਤਾਧਾਰੀ ਅਕਾਲੀ ਦਲ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਜਤਾਉਣ ਦੇ ਨਾਲ-ਨਾਲ ਉਪ ਮੁੱਖ ਮੰਤਰੀ ਵੱਲੋਂ ਪਾਰਟੀ ਦੀ ਨੌਜਵਾਨ ਇਕਾਈ ਦੇ ਹਰ ਆਗੂ ਦੇ ਪਿਛੋਕੜ ਨੂੰ ਵਾਚ ਕੇ ਜਲਦ ਹੀ ਪਾਰਟੀ ਦੀ ਸਕਰੀਨਿੰਗ (ਸ਼ੁੱਧੀਕਰਨ) ਕਰਨ ਦਾ ਬਿਆਨ ਦਿੱਤਾ ਸੀ। ਰਾਣਾ ਤੇ ਉਸ ਨੂੰ ਨਾਮਜ਼ਦ ਕਰਨ ਵਾਲੇ ਸਥਾਨਕ ਆਗੂਆਂ ਨੂੰ ਪਾਰਟੀ ਵਿਚੋਂ ਬਾਹਰ ਕੱਢ ਦਿੱਤਾ ਗਿਆ ਪਰ ਕੁਝ ਦਿਨ ਬਾਅਦ 24 ਦਸੰਬਰ 2012 ਨੂੰ ਲੁਧਿਆਣਾ ਵਿਚ ਅਕਾਲੀ ਦਲ ਯੂਥ ਅਕਾਲੀ ਵਿੰਗ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਸੰਨੀ ਜੌਹਰ ਨੇ ਇਕ ਪੁਲਿਸ ਅਫਸਰ ਦੀ ਬੇਤਹਾਸ਼ਾ ਕੁੱਟਮਾਰ ਕਰ ਦਿੱਤੀ ਜਿਸ ਨਾਲ ਯੂਥ ਦਲ ਮੁੜ ਸੁਰਖੀਆਂ ਵਿਚ ਆ ਗਿਆ। ਇਸ ਮਾਮਲੇ ਕਰ ਕੇ ਬੁਰੀ ਤਰ੍ਹਾਂ ਘਿਰੇ ਯੂਥ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਯੂਥ ਦਲ ਵਿਚੋਂ ਅਪਰਾਧਕ ਤੱਤਾਂ ਦੀ ਸ਼ਨਾਖਤ ਕਰ ਕੇ ਬਾਹਰ ਕੱਢਣ ਦਾ ਮੁੜ ਭਰੋਸਾ ਦਿੱਤਾ ਗਿਆ। ਸ਼ੁੱਧੀਕਰਨ ਦੀ ਗੱਲ ਜ਼ੋਰ-ਸ਼ੋਰ ਨਾਲ ਕੀਤੀ ਜਾਂਦੀ ਰਹੀ ਪਰ ਪਰਨਾਲਾ ਉਥੇ ਦਾ ਉਥੇ ਰਿਹਾ। ਇਸ ਗੱਲ ਦੀ ਪ੍ਰੋੜਤਾ ਬਠਿੰਡਾ ਖੇਤਰ ਦੇ ਅਕਾਲੀ ਆਗੂ ਹਰਜਿੰਦਰ ਸਿੰਘ ਜੋ ਪਹਿਲਾਂ ਵੀ ਨਸ਼ਿਆਂ ਦੀ ਤਸਕਰੀ ਵਿਚ ਸ਼ਾਮਲ ਰਿਹਾ ਸੀ, ਦੇ ਘਰੋਂ ਪਿਛਲੀ ਦੋ ਅਕਤੂਬਰ ਨੂੰ ਚਾਰ ਨਾਮੀ ਅਪਰਾਧੀਆਂ ਦੇ ਫੜੇ ਜਾਣ ਨਾਲ ਹੋ ਗਈ।

ਹੁਣ ਇਸੇ ਲੜੀ ਵਿਚ ਯੂਥ ਦਲ ਦੇ ਕੌਮੀ ਜਨਰਲ ਸਕੱਤਰ ਦੀ ਨਸ਼ਾ ਤਸਕਰੀ ਜਿਹੇ ਸੰਗੀਨ ਮਾਮਲੇ ਵਿਚ ਗ੍ਰਿਫ਼ਤਾਰੀ ਨੇ ਮਾਮਲਾ ਮੁੜ ਭਖਾ ਦਿੱਤਾ ਹੈ। ਅਜਿਹੀ ਸੂਰਤ ਵਿਚ ਰਾਣਾ ਦੀ ਸੱਤਾ ਖੁਮਾਰੀ ਤੋਂ ਸ਼ੁਰੂ ਹੋਇਆ ਸਿਲਸਿਲਾ, ਬਿੱਟੂ ਔਲਖ ਦੀ ਅਪਰਾਧ ਖੇਤਰ ਵਿਚ ਸਭ ਤੋਂ ਖਤਰਨਾਕ ਖੇਡ ਨਸ਼ਿਆਂ ਦੀ ਤਸਕਰੀ ਤੱਕ ਪਹੁੰਚ ਗਿਆ ਹੈ। ਇਸ ਕਾਰਨ ਜਿਥੇ ਵਿਰੋਧੀ ਕਾਂਗਰਸੀਆਂ ਵੱਲੋਂ ਸੱਤਾਧਾਰੀਆਂ ਤੋਂ ਅਸਤੀਫੇ ਮੰਗੇ ਜਾ ਰਹੇ ਹਨ, ਉਥੇ ਆਮ ਜਨਤਾ ਦੇ ਮਨ ਵਿਚ ਅਕਾਲੀ ਦਲ ਦੀ ਦਿਆਨਤਦਾਰੀ 'ਤੇ ਸਵਾਲ ਉਠ ਰਹੇ ਹਨ।

ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਮਨਿੰਦਰ ਸਿੰਘ ਔਲਖ ਉਰਫ ਬਿੱਟੂ ਤੇ ਉਸ ਦੇ ਸਾਥੀ ਕੋਲੋਂ ਕਰੋੜਾਂ ਰੁਪਏ ਦੇ ਨਸ਼ੀਲੇ ਪਦਾਰਥ ਬਰਾਮਦ ਹੋਣ ਨਾਲ ਸੀਨੀਅਰ ਅਕਾਲੀ ਸਿਆਸਤਦਾਨ ਦੇ ਨਸ਼ੀਲੇ ਪਦਾਰਥਾਂ ਦੇ ਸੌਦਾਗਰਾਂ ਨਾਲ ਨਾਪਾਕ ਗਠਜੋੜ ਹੋਣ ਦਾ ਸੰਕੇਤ ਮਿਲਿਆ ਹੈ। ਇਸ ਨਾਪਾਕ ਗਠਜੋੜ ਦਾ ਪਰਦਾਫਾਸ਼ ਕਰਨ ਲਈ ਸੀ.ਬੀ.ਆਈ. ਤੋਂ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਸ. ਖਹਿਰਾ ਮੁਤਾਬਕ ਬਿੱਟੂ ਔਲਖ ਅਕਾਲੀ ਐਮ.ਪੀ. ਡਾ. ਰਤਨ ਸਿੰਘ ਅਜਨਾਲਾ ਤੇ ਉਨ੍ਹਾਂ ਦੇ ਵਿਧਾਇਕ ਪੁੱਤਰ ਅਮਰਪਾਲ ਸਿੰਘ ਬੋਨੀ ਦੇ ਨੇੜੇ ਹੈ ਅਤੇ ਨਾਲ ਹੀ ਯੂਥ ਅਕਾਲੀ ਦਲ ਦਾ ਜਨਰਲ ਸਕੱਤਰ ਹੋਣ ਨਾਤੇ ਉਹ ਮਾਲ ਮੰਤਰੀ ਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਦਾ ਵੀ ਚਹੇਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

## ਸ਼ਿਕਾਗੋਲੈਂਡ ਤੇ ਮਿਲਵਾਕੀ ਦੀਆਂ ਸੰਗਤਾਂ ਨੇ ਗੁਰੂ ਨਾਨਕ ਪੁਰਬ ਮਨਾਇਆ

**ਸ਼ਿਕਾਗੋ (ਬਿਊਰੋ):** ਸ਼ਿਕਾਗੋਲੈਂਡ ਦੇ ਵੱਖ ਵੱਖ ਗੁਰੂ ਘਰਾਂ ਵਿਚ ਹੁਮ-ਹੁਮਾ ਕੇ ਪਹੁੰਚੀਆਂ ਸੰਗਤਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਰਵਾਇਤੀ ਸ਼ਰਧਾ ਭਾਵਨਾ ਨਾਲ ਮਨਾਇਆ। ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖ ਕੇ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ। ਗੁਰਦੁਆਰਾ ਪੈਲਾਟਾਈਨ ਵਿਖੇ ਐਤਵਾਰ ਨੂੰ ਸਵੇਰੇ ਅਤੇ ਸ਼ਾਮ ਨੂੰ ਦੀਵਾਨ ਸਜਾਏ ਗਏ। ਖਰਾਬ ਮੌਸਮ ਦੇ ਬਾਵਜੂਦ ਵੱਡੀ ਗਿਣਤੀ ਵਿਚ ਸੰਗਤਾਂ ਪਹੁੰਚੀਆਂ। ਸ਼ਰਧਾਲੂ ਸੰਗਤਾਂ ਵਲੋਂ ਗੁਰੂ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਵਜੋਂ ਮਠਿਆਈਆਂ ਵੀ ਵੰਡੀਆਂ ਗਈਆਂ। ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ ਨੇ ਸ਼ਬਦ ਕੀਰਤਨ ਅਤੇ ਪ੍ਰਥਮ ਪਾਤਸ਼ਾਹੀ ਵਲੋਂ ਦਿੱਤੇ ਗਏ ਸੁਨੇਹੇ ਦੀ ਵਿਆਖਿਆ ਕੀਤੀ।

ਗੁਰਦੁਆਰਾ ਵ੍ਹੀਟਨ ਅਤੇ ਗੁਰਦੁਆਰਾ ਦੀਵਾਨ ਐਵਨਿਊ ਵਿਖੇ ਵੀ ਗੁਰਪੁਰਬ ਮਨਾਉਣ ਲਈ ਸੰਗਤਾਂ ਵੱਡੀ ਗਿਣਤੀ ਵਿਚ ਪਹੁੰਚੀਆਂ। ਸ਼ਬਦ ਕੀਰਤਨ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਆਈਲੈਂਡ ਲੇਕ ਵਿਖੇ ਗੁਰਪੁਰਬ ਸਬੰਧੀ ਰੱਖੇ ਗਏ ਅਖੰਡ ਪਾਠ ਦੇ ਭੋਗ ਉਪਰੰਤ ਸ਼ਬਦ ਕੀਰਤਨ ਦੇ ਦੀਵਾਨ ਸਜਾਏ ਗਏ। ਮੁੱਖ ਸੇਵਾਦਾਰ ਬਾਬਾ ਦਲਜੀਤ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਮਨੁੱਖਤਾ ਦੇ ਅਧਿਆਤਮਕ ਅਤੇ ਸਮਾਜਿਕ ਵਿਕਾਸ ਲਈ ਜਿੰਨੀਆਂ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਸਾਰਥਕ ਸਨ, ਉਨੀਆਂ ਅੱਜ ਵੀ ਹਨ ਅਤੇ ਉਨ੍ਹਾਂ ਅਨੁਸਾਰ ਸਾਨੂੰ ਜੀਵਨ ਢਾਲਣਾ ਚਾਹੀਦਾ ਹੈ। ਇਸ ਮੌਕੇ ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਦੇ ਸ਼ਰਧਾਲੂ ਸਤਿਸੰਗੀਆਂ ਵਲੋਂ ਉਨ੍ਹਾਂ ਦੀ ਬਰਸੀ ਵੀ ਮਨਾਈ ਗਈ।

ਮਿਲਵਾਕੀ ਦੇ ਗੁਰਦੁਆਰਾ ਬਰੁਕਫੀਲਡ ਅਤੇ ਗੁਰਦੁਆਰਾ ਓਕ ਕਰੀਕ ਵਿਚ ਵੀ ਗੁਰਪੁਰਬ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਜੁੜੀਆਂ। ਗੁਰਦੁਆਰਾ ਓਕ ਕਰੀਕ ਵਿਖੇ ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਅਤੇ ਵਿਆਖਿਆਕਾਰ ਭਾਈ ਗੁਰਮੀਤ ਸਿੰਘ ਜੋਸ਼ ਨੇ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ। ਗੁਰਦੁਆਰਾ ਬਰੁਕਫੀਲਡ ਵਿਚ ਹੋਏ ਸਮਾਗਮ ਦੌਰਾਨ ਗੁਰੂ ਘਰ ਦੇ ਹੈਡ ਗ੍ਰੰਥੀ ਅਤੇ ਹਜ਼ੂਰੀ ਰਾਗੀ ਜਥੇ ਨੇ ਸ਼ਬਦ ਕੀਰਤਨ ਅਤੇ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

**SUPER TRAVEL**
847-676-9090, 773-465-5566
*E-mail: supertravel2003@yahoo.com*
**Lowest Fares With Excellent Service**
*United Airlines*
*British Airways*

*Jet Airways, Air India, KLM, Lufthansa, Delta, Qatar Airlines.*
**For Emergency Call anytime at 847-673-3825**
*EARLY BIRD SALE!!!!*
Domestic fares available

## ਪੰਜਾਬੀ ਯੂਨੀਵਰਸਿਟੀ 'ਤੇ ਮਾਲੀ ਤੰਗੀ ਦੇ ਬੱਦਲ

**ਪਟਿਆਲਾ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਵਿੱਤੀ ਸੰਕਟ ਨੇ ਆ ਘੇਰਿਆ ਹੈ। ਯੂਨੀਵਰਸਿਟੀ ਦੀ ਆਮਦਨੀ ਤੇ ਖਰਚੇ ਵਿਚ ਅਰਬਾਂ ਰੁਪਏ ਦਾ ਫਰਕ ਹੈ। ਸੂਬਾ ਸਰਕਾਰ ਵੱਲੋਂ ਦਿੱਤੀ ਜਾਂਦੀ ਸਾਲਾਨਾ ਗਰਾਂਟ ਵਰਤਮਾਨ ਹਾਲਾਤ ਮੁਤਾਬਕ ਘੱਟ ਹੈ। ਦੋ ਸੌ ਕਰੋੜ ਤੋਂ ਵੱਧ ਤਾਂ ਸਾਲ ਵਿਚ ਤਨਖ਼ਾਹਾਂ ਦਾ ਖਰਚ ਹੈ। 1990 ਵਿਚ ਜਦੋਂ ਪੈਨਸ਼ਨ ਸਕੀਮ ਸ਼ੁਰੂ ਕੀਤੀ ਗਈ ਸੀ, ਉਦੋਂ ਸਰਕਾਰੀ ਗਰਾਂਟ ਕੁੱਲ ਤਨਖ਼ਾਹਾਂ ਦਾ 76 ਫ਼ੀਸਦੀ ਹਿੱਸਾ ਮਿਲਦੀ ਸੀ ਪਰ ਤਨਖ਼ਾਹਾਂ ਵਿਚ ਵਾਧਾ ਹੋਣ ਕਾਰਨ ਸਰਕਾਰੀ ਗਰਾਂਟ ਕੁੱਲ ਤਨਖ਼ਾਹਾਂ ਦਾ ਸਿਰਫ਼ 25 ਫੀਸਦੀ ਹਿੱਸਾ ਹੀ ਹੈ ਕਿਉਂਕਿ ਗਰਾਂਟ ਵਿਚ ਵਾਧਾ ਨਹੀਂ ਹੋਇਆ ਹੈ।

ਯੂਨੀਵਰਸਿਟੀ ਅਧਿਕਾਰੀਆਂ ਦਾ ਕਹਿਣਾ ਹੈ ਉਨ੍ਹਾਂ ਦੀਆਂ ਫੀਸਾਂ ਬਾਕੀ ਯੂਨੀਵਰਸਿਟੀਆਂ ਨਾਲੋਂ ਘੱਟ ਹਨ। 359 ਕਰੋੜ ਦੇ ਸਾਲਾਨਾ ਬਜਟ ਦੇ ਮੁਕਾਬਲੇ ਸਾਲਾਨਾ ਆਮਦਨੀ 266 ਕਰੋੜ ਹੀ ਹੈ। ਯੂਨੀਵਰਸਿਟੀ ਵਿਚਲੇ ਸੀਨੀਅਰ ਸੈਕੰਡਰੀ ਮਾਡਲ ਸਕੂਲ ਦਾ ਸਾਲਾਨਾ ਖਰਚਾ ਤਕਰੀਬਨ ਚਾਰ ਕਰੋੜ ਹੈ ਜਦਕਿ ਇਥੋਂ ਆਮਦਨੀ ਸਿਰਫ਼ 11 ਤੋਂ 12 ਲੱਖ ਹੀ ਹੁੰਦੀ ਹੈ। ਡਿਸਟੈਂਸ ਐਜੂਕੇਸ਼ਨ ਵਿਭਾਗ ਤੋਂ ਸਾਲ ਭਰ ਵਿਚ ਤਕਰੀਬਨ ਦਸ ਕਰੋੜ ਦੇ ਖਰਚੇ ਦੇ ਤਵਾਜ਼ਨ ਇੰਨੀ ਹੀ ਆਮਦਨੀ ਹੁੰਦੀ ਹੈ। ਇਸ ਲਈ ਇਸ ਦੀਆਂ ਫੀਸਾਂ ਵਿਚ ਵਾਧਾ ਕਰਨ ਦੀ ਗੱਲ ਚੱਲ ਰਹੀ ਹੈ।

ਯੂਨੀਵਰਸਿਟੀ ਕੈਲੰਡਰ ਮੁਤਾਬਕ ਸਿਰਫ਼ ਉਪ ਕੁਲਪਤੀ ਤੇ ਰਜਿਸਟਰਾਰ ਨੂੰ ਹੀ ਕਾਰਾਂ ਅਲਾਟ ਹੋ ਸਕਦੀਆਂ ਹਨ ਪਰ ਹੋਰ ਅਧਿਕਾਰੀਆਂ ਨੂੰ ਵੀ ਕਾਰਾਂ ਅਲਾਟ ਹੋਈਆਂ ਹਨ ਜਿਨ੍ਹਾਂ ਦਾ ਖਰਚਾ ਵੀ ਯੂਨੀਵਰਸਿਟੀ 'ਤੇ ਪੈਂਦਾ ਹੈ। ਯੂਨੀਵਰਸਿਟੀ ਕੈਂਪਸ, ਨੇਬਰਹੁੱਡ ਕੈਂਪਸ, ਰੀਜਨਲ ਸੈਂਟਰਾਂ ਤੇ ਕੌਂਸਟੀਚਿਊਟ ਕਾਲਜਾਂ ਦੀਆਂ ਫੀਸਾਂ ਵਿਚ ਇਕਸੁਰਤਾ ਲਿਆਉਣ ਦਾ ਸੁਝਾਅ ਯੂਨੀਵਰਸਿਟੀ ਦੀ ਵਿੱਤ ਸਲਾਹਕਾਰ ਕਮੇਟੀ ਵੀ ਦੇ ਚੁੱਕੀ ਹੈ।

ਪਿਛਲੇ ਸਾਲਾਂ ਵਿਚ ਯੂਨੀਵਰਸਿਟੀ ਵੱਲੋਂ ਵਿਦਿਅਕ ਪੱਖੋਂ ਪੱਛੜੇ ਪੇਂਡੂ ਇਲਾਕਿਆਂ ਵਿਚ ਅੱਧੀ ਦਰਜਨ ਤੋਂ ਵੱਧ ਕੌਂਸਟੀਚਿਊਟ ਕਾਲਜ ਖੋਲੇ ਗਏ ਸਨ। ਹਰ ਸਾਲ ਇਕ ਕਾਲਜ ਲਈ ਡੇਢ ਕਰੋੜ ਰੁਪਏ ਪੰਜਾਬ ਸਰਕਾਰ ਵੱਲੋਂ ਦਿੱਤੇ ਜਾਣੇ ਹਨ ਪਰ ਸਰਕਾਰ ਵੱਲੋਂ ਪਹਿਲੇ ਦੋ ਸਾਲਾਂ ਦੇ 22.50 ਕਰੋੜ ਰੁਪਏ ਹਾਲੇ ਤੱਕ ਦਿੱਤੇ ਹੀ ਨਹੀਂ ਗਏ। ਇਸ ਕਰਕੇ ਯੂਨੀਵਰਸਿਟੀ 'ਤੇ ਹੋਰ ਬੋਝ ਪੈ ਗਿਆ ਹੈ। ਇਸ ਤੋਂ ਇਲਾਵਾ ਕਈ ਰੀਜਨਲ ਸੈਂਟਰਾਂ ਦਾ ਖਰਚਾ ਵੀ ਯੂਨੀਵਰਸਿਟੀ ਪੂਰਾ ਕਰਦੀ ਹੈ।

## ਪਰਵਾਸੀ ਭਾਰਤੀ ਦੇ ਕਾਤਲ ਨੂੰ 15 ਸਾਲ ਕੈਦ

**ਨਿਊ ਯਾਰਕ:** ਭਾਰਤੀ ਮੂਲ ਦੇ ਵਿਗਿਆਨੀ ਨੂੰ ਕੁੱਟ-ਕੁੱਟ ਕੇ ਮਾਰਨ ਦੇ ਦੋਸ਼ ਵਿਚ ਅਮਰੀਕੀ ਮੁੰਡੇ ਜੂਲੀਅਨ ਡੇਲੇ ਨੂੰ 15 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਹ ਘਟਨਾ 25 ਜੂਨ, 2010 ਨੂੰ ਹੋਈ ਸੀ। ਦਿਵੇਂਦੂ ਸਿਨਹਾ (49) ਆਪਣੀ ਪਤਨੀ ਅਲਕਾ ਤੇ ਦੋ ਪੁੱਤਰਾਂ ਨਾਲ 25 ਜੂਨ, 2010 ਦੀ ਰਾਤ ਨੂੰ ਆਪਣੇ ਘਰ ਪਰਤ ਰਿਹਾ ਸੀ ਕਿ ਪੰਜ ਲੜਕਿਆਂ ਨੇ ਉਸ ਉਤੇ ਹਮਲਾ ਕਰ ਦਿੱਤਾ।

ਉਸ ਨੂੰ ਨਿਊ ਬਰੂਨਸਵਿਕ ਦੇ ਰੌਬਰਟ ਵੁੱਡ ਜੌਹਨਸਨ ਯੂਨੀਵਰਸਿਟੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿਥੇ ਤਿੰਨ ਦਿਨਾਂ ਬਾਅਦ ਉਸ ਦੀ ਮੌਤ ਹੋ ਗਈ ਸੀ ਇਸ ਹਮਲੇ ਵਿਚ ਦਿਵੇਂਦੂ ਦੇ ਪੁੱਤਰਾਂ ਦੇ ਵੀ ਮਾਮੂਲੀ ਸੱਟਾਂ ਵੱਜੀਆਂ ਸਨ। ਉਸ ਵੇਲੇ ਜੂਲੀਅਨ 16 ਸਾਲ ਦਾ ਸੀ। ਅਦਾਲਤ ਨੇ ਉਸ ਦੀ ਇਹ ਦਲੀਲ ਦਰਕਿਨਾਰ ਕਰ ਦਿੱਤੀ ਕਿ ਉਹ ਅੱਗੇ ਤੋਂ ਅਜਿਹਾ ਗੁਨਾਹ ਨਹੀਂ ਕਰੇਗਾ।

## ਸੱਜਣ ਕੁਮਾਰ ਦੇ ਪੁੱਤਰ ਨੂੰ ਦਿੱਲੀ ਵਿਧਾਨ ਸਭਾ ਲਈ ਕਾਂਗਰਸ ਵਲੋਂ ਟਿਕਟ ਦਿੱਤੇ ਜਾਣ ਦੀ ਨਿਖੇਧੀ

**ਸ਼ਿਕਾਗੋ (ਬਿਊਰੋ):** ਮਿਡਵੈਸਟ ਯੂਥ ਅਕਾਲੀ ਦਲ ਦੇ ਪ੍ਰਧਾਨ ਜਸਕਰਨ ਸਿੰਘ ਧਾਲੀਵਾਲ ਨੇ ਕਾਂਗਰਸ ਵਲੋਂ ਦਿੱਲੀ ਵਿਧਾਨ ਸਭਾ ਚੋਣਾਂ ਲਈ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਕਥਿਤ ਮੁੱਖ ਦੋਸ਼ੀ ਸੱਜਣ ਕੁਮਾਰ ਦੇ ਪੁੱਤਰ ਜਗਪ੍ਰਵੇਸ਼ ਕੁਮਾਰ ਨੂੰ ਟਿਕਟ ਦਿੱਤੇ ਜਾਣ ਦੀ ਨਿਖੇਧੀ ਕਰਦਿਆਂ ਇਸ ਨੂੰ ਪਹਿਲਾਂ ਹੀ ਵਲੂੰਧਰੇ ਸਿੱਖ ਹਿਰਦਿਆਂ ਉਪਰ ਨਮਕ ਛਿੜਕਣ ਬਰਾਬਰ ਕਰਾਰ ਦਿੱਤਾ ਹੈ।

ਇਥੇ ਜਾਰੀ ਇਕ ਬਿਆਨ ਵਿਚ ਸ੍ਰੀ ਧਾਲੀਵਾਲ ਨੇ ਆਖਿਆ ਕਿ ਸੱਜਣ ਕੁਮਾਰ ਸਿੱਖ ਕਤਲੇਆਮ ਲਈ ਜਨੂੰਨੀ ਲੋਕਾਂ ਨੂੰ ਉਤਸ਼ਾਹਿਤ ਕਰਨ ਵਾਲਾ ਅਜਿਹਾ ਸਿਆਸਤਦਾਨ ਹੈ ਜਿਸ ਦੇ ਕਾਲੇ ਕਾਰਨਾਮਿਆਂ ਨੂੰ ਹਿੰਦੋਸਤਾਨ ਦੀਆਂ ਅਦਾਲਤਾਂ ਤਾਂ ਕਾਨੂੰਨੀ ਦਾਅ ਪੇਚਾਂ ਦੇ ਸਨਮੁੱਖ ਮਾਫ ਕਰ ਸਕਦੀਆਂ ਹਨ ਪਰ ਸਿੱਖ ਕਦੇ ਮੁਆਫ ਨਹੀਂ ਕਰਨਗੇ। ਆਪਣੀ ਗੱਲ ਜਾਰੀ ਰੱਖਦਿਆਂ ਉਨ੍ਹਾਂ ਆਖਿਆ ਕਿ ਕੇਂਦਰ ਅਤੇ ਦਿੱਲੀ ਦੀ ਕਾਂਗਰਸ ਸਰਕਾਰ ਵਲੋਂ ਘੱਟ ਗਿਣਤੀ ਸਿੱਖਾਂ ਦਾ ਜਾਨੀ ਤੇ ਮਾਲੀ ਨੁਕਸਾਨ ਕਰਨ ਵਾਲੇ ਸੱਜਣ ਕੁਮਾਰ ਨੂੰ ਗਿਣੀ ਮਿਥੀ ਸਾਜਿਸ਼ ਤਹਿਤ ਪਹਿਲਾਂ ਬਰੀ ਕਰਵਾਉਣਾ ਅਤੇ ਉਸ ਦੇ ਪੁੱਤਰ ਨੂੰ ਟਿਕਟ ਦੇਣਾ ਔਰੰਗਜ਼ੇਬ ਦੇ ਸ਼ਾਸਨ ਦੀ ਯਾਦ ਕਰਵਾਉਂਦਾ ਹੈ। ਸੱਜਣ ਕੁਮਾਰ ਦਾ ਮਾਮਲਾ ਅਜੇ ਅਦਾਲਤਾਂ ਵਿਚ ਸੁਣਵਾਈ ਅਧੀਨ ਹੈ ਜਦੋਂਕਿ ਕਾਂਗਰਸ ਉਸ ਦੇ ਪੁੱਤਰ ਨੂੰ ਟਿਕਟ ਦੇ ਕੇ ਉਸ ਨੂੰ ਕਲੀਨ ਚਿੱਟ ਦੇ ਰਹੀ ਹੈ।

ਕੁਝ ਅਜਿਹੇ ਹੀ ਵਿਚਾਰਾਂ ਦਾ ਪ੍ਰਗਟਾਵਾ ਅਕਾਲੀ ਆਗੂਆਂ ਲਖਵੰਤ ਸਿੰਘ ਕੋਮਲ, ਅਮਰੀਕ ਸਿੰਘ (ਅਮਰ ਕਾਰਪੈਟਸ), ਗੁਰਮੀਤ ਸਿੰਘ, ਹਰਵਿੰਦਰ ਸਿੰਘ, ਹੈਪੀ ਸਿੰਘ ਹੀਰ, ਮਨਮਿੰਦਰ ਸਿੰਘ, ਬਲਜੀਤ ਸਿੰਘ, ਇੰਦਰਜੀਤ ਸਿੰਘ ਸਿੱਧੂ ਅਤੇ ਪ੍ਰਭਜੋਤ ਸਿੰਘ ਨੇ ਕੀਤਾ।

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
**National Truck Driving School**
**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

**Call For Special Price**
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**
**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*
ਸੰਪਰਕ ਕਰੋ: ਪਾਲ ਫੋਨ 1-800-705-3863
**Trucking Companies-Improve Your Cash Flow**
*Low Rates *One-Time Discounts *No Minimums
**Call Paul at 1-800-705-3863**
**Transportation Funding Group, Inc.**
Minneapolis , MN 55426



# ਸਚਿਨ ਨੂੰ ਭਾਰਤ ਰਤਨ

## 22 ਗਜ਼ਾਂ 'ਤੇ 24 ਸਾਲ

**ਭਾਰਤ ਰਤਨ ਮਾਂਵਾਂ ਨੂੰ ਸਮਰਪਿਤ**

**ਨਵੀਂ ਦਿੱਲੀ:** ਮਹਾਨ ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ ਨੂੰ ਦੇਸ਼ ਦੇ ਸਰਵਉੱਚ ਪੁਰਸਕਾਰ ਭਾਰਤ ਰਤਨ ਨਾਲ ਨਵਾਜਿਆ ਜਾਵੇਗਾ। ਸਚਿਨ ਤੇਂਦੁਲਕਰ ਨੇ ਕ੍ਰਿਕਟ ਤੋਂ ਵਿਦਾਈ ਲੈ ਲਈ ਹੈ ਤੇ ਦੇਸ਼ ਦੇ ਸਭ ਤੋਂ ਵੱਡੇ ਪੁਰਸਕਾਰ ਨੂੰ ਹਾਸਲ ਕਰਨ ਵਾਲੇ ਉਹ ਦੇਸ਼ ਦੇ ਪਹਿਲੇ ਖਿਡਾਰੀ ਬਣ ਗਏ ਹਨ। ਤੇਂਦੁਲਕਰ (40) ਨੂੰ ਪਹਿਲਾਂ ਦੇਸ਼ ਦੇ ਦੂਜੇ ਵੱਡੇ ਪੁਰਸਕਾਰ ਪਦਮਵਿਭੂਸ਼ਨ ਨਾਲ ਸਨਮਾਨਿਆ ਜਾ ਚੁੱਕਾ ਹੈ, ਵੀ ਦੇਸ਼ ਦੀਆਂ ਉਨ੍ਹਾਂ 41 ਪ੍ਰਸਿੱਧ ਹਸਤੀਆਂ ਵਿਚ ਸ਼ਾਮਲ ਹੋ ਗਏ ਹਨ ਜਿਨ੍ਹਾਂ ਨੂੰ ਦੇਸ਼ ਲਈ ਦਿੱਤੀਆਂ ਵਿਲੱਖਣ ਸੇਵਾਵਾਂ ਲਈ ਹੁਣ ਤਕ ਇਹ ਸਰਵਉੱਚ ਪੁਰਸਕਾਰ ਪ੍ਰਦਾਨ ਕੀਤਾ ਗਿਆ ਹੈ। ਸਚਿਨ ਪੂਰੇ 24 ਸਾਲ ਕ੍ਰਿਕਟ ਦੀ 22 ਗਜ਼ ਦੀ ਪਿੱਚ 'ਤੇ ਖੇਡਿਆ। ਸਚਿਨ ਰਮੇਸ਼ ਤੇਂਦੁਲਕਰ ਦੀ ਇਸ ਸਰਵਉੱਚ ਪੁਰਸਕਾਰ ਲਈ ਉਦੋਂ ਚੋਣ ਹੋਈ ਹੈ, ਜਦੋਂ ਉਸ ਨੇ ਵੈਸਟ ਇੰਡੀਜ਼ ਵਿਰੁੱਧ ਆਪਣੇ ਖੇਡ ਜੀਵਨ ਦਾ ਆਖ਼ਰੀ ਟੈਸਟ ਖੇਡਿਆ ਹੈ। 200ਵਾਂ ਟੈਸਟ ਮੈਚ ਤੋਂ ਕੁਝ ਘੰਟਿਆਂ ਬਾਅਦ ਹੀ ਰਾਸ਼ਟਰਪਤੀ ਭਵਨ ਵੱਲੋਂ ਇਨ੍ਹਾਂ ਵਕਾਰੀ ਪੁਰਸਕਾਰਾਂ ਸਬੰਧੀ ਸੂਚਨਾ ਜਾਰੀ ਕੀਤੀ ਗਈ। ਰਾਸ਼ਟਰਪਤੀ ਭਵਨ ਤੋਂ ਜਾਰੀ ਸੂਚਨਾ ਅਨੁਸਾਰ ਤੇਂਦੁਲਕਰ ਖੇਡ ਜਗਤ ਵਿਚ ਭਾਰਤ ਦਾ ਸੱਚਾ ਰਾਜਦੂਤ ਹੈ।

## ਕ੍ਰਿਕਟ ਮੇਰੇ ਲਈ ਆਕਸੀਜਨ: ਸਚਿਨ

**ਮੁੰਬਈ:** ਕ੍ਰਿਕਟ ਨੂੰ 'ਆਕਸੀਜਨ' ਦੱਸਦਿਆਂ ਮਾਸਟਰ ਬਲਾਸਟਰ ਸਚਿਨ ਤੇਂਦੁਲਕਰ ਨੇ ਕਿਹਾ ਕਿ ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਹੁਣ ਕ੍ਰਿਕਟ ਨੂੰ ਅਲਵਿਦਾ ਕਹਿਣ ਦਾ ਸਮਾਂ ਆ ਗਿਆ ਹੈ। 24 ਸਾਲਾਂ ਦੇ ਕੌਮਾਂਤਰੀ ਕਰੀਅਰ ਬਾਅਦ ਵੈਸਟਇੰਡੀਜ਼ ਖ਼ਿਲਾਫ਼ 200ਵਾਂ ਟੈਸਟ ਮੈਚ ਜਿੱਤਣ ਬਾਅਦ ਵਿਦਾਈ ਲੈਣ ਵਾਲੇ ਸਚਿਨ ਨੇ ਪ੍ਰੈਸ ਕਾਨਫਰੰਸ ਦੌਰਾਨ ਤਕਰੀਬਨ ਇੱਕ ਘੰਟਾ ਪੱਤਰਕਾਰਾਂ ਦੇ ਸਵਾਲਾਂ ਦੇ ਸਹਿਜਤਾ ਨਾਲ ਜਵਾਬ ਦਿੱਤੇ। ਉਸ ਨੇ ਕਿਹਾ, "ਮੇਰੇ ਸੰਨਿਆਸ ਬਾਰੇ ਕਈ ਸਾਲਾਂ ਤੋਂ ਸਵਾਲ ਉਠ ਰਹੇ ਸਨ ਅਤੇ ਮੈਂ ਹਮੇਸ਼ਾ ਕਹਿੰਦਾ ਸੀ ਕਿ ਜਿਸ ਦਿਨ ਇਹ ਲੱਗਾ ਕਿ ਮੈਨੂੰ ਖੇਡਣਾ ਛੱਡ ਦੇਣਾ ਚਾਹੀਦਾ ਹੈ, ਉਸ ਦਿਨ ਮੈਂ ਖ਼ੁਦ ਐਲਾਨ ਕਰਾਂਗਾ। 24 ਸਾਲ ਤਕ ਦੇਸ਼ ਲਈ ਖੇਡਦਿਆਂ ਮੈਂ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕੀਤਾ ਪਰ ਪਰਿਵਾਰ, ਕੋਚਾਂ, ਦੋਸਤਾਂ ਅਤੇ ਸਾਥੀ ਖਿਡਾਰੀਆਂ ਦੇ ਸਹਿਯੋਗ ਸਦਕਾ ਇਹ ਸਫ਼ਰ ਯਾਦਗਾਰ ਰਿਹਾ। ਮੈਨੂੰ ਕੱਲ੍ਹ ਰਾਤ ਇਹ ਯਕੀਨ ਨਹੀਂ ਹੋ ਰਿਹਾ ਸੀ ਕਿ ਹੁਣ ਮੈਂ ਕਿਤੇ ਵੀ ਨਹੀਂ ਖੇਡਾਂਗਾ ਪਰ ਮੈਨੂੰ ਅਫ਼ਸੋਸ ਨਹੀਂ ਹੈ। ਇਹ ਸਹੀ ਸਮਾਂ ਸੀ ਅਤੇ ਮੈਂ ਆਪਣੇ ਸਫ਼ਰ ਦਾ ਲੁਤਫ਼ ਲਿਆ ਹੈ।" ਉਸ ਕਿਹਾ ਕਿ ਕ੍ਰਿਕਟ ਉਹਦੇ ਲਈ ਆਕਸੀਜਨ ਸਮਾਨ ਹੈ ਅਤੇ 40 ਸਾਲਾਂ ਦੀ ਉਮਰ 'ਚੋਂ 30 ਸਾਲ ਕ੍ਰਿਕਟ ਲੇਖੇ ਲਾਏ ਹਨ।



ਦਿੱਲੀ ਦੇ ਮੇਜਰ ਧਿਆਨ ਚੰਦ ਸਟੇਡੀਅਮ ਵਿਚ ਲਾਇਆ ਧਿਆਨ ਚੰਦ ਦਾ ਬੁੱਤ।

# ਹਾਕੀ ਫਿਰ ਹਾਰ ਗਈ

## ਵਿਸਾਰ ਦਿੱਤਾ ਹਾਕੀ ਦਾ ਜਾਦੂਗਰ



**ਨਵੀਂ ਦਿੱਲੀ:** ਹਾਕੀ ਦੇ ਉਮਦਾ ਖਿਡਾਰੀ ਮੇਜਰ ਧਿਆਨ ਚੰਦ ਨੂੰ 'ਭਾਰਤ ਰਤਨ' ਐਵਾਰਡ ਦੇਣ ਦੀ ਮੰਗ ਵਾਲੀ ਮੁਹਿੰਮ ਬਹੁਤ ਜ਼ੋਰ-ਸ਼ੋਰ ਨਾਲ ਚਲਾਈ ਗਈ ਸੀ ਪਰ ਮਨਮੋਹਨ ਸਿੰਘ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿਚ ਹਾਕੀ ਦਾ ਇਹ ਸਮਰਾਟ ਖਿਡਾਰੀ ਹਾਰ ਗਿਆ। ਆਪਣੇ ਸਮੇਂ ਦੌਰਾਨ ਹਾਕੀ ਦੇ ਮੈਦਾਨ ਵਿਚ ਸੰਸਾਰ ਭਰ ਦੇ ਲੋਕਾਂ ਨੂੰ ਆਪਣੀ ਖੇਡ ਨਾਲ ਪ੍ਰਭਾਵਿਤ ਕਰਨ ਵਾਲਾ ਮੇਜਰ ਧਿਆਨ ਚੰਦ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀਆਂ ਨਜ਼ਰਾਂ ਵਿਚ ਕ੍ਰਿਕਟ ਖਿਡਾਰੀ ਸਚਿਨ ਨਾਲੋਂ ਬਹੁਤ ਪਿਛਾਂਹ ਰਹਿ ਗਿਆ ਅਤੇ ਉਨ੍ਹਾਂ ਨੇ ਰਾਤੋ-ਰਾਤ ਉਸ ਦੀ ਥਾਂ ਸਚਿਨ ਨੂੰ ਭਾਰਤ ਰਤਨ ਦੇਣ ਦੀ ਸਿਫਾਰਸ਼ ਕਰ ਦਿੱਤੀ ਹਾਲਾਂਕਿ ਖੇਡ ਵਿਭਾਗ ਨੇ ਮੇਜਰ ਧਿਆਨ ਚੰਦ ਨੂੰ ਭਾਰਤ ਰਤਨ ਦੇਣ ਦੀ ਸਿਫਾਰਿਸ਼ ਕੀਤੀ ਹੋਈ ਸੀ।

## ਸਚਿਨ ਨੂੰ ਭਾਰਤ ਰਤਨ ਦੇਣ ਖਿਲਾਫ ਕੇਸ ਦਰਜ

**ਮੁਜ਼ੱਫਰ ਪੁਰ (ਬਿਹਾਰ):** ਮਨਮੋਹਨ ਸਿੰਘ ਸਰਕਾਰ ਵੱਲੋਂ ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ ਨੂੰ ਭਾਰਤ ਰਤਨ ਦੇਣ ਖਿਲਾਫ ਪਟੀਸ਼ਨ ਦਾਇਰ ਕੀਤੀ ਗਈ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਸਰਕਾਰ ਨੇ ਇਹ ਫੈਸਲਾ ਕਰਦਿਆਂ ਹਾਕੀ ਦੇ ਮਸ਼ਹੂਰ ਖਿਡਾਰੀ ਦੇ ਹਾਕੀ ਲਈ ਪਾਏ ਯੋਗਦਾਨ ਨੂੰ ਅਣਡਿੱਠ ਕੀਤਾ ਹੈ। ਇਸ ਕੇਸ ਦੀ ਸੁਣਵਾਈ 10 ਦਸੰਬਰ ਨੂੰ ਹੋਵੇਗੀ। ਐਡਵੋਕੇਟ ਸੁਧੀਰ ਕੁਮਾਰ ਓਝਾ ਨੇ ਚੀਫ ਜੁਡੀਸ਼ਲ ਮੈਜਿਸਟਰੇਟ ਐਸ.ਪੀ. ਸਿੰਘ ਦੀ ਅਦਾਲਤ ਵਿਚ ਦਾਇਰਿ ਪਟੀਸ਼ਨ ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਗ੍ਰਹਿ ਮੰਤਰੀ ਸੁਸ਼ੀਲ ਸ਼ਿੰਦੇ ਅਤੇ ਖੇਡ ਮੰਤਰੀ ਜਿਤੇਂਦਰ ਸਿੰਘ ਨੂੰ ਧਿਰ ਬਣਾਇਆ ਹੈ। ਪਟੀਸ਼ਨ ਮੁਤਾਬਕ ਸਚਿਨ ਨੂੰ ਬੜੇ ਸਾਜ਼ਿਸ਼ੀ ਢੰਗ ਨਾਲ ਕਾਹਲ ਵਿਚ ਭਾਰਤ ਰਤਨ ਨਾਲ ਨਵਾਜਿਆ ਗਿਆ ਹੈ। ਇਸ ਕੇਸ ਵਿਚ ਜਨਤਾ ਦਲ (ਯੂ) ਨਾਲ ਸਬੰਧਤ ਸੰਸਦ ਮੈਂਬਰ ਸ਼ਿਵ ਨੰਦ ਤਿਵਾੜੀ ਨੂੰ ਗਵਾਹ ਬਣਾਇਆ ਗਿਆ ਹੈ।

# ਚੌਥੇ ਕਬੱਡੀ ਵਿਸ਼ਵ ਕੱਪ ਦੀਆਂ ਤਿਆਰੀਆਂ

**ਪ੍ਰਿੰ. ਸਰਵਣ ਸਿੰਘ**

ਕਬੱਡੀ ਪ੍ਰੇਮੀਆਂ ਦੀਆਂ ਨਜ਼ਰਾਂ ਹੁਣ ਚੌਥੇ ਕਬੱਡੀ ਵਿਸ਼ਵ ਕੱਪ ਵੱਲ ਹਨ ਜੋ 30 ਨਵੰਬਰ ਤੋਂ 14 ਦਸੰਬਰ ਤਕ ਪੰਜਾਬ ਦੇ 13 ਸ਼ਹਿਰਾਂ ਤੇ ਕਸਬਿਆਂ ਵਿਚ ਖੇਡਿਆ ਜਾਵੇਗਾ। ਬਠਿੰਡੇ ਵਿਚ ਕੱਪ ਦਾ ਉਦਘਾਟਨੀ ਸਮਾਗਮ ਹੋਵੇਗਾ ਤੇ ਲੁਧਿਆਣੇ ਵਿਚ ਸਮਾਪਤੀ ਸਮਾਰੋਹ। ਮਰਦਾਂ ਦੇ 34 ਤੇ ਔਰਤਾਂ ਦੇ 16 ਮੈਚ ਪਟਿਆਲੇ, ਮਾਨਸਾ, ਬਾਦਲ/ਦੋਦਾ, ਚੋਹਲਾ ਸਾਹਿਬ, ਸੰਗਰੂਰ, ਜਲਾਲਾਬਾਦ, ਰੂਪਨਗਰ, ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਬਠਿੰਡਾ, ਜਲੰਧਰ ਤੇ ਲੁਧਿਆਣੇ ਖੇਡੇ ਜਾਣਗੇ। ਮਰਦਾਂ ਦੀਆਂ 12 ਟੀਮਾਂ ਭਾਰਤ, ਪਾਕਿਸਤਾਨ, ਅਮਰੀਕਾ, ਕੈਨੇਡਾ, ਇਰਾਨ, ਇੰਗਲੈਂਡ, ਸਪੇਨ, ਡੈਨਮਾਰਕ, ਅਰਜਨਟੀਨਾ, ਸਿਆਰਾ ਲਿਓਨ, ਕੀਨੀਆ ਤੇ ਸਕਾਟਲੈਂਡ ਤੋਂ ਅਤੇ ਔਰਤਾਂ ਦੀਆਂ 8 ਟੀਮਾਂ ਭਾਰਤ, ਪਾਕਿਸਤਾਨ, ਡੈਨਮਾਰਕ, ਅਮਰੀਕਾ, ਇੰਗਲੈਂਡ, ਕੀਨੀਆ, ਮੈਕਸੀਕੋ ਤੇ ਨਿਊਜ਼ੀਲੈਂਡ ਤੋਂ ਹਨ।

ਇਸ ਵਾਰ ਦੇ ਵਿਸ਼ਵ ਕੱਪ ਦੀ ਵਿਸ਼ੇਸ਼ਤਾ ਇਹ ਹੈ ਕਿ ਕਿਸੇ ਵੀ ਦੇਸ਼ ਵੱਲੋਂ ਉਹੀ ਖਿਡਾਰੀ ਖੇਡ ਸਕਣਗੇ ਜੋ ਉਸ ਮੁਲਕ ਦੇ ਸਿਟੀਜ਼ਨ ਭਾਵ ਉਸ ਦੇਸ਼ ਦੇ ਪਾਸਪੋਰਟਧਾਰੀ ਹੋਣਗੇ। ਪਹਿਲੇ ਵਿਸ਼ਵ ਕੱਪਾਂ ਵਿਚ ਉਹ ਖਿਡਾਰੀ ਵੀ ਖੇਡ ਜਾਂਦੇ ਰਹੇ ਜੋ ਵਿਦੇਸ਼ਾਂ ਦੇ ਪਰਮਾਨੈਂਟ ਰੈਜੀਡੈਂਟ ਜਾਂ ਵਰਕ ਪਰਮਿਟ ਵਾਲੇ ਸਨ। ਇੰਜ ਇਹ ਪਹਿਲੀ ਵਾਰ ਹੋਵੇਗਾ ਕਿ ਕਿਸੇ ਮੁਲਕ ਦੀ ਟੀਮ ਵਿਚ ਮੰਗਵੇਂ ਖਿਡਾਰੀ ਨਹੀਂ ਪਾਏ ਜਾ ਸਕਣਗੇ। ਇਹਦੇ ਨਾਲ ਕੁਝ ਮੁਲਕਾਂ ਦੀਆਂ ਟੀਮਾਂ ਕਮਜ਼ੋਰ ਰਹਿ ਜਾਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਇਹ ਹਾਂ ਪੱਖੀ ਕਦਮ ਹੈ ਜਿਸ ਨਾਲ ਵਿਦੇਸ਼ਾਂ ਦੇ ਜੰਮਪਲ ਨੌਜੁਆਨਾਂ ਨੂੰ ਕਬੱਡੀ ਦੀਆਂ ਕੌਮੀ ਟੀਮਾਂ ਵਿਚ ਖੇਡਣ ਦਾ ਮੌਕਾ ਮਿਲੇਗਾ।

ਪਹਿਲੇ ਕੱਪਾਂ ਵਿਚ ਜੇ ਕਿਸੇ ਟੀਮ ਦੇ 6 ਖਿਡਾਰੀਆਂ ਤਕ ਡੋਪੀ ਸਾਬਤ ਹੋ ਜਾਂਦੇ ਤਦ ਵੀ ਬਚਦੇ 8 ਖਿਡਾਰੀਆਂ ਨਾਲ ਟੀਮ ਅਗਲੇ ਮੈਚ ਖੇਡ ਸਕਦੀ ਸੀ। ਇਹ ਵੱਖਰੀ ਗੱਲ ਹੈ ਡੋਪੀ ਖਿਡਾਰੀਆਂ ਦਾ ਜੁਰਮਾਨ ਵਧਦਾ ਜਾਂਦਾ ਸੀ। ਪਰ ਇਸ ਵਾਰ ਵਿਸ਼ਵ ਕੱਪ ਦੀ ਪਾਰਦਰਸ਼ਤਾ ਉਤੇ ਨਜ਼ਰ ਰੱਖਣ ਲਈ ਮਾਣਯੋਗ ਜੱਜ ਦੀ ਨਿਯੁਕਤੀ ਕੀਤੀ ਗਈ ਹੈ ਜਿਸ ਕਰਕੇ ਹੋਰਨਾਂ ਖੇਡਾਂ ਦੇ ਵਿਸ਼ਵ ਕੱਪਾਂ ਵਾਂਗ ਜੇਕਰ ਕਿਸੇ ਟੀਮ ਦੇ 2 ਤੋਂ ਵੱਧ ਖਿਡਾਰੀ ਡੋਪੀ ਸਾਬਤ ਹੋ ਜਾਣਗੇ ਤਾਂ ਉਹ ਟੀਮ ਟੂਰਨਾਮੈਂਟ 'ਚੋਂ ਮੁਅੱਤਲ ਕਰ ਦਿੱਤੀ ਜਾਵੇਗੀ। ਵੱਖ ਵੱਖ ਦੇਸ਼ਾਂ ਦੀਆਂ ਟੀਮਾਂ ਦੇ ਕਬੱਡੀ ਪ੍ਰਬੰਧਕਾਂ ਨੂੰ ਆਪਣੇ ਖਿਡਾਰੀਆਂ ਦਾ ਪਹਿਲਾਂ ਹੀ ਡੋਪ ਟੈਸਟ ਕਰਵਾ ਲੈਣਾ ਚਾਹੀਦਾ ਹੈ। ਇੰਜ ਕਰਨ ਨਾਲ ਕੋਈ ਵੀ ਟੀਮ ਮੁਅੱਤਲ ਹੋਣ ਤੋਂ ਬਚ ਸਕਦੀ ਹੈ ਕਿਉਂਕਿ ਟੂਰਨਾਮੈਂਟ ਦੌਰਾਨ ਸਾਰੀਆਂ ਟੀਮਾਂ ਦੇ ਐਟ ਰੈਂਡਮ ਡੋਪ ਟੈਸਟ ਲਾਜ਼ਮੀ ਹੋਣੇ ਹਨ। ਕਿਸੇ ਖਿਡਾਰੀ ਦੇ ਡੋਪ ਟੈਸਟ ਤੋਂ ਬਚਣ ਦੀ ਗੁੰਜ਼ਾਇਸ਼ ਨਹੀਂ ਰਹਿਣੀ।

ਪਿਛਲੇ ਵਿਸ਼ਵ ਕੱਪਾਂ ਵਿਚ ਸ਼ੱਕੀ ਅੰਕਾਂ ਬਾਰੇ ਰੈਫਰਲ ਵਾਰ ਵਾਰ ਮੰਗੇ ਜਾਂਦੇ ਸਨ ਜਿਸ ਕਰਕੇ ਖੇਡ ਵਿਚ ਵਾਰ ਵਾਰ ਰੁਕਾਵਟ ਪੈਂਦੀ ਸੀ। ਭਾਵ ਵਾਰ ਵਾਰ ਖੇਡ ਰੋਕ ਕੇ ਟੀਵੀ ਤੋਂ ਰੀਪਲੇਅ ਵੇਖਣੇ ਪੈਂਦੇ ਸਨ। ਇਸ ਵਿਸ਼ਵ ਕੱਪ ਵਿਚ ਮੈਚ ਖੇਡ ਰਹੀ ਕਿਸੇ ਵੀ ਟੀਮ ਦਾ ਕਪਤਾਨ ਜਾਂ ਕੋਚ ਅੰਪਾਇਰ ਦੇ ਫੈਸਲੇ ਉਤੇ ਪਹਿਲੇ ਤੇ ਦੂਜੇ ਹਾਫ਼ ਵਿਚ ਕੇਵਲ ਦੋ ਦੋ ਰੈਫਰਲ ਹੀ ਮੰਗ ਸਕਣਗੇ। ਰੈਫਰਲ ਜਾਇਜ਼ ਹੋਇਆ ਤਾਂ ਅੰਕ ਉਹਦੇ ਅਨੁਸਾਰ ਦੇ ਦਿੱਤਾ ਜਾਵੇਗਾ ਤੇ ਰੈਫਰਲ ਜਿਊਂਦਾ ਰਹੇਗਾ। ਰੈਫਰਲ ਨਜਾਇਜ਼ ਹੋਇਆ ਤਾਂ ਖੇਡ 'ਚ ਖਲਲ ਪਾਉਣ ਵਜੋਂ ਇਕ ਹੋਰ ਅੰਕ ਵਿਰੋਧੀ ਟੀਮ ਨੂੰ ਦਿੱਤਾ ਜਾਵੇਗਾ। ਪਹਿਲੇ ਅੱਧੇ ਸਮੇਂ ਵਿਚ ਜੇ ਕੋਈ ਟੀਮ ਰੈਫਰਲ ਨਹੀਂ ਵੀ ਮੰਗਦੀ ਤਦ ਵੀ ਦੋ ਰੈਫਰਲ ਖ਼ਤਮ ਹੋ ਜਾਣਗੇ ਤੇ ਦੂਜੇ ਅੱਧੇ ਸਮੇਂ ਲਈ ਦੋ ਰੈਫਰਲ ਹੀ ਬਾਕੀ ਬਚਣਗੇ। ਇਹ ਤਬਦੀਲੀ ਵੀ ਅੰਤਰਰਾਸ਼ਟਰੀ ਖੇਡਾਂ ਦੇ ਰੈਫਰਲਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਹੈ।

ਲੀਗ ਮੈਚਾਂ ਲਈ ਮਰਦਾਂ ਦੀਆਂ ਟੀਮਾਂ ਨੂੰ ਦੋ ਪੂਲਾਂ ਵਿਚ ਵੰਡਿਆ ਗਿਆ ਹੈ। 'ਏ' ਪੂਲ ਵਿਚ ਭਾਰਤ, ਅਮਰੀਕਾ, ਇਰਾਨ, ਸਪੇਨ, ਅਰਜਨਟੀਨਾ, ਕੀਨੀਆ ਤੇ 'ਬੀ' ਪੂਲ ਵਿਚ ਪਾਕਿਸਤਾਨ, ਕੈਨੇਡਾ, ਇੰਗਲੈਂਡ, ਡੈਨਮਾਰਕ, ਸਿਆਰਾ ਲਿਓਨ ਤੇ ਸਕਾਟਲੈਂਡ ਦੀਆਂ ਟੀਮਾਂ ਹਨ। ਔਰਤਾਂ ਦੇ ਪੂਲ 'ਏ' 'ਚ ਭਾਰਤ, ਅਮਰੀਕਾ, ਕੀਨੀਆ, ਨਿਊਜ਼ੀਲੈਂਡ ਅਤੇ 'ਬੀ' ਪੂਲ ਵਿਚ ਡੈਨਮਾਰਕ, ਇੰਗਲੈਂਡ, ਪਾਕਿਸਤਾਨ ਤੇ ਮੈਕਸੀਕੋ ਦੀਆਂ ਟੀਮਾਂ ਹਨ। ਪੂਲਾਂ ਦੀਆਂ ਉਪਰਲੀਆਂ ਦੋ ਦੋ ਟੀਮਾਂ ਦੇ ਸੈਮੀ ਫਾਈਨਲ, ਫਾਈਨਲ ਹੋਣਗੇ। ਤੀਜੇ ਚੌਥੇ ਸਥਾਨ ਲਈ ਵੀ ਮੈਚ ਖੇਡੇ ਜਾਣਗੇ।

ਰੂਪਨਗਰ, ਚੋਹਲਾ ਸਾਹਿਬ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਤੇ ਜਲਾਲਾਬਾਦ ਹੋਣ ਵਾਲੇ ਮੈਚ ਦਿਨੇ ਬਾਰਾਂ ਵਜੇ ਸ਼ੁਰੂ ਹੋਣਗੇ ਜਦ ਕਿ ਪਟਿਆਲੇ, ਗੁਰਦਾਸਪੁਰ, ਬਾਦਲ/ਦੋਦਾ, ਅੰਮ੍ਰਿਤਸਰ, ਬਠਿੰਡਾ ਤੇ ਜਲੰਧਰ ਦੇ ਮੈਚ ਸ਼ਾਮੀ ਪੰਜ ਵਜੇ ਸ਼ੁਰੂ ਹੋਣਗੇ ਜੋ ਸਟੇਡੀਅਮ ਦੀਆਂ ਫਲੱਡ ਲਾਈਟਾਂ ਵਿਚ ਖੇਡੇ ਜਾਣਗੇ। ਉਦਘਾਟਨੀ ਤੇ ਸਮਾਪਤੀ ਸਮਾਰੋਹ ਸ਼ਾਮੀਂ ਛੇ ਵਜੇ ਸ਼ੁਰੂ ਹੋਣਗੇ। ਔਰਤਾਂ ਦਾ ਫਾਈਨਲ ਮੈਚ ਜਲੰਧਰ ਵਿਚ ਹੋਵੇਗਾ ਤੇ ਮਰਦਾਂ ਦਾ ਫਾਈਨਲ ਲੁਧਿਆਣੇ ਦੇ ਗੁਰੂ ਨਾਨਕ ਸਟੇਡੀਅਮ ਵਿਚ ਖੇਡਿਆ ਜਾਵੇਗਾ। ਲੁਧਿਆਣੇ ਇਕੋ ਮੈਚ ਹੋਵੇਗਾ, ਜਲੰਧਰ ਤਿੰਨ, ਹੁਸ਼ਿਆਰਪੁਰ ਤੇ ਜਲਾਲਾਬਾਦ ਪੰਜ ਪੰਜ ਅਤੇ ਬਾਕੀ ਸਾਰੇ ਥਾਈਂ ਚਾਰ ਚਾਰ ਮੈਚ ਖੇਡੇ ਜਾਣਗੇ। ਚਾਰ ਮੈਚਾਂ ਵਿਚੋਂ ਇਕ ਮੈਚ ਔਰਤਾਂ ਦਾ ਤੇ ਤਿੰਨ ਮੈਚ ਮਰਦਾਂ ਦੇ ਹੋਣਗੇ।

# ਖੁਸ਼ਹਾਲੀ ਪੱਖੋਂ ਪੰਜਾਬ ਦੇਸ਼ ਵਿਚ ਅਜੇ ਵੀ ਸਿਖਰ 'ਤੇ

**ਮੁੰਬਈ:** ਪੰਜਾਬ ਤੇ ਕੇਰਲ ਖੁਸ਼ਹਾਲੀ ਤੇ ਸਮਾਨਤਾ ਦੇ ਮਾਮਲੇ ਵਿਚ ਦੇਸ਼ ਦੇ ਸਾਰੇ ਸੂਬਿਆਂ ਵਿਚੋਂ ਚੋਟੀ 'ਤੇ ਹਨ ਜਦੋਂਕਿ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਮਹਾਰਾਸ਼ਟਰ ਦੇਸ਼ ਵਿਚੋਂ ਪਹਿਲੇ ਸਥਾਨ 'ਤੇ ਹੈ। ਇਹ ਖੁਲਾਸਾ ਕ੍ਰਿਸਲ ਵੱਲੋਂ ਕੀਤੇ ਅਧਿਐਨ ਵਿਚ ਕੀਤਾ ਗਿਆ ਹੈ। ਦੇਸ਼ ਦੇ ਖੁਸ਼ਹਾਲ ਸੂਬਿਆਂ ਦੀ ਸੂਚੀ ਵਿਚ ਪੰਜਾਬ ਪਹਿਲੇ ਸਥਾਨ 'ਤੇ ਹੈ ਤੇ ਸਮਾਨਤਾ ਦੀ ਸੂਚੀ ਵਿਚ ਕੇਰਲ ਸਿਖਰ 'ਤੇ ਜਦਕਿ ਪੰਜਾਬ ਦੂਸਰੇ ਨੰਬਰ 'ਤੇ ਹੈ। ਅਧਿਐਨ ਮੁਤਾਬਕ ਮੱਧ ਪ੍ਰਦੇਸ਼ ਦੇਸ਼ ਦਾ ਸਭ ਤੋਂ ਘੱਟ ਖੁਸ਼ਹਾਲ ਦੇਸ਼ ਹੈ।

ਕ੍ਰਿਸਲ ਵੱਲੋਂ 2011 ਦੀ ਜਨਗਣਨਾ ਦੇ ਅੰਕੜਿਆਂ ਦੇ ਆਧਾਰ 'ਤੇ ਤਿਆਰੀ ਕੀਤੀ ਰਿਪੋਰਟ ਮੁਤਾਬਕ ਖੁਸ਼ਹਾਲ ਸੂਬਿਆਂ ਦੀ ਸੂਚੀ ਵਿਚ ਹਰਿਆਣਾ, ਕਰਨਾਟਕ ਤੇ ਤਾਮਿਲਨਾਡੂ ਪਹਿਲੇ ਸਥਾਨਾਂ ਵਿਚ ਸ਼ਾਮਲ ਹਨ ਜਦੋਂਕਿ ਸਮਾਨਤਾ ਦੇ ਮਾਮਲੇ ਵਿਚ ਕੇਰਲ ਤੇ ਪੰਜਾਬ ਦੇ ਬਾਅਦ ਛਤੀਸ਼ਗੜ੍ਹ, ਬਿਹਾਰ ਤੇ ਝਾਰ ਖੰਡ ਦਾ ਨਾਂ ਆਉਂਦਾ ਹੈ। ਗੁਜਰਾਤ ਜਿਸ ਦੇ ਵਿਕਾਸ ਦਾ ਮਾਡਲ ਵਧੇਰੇ ਚਰਚਾ ਵਿਚ ਰਿਹਾ ਹੈ, ਖੁਸ਼ਹਾਲੀ ਦੀ ਸੂਚੀ ਵਿਚ ਛੇਵੇਂ ਜਦੋਂਕਿ ਸਮਾਨਤਾ ਦੀ ਸੂਚੀ ਵਿਚ ਸੱਤਵੇਂ ਸਥਾਨ 'ਤੇ ਹੈ।

Law Office of Navdeep S. Jhaj



Navdeep S. Jhaj

Member, American Immigration Lawyers Association

Immigration Law Attorney

General Legal Practice

>Estate Planning >Personal Injury >Bankruptcy

ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ

■ਇਮੀਗਰੇਸ਼ਨ ■ਜਨਰਲ ਲਾਅ ■ਪਰਸਨਲ ਇੰਜਰੀ ■ਬੈਂਕਰਪਸੀ ■ਐਸਟੇਟ ਪਲਾਨਿੰਗ

1930 W Hubbard, 2nd Floor, Chicago, IL 60622

Voice: 312.404.8893, Fax: 312.243.2277

email: navjhaj@me.com

# ਬਾਦਲਾਂ ਦੀ ਰਣਨੀਤੀ ਅੱਗੇ ਪੰਜਾਬ ਕਾਂਗਰਸ ਠੁੱਸ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਪੰਜਾਬ ਦੀ ਰਾਜਨੀਤੀ ਵਿਚ ਗੁੱਝੀ ਖੇਡ ਖੇਡੀ ਜਾ ਰਹੀ ਹੈ। ਇਸ ਖੇਡ ਨੂੰ ਸਮਝਣ ਲਈ ਉਹ ਮੌਕਾ ਯਾਦ ਰੱਖਣ ਦੀ ਲੋੜ ਹੈ, ਜਦੋਂ ਮਨਪ੍ਰੀਤ ਸਿੰਘ ਬਾਦਲ ਨੇ ਅਕਾਲੀ ਦਲ ਨੂੰ ਛੱਡਿਆ ਤੇ ਵੱਖਰੀ ਪਾਰਟੀ ਬਣਾਈ ਸੀ। ਜਿਨ੍ਹਾਂ ਨੇ ਪੀਪਲਜ਼ ਪਾਰਟੀ ਬਣਾਉਣ ਤੇ ਉਭਾਰਨ ਵੇਲੇ ਉਸ ਦਾ ਸਾਥ ਦਿੱਤਾ ਸੀ, ਉਨ੍ਹਾਂ ਵਿਚੋਂ ਕਈ ਸੱਜਣ ਇੱਕ ਹੱਦ ਤੱਕ ਉਸ ਦੇ ਨਾਲ ਇਸ ਲਈ ਤੁਰੇ ਸਨ ਕਿ ਉਨ੍ਹਾਂ ਨੂੰ ਇਹ ਹੁਕਮ ਸੀ ਕਿ ਮਨਪ੍ਰੀਤ ਸਿੰਘ ਨੂੰ ਅਕਾਲੀਆਂ ਦੇ ਪਿੰਡ ਦੀ ਫਿਰਨੀ ਤੋਂ ਬਾਹਰ ਕੱਢ ਕੇ ਮੁੜਨਾ ਹੈ। ਕਾਂਗਰਸ ਪਾਰਟੀ ਦੇ ਅੰਦਰ ਦੇ ਕੁਝ ਆਗੂ ਇਸੇ ਖੇਡ ਵਿਚ ਹੁਣ ਪਿਆਦੇ ਬਣੇ ਪਏ ਹਨ।***

ਪਿਛਲੇ ਸਾਲ ਜਦੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜੇ ਆਉਣੇ ਸਨ, ਪਟਿਆਲੇ ਵਾਲਿਆਂ ਨੂੰ ਉਹ ਸਵੇਰ ਸੁੱਖਾਂ-ਲੱਧੀ ਲੱਗਦੀ ਸੀ ਤੇ ਦੁਪਹਿਰ ਹੋਣ ਤੱਕ ਉਥੋਂ ਦੀਆਂ ਰੌਣਕਾਂ ਗਾਇਬ ਹੋ ਚੁਕੀਆਂ ਸਨ ਅਤੇ ਚੰਡੀਗੜ੍ਹ ਤੇ ਬਾਦਲ ਪਿੰਡ ਵਿਚ ਪ੍ਰਕਾਸ਼ ਸਿੰਘ ਬਾਦਲ ਦੇ ਬੂਹੇ ਅੱਗੇ ਗੋਡੀਂ ਹੱਥ ਲਾਉਣ ਵਾਲਿਆਂ ਦੀਆਂ ਕਤਾਰਾਂ 'ਚ ਵਟ ਗਈਆਂ ਸਨ। ਇਸ ਰਾਜ ਦੀ ਰਾਜਨੀਤੀ ਦੀ ਨਬਜ਼ ਪਛਾਣਨ ਵਾਲੇ ਬਹੁਤ ਸਾਰੇ ਧੁਰੰਤਰ ਉਸ ਵੇਲੇ ਬੌਂਦਲ ਗਏ ਸਨ ਤੇ ਬਾਦਲ ਬਾਪ-ਬੇਟੇ ਦੀ ਮੁਸਕਰਾਹਟ ਦਾ ਅਰਥ ਨਹੀਂ ਸਨ ਸਮਝ ਸਕੇ। ਚੋਣ ਨਤੀਜੇ ਆਉਣ ਤੋਂ ਪਹਿਲਾਂ ਹੀ ਬਾਦਲਾਂ ਦਾ ਇਹ ਕਹਿਣਾ ਕਿਸੇ ਨੂੰ ਯਕੀਨ ਕਰਨ ਦੇ ਕਾਬਲ ਨਹੀਂ ਸੀ ਲੱਗਦਾ ਕਿ ਜਿੱਤ ਉਨ੍ਹਾਂ ਦੀ ਹੋਣੀ ਹੈ, ਪਰ ਉਹ ਲਗਭਗ ਇਸ ਬਾਰੇ ਯਕੀਨੀ ਸਨ। ਇਸ ਨੂੰ ਸਮਝਣ ਲਈ ਯਤਨ ਕਰਦਿਆਂ ਜਿਹੜੀਆਂ ਗੱਲਾਂ ਬਾਅਦ ਵਿਚ ਸਾਡੇ ਸਾਹਮਣੇ ਆਈਆਂ, ਉਨ੍ਹਾਂ ਨੇ ਅਫਗਾਨਿਸਤਾਨ ਵਿਚਲੇ ਕਬੀਲਿਆਂ ਦੀ ਲੜਾਈ ਦਾ ਇੱਕ ਬਹੁਤ ਪੁਰਾਣਾ ਕਿੱਸਾ ਯਾਦ ਕਰਨ ਲਈ ਮਜਬੂਰ ਕਰ ਦਿੱਤਾ ਸੀ।

ਹੋਇਆ ਇਹ ਸੀ ਕਿ ਅਫਗਾਨਿਸਤਾਨ ਦੇ ਦੋ ਕਬੀਲੇ ਕਿਸੇ ਇਲਾਕੇ ਉਤੇ ਕਬਜ਼ੇ ਦੀ ਲੰਮੀ ਲੜਾਈ ਮਗਰੋਂ ਇਸ ਗੱਲ ਲਈ ਰਾਜ਼ੀ ਹੋ ਗਏ ਕਿ ਦੋਵਾਂ ਦੇ ਸਰਦਾਰ ਇੱਕ ਸਾਂਝੀ ਥਾਂ ਬੈਠ ਕੇ ਗੱਲ ਕਰ ਲੈਣ। ਇੱਕ ਸਰਦਾਰ ਜ਼ਰਾ ਚੁਸਤੀ ਵਰਤਣ ਲੱਗਾ ਤੇ ਉਸ ਨੇ ਆਪਣੇ ਸੈਨਾਪਤੀ ਨਾਲ ਸਲਾਹ ਕਰ ਕੇ ਲੜਾਕਿਆਂ ਦਾ ਇੱਕ ਦਸਤਾ ਤਿਆਰ ਕਰ ਕੇ ਕਿਹਾ ਕਿ ਜਦੋਂ ਸਾਡੀ ਮੀਟਿੰਗ ਹੋਣ ਲੱਗੀ, ਤੁਸੀਂ ਘੇਰਾ ਪਾ ਕੇ ਦੂਸਰੇ ਕਬੀਲੇ ਦੇ ਸਰਦਾਰ ਨੂੰ ਫੜ ਲਿਓ। ਅਗਲੇ ਦਿਨ ਮਿਥੇ ਸਮੇਂ ਤੇ ਸਥਾਨ ਉਤੇ ਉਹ ਪਹੁੰਚ ਗਿਆ। ਹਾਲੇ ਮੀਟਿੰਗ ਸ਼ੁਰੂ ਹੋਣ ਲੱਗੀ ਸੀ ਕਿ ਲੜਾਕਿਆਂ ਨੇ ਘੇਰਾ ਪਾ ਲਿਆ। ਉਸ ਸਰਦਾਰ ਨੇ ਦੂਸਰੇ ਸਰਦਾਰ ਨੂੰ ਕਿਹਾ, 'ਤੇਰਾ ਕੰਮ ਖਤਮ ਹੋ ਗਿਆ ਹੈ, ਹੁਣ ਤੂੰ ਮੇਰੀ ਕੈਦ ਵਿਚ ਹੈਂ।' ਦੂਸਰੇ ਨੇ ਹੱਸ ਕੇ ਕਿਹਾ, 'ਸਿਰ ਚੁੱਕ ਕੇ ਬੰਦਿਆਂ ਦੇ ਚਿਹਰੇ ਪਛਾਣ ਲੈ, ਇਹ ਤੇਰੇ ਬੰਦੇ ਨਹੀਂ, ਮੇਰੇ ਹਨ।' ਉਦੋਂ ਉਸ ਨੂੰ ਸਮਝ ਆਈ ਸੀ ਕਿ ਦੂਸਰੀ ਧਿਰ ਉਹੋ ਦਾਅ ਉਸ ਤੋਂ ਪਹਿਲਾਂ ਸੋਚ ਕੇ ਵਰਤ ਗਈ ਸੀ।

ਕੈਪਟਨ ਅਮਰਿੰਦਰ ਸਿੰਘ ਦੇ ਨਾਲ ਲੱਗੇ ਦਰਬਾਰੀ ਵੀ ਉਸ ਦੇ ਆਪਣੇ ਨਹੀਂ, ਦੂਸਰੀ ਧਿਰ ਦੇ ਵਫਾਦਾਰ ਹੀ ਸਨ। ਇਹ ਦਾਅ ਉਸ ਧਿਰ ਨੇ ਕੈਪਟਨ ਅਮਰਿੰਦਰ ਸਿੰਘ ਤੋਂ ਹੀ ਸਿੱਖਿਆ ਸੀ।



*ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ*

ਜਦੋਂ ਪ੍ਰਕਾਸ਼ ਸਿੰਘ ਬਾਦਲ ਤੀਸਰੀ ਵਾਰੀ ਮੁੱਖ ਮੰਤਰੀ ਬਣੇ ਸਨ ਅਤੇ ਫਿਰ 2002 ਵਿਚ ਚੋਣਾਂ ਦਾ ਸਾਹਮਣਾ ਕਰਨਾ ਸੀ, ਉਸ ਤੋਂ ਥੋੜ੍ਹਾ ਚਿਰ ਪਹਿਲਾਂ ਉਨ੍ਹਾਂ ਦਾ ਚੂਲਾ ਟੁੱਟ ਗਿਆ ਸੀ। ਕੋਲ ਖੜਾ ਇੱਕ ਡੀ ਆਈ ਜੀ ਖੜੇ ਪੈਰ ਕੈਪਟਨ ਅਮਰਿੰਦਰ ਸਿੰਘ ਨੂੰ ਫੋਨ ਕਰਨ ਲੱਗ ਪਿਆ ਕਿ ਬਾਦਲ ਦਾ ਚੂਲਾ ਟੁੱਟ ਗਿਆ ਹੈ। ਇਹ ਗੱਲ ਬਾਦਲ ਨੂੰ ਵੀ ਪਤਾ ਲੱਗ ਗਈ। ਚੋਣ ਹੋਈ ਤਾਂ ਅਕਾਲੀ ਦਲ ਦੀ ਹਾਰ ਹੋਣ ਕਰ ਕੇ ਕਾਂਗਰਸ ਦੀ ਸਰਕਾਰ ਬਣ ਗਈ, ਜਿਸ ਦੀ ਅਗਵਾਈ ਦਾ ਮੌਕਾ ਕੈਪਟਨ ਅਮਰਿੰਦਰ ਸਿੰਘ ਨੂੰ ਮਿਲ ਗਿਆ। ਉਸ ਸਰਕਾਰ ਸਮੇਂ ਬਾਦਲ ਪਰਿਵਾਰ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਕੇਸ ਬਣਾ ਦਿੱਤੇ ਗਏ ਸਨ ਅਤੇ ਹਰ ਕੋਈ ਇਸ ਨੂੰ ਅਮਰਿੰਦਰ ਸਿੰਘ ਦੀ ਜੁਰਅੱਤ ਆਖ ਰਿਹਾ ਸੀ।

ਬਾਦਲ ਬਾਰੇ ਸਭ ਨੂੰ ਪਤਾ ਹੈ ਕਿ ਉਹ ਸਥਿਤੀ ਦਾ ਸਾਹਮਣਾ ਕਰਨ ਤੋਂ ਕਿਨਾਰਾ ਨਹੀਂ ਕਰਦਾ ਤੇ ਚਾਂਦਮਾਰੀ ਦੀ ਪ੍ਰਵਾਹ ਕੀਤੇ ਬਿਨਾਂ ਭਰੀ ਸਭਾ ਵਿਚ ਬਹਿ ਕੇ ਆਪਣੀ ਭੰਡੀ ਸੁਣ ਲੈਂਦਾ ਹੈ ਤੇ ਮੌਕਾ ਮਿਲਦੇ ਸਾਰ ਭਾਜੀ ਮੋੜ ਦਿੰਦਾ ਹੈ। ਜਦੋਂ ਬਾਦਲ ਪਰਿਵਾਰ ਦੇ ਖਿਲਾਫ ਕੇਸ ਬਣੇ ਤੇ ਉਨ੍ਹਾਂ ਕੇਸਾਂ ਨੂੰ ਲੈ ਕੇ ਵਿਧਾਨ ਸਭਾ ਵਿਚ ਬਾਦਲਾਂ ਦਾ ਗੁੱਡਾ ਬੰਨ੍ਹਿਆ ਗਿਆ, ਬਾਦਲ ਨੇ ਚੁੱਪ ਕਰ ਕੇ ਸੁਣਿਆ ਤੇ ਵਾਰੀ ਆਈ ਤੋਂ ਇਹ ਸੁਣਾ ਦਿੱਤਾ, "ਸਾਰੀ ਕਹਾਣੀ ਅਮਰਿੰਦਰ ਸਿੰਘ ਜੀ ਤੁਸੀਂ ਉਨ੍ਹਾਂ ਅਫਸਰਾਂ ਦੇ ਦਿੱਤੇ ਸਬੂਤਾਂ ਆਸਰੇ ਸੁਣਾ ਰਹੇ ਹੋ, ਜਿਹੜੇ ਕੱਲ੍ਹ ਤੱਕ ਮੇਰੇ ਸੀ, ਅੱਜ ਤੁਹਾਡੇ ਬਣਦੇ ਹਨ, ਪਰ ਦਿਲੋਂ ਕਿਸੇ ਦੇ ਨਹੀਂ। ਉਹ ਦਿਨ ਯਾਦ ਕਰੋ, ਜਦੋਂ ਮੇਰਾ ਚੂਲਾ ਟੁੱਟਾ ਸੀ, ਮੇਰੇ ਸੁਰੱਖਿਆ ਦੇ ਇੰਚਾਰਜ ਨੇ ਡਾਕਟਰ ਨੂੰ ਫੋਨ ਕਰਨ ਤੋਂ ਪਹਿਲਾਂ ਤੁਹਾਨੂੰ ਫੋਨ ਕਰ ਕੇ 'ਖੁਸ਼ਖਬਰੀ' ਦਿੱਤੀ ਸੀ ਕਿ ਬਾਦਲ ਦਾ ਚੂਲਾ ਟੁੱਟ ਗਿਆ ਹੈ। ਜਿਹੜੇ ਅਫਸਰ ਹੁਣ ਤੁਹਾਡੇ ਨਾਲ ਫਿਰਦੇ ਹਨ, ਇਨ੍ਹਾਂ ਵਿਚੋਂ ਕਈ ਜਣੇ ਸਾਨੂੰ ਸਭ ਕੁਝ ਦੱਸ ਦੇਂਦੇ ਹਨ।"

ਹੁਣ ਥੋੜ੍ਹੇ ਦਿਨ ਹੋਏ ਹਨ, ਪ੍ਰਕਾਸ਼ ਸਿੰਘ ਬਾਦਲ ਨੇ ਮਜ਼ਾਕ ਨਾਲ ਕਿਹਾ ਸੀ ਕਿ ਉਸ ਨੇ ਰਾਜਨੀਤੀ ਸ਼ਾਸਤਰ ਦੀ ਡਾਕਟਰੇਟ ਕੀਤੀ ਹੋਈ ਹੈ। ਇਹ ਗੱਲ ਕਦੀ-ਕਦੀ ਮੰਨਣ ਦਾ ਮੌਕਾ ਬਣ ਜਾਂਦਾ ਹੈ। ਜਿਸ ਤਰ੍ਹਾਂ ਦੀ ਰਾਜਨੀਤੀ ਦੀ ਵਰਤੋਂ ਉਹ ਕਰ ਸਕਦਾ ਹੈ, ਕੈਪਟਨ ਅਮਰਿੰਦਰ ਸਿੰਘ ਜਾਂ ਉਸ ਤੋਂ ਪਹਿਲਾਂ ਤੇ ਪਿੱਛੋਂ ਦੇ ਕਾਂਗਰਸ ਦੇ ਕਿਸੇ ਪ੍ਰਧਾਨ ਦੇ ਸਿਰ ਵਿਚ ਹੋ ਹੀ ਨਹੀਂ ਸਕਦੀ। ਜੇ ਕੈਪਟਨ ਅਮਰਿੰਦਰ ਸਿੰਘ ਨੂੰ ਸਮਝ ਹੁੰਦੀ ਤਾਂ ਵਿਧਾਨ ਸਭਾ ਵਿਚ ਖੜੇ ਹੋ ਕੇ ਕਹੇ ਬਾਦਲ ਦੇ ਉਪਰਲੇ ਸ਼ਬਦ ਸੁਣ ਕੇ ਆਪਣੇ ਅਮਲੇ ਨੂੰ ਪੁਣ ਸਕਦਾ ਸੀ, ਪਰ ਪੁਣ ਨਹੀਂ ਸੀ ਸਕਿਆ। ਉਸ ਦੇ ਬਾਅਦ ਉਸ ਦੇ ਅਫਸਰਾਂ ਨੇ ਬਾਦਲਾਂ ਦੇ ਖਿਲਾਫ ਇੱਕ ਚਾਰਜਸ਼ੀਟ ਬਣਾਈ ਤੇ ਕਿਹਾ ਕਿ ਗ੍ਰਿਫਤਾਰ ਕਰਨ ਦੀ ਥਾਂ ਬਾਦਲ ਪਰਿਵਾਰ ਦੇ ਵਾਰੰਟ ਅਦਾਲਤ ਤੋਂ ਲੈ ਲੈਣੇ ਹਨ। ਬਾਦਲ ਨੇ ਅਗਲੇ ਦਿਨ ਚੰਡੀਗੜ੍ਹ ਦੇ ਪੱਤਰਕਾਰ ਸੱਦ ਕੇ ਸਾਰੀ ਫਾਈਲ ਅੱਗੇ ਰੱਖ ਦਿੱਤੀ ਕਿ ਆਹ ਚਾਰਜਸ਼ੀਟ ਸਾਡੇ ਖਿਲਾਫ ਭਲਕੇ ਪੇਸ਼ ਹੋਣੀ ਹੈ। ਅਮਰਿੰਦਰ ਸਿੰਘ ਨੂੰ ਫਿਰ ਵੀ ਸਮਝ ਨਾ ਆਈ ਤੇ ਆਪਣੀ ਹੋ ਚੁੱਕੀ ਬੇਇੱਜ਼ਤੀ ਢੱਕਣ ਲਈ ਰਾਤੋ-ਰਾਤ ਉਸ ਚਾਰਜਸ਼ੀਟ ਦੇ ਕੁਝ ਸਫੇ ਬਦਲ ਕੇ ਅਗਲੇ ਦਿਨ ਜੱਜ ਦੇ ਅੱਗੇ ਜਾ ਰੱਖੀ। ਬਾਅਦ ਵਿਚ ਬਾਦਲ ਨੇ ਇਹ ਵੀ ਇੱਕ ਵਾਰ ਦੱਸ ਦਿੱਤਾ ਕਿ ਜਿਹੜੇ ਪੰਨੇ ਬਦਲੇ ਗਏ ਹਨ, ਉਨ੍ਹਾਂ ਦਾ ਸਾਰਾ ਵੇਰਵਾ ਉਸ ਦੇ ਕੋਲ ਹੈ ਤੇ ਅੰਤ ਨੂੰ ਉਹੋ ਅਫਸਰ ਬਾਦਲ ਪਰਿਵਾਰ ਦੇ ਉਨ੍ਹਾਂ ਕੇਸਾਂ ਤੋਂ ਬਚ ਜਾਣ ਦਾ ਰਾਹ ਕੱਢਣ ਵਾਲੇ ਸਾਬਤ ਹੋਣ ਲੱਗ ਪਏ ਸਨ। ਅਮਰਿੰਦਰ ਸਿੰਘ ਨੂੰ ਪਤਾ ਨਾ ਲੱਗਾ ਕਿ ਉਹ ਅਫਸਰ 2007 ਦੀਆਂ ਵਿਧਾਨ ਸਭਾ ਚੋਣਾਂ ਦੇ ਦਿਨੀਂ ਅੱਧੀ ਰਾਤ ਨੂੰ ਪ੍ਰਕਾਸ਼ ਸਿੰਘ ਬਾਦਲ ਦੇ ਘਰ ਜਾ ਕੇ ਪੈਰੀਂ ਹੱਥ ਵੀ ਲਾ ਆਏ ਸਨ ਤੇ ਚੋਣ ਖਰਚੇ ਲਈ ਨਜ਼ਰਾਨਾ ਵੀ ਭੇਟ ਕਰ ਆਏ ਸਨ।

ਇਹ ਸਾਰੀ ਪੁਰਾਣੀ ਕਹਾਣੀ ਅਸੀਂ ਇਸ ਲਈ ਚੇਤੇ ਕਰਵਾਈ ਹੈ ਕਿ ਅੱਜ ਦੀ ਕਾਂਗਰਸ ਪਾਰਟੀ ਵਿਚੋਂ ਕੁਝ ਆਗੂ ਵੀ ਅੰਦਰੋਂ ਅਕਾਲੀ ਦਲ ਦੀ ਲੀਡਰਸ਼ਿਪ ਦੇ ਨਾਲ ਮਿਲੇ ਹੋਏ ਹਨ। ਬਾਦਲ ਬਾਪ-ਬੇਟੇ ਦੀ ਪਹੁੰਚ ਕਾਂਗਰਸ ਦੇ ਹਾਈ ਕਮਾਨ ਵਾਲੇ ਕੁਝ ਲੋਕਾਂ ਤੱਕ ਵੀ ਹੈ ਤੇ ਆਪਣੀ ਭਾਈਵਾਲ ਪਾਰਟੀ ਭਾਜਪਾ ਦੀ ਪੰਜਾਬ ਦੀ ਲੀਡਰਸ਼ਿਪ ਖੂੰਜੇ ਲਾ ਕੇ ਉਸ ਦੀ ਹਾਈ ਕਮਾਨ ਨਾਲ ਵੀ ਏਨੀ ਸਾਂਝ ਹੈ, ਜਿਵੇਂ ਉਨ੍ਹਾਂ ਦੇ ਪਾਰਲੀਮੈਂਟਰੀ ਬੋਰਡ ਦੇ ਮੈਂਬਰ ਹੋਣ। ਹਾਲੇ ਪਿਛਲੀ ਵਾਰ ਜਦੋਂ ਪੰਜਾਬ ਦੀ ਭਾਜਪਾ ਵਿਚ ਇਸ ਗੱਲ ਦਾ ਵਿਵਾਦ ਸੀ ਕਿ ਪ੍ਰਾਂਤ ਦਾ ਪ੍ਰਧਾਨ ਕਿਸ ਨੂੰ ਬਣਾਉਣਾ ਹੈ, ਉਦੋਂ ਕਮਲ ਸ਼ਰਮਾ ਦਾ ਨਾਂ ਭਾਜਪਾ ਹਾਈ ਕਮਾਨ ਤੋਂ ਇਹ ਹੀ ਆਪਣੀ ਮਰਜ਼ੀ ਦਾ ਲਿਆਏ ਸਨ। ਕਮਾਲ ਦੀ ਗੱਲ ਇਹ ਕਿ ਪੰਜਾਬ ਦੀ ਭਾਜਪਾ ਦਾ ਪ੍ਰਧਾਨ ਉਸ ਬੰਦੇ ਨੂੰ ਬਣਾਇਆ ਗਿਆ, ਜਿਹੜਾ ਉਸ ਵੇਲੇ ਮੁੱਖ ਮੰਤਰੀ ਬਾਦਲ ਦਾ ਓ ਐਸ ਡੀ (ਆਫੀਸਰ ਆਨ ਸਪੈਸ਼ਲ ਡਿਊਟੀ) ਲੱਗਾ ਹੋਇਆ ਸੀ ਤੇ ਪਾਰਟੀ ਦੀ ਪੰਜਾਬ ਦੀ ਪ੍ਰਧਾਨਗੀ ਸਾਂਭਣ ਤੋਂ ਕਈ ਦਿਨ ਪਿੱਛੋਂ ਵੀ ਮੁੱਖ ਮੰਤਰੀ ਦਫਤਰ ਦਾ ਇੱਕ ਸਰਕਾਰੀ ਕਾਰਿੰਦਾ ਸੀ। ਬਾਦਲਾਂ ਦੀ ਏਦਾਂ ਦੀ ਪਹੁੰਚ ਕਾਂਗਰਸ ਪਾਰਟੀ ਦੀ ਹਾਈ ਕਮਾਨ ਵਿਚਲੇ ਕੁਝ ਆਗੂਆਂ ਤੱਕ ਵੀ ਸੁਣੀ ਜਾ ਰਹੀ ਹੈ।

ਕਾਂਗਰਸ ਹਾਈ ਕਮਾਨ ਤੱਕ ਬਾਦਲਾਂ ਦੀ ਪਹੁੰਚ ਦਾ ਸ਼ੱਕ ਪਹਿਲੀ ਵਾਰ ਉਦੋਂ ਕੀਤਾ ਜਾਣ ਲੱਗਾ ਸੀ, ਜਦੋਂ ਅਕਾਲੀ-ਭਾਜਪਾ ਦੇ ਉਮੀਦਵਾਰ ਆਪਣੇ ਹਲਕਿਆਂ ਦਾ ਇੱਕ-ਇੱਕ ਗੇੜਾ ਕੱਢ ਚੁੱਕੇ ਸਨ ਤੇ ਕਾਂਗਰਸ ਨੇ ਅਜੇ ਉਮੀਦਵਾਰਾਂ ਦੀ ਕੱਚੀ ਸੂਚੀ ਵੀ ਨਹੀਂ ਸੀ ਬਣਾਈ। ਕਾਂਗਰਸ ਦਾ ਕਿਸ ਹਲਕੇ ਤੋਂ ਕੌਣ ਉਮੀਦਵਾਰ ਹੋ ਸਕਦਾ ਹੈ, ਇਸ ਦੀ ਜਾਣਕਾਰੀ ਲੈਣ ਲਈ ਪੱਤਰਕਾਰਾਂ ਦੇ ਉਨੇ ਫੋਨ ਕਾਂਗਰਸੀ ਆਗੂਆਂ ਨੂੰ ਨਹੀਂ ਸੀ ਜਾਂਦੇ, ਜਿੰਨੇ ਅਕਾਲੀ ਦਲ ਦੇ ਮੁਖੀ ਦੇ ਚਾਰ-ਪੰਜ ਵੱਡੇ ਕਾਰਿੰਦਿਆਂ ਨੂੰ ਜਾਂਦੇ ਸਨ। ਪੱਕੀ ਜਾਣਕਾਰੀ ਵੀ ਉਥੋਂ ਮਿਲਦੀ ਸੀ। ਸਾਰੀ ਰਾਜਸੀ ਖੇਡ ਇੱਕ ਪਾਰਟੀ ਵਾਂਗ ਨਹੀਂ, ਇੱਕ ਕਾਰਪੋਰੇਸ਼ਨ ਦੇ ਪ੍ਰਾਜੈਕਟ ਵਾਂਗ ਅਤੇ ਇਹ ਖਿਆਲ ਰੱਖ ਕੇ ਲੜੀ ਗਈ ਕਿ ਕਾਂਗਰਸ ਦਾ ਜਿਹੜਾ ਵੱਡਾ ਆਗੂ ਕਦੇ ਫਲਾਣੇ ਕਾਂਗਰਸੀ ਆਗੂ ਦੇ ਬੇੜੀਆਂ ਵਿਚ ਵੱਟੇ ਪਾਉਣ ਨੂੰ ਵਰਤਣ ਦੀ ਲੋੜ ਪੈ ਸਕਦੀ ਹੈ, ਉਸ ਨੂੰ ਜਿਤਾਉਣ ਲਈ ਆਪਣੇ ਬੰਦੇ ਉਸ ਦੇ ਨਾਲ ਤੋਰ ਦਿੱਤੇ ਜਾਣ। ਅੱਗੋਂ ਉਹ ਵੀ ਖਤਰਾ ਨਾ ਖੜਾ ਕਰ ਸਕਦਾ ਹੋਵੇ, ਇਸ ਗੱਲ ਦਾ ਧਿਆਨ ਰੱਖ ਕੇ ਉਸ ਨੂੰ ਚੁਣੌਤੀ ਦੇਣ ਵਾਲਾ ਕੋਈ ਹੋਰ ਜਿੱਤਣ ਦਾ ਰਾਹ ਛੱਡ ਦਿੱਤਾ ਗਿਆ। ਕਾਂਗਰਸ ਦੇ ਲੀਡਰ ਇਸ ਗੱਲ ਨੂੰ ਸਮਝ ਹੀ ਨਹੀਂ ਸੀ ਸਕੇ।

ਅੱਜ ਫਿਰ ਇਹੋ ਕੁਝ ਹੁੰਦਾ ਪਿਆ ਹੈ। ਪੰਜਾਬ ਦੀ ਰਾਜਨੀਤੀ ਵਿਚ ਗੁੱਝੀ ਖੇਡ ਖੇਡੀ ਜਾ ਰਹੀ ਹੈ। ਇਸ ਖੇਡ ਨੂੰ ਸਮਝਣ ਲਈ ਉਹ ਮੌਕਾ ਯਾਦ ਰੱਖਣ ਦੀ ਲੋੜ ਹੈ, ਜਦੋਂ ਮਨਪ੍ਰੀਤ ਸਿੰਘ ਬਾਦਲ ਨੇ ਅਕਾਲੀ ਦਲ ਨੂੰ ਛੱਡਿਆ ਤੇ ਵੱਖਰੀ ਪਾਰਟੀ ਬਣਾਈ ਸੀ। ਜਿਨ੍ਹਾਂ ਨੇ ਪੀਪਲਜ਼ ਪਾਰਟੀ ਬਣਾਉਣ ਤੇ ਉਭਾਰਨ ਵੇਲੇ ਉਸ ਦਾ ਸਾਥ ਦਿੱਤਾ ਸੀ, ਉਨ੍ਹਾਂ ਵਿਚੋਂ ਕਈ ਸੱਜਣ ਇੱਕ ਹੱਦ ਤੱਕ ਉਸ ਦੇ ਨਾਲ ਇਸ ਲਈ ਤੁਰੇ ਸਨ ਕਿ ਉਨ੍ਹਾਂ ਨੂੰ ਇਹ ਹੁਕਮ ਸੀ ਕਿ ਮਨਪ੍ਰੀਤ ਸਿੰਘ ਨੂੰ ਅਕਾਲੀਆਂ ਦੇ ਪਿੰਡ ਦੀ ਫਿਰਨੀ ਤੋਂ ਬਾਹਰ ਕੱਢ ਕੇ ਮੁੜਨਾ ਹੈ। ਕਾਂਗਰਸ ਪਾਰਟੀ ਦੇ ਅੰਦਰ ਦੇ ਕੁਝ ਆਗੂ ਇਸੇ ਖੇਡ ਵਿਚ ਹੁਣ ਪਿਆਦੇ ਬਣੇ ਪਏ ਹਨ। ਪ੍ਰਤਾਪ ਸਿੰਘ ਬਾਜਵੇ ਦੇ ਖਿਲਾਫ ਕਾਂਗਰਸ ਹਾਈ ਕਮਾਨ ਨੂੰ ਚਿੱਠੀ ਤੇ ਫਿਰ ਉਸ ਚਿੱਠੀ ਦਾ ਪ੍ਰੈਸ ਵਿਚ ਲੀਕ ਹੋਣਾ ਕੋਈ ਸਹਿਵਨ ਵਾਪਰਿਆ ਵਰਤਾਰਾ ਨਹੀਂ ਕਿਹਾ ਜਾ ਸਕਦਾ। ਉਦਾਂ ਦੇ ਕੁਝ ਲੋਕ ਪ੍ਰਤਾਪ ਸਿੰਘ ਬਾਜਵਾ ਦੇ ਧੜੇ ਵਿਚ ਵੀ ਹਨ। ਬਾਹਰੋਂ ਉਹ ਇਹ ਜ਼ਾਹਰ ਕਰਦੇ ਹਨ ਕਿ ਕਾਂਗਰਸ ਪਾਰਟੀ ਦੇ ਉਹ ਏਨੇ ਵਫਾਦਾਰ ਹਨ ਕਿ ਇਸ ਦੀ ਦੁਰਦਸ਼ਾ ਨਹੀਂ ਵੇਖ ਸਕਦੇ, ਪਰ ਅੰਦਰੋਂ ਕਿਸੇ ਹੋਰ ਦੀ ਲਾਈ ਹੋਈ ਸੇਵਾ ਨਿਭਾ ਰਹੇ ਸੁਣੇ ਜਾਂਦੇ ਹਨ। ਇਹ ਹਾਲਤ ਪੰਜਾਬ ਦੀ ਕਾਂਗਰਸ ਪਾਰਟੀ ਦੀ ਉਦੋਂ ਬਣੀ ਪਈ ਹੈ, ਜਦੋਂ ਪਾਰਲੀਮੈਂਟ ਚੋਣਾਂ ਵਿਚ ਸਿਰਫ ਛੇ ਮਹੀਨੇ ਬਾਕੀ ਰਹਿ ਗਏ ਹਨ ਤੇ ਅਕਾਲੀ-ਭਾਜਪਾ ਵਾਲਿਆਂ ਨੇ ਆਪਣੇ ਉਮੀਦਵਾਰਾਂ ਦੇ ਨਾਂਵਾਂ ਦੀ ਸੂਚੀ ਵੀ ਲਗਭਗ ਤਿਆਰ ਕਰ ਲਈ ਹੈ। ਕਾਂਗਰਸ ਹਾਈ ਕਮਾਨ ਨੂੰ ਇਸ ਦੀ ਸਮਝ ਨਹੀਂ ਆ ਸਕਦੀ।

ਅਸੀਂ ਪਿਛਲੇ ਪੰਜਾਹ ਸਾਲਾਂ ਤੋਂ ਵੱਧ ਅਕਾਲੀ ਸਫਾਂ ਵਿਚੋਂ ਇਹ ਰੌਲਾ ਸੁਣਦੇ ਆਏ ਸਾਂ ਕਿ ਫਲਾਣਾ ਅਕਾਲੀ ਆਗੂ 'ਦਿੱਲੀ ਦਰਬਾਰ ਦਾ ਏਜੰਟ' ਹੈ। ਜਿਹੜੇ ਇੱਕ ਦੂਸਰੇ ਉਤੇ ਇਹ ਦੋਸ਼ ਲਾਉਂਦੇ ਹੁੰਦੇ ਸਨ, ਸਮਾਂ ਪਾ ਕੇ ਆਪੋ ਵਿਚ ਜੱਫੀਆਂ ਵੀ ਪਾ ਲੈਂਦੇ ਸਨ, ਪਰ ਅੰਦਰੋਂ ਦਿਲ ਨਾ ਮਿਲਣ ਕਰ ਕੇ ਵੱਖੋ-ਵੱਖ ਘੋੜੇ ਭਜਾਈ ਫਿਰਦੇ ਸਨ। ਉਨ੍ਹਾਂ ਦੇ ਇਸ ਰੌਂਅ ਨੂੰ ਵੇਖ ਕੇ ਹਰ ਕੋਈ ਕਹਿ ਦਿੰਦਾ ਸੀ ਕਿ ਆਪਣੀ ਪਾਰਟੀ ਨਾਲੋਂ ਵੱਧ ਕਿਸੇ ਹੋਰ ਦੀ ਸੇਵਾ ਲਈ ਲੱਗੇ ਹੋਣ ਕਰ ਕੇ ਅਕਾਲੀ ਕਦੀ ਰਾਜ ਨਹੀਂ ਕਰ ਸਕਦੇ। ਅੱਜ ਬਾਜ਼ੀ ਪਲਟ ਚੁੱਕੀ ਹੈ। ਪੰਜਾਬ ਦੀ ਕਾਂਗਰਸ ਵਿਚ ਹਰ ਕੋਈ ਇਹ ਦੋਸ਼ ਲਾ ਰਿਹਾ ਹੈ ਕਿ ਫਲਾਣਾ ਆਗੂ ਬਾਦਲਾਂ ਦਾ ਏਜੰਟ ਹੈ। ਨਤੀਜਾ ਇਸ ਦਾ ਇਹ ਹੋਵੇਗਾ ਕਿ ਜੇ ਉਨ੍ਹਾਂ ਨੂੰ ਹਾਈ ਕਮਾਨ ਰੋਕ ਨਾ ਸਕੀ ਤਾਂ ਉਤਰ ਪ੍ਰਦੇਸ਼ ਤੇ ਬਿਹਾਰ ਤੋਂ ਬਾਅਦ ਪੰਜਾਬ ਅਗਲਾ ਰਾਜ ਹੋਵੇਗਾ, ਜਿੱਥੇ ਜਦੋਂ ਕਦੀ ਬਾਦਲਾਂ ਦੀ ਹਾਰ ਹੋਈ, ਕੋਈ ਕਾਲਾ ਚੋਰ ਭਾਵੇਂ ਆ ਜਾਵੇ, ਕਾਂਗਰਸ ਵਾਲੇ ਤਾਂ ਨਹੀਂ ਆਉਣ ਲੱਗੇ।



*ਕੈਪਟਨ ਅਮਰਿੰਦਰ ਸਿੰਘ*

**Freeway Travel Inc**

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ



Call Raju
Tel: 773-973-0200
Fax: 773-973-0557
2542 W Devon Ave. Chicago IL 60659

**ਜਾਇਦਾਦ ਦੀ ਖਰੀਦ-ਵੇਚ**

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੂਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

**Desi Bazar**

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

- FRESH VEGETABLES EVERY THURSDAY
- FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

ਪੰਜਾਬ ਟਾਈਮਜ਼

*ਸਨਿਚਰਵਾਰ, 23 ਨਵੰਬਰ 2013*

## ਸਚਿਨ ਤੇਂਦੂਲਕਰ ਦਾ ਸੱਚ

ਕ੍ਰਿਕਟ ਜਗਤ ਵਿਚ ਧੁੰਮਾਂ ਪਾਉਣ ਵਾਲਾ ਖਿਡਾਰੀ ਸਚਿਨ ਤੇਂਦੂਲਕਰ 24 ਸਾਲ ਦੀ ਧੁਨੰਤਰ ਖੇਡ ਪਿਛੋਂ ਆਖਰਕਾਰ ਰਿਟਾਇਰ ਹੋ ਗਿਆ। ਉਸ ਦੀ ਰਿਟਾਇਰਮੈਂਟ ਦੇ ਜਸ਼ਨ ਮਨਾਏ ਗਏ। ਉਸ ਨੂੰ ਇਕ ਤਰ੍ਹਾਂ ਨਾਲ ਗ੍ਰੈਂਡ ਵਿਦਾਇਗੀ ਦਿੱਤੀ ਗਈ। ਆਖਰੀ ਮੈਚ ਦਾ ਮੈਦਾਨ ਉਸ ਦੀ ਮਰਜ਼ੀ ਦਾ ਚੁਣਿਆ ਗਿਆ। ਉਸ ਦਿਨ ਉਸ ਨੂੰ ਕੌਮਾਂਤਰੀ ਪੱਧਰ ਉਤੇ ਖੇਡਦੇ ਨੂੰ ਪੂਰੇ 24 ਸਾਲ ਹੋ ਜਾਣੇ ਸਨ। ਸੰਸਾਰ ਭਰ ਦੀਆਂ ਅਖਬਾਰਾਂ ਵਿਚ ਉਸ ਦੀ ਵਿਦਾਇਗੀ ਦੀ ਚਰਚਾ ਹੋਈ। ਹੋਵੇ ਵੀ ਕਿਉਂ ਨਾ ਭਲਾ! ਇਨ੍ਹਾਂ 24 ਸਾਲਾਂ ਦੌਰਾਨ ਉਹਨੇ ਬੇਅੰਤ ਰਿਕਾਰਡ ਬਣਾਏ ਹਨ। ਉਹ ਮਹਿਜ਼ 16 ਸਾਲ ਦਾ ਸਕੂਲ ਪੜ੍ਹਦਾ ਬੱਚਾ ਸੀ ਜਦੋਂ ਉਹਨੇ ਕੌਮਾਂਤਰੀ ਕ੍ਰਿਕਟ ਵਿਚ ਆਪਣਾ ਝੰਡਾ ਗੱਡ ਦਿੱਤਾ। ਉਸ ਦੇ ਵਿਰੋਧੀ ਵੀ ਮੰਨਦੇ ਹਨ ਕਿ ਉਸ ਵਰਗਾ ਕੋਈ ਹੋਰ ਕ੍ਰਿਕਟ ਖਿਡਾਰੀ ਇਸ ਦੁਨੀਆਂ ਵਿਚ ਨਹੀਂ। ਆਪਣੀ ਚਾਲੀ ਸਾਲ ਦੀ ਕੁੱਲ ਉਮਰ ਵਿਚੋਂ ਉਹ ਤੀਹ ਸਾਲ ਕ੍ਰਿਕਟ ਖੇਡਿਆ ਹੈ। ਭਾਰਤ ਸਰਕਾਰ ਵੱਲੋਂ ਉਸ ਨੂੰ ਦੇਸ਼ ਦੇ ਸਭ ਤੋਂ ਉਚੇ ਸਿਵਲੀਅਨ ਐਵਾਰਡ 'ਭਾਰਤ ਰਤਨ' ਦੇਣ ਦੇ ਐਲਾਨ ਨੇ ਉਸ ਦੀ ਵਿਦਾਇਗੀ ਨੂੰ ਚਾਰ ਚੰਨ ਲਾ ਦਿੱਤੇ। ਉਂਜ ਇਸ ਐਲਾਨ ਦੇ ਨਾਲ ਹੀ ਉਸ ਨੂੰ ਭਾਰਤ ਰਤਨ ਨਾਲ ਨਵਾਜਣ ਦੀ ਨੁਕਤਾਚੀਨੀ ਵੀ ਆਰੰਭ ਹੋ ਗਈ। ਇਹ ਪ੍ਰਚੰਡ ਰਾਏ ਉਠ ਖੜ੍ਹੀ ਹੋਈ ਹੈ ਕਿ ਬਤੌਰ ਖਿਡਾਰੀ ਉਹ ਬਥੇਰੇ ਇਨਾਮ ਹਾਸਲ ਕਰ ਚੁੱਕਾ ਹੈ। ਅਰਜੁਨ ਇਨਾਮ ਉਹਨੇ ਸਿਰਫ 21 ਸਾਲ ਦੀ ਉਮਰ ਵਿਚ ਹੀ ਫੁੰਡ ਲਿਆ ਸੀ। ਖੇਡਾਂ ਵਿਚ ਸਰਵੋਤਮ, ਰਾਜੀਵ ਗਾਂਧੀ ਖੇਲ ਰਤਨ ਇਨਾਮ ਵੀ ਉਹਨੇ ਚਾਰ ਸਾਲ ਬਾਅਦ ਹੀ ਹਾਸਲ ਕਰ ਲਿਆ ਸੀ। ਇਸ ਤੋਂ ਇਲਾਵਾ ਪਦਮਸ੍ਰੀ ਅਤੇ ਪਦਮ ਵਿਭੂਸ਼ਣ ਇਨਾਮ ਵੀ ਉਸ ਦੀ ਝੋਲੀ ਪੈ ਚੁੱਕੇ ਸਨ। ਨਾਲੇ ਜਿਸ ਤਰ੍ਹਾਂ ਸਾਰੇ ਨੇਮ ਛਿੱਕੇ ਟੰਗ ਕੇ ਉਸ ਨੂੰ ਇਹ ਐਵਾਰਡ ਦਿੱਤਾ ਗਿਆ, ਉਸ ਨੇ ਹਰ ਸੰਜੀਦਾ ਸ਼ਖਸ ਅੱਗੇ ਸਵਾਲ ਖੜ੍ਹਾ ਕਰ ਦਿੱਤਾ ਹੈ। ਨੇਮਾਂ ਮੁਤਾਬਕ ਖੇਡ ਵਿਭਾਗ ਨੇ ਇਸ ਐਵਾਰਡ ਲਈ ਹਾਕੀ ਦੇ ਉਮਦਾ ਖਿਡਾਰੀ ਮੇਜਰ ਧਿਆਨ ਚੰਦ ਦੇ ਨਾਂ ਦੀ ਸਿਫਾਰਿਸ਼ ਕੀਤੀ ਹੋਈ ਸੀ ਪਰ ਮਨਮੋਹਨ ਸਿੰਘ ਸਰਕਾਰ ਨੇ ਮੇਜਰ ਧਿਆਨ ਸਿੰਘ ਬਾਰੇ ਕੀਤੀ ਸਿਫਾਰਿਸ਼ ਨੂੰ ਦਰਕਿਨਾਰ ਹੀ ਨਹੀਂ ਕੀਤਾ ਸਗੋਂ ਸਚਿਨ ਨੂੰ 'ਭਾਰਤ ਰਤਨ' ਨਾਲ ਨਵਾਜਣ ਬਾਰੇ ਫੈਸਲਾ ਰਾਤੋ-ਰਾਤ ਕਰ ਲਿਆ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਸਚਿਨ ਨੂੰ 'ਭਾਰਤ ਰਤਨ' ਦੇਣ ਲਈ ਉਸ ਦੇ ਨਾਂ ਦੀ ਸਿਫਾਰਿਸ਼ ਸ਼ੁਕਰਵਾਰ (15 ਨਵੰਬਰ) ਦੀ ਰਾਤ ਨੂੰ ਕੀਤੀ ਅਤੇ ਅਗਲੇ ਹੀ ਦਿਨ ਸਨਿਚਰਵਾਰ ਨੂੰ ਸਭ ਕੁਝ ਮਨਜ਼ੂਰ ਵੀ ਹੋ ਗਿਆ। ਸਚਿਨ ਨੂੰ ਮੇਜਰ ਧਿਆਨ ਚੰਦ ਦੇ ਮੁਕਾਬਲੇ ਇਹ ਕਹਿ ਕੇ ਇਸ ਐਵਾਰਡ ਨਾਲ ਨਵਾਜਿਆ ਗਿਆ ਕਿ ਸਚਿਨ ਦੀ 'ਪਾਪੂਲਰ ਅਪੀਲ' ਬਹੁਤ ਜ਼ਿਆਦਾ ਹੈ। ਇਹ ਇਕੱਲਾ ਅਜਿਹਾ ਐਵਾਰਡ ਹੈ ਜਿਸ ਦੇ ਲਈ ਕੋਈ ਪੈਨਲ ਨਹੀਂ ਬਣਦਾ, ਕੋਈ ਜਿਊਰੀ ਨਹੀਂ ਹੁੰਦੀ। ਬੱਸ, ਪ੍ਰਧਾਨ ਮੰਤਰੀ ਨਾਂ ਦੀ ਸਿਫਾਰਿਸ਼ ਕਰਦਾ ਹੈ ਅਤੇ ਰਾਸ਼ਟਰਪਤੀ ਉਸ ਉਤੇ ਮੋਹਰ ਲਾ ਦਿੰਦਾ ਹੈ।

ਹੁਣ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਉਨ੍ਹਾਂ ਦੀ ਸਰਕਾਰ ਵੱਲੋਂ ਇਸ ਮਾਮਲੇ ਵਿਚ ਕੀਤੀ ਕਾਹਲ ਨੂੰ ਅਦਾਲਤ ਵਿਚ ਵੀ ਵੰਗਾਰਿਆ ਗਿਆ ਹੈ। ਮੁਜ਼ੱਫਰਪੁਰ (ਬਿਹਾਰ) ਦੇ ਐਡਵੋਕੇਟ ਸੁਧੀਰ ਕੁਮਾਰ ਓਝਾ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਗ੍ਰਹਿ ਮੰਤਰੀ ਸੁਸ਼ੀਲ ਸ਼ਿੰਦੇ ਅਤੇ ਖੇਡ ਮੰਤਰੀ ਯਤੇਂਦਰ ਸਿੰਘ ਨੂੰ ਧਿਰ ਬਣਾ ਕੇ ਅਦਾਲਤ ਵਿਚ ਕੇਸ ਦਾਇਰ ਕਰ ਦਿੱਤਾ ਹੈ। ਓਝਾ ਨੇ ਆਪਣੀ ਪਟੀਸ਼ਨ ਵਿਚ ਕਿਹਾ ਹੈ ਕਿ ਸਰਕਾਰ ਨੇ ਆਮ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ। ਦਲੀਲ ਦਿੱਤੀ ਗਈ ਹੈ ਕਿ ਸਚਿਨ ਕਦੀ ਵੀ ਨਿੱਠ ਕੇ ਦੇਸ਼ ਲਈ ਨਹੀਂ ਖੇਡਿਆ, ਉਸ ਨੇ ਸਿਰਫ ਆਪਣੇ ਲਈ ਕਰੋੜਾਂ ਰੁਪਏ ਕਮਾਏ ਹਨ। ਹਕੀਕਤ ਇਹ ਵੀ ਹੈ ਕਿ ਜਦੋਂ ਵੀ ਕਦੀ ਖੇਡ ਦੇ ਮੈਦਾਨ ਵਿਚ ਔਖਾ ਵੇਲਾ ਆਇਆ ਤਾਂ ਉਸ ਨੇ ਕਦੀ ਸਟੈਂਡ ਨਹੀਂ ਲਿਆ। 2001 ਵਿਚ ਜਦੋਂ ਮੈਚ ਰੈਫਰੀ ਮਾਈਕ ਡੈਨਿਸ ਨੇ ਉਸ ਨੂੰ ਗੇਂਦ ਨਾਲ ਛੇੜ-ਛਾੜ ਦਾ ਦੋਸ਼ੀ ਠਹਿਰਾ ਕੇ ਇਕ ਮੈਚ ਦੀ ਪਾਬੰਦੀ ਲਾ ਦਿੱਤੀ ਤਾਂ ਸਚਿਨ ਨੇ ਆਪਣੀ ਗਲਤੀ ਸਵੀਕਾਰ ਕਰਨ ਦੀ ਥਾਂ ਮੈਚ ਰੈਫਰੀ ਖਿਲਾਫ ਵੱਡੀ ਪੱਧਰ ਉਤੇ ਮੁਹਿੰਮ ਚੱਲ ਲੈਣ ਦਿੱਤੀ। ਆਖਰਕਾਰ ਇਸ ਮੈਚ ਰੈਫਰੀ ਨੂੰ ਅਗਲੇ ਮੈਚ ਵਿਚ ਮੈਦਾਨ ਵਿਚ ਵੀ ਨਾ ਵੜਨ ਦਿੱਤਾ ਗਿਆ। ਫਿਰ 2002 ਵਿਚ ਜਦੋਂ ਫਰਾਰੀ ਵਾਲਿਆਂ ਨੇ ਉਸ ਨੂੰ ਮਹਿੰਗੀ ਕਾਰ ਤੋਹਫੇ ਵਜੋਂ ਦਿੱਤੀ ਤਾਂ ਸਚਿਨ ਨੇ ਇਸ ਕਾਰ ਦੀ ਇਕ ਕਰੋੜ 13 ਲੱਖ ਰੁਪਏ ਦੀ ਕਸਟਮ ਡਿਊਟੀ ਅਦਾ ਕਰਨ ਦੀ ਥਾਂ ਸਰਕਾਰ ਨੂੰ ਇਹ ਡਿਊਟੀ ਮੁਆਫ ਕਰਨ ਲਈ ਕਹਿ ਦਿੱਤਾ ਅਤੇ ਸਰਕਾਰ ਨੇ ਵੀ ਸਾਰੇ ਨਿਯਮ ਛਿੱਕੇ ਟੰਗ ਕੇ ਇਹ ਵੱਡੀ ਰਕਮ ਮੁਆਫ ਕਰ ਦਿੱਤੀ। ਇਸ ਤੋਂ ਵੀ ਅਹਿਮ ਘਟਨਾ ਤਾਂ 2008 ਵਿਚ ਵਾਪਰੀ। ਐਂਡਰਿਊ ਸਿਗਮੰਡ 'ਤੇ ਹਰਭਜਨ ਸਿੰਘ ਬਾਰੇ ਲੰਗੂਰ ਵਾਲੀ ਨਸਲੀ ਟਿੱਪਣੀ ਕਰਨ ਦੇ ਦੋਸ਼ ਲੱਗੇ। ਉਦੋਂ ਸਚਿਨ ਨੇ ਝੂਠ ਬੋਲਿਆ। ਇਸ ਬਾਰੇ ਐਡਮ ਗਿਲਕ੍ਰਿਸਟ ਅਤੇ ਰਿੱਕੀ ਪੌਂਟਿੰਗ ਨੇ ਆਪੋ-ਆਪਣੀਆਂ ਸਵੈ-ਜੀਵਨੀਆਂ ਵਿਚ ਸਚਿਨ ਉਤੇ ਸਵਾਲਾਂ ਦੀ ਵਾਛੜ ਕੀਤੀ ਪਰ ਸਚਿਨ ਨੇ ਕੁਝ ਵੀ ਕਹਿਣਾ ਵਾਜਬ ਨਹੀਂ ਸਮਝਿਆ। ਉਹ ਇਸ ਮਾਮਲੇ ਬਾਰੇ ਅੱਜ ਤੱਕ ਖਾਮੋਸ਼ ਹੈ। ਹੋਰ ਤਾਂ ਹੋਰ, ਇੰਨੇ ਜ਼ਿਆਦਾ ਰਿਕਾਰਡ ਬਣਾਉਣ ਦੇ ਬਾਵਜੂਦ ਕੋਈ ਅਜਿਹਾ ਯਾਦਗਾਰੀ ਮੈਚ ਨਹੀਂ ਜਿਸ ਵਿਚ ਸਚਿਨ ਨੇ 'ਬਹਿ ਜਾ ਬਹਿ ਜਾ' ਕਰਵਾਈ ਹੋਵੇ, ਸਗੋਂ ਅਜਿਹੇ ਮੈਚਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਜਿਨ੍ਹਾਂ ਵਿਚ ਟੀਮ ਤਾਂ ਹਾਰ ਗਈ ਪਰ ਸਚਿਨ ਨੇ ਜ਼ਰੂਰ ਰਿਕਾਰਡਾਂ ਦੀ ਝੜੀ ਲਾਈ।

ਸਚਿਨ ਨੇ ਮਹਾਨ ਤਾਂ ਹੋਣਾ ਸੀ, ਜੇ ਉਹ ਖੁਦ ਇਹ ਇਨਾਮ ਧਿਆਨ ਚੰਦ ਨੂੰ ਦੇਣ ਦੀ ਵਕਾਲਤ ਕਰਦਾ, ਪਰ ਉਸ ਵਿਚ ਸ਼ਾਇਦ ਇੰਨੀ ਸੱਤਿਆ ਹੈ ਨਹੀਂ; ਇਸੇ ਕਰ ਕੇ ਉਹ ਮਹਾਨ ਵੀ ਨਹੀਂ। ਕਨਸੋਅ ਤਾਂ ਇਹ ਵੀ ਹੈ ਕਿ ਮਨਮੋਹਨ ਸਿੰਘ ਸਰਕਾਰ ਨੇ ਸਚਿਨ ਬਾਰੇ ਇਹ ਫੈਸਲਾ ਆ ਰਹੀਆਂ ਲੋਕ ਸਭਾ ਚੋਣਾਂ ਵਿਚ ਲਾਹਾ ਲੈਣ ਲਈ ਕੀਤਾ ਹੈ। ਖੁਦਾ ਖੈਰ ਕਰੇ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਫੁੱਲ-ਪੰਜੇ ਦਾ ਜੰਗ!*

ਮੋਦੀ ਸੋਚਿਆਂ ਬਿਨਾ ਹੀ ਗੜ੍ਹਕਦਾ ਏ ਖੂਨੀ ਦਾਗ ਉਹ 'ਬੋਲ' ਕੇ ਧੋਣ ਲੱਗਾ।
ਅੱਤ ਚੁੱਕ ਲਈ ਭਾਜਪਾ ਹੁਣੇ ਤੋਂ ਹੀ ਮੁੜ੍ਹਕਾ ਸਰਦੀਆਂ ਵਿਚ ਹੀ ਚੋਣ ਲੱਗਾ।
ਭ੍ਰਿਸ਼ਟਾਚਾਰ ਵਿਚ ਲਿਬੜਿਆ ਹੱਥ-ਪੰਜਾ ਪਿਠ ਰਾਹੁਲ ਦੀ ਪਿੱਛੇ ਖਲੋਣ ਲੱਗਾ।
ਸਨਅਤਕਾਰ ਵੀ ਬੰਨ੍ਹ ਕੇ ਪੰਡ ਭਾਰੀ 'ਫੰਡ' ਪਾਰਟੀ ਵਾਸਤੇ ਢੋਣ ਲੱਗਾ।
ਕੇਹੀ ਬਣੇਗੀ ਨਵੀਂ ਸਰਕਾਰ ਸਾਡੀ ਆਮ ਭਾਰਤੀ ਸੋਚ ਕੇ ਰੋਣ ਲੱਗਾ।
ਚੜ੍ਹਦੇ ਸਾਲ ਸਿੰਘਾਸਣ 'ਤੇ ਬੈਠਣੇ ਲਈ ਜੰਗ 'ਫੁੱਲ ਤੇ ਪੰਜੇ' ਦਾ ਹੋਣ ਲੱਗਾ!

# ਧਰਮ ਨਿਰਪੱਖਤਾ ਦਾ ਦਿਖਾਵਾ ਅਤੇ ਸਿਆਸੀ ਪਾਰਟੀਆਂ

***ਭਾਜਪਾ ਅਤੇ ਕਾਂਗਰਸ ਵਿਚਕਾਰ ਇਹ ਨੀਵੀਂ ਪੱਧਰ ਦੀ ਜ਼ੁਬਾਨੀ ਜੰਗ ਦੱਸਦੀ ਹੈ ਕਿ ਸਾਡੀ ਰਾਜਨੀਤੀ 'ਚ ਕਿੰਨਾ ਨਿਘਾਰ ਆ ਗਿਆ ਹੈ। ਸੋਨੀਆ-ਰਾਹੁਲ-ਮੋਦੀ ਬਾਰੇ ਇਸ ਜ਼ੁਬਾਨੀ ਜੰਗ ਵਿਚ ਜਨਤਕ ਸ਼ਿਸ਼ਟਾਚਾਰ ਅਤੇ ਸਤਿਕਾਰ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਗਈਆਂ। ਮੁੱਦਾ ਇਹ ਨਹੀਂ ਹੈ ਕਿ ਗਿਣਤੀ ਦੀ ਖੇਡ ਵਿਚ ਭਾਜਪਾ ਕਾਂਗਰਸ ਨੂੰ ਭਜਾ ਦੇਵੇਗੀ। ਨਾ ਇਹ ਮੁੱਦਾ ਹੈ ਕਿ ਦੋਹਾਂ ਪਾਰਟੀਆਂ ਨੇ ਸੱਤਾ ਖਾਤਿਰ ਨੈਤਿਕਤਾ ਨੂੰ ਲਾਂਭੇ ਰੱਖ ਦਿੱਤਾ ਹੈ। ਮੁੱਦਾ ਇਹ ਵੀ ਨਹੀਂ ਹੈ ਕਿ ਆਪਣੇ ਬੇਲਗਾਮ ਬਿਆਨਾਂ ਲਈ ਚੋਣ ਕਮਿਸ਼ਨ ਨੇ ਮੋਦੀ ਅਤੇ ਰਾਹੁਲ, ਦੋਵਾਂ ਨੂੰ ਹੀ ਲਾਹਣਤ ਪਾਈ ਹੈ।ਚੋਣ ਕਮਿਸ਼ਨ ਨੇ ਮੋਦੀ ਦੇ ਖੂਨੀ ਪੰਜੇ ਵਾਲੇ ਬਿਆਨ ਅਤੇ ਰਾਹੁਲ ਦੇ ਮੁਜ਼ੱਫਰਨਗਰ ਫਸਾਦਾਂ ਤੋਂ ਪ੍ਰਭਾਵਿਤ ਮੁਸਲਮਾਨ ਨੌਜਵਾਨਾਂ ਨਾਲ ਪਾਕਿਸਤਾਨ ਦੀ ਆਈ.ਐਸ.ਆਈ. ਵਲੋਂ ਸੰਪਰਕ ਕੀਤੇ ਜਾਣ ਵਾਲੇ ਬਿਆਨ 'ਤੇ ਝਾੜ ਪਾਈ ਹੈ।***

ਸਿਆਸੀ ਵਿਰੋਧੀ ਜਾਂ ਜਾਨੀ ਦੁਸ਼ਮਣ। ਭਾਰਤ ਦੇ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਆਸੀ ਵਿਰੋਧੀ ਅਤੇ ਜਾਨੀ ਦੁਸ਼ਮਣ ਦੇ ਵਿਚਕਾਰ ਵਾਲੀ ਰੇਖਾ ਧੁੰਦਲੀ ਹੋ ਗਈ ਹੈ। ਬੋਲਬਾਣੀ ਨੇ ਵਿਰੋਧੀਆਂ ਵਿਚਕਾਰ ਆਮ ਸ਼ਿਸ਼ਟਾਚਾਰ ਅਤੇ ਸਤਿਕਾਰ ਹੀ ਸਮਾਪਤ ਕਰ ਦਿੱਤਾ ਹੈ। ਹਰ ਕੋਈ ਕੁਝ ਵੀ ਕਹਿ ਦਿੰਦਾ ਹੈ। ਅਜਿਹੀ ਬੋਲਬਾਣੀ ਮਾਨਸਿਕ ਤਸੱਲੀ ਲਈ ਵਰਤੀ

**ਪੂਨਮ ਆਈ. ਕੋਸ਼ਿਸ਼**

ਜਾ ਰਹੀ ਹੈ ਅਤੇ ਬਿਨਾਂ ਸ਼ੱਕ, ਇਹ ਆਸ ਵੀ ਕੀਤੀ ਜਾਂਦੀ ਹੈ ਕਿ ਇਸ ਨਾਲ ਉਨ੍ਹਾਂ ਨੂੰ ਸਿਆਸੀ ਫਾਇਦਾ ਮਿਲੇਗਾ।

ਜਿੱਧਰ ਵੀ ਨਿਗ੍ਹਾ ਮਾਰੋ, ਅਨੈਤਿਕਤਾ ਦਾ ਬੋਲਬਾਲਾ ਹੈ। ਦੇਸ਼ ਭਗਤ ਤੋਂ ਦੇਸ਼ ਧ੍ਰੋਹੀ ਤਕ ਦੇ ਫਰਮਾਨ ਜਾਰੀ ਹੋ ਰਹੇ ਹਨ। ਇਸ ਖੇਡ ਦੀ ਸ਼ੁਰੂਆਤ ਕਾਂਗਰਸ ਨੇ ਕੀਤੀ ਜਿਸ ਨੇ ਮੋਦੀ ਨੂੰ ਹਿਟਲਰ ਵਰਗਾ ਤਾਨਾਸ਼ਾਹ ਕਿਹਾ ਅਤੇ ਨਾਜ਼ੀ ਪ੍ਰਚਾਰ ਦਾ ਹਵਾਲਾ ਦਿੱਤਾ ਜਿਸ ਵਿਚ ਹਿਟਲਰ ਦੇ ਵਫਾਦਾਰ ਸਹਿਯੋਗੀ ਰੂਡੋਲਫ ਹੇਸ ਨੇ ਐਲਾਨ ਕੀਤਾ ਸੀ- 'ਜਰਮਨੀ ਹਿਟਲਰ ਹੈ ਅਤੇ ਹਿਟਲਰ ਜਰਮਨੀ ਹੈ।' ਇਸ ਦਾ ਜਵਾਬ ਮੋਦੀ ਨੇ ਇਹ ਕਹਿ ਕੇ ਦਿੱਤਾ- '1975 ਵਿਚ ਕਾਂਗਰਸ ਪ੍ਰਧਾਨ ਬਰੂਆ ਦੇ ਸ਼ਬਦਾਂ ਨੂੰ ਯਾਦ ਕਰੋ- ਇੰਡੀਆ ਇਜ਼ ਇੰਦਰਾ, ਇੰਦਰਾ ਇਜ਼ ਇੰਡੀਆ।... ਫਿਰ ਕਿਹੜੀ ਪਾਰਟੀ ਤਾਨਾਸ਼ਾਹ ਹੈ ਅਤੇ ਕਿਹੜੀ ਦੀ ਬਿਰਤੀ ਨਾਜ਼ੀ ਹੈ।'

ਦੋਹਾਂ ਪਾਰਟੀਆਂ ਵਿਚਕਾਰ ਸ਼ਬਦਾਂ ਦੀ ਜੰਗ ਉਦੋਂ ਸਭ ਤੋਂ ਹੇਠਲੇ ਪੱਧਰ ਤਕ ਪਹੁੰਚ ਗਈ ਜਦੋਂ ਇਕ ਕਾਂਗਰਸੀ ਮੰਤਰੀ ਨੇ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਮੋਦੀ ਨੂੰ 'ਖੂਨੀ ਇਨਸਾਨ' ਕਿਹਾ ਅਤੇ ਮੋਦੀ ਨੇ ਇਸ ਦਾ ਜਵਾਬ ਇਹ ਕਹਿ ਕੇ ਦਿੱਤਾ, "ਅਸੀਂ ਛੱਤੀਸਗੜ੍ਹ ਨੂੰ ਖੂਨੀ ਪੰਜੇ ਤੋਂ ਬਚਾਉਣਾ ਹੈ।" ਸਪੱਸ਼ਟ ਹੈ, ਉਨ੍ਹਾਂ ਦਾ ਇਸ਼ਾਰਾ ਕਾਂਗਰਸ ਦੇ ਚੋਣ ਨਿਸ਼ਾਨ 'ਹੱਥ' ਵੱਲ ਸੀ। ਫਿਰ ਕਿਹਾ ਗਿਆ- "ਚਾਹ ਵੇਚਣ ਵਾਲਾ ਭਾਰਤ ਦਾ ਪ੍ਰਧਾਨ ਮੰਤਰੀ ਨਹੀਂ ਬਣ ਸਕਦਾ।" ਭਾਜਪਾ ਨੇ ਇਸ ਦਾ ਜਵਾਬ ਦਿੱਤਾ- "ਚਾਹ ਵੇਚਣ ਵਾਲਾ ਦੇਸ਼ ਵੇਚਣ ਵਾਲਿਆਂ ਨਾਲੋਂ ਵਧੀਆ ਹੈ।" ਨਾਲ ਹੀ ਮੋਦੀ ਨੇ ਵਿਅੰਗ ਕੀਤਾ, "ਮੈਡਮ ਸੋਨੀਆ ਗਾਂਧੀ ਨੇ ਮੈਨੂੰ ਬਿੱਛੂ ਕਿਹਾ, ਮੌਤ ਦਾ ਸੌਦਾਗਰ ਕਿਹਾ... ਮੈਡਮ ਤੁਸੀਂ ਬਿਮਾਰ ਹੋ, ਹੁਣ ਸ਼ਹਿਜ਼ਾਦੇ ਨੂੰ ਵਾਗਡੋਰ ਸੰਭਾਲ ਦਿਓ।" ਤੇ ਰਾਹੁਲ ਦੇ ਕਮੀਜ਼ ਦੀਆਂ ਬਾਹਾਂ ਨੂੰ ਉੱਪਰ ਕਰਨ ਦਾ ਮਜ਼ਾਕ ਉਡਾਇਆ। ਇਸ ਤੋਂ ਚਿੜੀ ਕਾਂਗਰਸ ਨੇ ਕਿਹਾ, "ਮੋਦੀ 'ਚ ਕੋਈ ਸ਼ਾਇਸਤਗੀ ਨਹੀਂ ਹੈ।" ਇਕ ਸੀਨੀਅਰ ਆਗੂ ਨੇ ਤਾਂ ਇਥੋਂ ਤਕ ਕਹਿ ਦਿੱਤਾ, "ਮੋਦੀ ਦਹਿਸ਼ਤਗਰਦ ਹੈ।"

ਭਾਜਪਾ ਅਤੇ ਕਾਂਗਰਸ ਵਿਚਕਾਰ ਇਹ ਨੀਵੀਂ ਪੱਧਰ ਦੀ ਜ਼ੁਬਾਨੀ ਜੰਗ ਦੱਸਦੀ ਹੈ ਕਿ ਸਾਡੀ ਰਾਜਨੀਤੀ 'ਚ ਕਿੰਨਾ ਨਿਘਾਰ ਆ ਗਿਆ ਹੈ। ਸੋਨੀਆ-ਰਾਹੁਲ-ਮੋਦੀ ਬਾਰੇ ਇਸ ਜ਼ੁਬਾਨੀ ਜੰਗ ਵਿਚ ਜਨਤਕ ਸ਼ਿਸ਼ਟਾਚਾਰ ਅਤੇ ਸਤਿਕਾਰ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਗਈਆਂ। ਮੁੱਦਾ ਇਹ ਨਹੀਂ ਹੈ ਕਿ ਗਿਣਤੀ ਦੀ ਖੇਡ ਵਿਚ ਭਾਜਪਾ ਕਾਂਗਰਸ ਨੂੰ ਭਜਾ ਦੇਵੇਗੀ। ਨਾ ਇਹ ਮੁੱਦਾ ਹੈ ਕਿ ਦੋਹਾਂ ਪਾਰਟੀਆਂ ਨੇ ਸੱਤਾ ਖਾਤਿਰ ਨੈਤਿਕਤਾ ਨੂੰ ਲਾਂਭੇ ਰੱਖ ਦਿੱਤਾ ਹੈ। ਮੁੱਦਾ ਇਹ ਵੀ ਨਹੀਂ ਹੈ ਕਿ ਆਪਣੇ ਬੇਲਗਾਮ ਬਿਆਨਾਂ ਲਈ ਚੋਣ ਕਮਿਸ਼ਨ ਨੇ ਮੋਦੀ ਅਤੇ ਰਾਹੁਲ, ਦੋਵਾਂ ਨੂੰ ਹੀ ਲਾਹਣਤ ਪਾਈ ਹੈ। ਚੋਣ ਕਮਿਸ਼ਨ ਨੇ ਮੋਦੀ ਦੇ ਖੂਨੀ ਪੰਜੇ ਵਾਲੇ ਬਿਆਨ ਅਤੇ ਰਾਹੁਲ ਦੇ ਮੁਜ਼ੱਫਰਨਗਰ ਫਸਾਦਾਂ ਤੋਂ ਪ੍ਰਭਾਵਿਤ ਮੁਸਲਮਾਨ ਨੌਜਵਾਨਾਂ ਨਾਲ ਪਾਕਿਸਤਾਨ ਦੀ ਆਈ.ਐਸ.ਆਈ. ਵਲੋਂ ਸੰਪਰਕ ਕੀਤੇ ਜਾਣ ਵਾਲੇ ਬਿਆਨ 'ਤੇ ਝਾੜ ਪਾਈ ਹੈ।

ਅਜਿਹੇ ਮਾਹੌਲ ਵਿਚ ਜਿਥੇ ਭੈੜੇ ਬੋਲ-ਬਚਨਾਂ, ਬਦਸਲੂਕੀ ਅਤੇ ਨਫਰਤਾਂ ਲਈ ਸਿਆਸਤ ਬਦਨਾਮ ਹੋ ਗਈ ਹੈ, ਉਥੇ ਨੈਤਿਕਤਾ ਦੀ ਵੀ ਕਿਸੇ ਨੂੰ ਪ੍ਰਵਾਹ ਨਹੀਂ ਹੈ ਅਤੇ ਨਾ ਹੀ ਕੋਈ ਆਦਰਸ਼ ਚੋਣ ਜ਼ਾਬਤੇ ਦੀ ਪ੍ਰਵਾਹ ਕਰਦਾ ਹੈ ਜਿਸ ਵਿਚ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਆਮ ਵਿਹਾਰ, ਮੀਟਿੰਗਾਂ, ਜਲੂਸਾਂ, ਵੋਟਾਂ ਪੈਣ ਦੇ ਦਿਨ, ਵੋਟ ਪਾਏ ਜਾਣ ਵਾਲੇ ਕੇਂਦਰਾਂ, ਚੋਣ



ਦਰਸ਼ਕਾਂ ਅਤੇ ਹੁਕਮਰਾਨ ਪਾਰਟੀ ਲਈ ਹਦਾਇਤ ਹੈ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਨੈਤਿਕਤਾ ਦਾ ਪਾਠ ਪੜ੍ਹਾਉਣ ਵਾਲੇ ਹੀ ਉਸ ਉਤੇ ਅਮਲ ਵੀ ਕਰਨ ਲੱਗਣ ਤਾਂ ਉਨ੍ਹਾਂ ਦਾ ਦੋਗਲਾਪਣ ਨੰਗਾ ਹੁੰਦਾ ਹੈ। ਕਿਵੇਂ ਇਕ-ਦੂਜੇ ਤੋਂ ਅੱਗੇ ਲੰਘਣ ਲਈ ਇਹ ਆਦਰਸ਼ ਚੋਣ ਜ਼ਾਬਤੇ ਨੂੰ ਵੀ ਨਜ਼ਰਅੰਦਾਜ਼ ਕਰ ਦਿੰਦੇ ਹਨ। ਉਨ੍ਹਾਂ ਲਈ ਨਾ ਤਾਂ ਕੋਈ ਟੀਚਾ ਅਹਿਮ ਹੈ ਅਤੇ ਨਾ ਹੀ ਸਾਧਨ। ਮਿਸਾਲ ਵਜੋਂ ਆਦਰਸ਼ ਚੋਣ ਜ਼ਾਬਤੇ ਵਿਚ ਕਿਹਾ ਗਿਆ ਹੈ, "ਜਦੋਂ ਦੂਜੀਆਂ ਪਾਰਟੀਆਂ ਦੀ ਆਲੋਚਨਾ ਕੀਤੀ ਜਾਵੇ ਤਾਂ ਇਹ ਉਨ੍ਹਾਂ ਦੀਆਂ ਨੀਤੀਆਂ, ਪ੍ਰੋਗਰਾਮਾਂ ਅਤੇ ਪਿਛਲੇ ਕੰਮਾਂ ਤਕ ਸੀਮਤ ਰਹੇ। ਗ਼ੈਰ-ਤਸਦੀਕਸ਼ੁਦਾ ਇਲਜ਼ਾਮਾਂ ਨਾਲ ਜਾਂ ਤੱਥਾਂ ਨੂੰ ਤੋੜ-ਮਰੋੜ ਕੇ ਹੋਰ ਪਾਰਟੀਆਂ ਜਾਂ ਉਨ੍ਹਾਂ ਦੇ ਕਾਰਕੁਨਾਂ ਦੀ ਆਲੋਚਨਾ ਨਾ ਕੀਤੀ ਜਾਵੇ।

ਸੋਨੀਆ ਗਾਂਧੀ ਨੇ ਨਰੇਗਾ, ਖੁਰਾਕ ਸੁਰੱਖਿਆ ਆਦਿ ਨੂੰ ਆਪਣੀ ਪਾਰਟੀ ਦੀ ਪ੍ਰਾਪਤੀ ਦੱਸਿਆ ਅਤੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਗੱਲਾਂ ਨਹੀਂ, ਕੰਮ ਕਰਦੀ ਹੈ। ਇਸ 'ਤੇ ਮੋਦੀ ਨੇ ਮਾਂ-ਪੁੱਤ ਉਤੇ ਵਿਅੰਗ ਕੀਤਾ, "ਮੈਡਮ ਤੁਸੀਂ ਠੀਕ ਕਹਿ ਰਹੇ ਹੋ, ਤੁਸੀਂ ਬਿਨਾਂ ਬੋਲੇ ਸਭ ਕੁਝ ਕਰ ਦਿੰਦੇ ਹੋ। ਜਦੋਂ ਕੋਲਾ ਲੁੱਟਿਆ ਜਾ ਰਿਹਾ ਸੀ ਤਾਂ ਤੁਸੀਂ ਬੋਲੇ? ਨਹੀਂ। ਤੁਸੀਂ 2 ਜੀ ਘੁਟਾਲੇ ਬਾਰੇ ਵੀ ਕੁਝ ਨਹੀਂ ਕਿਹਾ।" ਇਹੀ ਨਹੀਂ, ਕਾਂਗਰਸ ਨੇ ਇਕ ਵਾਰ ਫਿਰ ਆਪਣਾ ਜਾਚਿਆ-ਪਰਖਿਆ ਫਾਰਮੂਲਾ 'ਧਰਮ ਨਿਰਪੱਖਤਾ ਬਨਾਮ ਫਿਰਕਾਪ੍ਰਸਤੀ' ਅਪਣਾਇਆ। ਇਸ ਦਾ ਮੋਦੀ ਨੇ ਇਹ ਕਹਿ ਕੇ ਮਜ਼ਾਕ ਉਡਾਇਆ, "ਧਰਮ ਨਿਰਪੱਖ ਸਿੰਡੀਕੇਟ ਨੂੰ 'ਨਿਰਾਸ਼ਾ ਦਾ ਡੇਂਗੂ' ਹੋ ਗਿਆ ਹੈ" ਜਦੋਂਕਿ ਆਦਰਸ਼ ਜ਼ਾਬਤਾ ਕੋਡ ਵਿਚ ਵਿਵਸਥਾ ਹੈ ਕਿ ਉਮੀਦਵਾਰ ਅਜਿਹਾ ਕੰਮ ਨਹੀਂ ਕਰੇਗਾ ਜਿਹੜਾ ਵੱਖ-ਵੱਖ ਜਾਤਾਂ ਅਤੇ ਧਾਰਮਿਕ ਤੇ ਭਾਸ਼ਾਈ ਫਿਰਕਿਆਂ ਵਿਚਕਾਰ ਮਤਭੇਦ ਵਧਾਵੇ ਜਾਂ ਆਪਸੀ ਨਫਰਤ ਜਾਂ ਤਣਾਅ ਪੈਦਾ ਕਰੇ।

ਸਵਾਲ ਪੈਦਾ ਹੁੰਦਾ ਹੈ ਕਿ ਚੁਫੇਰਿਉਂ ਆ ਰਹੇ ਇਸ ਨਿਘਾਰ 'ਤੇ ਰੋਕ ਲਗਾਉਣ ਦਾ ਕੀ ਕੋਈ ਢੰਗ ਨਹੀਂ ਹੈ? ਸ਼ਾਇਦ ਨਹੀਂ, ਕਿਉਂਕਿ ਚੋਣ ਕਮਿਸ਼ਨ ਸ਼ਕਤੀਹੀਣ ਹੈ। ਇਕ ਅਧਿਕਾਰੀ ਦੇ ਸ਼ਬਦਾਂ ਵਿਚ, "ਆਦਰਸ਼ ਜ਼ਾਬਤਾ ਕੋਡ ਨੂੰ ਕਾਨੂੰਨੀ ਪ੍ਰਵਾਨਗੀ ਪ੍ਰਾਪਤ ਨਹੀਂ ਹੈ। ਉਸ ਦਾ ਉਦੇਸ਼ ਆਜ਼ਾਦ ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਨੈਤਿਕ ਪੁਲਿਸ ਵਜੋਂ ਕੰਮ ਕਰਨ ਦਾ ਹੈ। ਅਸੀਂ ਸਿਰਫ ਪਾਰਟੀ ਦਾ ਚੋਣ ਨਿਸ਼ਾਨ ਜ਼ਬਤ ਕਰ ਸਕਦੇ ਹਾਂ, ਜਾਂ ਕੌਮੀ ਪਾਰਟੀ ਵਜੋਂ ਉਸ ਦੀ ਮਾਨਤਾ ਰੱਦ ਕਰ ਸਕਦੇ ਹਾਂ। ਇਸ ਤੋਂ ਇਲਾਵਾ ਕੁਝ ਨਹੀਂ ਕਰ ਸਕਦੇ।" ਇਸ ਦਾ ਅਰਥ ਇਹ ਹੈ ਕਿ ਆਗੂ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕਰਦੇ ਰਹਿਣਗੇ ਅਤੇ ਫਿਰ ਵੀ ਉਹ ਵਿਧਾਨ ਸਭਾਵਾਂ ਅਤੇ ਲੋਕ ਸਭਾ ਲਈ ਚੁਣੇ ਜਾਂਦੇ ਰਹਿਣਗੇ।

ਅੱਜ ਨੈਤਿਕਤਾ ਦੇ ਮਾਮਲੇ ਵਿਚ ਭਾਰਤ ਚੌਰਾਹੇ 'ਤੇ ਖੜ੍ਹਾ ਹੈ। ਸਮਾਂ ਆ ਗਿਆ ਹੈ ਕਿ ਆਦਰਸ਼ ਚੋਣ ਜ਼ਾਬਤੇ ਨੂੰ ਫਿਰ ਤੋਂ ਤੈਅ ਕੀਤਾ ਜਾਵੇ ਅਤੇ ਇਸ ਨੂੰ ਲਾਗੂ ਕਰਨ ਲਈ ਚੋਣ ਕਮਿਸ਼ਨ ਨੂੰ ਲੋੜੀਂਦੀਆਂ ਕਾਨੂੰਨੀ ਸ਼ਕਤੀਆਂ ਦਿੱਤੀਆਂ ਜਾਣ। ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਚੋਣਾਂ ਗੰਦੇ ਨਾਲੇ ਦੀ ਪੱਧਰ ਤਕ ਨਾ ਪਹੁੰਚਣ ਜਿਹੜੀਆਂ ਹੁਣ ਪਹੁੰਚ ਚੁੱਕੀਆਂ ਹਨ। ਘੱਟੋ-ਘੱਟ ਆਗੂ ਇਸ ਬਾਰੇ ਮੁੜ ਵਿਚਾਰ ਜ਼ਰੂਰ ਕਰਨ। ਚੋਣ ਕਮਿਸ਼ਨ ਨੂੰ ਸ਼ਕਤੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੇ ਮਾਮਲੇ ਵਿਚ ਕਮਿਸ਼ਨ ਨੂੰ ਚੋਣਾਂ ਰੱਦ ਕਰਨ ਦੀਆਂ ਸ਼ਕਤੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਨਾਲ ਹੀ ਆਗੂਆਂ ਅਤੇ ਪਾਰਟੀਆਂ ਨੂੰ ਫਿਰਕਾਪ੍ਰਸਤੀ ਅਤੇ ਜਾਤੀਵਾਦ ਦਾ ਵਾਧੂ ਭਾਰ ਲਾਹੁਣਾ ਪਵੇਗਾ ਜਿਸ ਨੂੰ ਸਾਡੀ ਵੰਡੀ ਹੋਈ ਸਿਆਸਤ ਨੇ ਹੋਰ ਵਧਾ ਦਿੱਤਾ ਹੈ। ਅੱਜ ਹਰ ਕੋਈ ਫਿਰਕਿਆਂ ਵਿਚ ਸੁਹਿਰਦਤਾ ਦੀ ਆਪਣੀ ਥਾਲੀ ਪਰੋਸ ਰਿਹਾ ਹੈ ਜਿਸ ਵਿਚ ਦੇਸ਼ ਝੱਖੜ ਵਿਚ ਫਸਦਾ ਜਾ ਰਿਹਾ ਹੈ ਅਤੇ ਕੋਈ ਵੀ ਇਸ ਗੱਲ 'ਤੇ ਵਿਚਾਰ ਨਹੀਂ ਕਰ ਰਿਹਾ ਕਿ ਜੇ ਇਹ ਜਾਰੀ ਰਿਹਾ ਤਾਂ ਭਾਰਤ ਦੀਆਂ ਨਦੀਆਂ ਦਾ ਰੰਗ ਵੰਡ ਦੇ ਸਮੇਂ ਵਾਂਗ ਖੂਨ ਦੇ ਰੰਗ ਵਾਲਾ ਹੋ ਜਾਵੇਗਾ।

ਹੁਣ ਲੋਕਾਂ ਨੂੰ ਮੋਟੀ ਚਮੜੀ ਵਾਲੇ ਇਨ੍ਹਾਂ ਆਗੂਆਂ ਦੀਆਂ ਗੱਲਾਂ ਵਿਚ ਆ ਕੇ ਬੇਵਕੂਫ ਨਹੀਂ ਬਣਨਾ ਚਾਹੀਦਾ ਕਿਉਂਕਿ ਅਸੀਂ ਜਾਣਦੇ ਹਾਂ ਕਿ ਇਹ ਸਿਆਸੀ ਆਗੂ ਆਪਣੀ ਮਰਜ਼ੀ ਅਤੇ ਫਾਇਦੇ ਲਈ ਪਾਰਟੀਆਂ ਬਦਲ ਕੇ ਨੀਵੀਂ ਨੈਤਿਕਤਾ ਅਤੇ ਉੱਚੇ ਲਾਲਚ ਦੀ ਕਲਾ ਦੇ ਮਾਹਿਰ ਹਨ ਜਿਸ ਕਾਰਨ ਦੇਸ਼ ਵਿਚ ਫਿਰਕਾਪ੍ਰਸਤੀ ਖਤਰਨਾਕ ਪੱਧਰ 'ਤੇ ਪਹੁੰਚ ਰਹੀ ਹੈ ਪਰ ਪਾਰਟੀਆਂ ਅਤੇ ਉਨ੍ਹਾਂ ਦੇ ਆਗੂ ਦਿਖਾਵੇ ਵਜੋਂ ਧਰਮ ਨਿਰਪੱਖ ਹਨ। ਇਨ੍ਹਾਂ ਆਗੂਆਂ ਨੂੰ ਪੁਰਾਣੀ ਕਹਾਵਤ ਚੇਤੇ ਰੱਖਣੀ ਪਵੇਗੀ, "ਜੇ ਤੁਸੀਂ ਕਿਸੇ ਵੱਲ ਇਕ ਉਂਗਲੀ ਚੁੱਕਦੇ ਹੋ ਤਾਂ ਤੁਹਾਡੇ ਵੱਲ ਚਾਰ ਉਂਗਲੀਆਂ ਉੱਠਣਗੀਆਂ।" ਸਮਾਂ ਆ ਗਿਆ ਹੈ ਕਿ ਇਹ ਆਗੂ ਇਸ ਸਵਾਲ 'ਤੇ ਵਿਚਾਰ ਕਰਨ: ਕੀ ਉਨ੍ਹਾਂ ਨੂੰ ਅਪਸ਼ਬਦ ਅਤੇ ਅਨੈਤਿਕਤਾ ਪਿਆਰੀ ਹੈ? ਕੀ ਅਪਸ਼ਬਦ ਅਤੇ ਅਨੈਤਿਕਤਾ ਹੀ ਭਾਰਤੀ ਜਮੂਹਰੀਅਤ ਦਾ ਆਧਾਰ ਬਣਨਗੇ?

ਭਾਰਤ ਦੇ ਲੋਕ ਕਦੋਂ ਤਕ ਇਹ ਸਨਸਨੀਖੇਜ਼ ਅਪਸ਼ਬਦ ਸੁਣਦੇ ਰਹਿਣਗੇ? ਕੀ ਕੋਈ ਦੇਸ਼, ਸ਼ਰਮ ਦੀ ਭਾਵਨਾ ਅਤੇ ਨੈਤਿਕਤਾ ਤੋਂ ਬਿਨਾਂ ਰਹਿ ਸਕਦਾ ਹੈ ਅਤੇ ਜੇ ਹਾਂ ਤਾਂ ਕਦੋਂ ਤਕ?

# ਵੀ.ਆਈ.ਪੀ., ਹਾਸ਼ੀਆਗ੍ਰਸਤ ਆਵਾਮ ਅਤੇ ਨਿਆਂ ਪ੍ਰਬੰਧ

***ਕੋਡਨਾਨੀ ਦੇ ਵਕੀਲ ਨੇ ਉੱਚ ਅਦਾਲਤ ਨੂੰ ਦਰਖ਼ਾਸਤ ਦੇ ਕੇ ਮੰਗ ਕੀਤੀ ਕਿ, ਕਿਉਂਕਿ ਉਸ ਦੀ ਮੁਵੱਕਿਲ ਅੰਤੜੀਆਂ ਦੀ ਤਪਦਿਕ, ਦਿਲ ਦੇ ਰੋਗਾਂ ਅਤੇ ਉਦਾਸੀ ਰੋਗ ਤੋਂ ਪੀੜਤ ਹੈ, ਲਿਹਾਜ਼ਾ ਉਸ ਨੂੰ ਛੇ ਮਹੀਨੇ ਜ਼ਮਾਨਤ 'ਤੇ ਭੇਜਿਆ ਜਾਵੇ। ਹਾਲਾਂਕਿ ਅਜਿਹੇ 'ਖ਼ਾਸ ਪ੍ਰਾਹੁਣੇ' ਕੈਦੀਆਂ ਨੂੰ ਜੇਲ੍ਹ ਵਿਚ ਵੀ ਡੀਲਕਸ ਇਲਾਜ ਦੀ ਕੋਈ ਕਮੀ ਨਹੀਂ ਹੁੰਦੀ, ਫਿਰ ਵੀ ਜੱਜਾਂ ਵਲੋਂ ਇਸ ਆਧਾਰ 'ਤੇ ਉਸ ਨੂੰ ਤਿੰਨ ਮਹੀਨੇ ਦੀ ਛੁੱਟੀ ਦੇ ਦਿੱਤੀ ਗਈ। ਜ਼ਰਾ ਇਸ ਕੇਸ ਦਾ ਮੁਕਾਬਲਾ ਇਕ ਹੋਰ ਡਾਕਟਰ ਬਿਨਾਇਕ ਸੇਨ ਦੇ ਕੇਸ ਨਾਲ ਕਰੋ ਜਿਸ ਉੱਪਰ ਇਲਜ਼ਾਮ ਸੀ ਕਿ ਉਹ ਮਾਓਵਾਦੀ ਪਾਰਟੀ ਅਤੇ ਰਾਏਪੁਰ ਜੇਲ੍ਹ ਵਿਚ ਬੰਦ ਇਕ ਮਾਓਵਾਦੀ ਆਗੂ ਦਰਮਿਆਨ ਹਰਕਾਰੇ ਦਾ ਕੰਮ ਕਰਦਾ ਹੈ। ਕੁਲ ਆਲਮ ਵਿਚ ਉਸ ਦੇ ਹੱਕ ਵਿਚ ਮੁਹਿੰਮ ਚੱਲੀ। ਦੁਨੀਆਂ ਦੀਆਂ ਮਸ਼ਹੂਰ ਹਸਤੀਆਂ ਨੇ ਉਸ ਨੂੰ ਰਿਹਾਅ ਕਰਨ ਦੀ ਅਪੀਲ ਉੱਪਰ ਦਸਤਖ਼ਤ ਕੀਤੇ। ਇੰਨੀ ਵੱਡੀ ਮੁਹਿੰਮ ਅਤੇ ਸੇਨ ਦੇ ਪੂਰੀ ਤਰ੍ਹਾਂ ਬੇਗੁਨਾਹ ਹੋਣ ਦੇ ਬਾਵਜੂਦ ਉਸ ਨੂੰ ਜੇਲ੍ਹ ਵਿਚ ਸੜਨਾ ਪਿਆ ਅਤੇ ਤਿੰਨ ਵਰ੍ਹੇ ਪਿੱਛੋਂ ਸੁਪਰੀਮ ਕੋਰਟ ਨੇ ਉਸ ਦੀ ਜ਼ਮਾਨਤ ਦੀ ਦਰਖ਼ਾਸਤ ਮਨਜ਼ੂਰ ਕੀਤੀ।***

ਹਾਲ ਹੀ ਵਿਚ ਭਾਰਤੀ ਨਿਆਂ ਪ੍ਰਬੰਧ ਵਲੋਂ ਦਿੱਤੀਆਂ ਦੋ ਜ਼ਮਾਨਤਾਂ ਦੂਹਰੇ ਅਦਾਲਤੀ ਮਿਆਰਾਂ ਦੀ ਇਕ ਹੋਰ ਕਹਾਣੀ ਕਹਿ ਗਈਆਂ। ਮਾਇਆ ਕੋਡਨਾਨੀ ਨੂੰ ਗੁਜਰਾਤ ਹਾਈ ਕੋਰਟ ਵਲੋਂ ਮੈਡੀਕਲ ਆਧਾਰ 'ਤੇ ਤਿੰਨ ਮਹੀਨੇ ਲਈ ਜ਼ਮਾਨਤ ਦੇ ਦਿੱਤੀ ਗਈ। ਦੂਜੇ ਪਾਸੇ, 12 ਨਵੰਬਰ ਨੂੰ ਆਦਿਵਾਸੀ ਕਾਰਕੁਨ ਸੋਨੀ ਸੋਰੀ ਅਤੇ ਉਸ ਦੇ ਭਤੀਜੇ ਲਿੰਗਾਰਾਮ ਕੋਡੱਪੀ ਨੂੰ ਦੋ ਸਾਲ ਦੀ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਮਹਿਜ਼ 15 ਦਿਨ ਦੀ ਅੰਤ੍ਰਿਮ ਜ਼ਮਾਨਤ ਹੀ ਦਿੱਤੀ ਗਈ।

ਗੁਜਰਾਤ ਤੋਂ ਭਾਜਪਾ ਆਗੂ ਮਾਇਆ ਕੋਡਨਾਨੀ ਪੇਸ਼ੇ ਵਜੋਂ ਡਾਕਟਰ ਹੈ ਜੋ ਨਰੇਂਦਰ

**ਬੂਟਾ ਸਿੰਘ**
ਫੋਨ: 91-94634-74342

ਮੋਦੀ ਦੀ ਖ਼ਾਸ ਚਹੇਤੀ ਰਹੀ ਹੈ। ਉਹ ਤਿੰਨ ਵਾਰ ਵਿਧਾਇਕਾ ਚੁਣੀ ਗਈ। ਉਸ ਨੂੰ ਸਪੈਸ਼ਲ ਅਦਾਲਤ ਵਲੋਂ ਅਗਸਤ 2012 ਵਿਚ ਦੋਸ਼ੀ ਠਹਿਰਾਇਆ ਗਿਆ ਸੀ ਅਤੇ 28 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਮੁਸਲਮਾਨਾਂ ਦੇ ਖ਼ੂਨ ਦੀ ਤਿਹਾਈ ਮਾਇਆ 2002 ਵਿਚ ਗੁਜਰਾਤ ਵਿਚ ਮੁਸਲਮਾਨਾਂ ਦੇ ਘਾਣ ਦੀ ਸਿੱਧੀ ਅਗਵਾਈ ਕਰਨ ਵਾਲਿਆਂ ਵਿਚੋਂ ਹੈ। ਤਿੰਨ ਦਿਨ ਜਾਰੀ ਰਹੇ ਕਤਲੇਆਮ ਵਿਚ ਇਕ ਹਜ਼ਾਰ ਤੋਂ ਵੱਧ ਮੁਸਲਮਾਨਾਂ ਨੂੰ ਸ਼ਰੇਆਮ ਘਰਾਂ, ਸੜਕਾਂ, ਮੁਹੱਲਿਆਂ ਵਿਚ ਵੱਢ-ਵੱਢ ਕੇ ਜਾਂ ਜਿਉਂਦੇ ਸਾੜ ਕੇ ਕਤਲ ਕੀਤਾ ਗਿਆ ਸੀ।

ਮਾਇਆ ਨੇ ਨਰੋਦਿਆ ਪਾਟਿਆ ਵਿਚ ਉਸ ਦਿਲ-ਕੰਬਾਊ ਕਤਲੇਆਮ ਨੂੰ ਅੰਜਾਮ ਦਿੱਤਾ ਜੋ ਇਸ ਕਤਲੋਗ਼ਾਰਤ ਦੌਰਾਨ ਕੀਤਾ ਗਿਆ ਸਭ ਤੋਂ ਵੱਡਾ ਕਤਲ ਕਾਂਡ ਸੀ। 95 ਮੁਸਲਮਾਨਾਂ (30 ਮਰਦ, 32 ਔਰਤ ਅਤੇ 33 ਬੱਚੇ) ਨੂੰ ਇਕੋ ਹੱਲੇ ਕਤਲ ਕਰ ਦਿੱਤਾ ਗਿਆ ਸੀ। ਮਾਇਆ ਨਾ ਸਿਰਫ਼ 15000 ਦੇ ਕਰੀਬ ਹਜੂਮ ਨੂੰ ਅੱਗੇ ਹੋ ਕੇ ਤਲਵਾਰਾਂ ਵੰਡਦੀ ਰਹੀ ਅਤੇ ਮੁਸਲਿਮ ਮੁਹੱਲਿਆਂ ਉੱਪਰ ਕਹਿਰ ਵਰਸਾਉਣ ਲਈ ਲਲਕਾਰਦੀ ਰਹੀ ਸਗੋਂ ਲਹੂ ਦੇ ਤਿਹਾਏ ਹਜੂਮ ਦੀ ਅਗਵਾਈ ਕਰਦਿਆਂ ਸ਼ਰੇਆਮ ਪਿਸਤੌਲ ਦੇ ਫਾਇਰ ਕਰ ਕੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰਦੀ ਰਹੀ।

ਘੱਟ-ਗਿਣਤੀ ਮੁਸਲਮਾਨ ਭਾਈਚਾਰੇ ਉਪਰ ਪਾਈ ਵਿਆਪਕ ਦਹਿਸ਼ਤ ਅਤੇ ਅੰਨ੍ਹੀ ਫਿਰਕੂ ਜ਼ਹਿਰ ਨੂੰ ਪੌੜੀ ਬਣਾ ਕੇ ਸੱਤਾਧਾਰੀ ਹੋਈ ਮੋਦੀ ਹਕੂਮਤ ਨੇ ਪੰਜ ਵਰ੍ਹੇ ਮਨਮਾਨੀਆਂ ਕੀਤੀਆਂ। ਕਤਲੋਗ਼ਾਰਤ ਦੇ ਸਬੂਤ ਮਿਟਾਉਣ ਅਤੇ ਪੀੜਤ ਮੁਸਲਿਮ ਅਵਾਮ, ਚਸ਼ਮਦੀਦ ਗਵਾਹਾਂ ਅਤੇ ਪੈਰਵਾਈ ਕਰ ਰਹੀਆਂ ਇਨਸਾਫ਼ਪਸੰਦ ਸੰਸਥਾਵਾਂ ਤੇ ਸ਼ਖਸੀਅਤਾਂ ਨੂੰ ਡਰਾ-ਧਮਕਾ ਕੇ ਖ਼ਾਮੋਸ਼ ਕਰਨ ਲਈ ਸਰਕਾਰੀ ਮਸ਼ੀਨਰੀ ਦਾ ਖੁੱਲ੍ਹ ਕੇ ਇਸਤੇਮਾਲ ਕੀਤਾ ਗਿਆ। ਮੋਦੀ ਦਾ ਆਸ਼ੀਰਵਾਦ ਪ੍ਰਾਪਤ ਇਹ ਕਾਤਲ ਸ਼ਰੇਆਮ ਦਨ-ਦਨਾਉਂਦੇ ਘੁੰਮਦੇ ਰਹੇ। 2007 ਵਿਚ ਮਾਇਆ ਕੋਡਨਾਨੀ ਨੂੰ ਮੋਦੀ ਹਕੂਮਤ ਵਿਚ ਔਰਤਾਂ ਅਤੇ ਬਾਲ ਵਿਕਾਸ ਮੰਤਰੀ ਬਣਾ ਕੇ ਉਸ ਦੇ ਕੀਤੇ ਦਾ ਸਿਲਾ ਤਾਰਿਆ ਗਿਆ। ਇਨਸਾਫ਼ਪਸੰਦ ਤਾਕਤਾਂ ਦੀ ਜ਼ੋਰਦਾਰ ਪੈਰਵਾਈ ਦੇ ਦਬਾਅ ਕਾਰਨ ਸੁਪਰੀਮ ਕੋਰਟ ਨੂੰ ਵਿਸ਼ੇਸ਼ ਤਫ਼ਤੀਸ਼ੀ ਟੀਮ (ਐਸ.ਆਈ.ਟੀ.) ਬਣਾਉਣੀ ਪਈ ਜਿਸ ਨੇ ਸਾਰੇ ਮਾਮਲੇ ਦੀ ਛਾਣਬੀਣ ਕਰ ਕੇ ਮਾਇਆ ਅਤੇ ਬਾਬੂ ਬਜਰੰਗੀ ਵਰਗਿਆਂ ਨੂੰ ਇਸ ਕੇਸ 'ਚ ਨਾਮਜ਼ਦ ਕਰ ਲਿਆ। ਟੀਮ ਵਲੋਂ 'ਭਗੌੜੀ' ਐਲਾਨੇ ਜਾਣ 'ਤੇ ਉਹ 'ਰੂਪੋਸ਼' ਹੋ ਗਈ ਅਤੇ ਉਦੋਂ ਬਾਹਰ ਆਈ ਜਦੋਂ ਸਥਾਨਕ ਅਦਾਲਤ ਨੇ ਉਸ ਨੂੰ ਜ਼ਮਾਨਤ ਦੇ ਦਿੱਤੀ। ਉਦੋਂ ਮਾਰਚ 2009 ਵਿਚ ਉਹ ਅਸਤੀਫ਼ਾ ਦੇਣ ਲਈ ਮਜਬੂਰ ਹੋਈ ਅਤੇ ਆਖ਼ਿਰਕਾਰ ਮੁਜਰਮ ਠਹਿਰਾਈ ਗਈ।

ਮੋਦੀ ਹਕੂਮਤ ਨੇ ਇਹ ਕਹਿ ਕੇ ਮਾਇਆ ਨਾਲੋਂ ਫ਼ਾਸਲਾ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਕਿਹੜਾ 2002 ਵਿਚ ਉਨ੍ਹਾਂ ਦੀ ਵਜ਼ਾਰਤ ਵਿਚ ਮੰਤਰੀ ਸੀ। ਇਸ ਮਾਮਲੇ ਦਾ ਦਿਲਚਸਪ ਪਹਿਲੂ ਇਹ ਵੀ ਰਿਹਾ ਕਿ ਜਦੋਂ ਜੱਗ ਜ਼ਾਹਰ ਤੱਥਾਂ, ਜਾਂਚ ਰਿਪੋਰਟਾਂ ਰਾਹੀਂ ਸਾਹਮਣੇ ਆਈ ਸਚਾਈ ਕਾਰਨ ਇਸ ਕਤਲੇਆਮ ਨੂੰ ਦਬਾਉਣਾ ਅਸੰਭਵ ਹੋ ਗਿਆ ਤਾਂ ਮੋਦੀ ਹਕੂਮਤ ਨੇ ਨਵੀਂ ਚਾਲ ਖੇਡੀ। ਇਸ ਸਾਲ 14 ਅਪਰੈਲ ਨੂੰ ਇਸ ਨੇ ਆਪਣੇ ਕਾਨੂੰਨ ਮਹਿਕਮੇ ਨੂੰ ਹਦਾਇਤ ਕੀਤੀ ਕਿ ਇਸ ਕੇਸ ਦੀ ਪੈਰਵਾਈ ਕਰ ਰਹੀ ਵਿਸ਼ੇਸ਼ ਤਫ਼ਤੀਸ਼ੀ ਟੀਮ ਨੂੰ ਗੁਜਰਾਤ ਹਾਈ ਕੋਰਟ ਵਿਚ ਅਪੀਲ ਦਾਇਰ ਕਰਨ ਲਈ ਕਿਹਾ ਜਾਵੇ ਜਿਸ ਵਿਚ ਨਰੋਦਿਆ ਪਾਟਿਆ ਕਤਲੋਗ਼ਾਰਤ ਵਿਚ ਸਿੱਧੇ ਤੌਰ 'ਤੇ ਸ਼ਾਮਲ ਮਾਇਆ ਕੋਡਨਾਨੀ ਅਤੇ ਬਾਬੂ ਬਜਰੰਗੀ ਨੂੰ ਸੁਣਾਈ ਕ੍ਰਮਵਾਰ 28 ਸਾਲ ਅਤੇ ਪੂਰੀ ਜ਼ਿੰਦਗੀ ਕੈਦ ਦੀ ਸਜ਼ਾ ਨੂੰ ਮੌਤ ਦੀ ਸਜ਼ਾ ਵਿਚ ਬਦਲਣ ਦੀ ਸਿਫ਼ਾਰਸ਼ ਕੀਤੀ ਜਾਵੇ। ਇਹ ਲੋਕ ਸਭਾ ਚੋਣਾਂ (2014) ਦੇ ਮੱਦੇਨਜ਼ਰ ਨਵਾਂ ਸਿਆਸੀ ਸਟੰਟ ਸੀ ਜਿਸ ਦਾ ਮਕਸਦ ਇਹ ਸਾਬਤ ਕਰਨਾ ਸੀ ਕਿ ਮੋਦੀ ਮੰਡਲੀ ਨੂੰ ਤਾਂ ਐਵੇਂ ਬਦਨਾਮ ਕੀਤਾ ਜਾ ਰਿਹਾ, ਉਹ ਤਾਂ ਖ਼ੁਦ ਇਸ ਕਤਲੋਗ਼ਾਰਤ ਲਈ ਮੁੱਖ ਜ਼ਿੰਮੇਵਾਰ ਅਨਸਰਾਂ ਨੂੰ ਮੌਤ ਦੀ ਸਜ਼ਾ ਦਿਵਾਉਣ ਲਈ ਯਤਨ ਜੁਟਾ ਰਹੇ ਹਨ ਪਰ ਉਨ੍ਹਾਂ ਦੀ ਇਹ ਚਾਲ ਪੁੱਠੀ ਪੈ ਗਈ।


ਸੋਨੀ ਸੋਰੀ


ਮਾਇਆ ਕੋਡਨਾਨੀ

ਸੰਘ ਪਰਿਵਾਰ ਨੇ ਇਸ ਦਾ ਗੰਭੀਰ ਨੋਟਿਸ ਲੈਂਦਿਆਂ ਇਸ ਨੂੰ ਵਾਪਸ ਲੈਣ ਲਈ ਦਬਾਅ ਪਾਇਆ। ਨਤੀਜਨ, ਇਕ ਮਹੀਨੇ ਵਿਚ ਹੀ ਸੰਘ ਦੀ ਘੁਰਕੀ ਅੱਗੇ ਲਿਫਦਿਆਂ ਮੋਦੀ ਹਕੂਮਤ ਨੇ ਪਲਟੀ ਮਾਰ ਕੇ ਆਪਣੇ ਕਾਨੂੰਨ ਵਿੰਗ ਨੂੰ ਇਸ ਸਿਫ਼ਾਰਸ਼ ਨੂੰ ਵਾਪਸ ਲੈਣ ਦਾ ਫ਼ਰਮਾਨ ਸੁਣਾ ਦਿੱਤਾ। ਸਾਰਾ ਜ਼ੋਰ ਫਿਰ ਆਪਣੀ ਚਹੇਤੀ ਨੂੰ ਜੇਲ੍ਹ ਤੋਂ ਬਾਹਰ ਲਿਆਉਣ ਦੀ ਪੈਰਵਾਈ 'ਤੇ ਕੇਂਦਰਤ ਕਰ ਦਿੱਤਾ ਗਿਆ।

ਕੋਡਨਾਨੀ ਦੇ ਵਕੀਲ ਨੇ ਉੱਚ ਅਦਾਲਤ ਨੂੰ ਦਰਖ਼ਾਸਤ ਦੇ ਕੇ ਮੰਗ ਕੀਤੀ ਕਿ, ਕਿਉਂਕਿ ਉਸ ਦੀ ਮੁਵੱਕਿਲ ਅੰਤੜੀਆਂ ਦੀ ਤਪਦਿਕ, ਦਿਲ ਦੇ ਰੋਗਾਂ ਅਤੇ ਉਦਾਸੀ ਰੋਗ ਤੋਂ ਪੀੜਤ ਹੈ, ਲਿਹਾਜ਼ਾ ਉਸ ਨੂੰ ਛੇ ਮਹੀਨੇ ਜ਼ਮਾਨਤ 'ਤੇ ਭੇਜਿਆ ਜਾਵੇ। ਹਾਲਾਂਕਿ ਅਜਿਹੇ 'ਖ਼ਾਸ ਪ੍ਰਾਹੁਣੇ' ਕੈਦੀਆਂ ਨੂੰ ਜੇਲ੍ਹ ਵਿਚ ਵੀ ਡੀਲਕਸ ਇਲਾਜ ਦੀ ਕੋਈ ਕਮੀ ਨਹੀਂ ਹੁੰਦੀ, ਫਿਰ ਵੀ ਜੱਜਾਂ ਵਲੋਂ ਇਸ ਆਧਾਰ 'ਤੇ ਉਸ ਨੂੰ ਤਿੰਨ ਮਹੀਨੇ ਦੀ ਛੁੱਟੀ ਦੇ ਦਿੱਤੀ ਗਈ। ਜ਼ਰਾ ਇਸ ਕੇਸ ਦਾ ਮੁਕਾਬਲਾ ਇਕ ਹੋਰ ਡਾਕਟਰ ਬਿਨਾਇਕ ਸੇਨ ਦੇ ਕੇਸ ਨਾਲ ਕਰੋ ਜਿਸ ਉੱਪਰ ਇਲਜ਼ਾਮ ਸੀ ਕਿ ਉਹ ਮਾਓਵਾਦੀ ਪਾਰਟੀ ਅਤੇ ਰਾਏਪੁਰ ਜੇਲ੍ਹ ਵਿਚ ਬੰਦ ਇਕ ਮਾਓਵਾਦੀ ਆਗੂ ਦਰਮਿਆਨ ਹਰਕਾਰੇ ਦਾ ਕੰਮ ਕਰਦਾ ਹੈ। ਕੁਲ ਆਲਮ ਵਿਚ ਉਸ ਦੇ ਹੱਕ ਵਿਚ ਮੁਹਿੰਮ ਚੱਲੀ। ਦੁਨੀਆਂ ਦੀਆਂ ਮਸ਼ਹੂਰ ਹਸਤੀਆਂ ਨੇ ਉਸ ਨੂੰ ਰਿਹਾਅ ਕਰਨ ਦੀ ਅਪੀਲ ਉੱਪਰ ਦਸਤਖ਼ਤ ਕੀਤੇ। ਇੰਨੀ ਵੱਡੀ ਮੁਹਿੰਮ ਅਤੇ ਸੇਨ ਦੇ ਪੂਰੀ ਤਰ੍ਹਾਂ ਬੇਗੁਨਾਹ ਹੋਣ ਦੇ ਬਾਵਜੂਦ ਉਸ ਨੂੰ ਜੇਲ੍ਹ ਵਿਚ ਸੜਨਾ ਪਿਆ ਅਤੇ ਤਿੰਨ ਵਰ੍ਹੇ ਪਿੱਛੋਂ ਸੁਪਰੀਮ ਕੋਰਟ ਨੇ ਉਸ ਦੀ ਜ਼ਮਾਨਤ ਦੀ ਦਰਖ਼ਾਸਤ ਮਨਜ਼ੂਰ ਕੀਤੀ।

ਹੁਣ ਆਦਿਵਾਸੀ ਅਧਿਆਪਕਾ ਸੋਨੀ ਸੋਰੀ ਅਤੇ ਉਸ ਦੇ ਪੱਤਰਕਾਰ ਭਤੀਜੇ ਲਿੰਗਾਰਾਮ ਕੋਡੱਪੀ ਦਾ ਕੇਸ ਹੀ ਲੈ ਲਓ। ਇਨ੍ਹਾਂ ਦੋਹਾਂ ਉੱਪਰ ਇਲਜ਼ਾਮ ਹੈ ਕਿ ਇਹ ਕਾਰਪੋਰੇਟ ਕੰਪਨੀ ਐਸਆਰ ਦੇ ਮੈਨੇਜਰ ਬੀ.ਕੇ. ਲਾਲਾ ਅਤੇ ਮਾਓਵਾਦੀਆਂ ਦਰਮਿਆਨ ਪੈਸੇ ਦਾ ਲੈਣ-ਦੇਣ ਕਰਵਾਉਣ ਵਾਲੇ ਵਿਚੋਲੇ ਸਨ। ਪੁਲਿਸ ਨੂੰ ਉਦੋਂ ਕਿਸੇ ਖ਼ਾਸ ਮਕਸਦ ਤਹਿਤ ਇਹ ਕਹਾਣੀ ਘੜਨ ਤੇ ਪ੍ਰਚਾਰਨ ਦੀ ਜ਼ਰੂਰਤ ਸੀ ਕਿ ਛੱਤੀਸਗੜ੍ਹ ਵਿਚ ਕੰਮ ਕਰ ਰਹੀ ਐਸਆਰ ਕੰਪਨੀ ਮਾਓਵਾਦੀ ਪਾਰਟੀ ਨੂੰ 'ਫੰਡ' ਦਿੰਦੀ ਹੈ। 9 ਸਤੰਬਰ 2011 ਨੂੰ ਛੱਤੀਸਗੜ੍ਹ ਪੁਲਿਸ ਨੇ ਇਹ ਖ਼ਬਰ ਨਸ਼ਰ ਕੀਤੀ ਕਿ ਕੰਪਨੀ ਦੇ ਮੈਨੇਜਰ ਬੀ.ਕੇ. ਲਾਲਾ ਅਤੇ ਮਾਓਵਾਦੀ ਨੁਮਾਇੰਦੇ ਲਿੰਗਾਰਾਮ ਕੋਡੱਪੀ ਨੂੰ ਫਿਰੌਤੀ ਦੇ ਪੰਦਰਾਂ ਲੱਖ ਰੁਪਏ ਸਮੇਤ ਰੰਗੇ ਹੱਥੀਂ ਦਾਂਤੇਵਾੜਾ ਦੇ ਬਜ਼ਾਰ ਵਿਚੋਂ ਫੜ ਲਿਆ ਗਿਆ ਜਦਕਿ ਸੋਨੀ ਸੋਰੀ ਪੁਲਿਸ ਨੂੰ ਚਕਮਾ ਦੇ ਕੇ ਉਥੋਂ ਫਰਾਰ ਹੋ ਗਈ।

ਦਰਅਸਲ, ਲਿੰਗਾਰਾਮ ਨੂੰ ਉਸ ਦੇ ਘਰੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਸੋਨੀ ਸੋਰੀ ਉੱਪਰ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਵਲੋਂ ਦਬਾਅ ਪਾਇਆ ਗਿਆ ਸੀ ਕਿ ਲਿੰਗਾਰਾਮ ਇਹ ਬਿਆਨ ਦੇ ਦੇਵੇ ਕਿ ਉਹ ਇਨ੍ਹਾਂ ਦੋਵਾਂ ਧਿਰਾਂ ਦਰਮਿਆਨ ਪੈਸੇ ਦੇ ਲੈਣ-ਦੇਣ ਦਾ ਗਵਾਹ ਹੈ। ਜਦੋਂ ਸੋਨੀ ਸੋਰੀ ਨਾ ਮੰਨੀ ਤਾਂ ਉਪਰੋਕਤ ਖ਼ਬਰ ਜਾਰੀ ਕਰ ਕੇ ਸੋਨੀ ਸੋਰੀ ਨੂੰ ਪੁਲਿਸ ਨੂੰ 'ਲੋੜੀਂਦੀ' ਮੁਜਰਮ ਕਰਾਰ ਦੇ ਦਿੱਤਾ ਗਿਆ। ਉਹ ਗ੍ਰਿਫ਼ਤਾਰੀ ਤੋਂ ਬਚ ਕੇ ਅਤੇ ਆਪਣੇ ਤਿੰਨ ਬੱਚਿਆਂ ਨੂੰ ਬੇਸਹਾਰਾ ਛੱਡ ਕੇ ਲਿੰਗਾਰਾਮ ਦੇ ਕੇਸ ਦੀ ਪੈਰਵਾਈ ਲਈ ਦਿੱਲੀ ਆ ਗਈ ਜਿਥੇ ਦਿੱਲੀ ਪੁਲਿਸ ਦੀ ਅਪਰਾਧ ਸ਼ਾਖ਼ਾ ਨੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਛੱਤੀਸਗੜ੍ਹ ਪੁਲਿਸ ਦੇ ਹਵਾਲੇ ਕਰ ਦਿੱਤਾ। ਮੀਡੀਆ ਅਤੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਦੀ ਚੌਕਸੀ ਕਾਰਨ ਉਸ ਨੂੰ ਅਗਵਾ ਕਰ ਕੇ ਚੁੱਪ-ਚੁਪੀਤੇ ਛੱਤੀਸਗੜ੍ਹ ਲਿਜਾਣਾ ਸੰਭਵ ਨਾ ਹੋਇਆ ਅਤੇ ਅਦਾਲਤ ਵਿਚ ਪੇਸ਼ ਕਰਨਾ ਪਿਆ।

ਸੋਨੀ ਸੋਰੀ ਨੇ ਅਦਾਲਤ ਕੋਲ ਬਥੇਰੇ ਵਾਸਤੇ ਪਾਏ ਕਿ ਉਸ ਨੂੰ ਛੱਤੀਸਗੜ੍ਹ ਪੁਲਿਸ ਦੇ ਹਵਾਲੇ ਨਾ ਕੀਤਾ ਜਾਵੇ। ਉਸ ਨੂੰ ਦਿੱਲੀ ਵਿਚ ਹੀ ਹਿਰਾਸਤ ਵਿਚ ਹੀ ਰੱਖ ਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਜੱਜਾਂ ਉੱਪਰ ਉਸ ਦੀਆਂ ਅਰਜ਼ੋਈਆਂ ਦਾ ਕੋਈ ਅਸਰ ਨਾ ਹੋਇਆ। ਹੁਣ ਛੱਤੀਸਗੜ੍ਹ ਪੁਲਿਸ ਮਨਮਾਨੀਆਂ ਕਰਨ ਲਈ ਆਜ਼ਾਦ ਸੀ। ਦਾਂਤੇਵਾੜਾ ਲਿਜਾ ਕੇ ਉਸ ਨੂੰ ਪੁਲਿਸ ਹਿਰਾਸਤ ਵਿਚ ਨਿਰਵਸਤਰ ਕਰ ਕੇ ਨਾ ਸਿਰਫ਼ ਬੇਪੱਤ ਕੀਤਾ ਗਿਆ ਸਗੋਂ ਤਸੀਹੇ ਦਿੱਤੇ ਗਏ। ਪੁਲਿਸ ਸੁਪਰਡੈਂਟ ਅੰਕਿਤ ਗਰਗ ਵਲੋਂ ਉਸ ਦੇ ਗੁਪਤ ਅੰਗਾਂ ਵਿਚ ਪੱਥਰ ਤੁੰਨ ਦਿੱਤੇ ਗਏ। (ਇਸੇ ਅੰਕਿਤ ਗਰਗ ਨੂੰ ਉਸੇ ਸਾਲ ਗਣਤੰਤਰ ਦਿਵਸ ਉੱਪਰ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਵਲੋਂ ਪੁਲਿਸ ਬਹਾਦਰੀ ਦੇ ਖ਼ਾਸ ਸਨਮਾਨ ਨਾਲ ਸਨਮਾਨਿਆ ਗਿਆ ਸੀ।) ਹਾਹਾਕਾਰ ਮਚਣ 'ਤੇ ਉਸ ਨੂੰ ਅਦਾਲਤੀ ਹਦਾਇਤ ਉੱਪਰ ਇਲਾਜ ਲਈ ਕਲਕੱਤੇ ਭੇਜਿਆ ਗਿਆ। ਜਿਥੇ ਕਲਕੱਤਾ ਮੈਡੀਕਲ ਕਾਲਜ ਦੇ ਡਾਕਟਰਾਂ ਵਲੋਂ ਉਸ ਦਾ ਮੁਆਇਨਾ ਕਰ ਕੇ ਉਸ ਦੇ ਅੰਦਰੋਂ ਪੱਥਰ ਕੱਢੇ ਗਏ ਜੋ ਅਦਾਲਤ ਵਿਚ ਵੀ ਪੇਸ਼ ਕੀਤੇ ਗਏ ਪਰ ਜੱਜਾਂ ਨੇ ਉਸ ਦੀ ਇਕ ਨਾ ਸੁਣੀ। ਉਸ ਨੂੰ ਛੱਤੀਸਗੜ੍ਹ ਵਿਚ ਨਾ ਸਿਰਫ਼ ਦੋ ਸਾਲ ਤੋਂ ਉੱਪਰ ਜੇਲ੍ਹ ਵਿਚ ਸਾੜਿਆ ਗਿਆ ਸਗੋਂ ਜੇਲ੍ਹ ਦੇ ਅੰਦਰ ਲਗਾਤਾਰ ਨਿਰਵਸਤਰ ਕਰ ਕੇ ਤੇ ਕੁੱਟ-ਮਾਰ ਕਰ ਕੇ ਜ਼ਲੀਲ ਕੀਤਾ ਜਾਂਦਾ ਰਿਹਾ। ਉਸ ਨੂੰ ਨਿੱਤ ਪੁਲਿਸ ਨੂੰ 'ਸਹਿਯੋਗ' ਨਾ ਦੇਣ ਦਾ ਸਬਕ ਸਿਖਾਇਆ ਜਾਂਦਾ ਰਿਹਾ। ਪੂਰੇ ਮੁਲਕ ਵਿਚ ਲਗਾਤਾਰ ਆਵਾਜ਼ ਉਠਾਏ ਜਾਣ ਦੇ ਬਾਵਜੂਦ ਕਿਸੇ ਜੱਜ ਨੇ ਉਸ ਉਪਰ ਕੀਤੇ ਜਾ ਰਹੇ ਜ਼ੁਲਮਾਂ ਦਾ ਨੋਟਿਸ ਨਾ ਲਿਆ ਅਤੇ ਉਸ ਨੂੰ ਜ਼ਮਾਨਤ ਨਾ ਦਿੱਤੀ। ਹਾਲਾਂਕਿ ਐਸਆਰ ਦੇ ਮੈਨੇਜਰ ਨੂੰ ਗ੍ਰਿਫ਼ਤਾਰੀ ਤੋਂ ਦੋ ਮਹੀਨੇ ਬਾਅਦ ਹੀ ਜ਼ਮਾਨਤ ਦੇ ਦਿੱਤੀ ਗਈ ਸੀ।

ਫਿਰ ਜੇਲ੍ਹ ਦੇ ਤਸੀਹਿਆਂ ਕਾਰਨ ਸੋਨੀ ਦੇ ਪਤੀ ਦੀ ਹਾਲਤ ਬਹੁਤ ਜ਼ਿਆਦਾ ਵਿਗੜ ਗਈ। ਜਦੋਂ ਉਸ ਦਾ ਜਿਉਂਦਾ ਰਹਿਣਾ ਸੰਭਵ ਨਾ ਰਿਹਾ, ਉਦੋਂ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਅਗਲੇ ਦਿਨ ਉਸ ਦੀ ਮੌਤ ਹੋ ਗਈ। ਉਪਰੋਂ ਸਿਤਮਜ਼ਰੀਫ਼ੀ ਇਹ ਕਿ ਦਰਖ਼ਾਸਤ ਦੇਣ ਦੇ ਬਾਵਜੂਦ ਅਦਾਲਤ ਵਲੋਂ ਸੋਨੀ ਸੋਰੀ ਨੂੰ ਆਪਣੇ ਪਤੀ ਨੂੰ ਆਖ਼ਰੀ ਵਾਰ ਦੇਖਣ ਅਤੇ ਆਪਣੇ ਬੱਚਿਆਂ ਨੂੰ ਮਿਲਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ। ਹਾਲਾਂਕਿ, ਇਹ ਮਾਮਲਾ ਮੀਡੀਆ ਵਿਚ ਬਹੁਤ ਚਰਚਿਤ ਰਿਹਾ ਹੈ। ਮਸ਼ਹੂਰ ਰਸਾਲੇ 'ਤਹਿਲਕਾ' ਨੇ ਇਸ ਮਾਮਲੇ ਦੀ ਡੂੰਘਾਈ 'ਚ ਛਾਣਬੀਣ ਕੀਤੀ ਸੀ। ਸੋਨੀ ਸੋਰੀ ਦੇ ਮੋਬਾਈਲ ਤੋਂ ਪੁਲਿਸ ਅਧਿਕਾਰੀ ਵਲੋਂ ਹਿਰਾਸਤ ਵਿਚ ਲਏ ਉਸ ਦੇ ਭਤੀਜੇ ਨੂੰ ਪੁਲਿਸ ਨੂੰ 'ਸਹਿਯੋਗ' ਦੇਣ ਲਈ ਕਹਿਣ ਦੀ ਤਸਦੀਕ ਫ਼ੋਨ ਕਾਲਾਂ ਤੋਂ ਹੋ ਗਈ ਸੀ। ਇਹ ਸਾਬਤ ਹੋ ਗਿਆ ਸੀ ਕਿ ਉਹ ਬੇਗੁਨਾਹ ਹੈ। ਫਿਰ ਵੀ ਉਹ ਅਦਾਲਤੀ ਪ੍ਰਬੰਧ ਨਹੀਂ ਸੀ ਪਸੀਜਿਆ ਜੋ ਇਕ ਹਜ਼ਾਰ ਮੁਸਲਮਾਨਾਂ ਦੀ ਕਾਤਲ ਦੇ ਇਲਾਜ ਲਈ ਮੋਮ ਵਾਂਗ ਪਿਘਲ ਗਿਆ; ਜਿਸ ਨੇ ਇਹ ਜ਼ਰੂਰੀ ਨਹੀਂ ਸਮਝਿਆ ਕਿ ਇਕ ਬੇਗੁਨਾਹ ਔਰਤ ਆਪਣੇ ਜੀਵਨ ਸਾਥੀ ਦੀਆਂ ਆਖ਼ਰੀ ਰਸਮਾਂ ਵਿਚ ਸ਼ਾਮਲ ਹੋ ਸਕੇ; ਪਰ ਜਿਸ ਨੂੰ ਇਹ ਜ਼ਰੂਰੀ ਲੱਗਿਆ ਕਿ ਇਕ ਹਜ਼ਾਰ ਲੋਕਾਂ ਦੀ 'ਵੀ.ਆਈ.ਪੀ.' ਕਾਤਲ ਜੇਲ੍ਹ ਤੋਂ ਬਾਹਰ ਜਾ ਕੇ ਆਪਣੀ 'ਉਦਾਸੀ' ਦੂਰ ਕਰ ਸਕੇ। ਕਿੰਨੀ ਸਮਾਨਤਾ ਹੈ 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਵਿਚ ਇਕ 'ਵੀ.ਆਈ.ਪੀ.' ਅਤੇ ਇਕ ਹਾਸ਼ੀਆਗ੍ਰਸਤ ਇਨਸਾਨ ਵਿਚਕਾਰ!

## ਦੇਸ ਪਰਦੇਸ

# ਤਾਲਿਬਾਨ ਅਤੇ ਪਾਕਿਸਤਾਨ ਦਾ ਪੇਚਾ

**ਆਰਿਫ ਨਿਜ਼ਾਮੀ**

ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਦਾ ਨਵਾਂ ਮੁਖੀ ਮੌਲਾਨਾ ਫਜ਼ਲਉੱਲਾ ਉਰਫ ਮੁੱਲਾ ਰੇਡੀਓ ਨਿਰਦਈ ਕਿਸਮ ਦਾ ਬੰਦਾ ਹੈ। ਉਹ ਭਾਵੇਂ ਨਵੀਂ ਬੋਤਲ ਵਿਚ ਪੁਰਾਣੀ ਸ਼ਰਾਬ ਵਾਂਗ ਹੀ ਹੈ ਪਰ ਉਹ ਆਪਣੇ ਤੋਂ ਪਹਿਲੇ ਮੁਖੀ ਹਕੀਮਉੱਲਾ ਮਹਿਸੂਦ ਨਾਲੋਂ ਕਿਤੇ ਵੱਧ ਖ਼ਤਰਨਾਕ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਪਾਕਿਸਤਾਨੀ ਸਟੇਟ ਨੂੰ ਹੁਣ ਇਕ ਵੱਡੀ ਵੰਗਾਰ ਦਰਪੇਸ਼ ਹੈ। ਫਜ਼ਲਉੱਲਾ ਨੇ ਆਪਣੇ ਬੁਲਾਰੇ ਰਾਹੀਂ ਸਪਸ਼ਟ ਕਰ ਦਿੱਤਾ ਹੈ ਕਿ ਉਹ ਪਾਕਿਸਤਾਨੀ ਸਰਕਾਰ ਨੂੰ ਭਾਂਜ ਦੇਣ ਲਈ ਪੂਰਾ ਜ਼ੋਰ ਲਾਵੇਗਾ ਅਤੇ ਕਿਸੇ ਵੀ ਤਰ੍ਹਾਂ ਦੀ ਸ਼ਾਂਤੀ ਗੱਲਬਾਤ ਕਬੂਲ ਨਹੀਂ ਕਰੇਗਾ।

ਮੁੱਲਾ ਰੇਡੀਓ ਦਾ ਤਿੰਨ ਵਾਰੀ ਪਾਕਿਸਤਾਨੀ ਫ਼ੌਜ ਨਾਲ ਟਾਕਰਾ ਹੋਇਆ ਪਰ ਉਹ ਬਚ ਕੇ ਨਿਕਲਣ ਵਿਚ ਸਫਲ ਰਿਹਾ ਅਤੇ ਆਖਰ ਉਸ ਨੂੰ ਅਫ਼ਗਾਨਿਸਤਾਨ ਵਿਚ ਪਨਾਹਗਾਹ ਮਿਲ ਗਈ। ਆਪਣੇ ਤੋਂ ਪਹਿਲੇ ਮੁਖੀ ਦੇ ਉਲਟ ਉਹ ਸ਼ਰੀਅਤ ਦਾ ਹੋਰ ਵੀ ਕੱਟੜ ਸਮਰਥਕ ਹੈ ਅਤੇ ਸ਼ਰੀਅਤ ਦਾ ਉਹੀ ਮਾਡਲ ਪੂਰੇ ਪਾਕਿਸਤਾਨ ਵਿਚ ਠੋਸਣਾ ਚਾਹੁੰਦਾ ਹੈ ਜੋ ਉਸ ਨੇ ਸਵਾਤ ਵਿਚ ਲਾਗੂ ਕੀਤਾ ਸੀ। ਅਲ-ਕਾਇਦਾ ਅਤੇ ਕੇਂਦਰੀ ਏਸ਼ੀਆਈ ਦੇਸ਼ਾਂ ਦੇ ਕੁਝ ਇਸਲਾਮੀ ਅਤਿਵਾਦੀ ਸੰਗਠਨਾਂ ਨਾਲ ਉਸ ਦੇ ਸਬੰਧ ਵੀ ਕਿਸੇ ਤੋਂ ਗੁੱਝੇ ਨਹੀਂ ਹਨ। ਥੋੜ੍ਹੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਉਹ ਪਾਕਿਸਤਾਨ ਲਈ ਹਕੀਮਉੱਲਾ ਨਾਲੋਂ ਵੀ ਜ਼ਿਆਦਾ ਭਿਆਨਕ ਅਤੇ ਖ਼ਤਰਨਾਕ ਹੈ। ਅਫ਼ਗਾਨ ਸਰਹੱਦ ਨੇੜੇ ਪੈਂਦੇ ਕੁਨਾਰ ਅਤੇ ਨੂਰਿਸਤਾਨ ਸੂਬਿਆਂ ਵਿਚਲੇ ਆਪਣੇ ਟਿਕਾਣਿਆਂ ਤੋਂ ਉਹ ਅਤਿਵਾਦੀ ਹਮਲਿਆਂ ਨੂੰ ਅੰਜਾਮ ਦਿੰਦਾ ਹੈ। ਇਨ੍ਹਾਂ ਹਮਲਿਆਂ ਵਿਚ ਮਲਾਲਾ ਯੂਸਫ਼ਜ਼ਈ ਨੂੰ ਕਤਲ ਕਰਨ ਦਾ ਯਤਨ ਅਤੇ ਹਾਲ ਹੀ ਵਿਚ ਸਵਾਤ ਵਿਚ ਜਨਰਲ ਸਨਾਉੱਲਾ ਨਿਆਜ਼ੀ ਦਾ ਕੀਤਾ ਗਿਆ ਕਤਲ ਸਭ ਤੋਂ ਵੱਧ ਜ਼ਿਕਰਯੋਗ ਹਨ। ਅਫ਼ਗਾਨ ਸਰਕਾਰ ਦੀ ਪੂਰੀ ਸੁਰੱਖਿਆ ਹੇਠ ਮੁੱਲਾ ਰੇਡੀਓ ਬੇਰੋਕ-ਟੋਕ ਅਜਿਹੇ ਹਮਲਿਆਂ ਨੂੰ ਅੰਜਾਮ ਦਿੰਦਾ ਹੈ। ਪਾਕਿਸਤਾਨ ਦੀ ਲੀਡਰਸ਼ਿਪ ਨੂੰ ਕਤਲ ਕਰਨ ਦੇ ਆਪਣੇ ਇਰਾਦਿਆਂ ਨੂੰ ਵੀ ਉਹ ਕਈ ਵਾਰ ਜ਼ਾਹਰ ਕਰ ਚੁੱਕਾ ਹੈ। ਪਾਕਿਸਤਾਨ ਵੱਲੋਂ ਅਤੀਤ ਵਿਚ ਅਫ਼ਗਾਨ ਰਾਸ਼ਟਰਪਤੀ ਹਾਮਿਦ ਕਰਜ਼ਾਈ ਨੂੰ, ਉਸ ਨੂੰ ਪਾਕਿਸਤਾਨ ਹਵਾਲੇ ਕਰਨ ਦੀਆਂ ਕੀਤੀਆਂ ਗਈਆਂ ਅਪੀਲਾਂ ਦਾ ਕੋਈ ਅਸਰ ਨਹੀਂ ਹੋਇਆ ਹੈ।

ਪਾਕਿਸਤਾਨ ਦੇ ਗ੍ਰਿਹ ਮੰਤਰੀ ਚੌਧਰੀ ਨਿਸਾਰ ਅਲੀ ਖਾਨ ਅਤੇ ਪਾਕਿਸਤਾਨ-ਤਹਿਰੀਕ-ਏ-ਇਨਸਾਫ਼ ਦੇ ਮੁਖੀ ਇਮਰਾਨ ਖਾਨ ਵਰਗੇ ਤਾਲਿਬਾਨ ਲਈ ਨਰਮ ਗੋਸ਼ਾ ਰੱਖਣ ਵਾਲਿਆਂ ਦਾ ਕਹਿਣਾ ਹੈ ਕਿ ਹਕੀਮਉੱਲਾ ਨੂੰ ਖ਼ਤਮ ਕਰਨ ਵਾਲੇ ਡਰੋਨ ਹਮਲੇ ਕਾਰਨ ਸ਼ਾਂਤੀ ਪ੍ਰਕਿਰਿਆ ਵੀ ਖ਼ਤਮ ਹੋ ਗਈ ਪਰ ਫ਼ਜ਼ਲਉੱਲਾ ਨੂੰ ਹਕੀਮਉੱਲਾ ਦਾ ਉਤਰਾਧਿਕਾਰੀ ਚੁਣੇ ਜਾਣ ਦੇ ਸਾਹਮਣੇ ਉਨ੍ਹਾਂ ਦੇ ਦਾਅਵਾ ਦੀ ਕੋਈ ਵਾਜਬੀਅਤ ਨਹੀਂ ਰਹਿ ਜਾਂਦੀ। ਤਹਿਰੀਕ-ਏ-ਤਾਲਿਬਾਨ ਦੇ ਨਵੇਂ ਢਾਂਚੇ ਨੇ ਪੰਜਾਬ ਵਿਚ ਵੀ ਦਹਿਸ਼ਤ ਦੀ ਨਵੀਂ ਲਹਿਰ ਪੈਦਾ ਕਰਨ ਦਾ ਖ਼ਤਰਾ ਖੜ੍ਹਾ ਕਰ ਦਿੱਤਾ ਹੈ। ਇਹ ਸ਼ਰੀਫ ਭਰਾਵਾਂ ਲਈ ਬੁਰੀ ਖ਼ਬਰ ਹੈ ਕਿਉਂਕਿ ਉਹ ਹੁਣ ਤੱਕ ਇਕ ਤਰ੍ਹਾਂ ਨਾਲ ਅਣਐਲਾਨੇ ਸਮਝੌਤੇ ਅਧੀਨ ਪੰਜਾਬ ਵਿਚ 'ਦਹਿਸ਼ਤਵਾਦ ਦਾ ਸੰਤੁਲਨ' ਬਣਾਈ ਰੱਖਣ ਵਿਚ ਸਫ਼ਲ ਰਹੇ ਹਨ ਪਰ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਤਾਜ਼ਾ ਵਾਸ਼ਿੰਗਟਨ ਦੌਰੇ ਤੋਂ ਬਾਅਦ ਤਹਿਰੀਕ-ਏ-ਤਾਲਿਬਾਨ ਇਹ ਵੀ ਦਾਅਵਾ ਕਰਨ ਲੱਗ ਪਈ ਹੈ ਕਿ ਪਾਕਿਸਤਾਨੀ ਸਰਕਾਰ ਅਮਰੀਕਾ ਦੀ ਕਠਪੁਤਲੀ ਹੈ।

ਇਹ ਵੀ ਚਰਚਾ ਹੈ ਕਿ ਤਾਲਿਬਾਨ ਦੀ ਲੀਡਰਸ਼ਿਪ ਨੂੰ ਗੱਲਬਾਤ ਦੀ ਪੇਸ਼ਕਸ਼ ਅਸਲ ਵਿਚ ਧੋਖਾ ਹੀ ਸੀ ਜਿਸ ਰਾਹੀਂ ਹਕੀਮਉੱਲਾ ਨੂੰ ਆਪਣੇ ਟਿਕਾਣੇ ਤੋਂ ਬਾਹਰ ਕੱਢਿਆ ਜਾ ਸਕੇ ਅਤੇ ਫਿਰ ਪਾਕਿਸਤਾਨੀ ਖੁਫ਼ੀਆ ਏਜੰਸੀਆਂ ਦੀ ਮਦਦ ਵਾਲੇ ਅਮਰੀਕੀ ਡਰੋਨ ਹਮਲੇ ਨਾਲ ਉਸ ਦਾ ਖ਼ਾਤਮਾ ਕੀਤਾ ਜਾ ਸਕੇ। ਇਸ ਨਾਲ ਪਾਕਿਸਤਾਨੀ ਸਰਕਾਰ ਦੀ ਹਾਲਤ ਹੋਰ ਵੀ ਨਾਜ਼ੁਕ ਅਤੇ ਅਸੁਰੱਖਿਅਤ ਹੋ ਗਈ ਹੈ। ਦੂਜੇ ਪਾਸੇ ਹਕੀਮਉੱਲਾ ਨੂੰ ਕਤਲ ਕਰਨ 'ਤੇ ਅਮਰੀਕਾ ਦੀ ਆਲੋਚਨਾ ਕਰਨ ਦੀ ਨੀਤੀ ਵੀ ਉਲਟ-ਪ੍ਰਭਾਵੀ ਸਾਬਤ ਹੋਈ ਹੈ। ਸੋ, ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨਾਲ ਗੱਲਬਾਤ ਦੇ ਸਮਰਥਕਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਅਜਿਹਾ ਹੁਣ ਪਾਕਿਸਤਾਨੀ ਸਟੇਟ ਦੀ ਕੀਮਤ 'ਤੇ ਹੀ ਕੀਤਾ ਜਾ ਸਕਦਾ ਹੈ। ਚੌਧਰੀ ਨਿਸਾਰ ਅਤੇ ਇਮਰਾਨ ਖਾਨ ਆਦਿ ਸਮੇਤ ਤਾਲਿਬਾਨ ਦਾ ਪੱਖ ਪੂਰਨ ਵਾਲੇ ਸਾਰੇ ਵਿਅਕਤੀਆਂ ਨੂੰ ਇਸ ਵਕਤ ਸਮੇਂ ਦੀਆਂ ਹਕੀਕਤਾਂ ਨੂੰ ਪਛਾਣਨ ਦੀ ਲੋੜ ਹੈ। ਤਾਲਿਬਾਨ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਲਈ ਅਮਰੀਕਾ ਦੇ ਖਿਲਾਫ਼ ਨਫ਼ਰਤ ਫੈਲਾਉਣਾ ਇਸ ਵਕਤ ਅੱਗ ਨਾਲ ਖੇਡਣ ਵਾਲੀ ਗੱਲ ਹੀ ਹੈ।

# ਮੱਸਿਆ ਲਿਆਵੇ ਸਮੱਸਿਆ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

"ਹੈਲੋ! ਤੁਸੀਂ ਬਿਜ਼ੀ ਤਾਂ ਨਹੀਂ ਜੀ ਇਸ ਵੇਲੇ?"

"ਨਹੀਂ ਜੀ, ਦੱਸੋ ਤੁਸੀਂ... ਮੈਂ 'ਵਾਕ' ਕਰ ਰਿਹਾ ਹਾਂ ਇਸ ਸਮੇਂ!"

"ਪੰਜ-ਸੱਤ ਕੁ ਮਿੰਟ ਲੈਣੇ ਨੇ ਤੁਹਾਡੇ।"

"ਹੁਕਮ ਕਰੋ ਵੀਰ ਜੀ।"

ਸ਼ਾਮ ਦੀ ਸੈਰ ਵੇਲੇ ਮੈਨੂੰ ਆਪਣੀ 'ਆਈ.ਡੀ.' ਬਲਾਕ ਕਰ ਕੇ ਕਿਸੇ ਸੱਜਣ ਨੇ ਫੋਨ 'ਤੇ ਪੁਛਿਆ।

ਫੋਨ ਤਾਂ ਪਾਠਕਾਂ ਦੇ ਅਕਸਰ ਆਉਂਦੇ ਰਹਿੰਦੇ ਹਨ ਪਰ ਜਦ ਕੋਈ ਆਪਣੀ ਪਛਾਣ ਲੁਕਾ ਕੇ ਰਿੰਗ ਮਾਰਦਾ ਹੈ, ਤਦ ਦਿਮਾਗ ਜ਼ਰੂਰ 'ਅਲਰਟ' ਹੋ ਜਾਂਦਾ ਹੈ, ਕਿਉਂਕਿ ਇੰਜ ਗੁਪਤ ਰਹਿ ਕੇ ਫੋਨ ਕਰਨ ਵਾਲਿਆਂ ਦੀਆਂ ਗੱਲਾਂ ਕਈ ਵਾਰ ਕਸੂਤੀਆਂ ਜਾਂ ਖਰਵੀਆਂ ਜਿਹੀਆਂ ਹੁੰਦੀਆਂ ਹਨ। ਫਿਰ ਵੀ ਮੈਂ 'ਕਾਇਮ' ਜਿਹਾ ਹੋ ਕੇ ਫੋਨ ਸੁਣਨ 'ਤੇ ਸਾਰਾ ਧਿਆਨ ਕੇਂਦ੍ਰਿਤ ਕਰ ਲਿਆ,

"ਭਾਈ ਸਾਹਿਬ, ਤੁਹਾਨੂੰ ਤੁਰਿਆਂ ਜਾਂਦਿਆਂ ਨੂੰ ਕੋਈ ਗੁੰਡਾ-ਬਦਮਾਸ਼ ਤੰਗ-ਪ੍ਰੇਸ਼ਾਨ ਕਰੇ, ਜਾਂ ਤੁਹਾਡੇ ਉਪਰ ਹਮਲਾ ਹੀ ਕਰ ਦੇਵੇ... ਤੁਸੀਂ ਕਰੋ ਪੁਲਿਸ ਸਟੇਸ਼ਨ ਨੂੰ ਕਾਲ, ਅੱਗਿਉਂ ਉਤਰ ਆਵੇ, 'ਅਸੀਂ ਕੀ ਕਰੀਏ, ਸਾਨੂੰ ਖੁਦ ਇਥੇ ਲੁਟੇਰਿਆਂ ਨੇ ਘੇਰਿਆ ਹੋਇਆ ਹੈ।' ਜਾਂ ਕੋਈ ਆਪਣੇ ਘਰ ਲੱਗੀ ਅੱਗ ਤੋਂ ਫਾਇਰ ਸਰਵਿਸ ਵਾਲਿਆਂ ਨੂੰ 'ਨਾਈਨ ਵੰਨ ਵੰਨ' ਡਾਇਲ ਕਰੇ, ਤੇ ਉਹ ਮੋਹਰਿਉਂ ਕਹਿਣ ਕਿ ਸਾਡੇ ਦਫ਼ਤਰ ਵਿਚ ਅੱਧ ਅਸਮਾਨ ਤੱਕ ਅੱਗ ਦੀਆਂ ਲਾਟਾਂ ਬਲ ਰਹੀਆਂ ਨੇ...ਸਗੋਂ ਤੁਸੀਂ ਸਾਡੀ ਮਦਦ ਲਈ ਇਥੇ ਪਹੁੰਚੋ! ਅਜਿਹੀ ਹਾਲਤ ਵਿਚ ਤੁਹਾਡੇ 'ਤੇ ਕੀ ਬੀਤੇਗੀ? ਤੁਸੀਂ ਇਨ੍ਹਾਂ ਸਰਕਾਰੀ ਸਹੂਲਤਾਂ ਬਾਰੇ ਕੀ ਸੋਚੋਗੇ?"

ਕਾਲ ਕਰਨ ਵਾਲੇ ਵੱਲੋਂ ਬੰਨ੍ਹੀ ਗਈ ਇਸ ਲੰਮੀ-ਚੌੜੀ ਭੂਮਿਕਾ ਤੋਂ ਮੈਂ ਇੰਨਾ ਕੁ ਅੰਦਾਜ਼ਾ ਲਾ ਲਿਆ ਕਿ ਅਸਲ ਗੱਲ ਕੋਈ 'ਖਾਸ' ਹੀ ਹੋਵੇਗੀ?

"ਵੀਰ ਜੀ, ਜ਼ਰਾ ਸਪਸ਼ਟ ਕਰ ਕੇ ਦੱਸੋਗੇ ਕਿ ਤੁਸੀਂ ਕਹਿਣਾ ਕੀ ਚਾਹੁੰਦੇ ਹੋ?" ਆਜਜ਼ੀ ਨਾਲ ਮੈਂ ਉਸ ਸੱਜਣ ਨੂੰ ਬੇਨਤੀ ਕੀਤੀ।

"ਸਰ, ਤੁਸੀਂ ਆਪਣੀਆਂ ਲਿਖਤਾਂ ਵਿਚ ਗਾਹੇ-ਬ-ਗਾਹੇ ਸਿੱਖ ਧਰਮ ਦੇ ਅਸੂਲਾਂ-ਸਿਧਾਂਤਾਂ ਦੀ ਚਰਚਾ ਕਰਦੇ ਰਹਿੰਦੇ ਹੋ। ਇਸ ਕਰ ਕੇ ਮੈਂ ਆਪਣੀ ਵੇਦਨਾ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ।"

ਵਿਸ਼ਾ ਗੰਭੀਰ ਹੋਣ ਕਰ ਕੇ ਮੈਂ ਪਾਰਕ ਵਿਚ ਬਣੇ ਬੈਂਚ 'ਤੇ ਬਹਿ ਕੇ ਫੋਨ ਕਰਨ ਵਾਲੇ ਦੀ ਗੱਲ ਤਫ਼ਸੀਲ ਨਾਲ ਸੁਣੀ। ਗੁਰੂ ਘਰ ਦੇ ਪੱਕੇ ਸ਼ਰਧਾਲੂ ਇਸ ਸੱਜਣ ਨੇ ਵਿਦੇਸ਼ ਵਿਚ ਖੱਟੀ-ਕਮਾਈ ਕਰਨ ਤੋਂ ਬਾਅਦ ਕੋਈ ਆਪਣਾ ਬਿਜ਼ਨੈਸ ਸ਼ੁਰੂ ਕਰਨਾ ਸੀ। ਆਮ ਸ਼ਰਧਾਵਾਨਾਂ ਵਾਂਗ ਇਹ ਆਪਣੇ ਨੇੜੇ ਦੇ ਗੁਰਦੁਆਰੇ ਚਲਾ ਗਿਆ। ਉਥੇ ਗ੍ਰੰਥੀ ਜੀ ਨੇ 'ਅਰਦਾਸ ਭੇਟ' ਵਜੋਂ ਇਕ ਸੌ ਇੱਕ ਡਾਲਰ ਮੁੱਠੀ ਵਿਚ ਘੁੱਟ ਕੇ, ਗੁਰੂ ਮਹਾਰਾਜ ਅੱਗੇ ਇਸ ਜਗਿਆਸੂ ਦੀ ਮੰਗ ਲੜੀ ਇੰਜ ਬਿਆਨ ਕੀਤੀ,

"ਹੇ ਸੱਚੇ ਪਾਤਸ਼ਾਹ ਜੀ! ਆਪ ਦੇ ਦਰੁ ਘਰ ਦਾ ਸੇਵਕ ਸ. ...ਸਿੰਘ, ਨਵਾਂ ਕਾਰੋਬਾਰ ਅਰੰਭ ਕਰਨ ਤੋਂ ਪਹਿਲਾਂ ਆਪ ਜੀ ਦੇ ਚਰਨ ਪਰਸ ਰਿਹਾ ਹੈ, ਸੇਵਕ ਦੇ ਕਾਰੋਬਾਰ ਵਿਚ ਤਰੱਕੀਆਂ ਬਖਸ਼ਣੀਆਂ, ਵਾਧੇ ਕਰਨੇ, ਨਉ ਨਿਧਾਂ ਸਿਧਾਂ ਦੀ ਬਖ਼ਸ਼ਿਸ਼ ਕਰ ਕੇ ਖ਼ਜ਼ਾਨੇ ਭਰਪੂਰ...ਕਿਰਤ-ਕਮਾਈਆਂ ਵਿਚ ਬਰਕਤਾਂ ਪਾਉਣੀਆਂ, ਅੰਨ ਧਨ ਦੇ ਖੁੱਲ੍ਹੇ ਗੱਫੇ ਬਖ਼ਸ਼ ਕੇ ਨਿਹਾਲ ਕਰਨਾ ਜੀ!"

ਭਾਈ ਜੀ ਦੀ ਮਨੋਹਰ ਸ਼ੈਲੀ 'ਚ ਕੀਤੀ ਗਈ ਅਰਦਾਸ ਤੋਂ ਮੰਤਰ-ਮੁਗਧ ਹੋਇਆ ਇਹ ਸ਼ਰਧਾਲੂ ਕੁਝ ਚਿਰ ਲਈ ਦੀਵਾਨ ਹਾਲ ਵਿਚ ਸਮਾਧੀ ਲਾ ਕੇ ਬਹਿ ਗਿਆ। ਕਥਾ ਕੀਰਤਨ ਹੋਇਆ, ਸੰਗਤ ਜੁੜ ਗਈ...ਭਰੀ ਸੰਗਤ ਵਿਚ ਗੁਰਦੁਆਰੇ ਦੇ ਪ੍ਰਬੰਧਕਾਂ ਵਿਚੋਂ ਇਕ ਸਟੇਜ 'ਤੇ ਆ ਕੇ ਇਕੱਠ ਨੂੰ ਸੰਬੋਧਨ ਹੋਇਆ,

"ਗੁਰੂ ਪਿਆਰਿਓ! ਆਪ ਸਭ ਦੇ ਆਰਥਿਕ ਸਹਿਯੋਗ ਨਾਲ ਗੁਰਦੁਆਰੇ ਦਾ ਵਿਸ਼ਾਲ ਕੰਪਲੈਕਸ ਸੰਪੂਰਨ ਤਾਂ ਹੋ ਚੁੱਕਾ ਹੈ ਪਰ 'ਲੋਨ' ਦੀ ਕਿਸ਼ਤ ਅਤੇ ਖ਼ਰਚੇ ਚਲਾਉਣ ਲਈ ਸਾਡੇ ਕੋਲ ਮਾਇਆ ਦੀ ਘਾਟ ਹੈ। ਆਪ ਭਲੀ-ਭਾਂਤ ਜਾਣਦੇ ਹੋ ਕਿ ਮਹਿੰਗਾਈ ਕਾਰਨ ਖ਼ਰਚੇ ਵਧਦੇ ਹੀ ਜਾ ਰਹੇ ਹਨ, ਕ੍ਰਿਪਾ ਕਰ ਕੇ ਤੁਸੀਂ ਹੁਣ ਇਕ ਨਹੀਂ, ਘੱਟੋ-ਘੱਟ ਪੰਜ ਡਾਲਰ ਦਾ ਮੱਥਾ ਟੇਕਿਆ ਕਰੋ। ਸੰਗਤ ਜੀ, ਤੁਸੀਂ ਹੁਣ ਖੁੱਲ੍ਹੇ ਦਿਲ ਨਾਲ ਗੁਰੂ ਘਰ ਦੇ ਖ਼ਜ਼ਾਨੇ ਭਰ ਦਿਉ ਤਾਂ ਕਿ ਅਸੀਂ ਰੋਜ਼ਾਨਾ ਦੇ ਖ਼ਰਚੇ ਚਲਾ ਸਕੀਏ।"

ਫੋਨ ਕਰਨ ਵਾਲੇ ਸੱਜਣ ਨੇ ਦੱਸਿਆ ਕਿ ਗੁਰਦੁਆਰਾ ਪ੍ਰਬੰਧਕ ਦੀ ਇਹ 'ਅਨੋਖੀ ਅਪੀਲ' ਮੇਰੀ ਸ਼ਰਧਾ ਉਤੇ ਅਸਮਾਨੀ ਬਿਜਲੀ ਵਾਂਗ ਕੜਕ ਕੇ ਪੈ ਗਈ! ਮਨਾਂ! ਜਿਸ ਦਰ ਤੋਂ ਮੇਰੇ ਵਰਗੇ ਹਜ਼ਾਰਾਂ ਆਪਣੀਆਂ ਝੋਲੀਆਂ ਭਰਨ ਦੀਆਂ ਮੰਗਾਂ ਲੈ ਕੇ ਆਉਂਦੇ ਹਨ, ਉਥੋਂ ਦੇ ਪ੍ਰਬੰਧਕ ਮੰਗਣ ਆਇਆਂ ਅੱਗੇ ਬੇਨਤੀਆਂ ਕਰ ਰਹੇ ਨੇ ਕਿ ਸਾਡਾ 'ਹੱਥ ਤੰਗ' ਹੈ...ਇਹ ਕੀ ਮਾਜਰਾ ਹੋਇਆ? ਗੁਰਦੁਆਰਿਆਂ ਵਿਚ ਤਾਂ ਕਦੇ ਨਹੀਂ ਸੁਣਿਆ ਕਿ ਸੰਗਤ ਨੂੰ ਇਹ ਸਲਾਹ ਦਿੱਤੀ ਜਾਵੇ ਕਿ ਹੁਣ ਐਨੇ ਰੁਪਏ/ਡਾਲਰ ਦਾ ਮੱਥਾ ਟੇਕੋ ਜਾਂ ਗੋਲਕ ਭਰਪੂਰ ਕਰੋ! ਕਿਸੇ ਗੁਰੂ ਘਰ ਦੀ ਇੱਥੋਂ ਤੱਕ ਨੌਬਤ ਪਹੁੰਚਣ ਦਾ ਕੀ ਕਾਰਨ ਹੋ ਸਕਦਾ ਹੈ ਭਲਾ ਜੀ?

ਆਪਣੀ ਸ਼ਰਧਾ ਨੂੰ ਆਈ ਤਰੇੜ ਦੀ ਕਹਾਣੀ ਸੁਣਾਉਣ ਅਤੇ ਸਬੰਧਤ ਗੁਰੂ ਘਰ ਦੀ ਇੱਥੋਂ ਤੱਕ ਪਹੁੰਚੀ ਨੌਬਤ ਦਾ ਕਾਰਨ ਜਾਣਨ ਦੇ ਨਾਲ ਹੀ ਉਸ ਨੇ ਮੈਨੂੰ ਇਹ ਸਵਾਲ ਵੀ ਕਰ ਦਿੱਤਾ, ਅਖੇ ਜੀ, ਹਰ ਗੁਰਦੁਆਰੇ ਵਿਚ ਪ੍ਰਬੰਧ ਨੂੰ ਲੈ ਕੇ ਲੜਾਈਆਂ ਕਿਉਂ ਪੈਂਦੀਆਂ ਰਹਿੰਦੀਆਂ ਹਨ?

ਬਜਾਏ ਇਸ ਦੇ ਕਿ ਮੈਂ ਉਸ ਨੂੰ ਸਿੱਖ ਇਤਿਹਾਸ ਵਿਚੋਂ ਕੋਈ ਢੁਕਵਾਂ ਪ੍ਰਸੰਗ ਸੁਣਾ ਕੇ ਉਸ ਦੀ ਤਸੱਲੀ ਕਰਵਾਉਂਦਾ ਜਾਂ ਗੁਰਬਾਣੀ ਦੀਆਂ ਮੌਕਾ ਮੇਲ ਖਾਂਦੀਆਂ ਪੰਕਤੀਆਂ ਦੁਹਰਾਉਂਦਾ, ਅਚਾਨਕ ਮੈਨੂੰ ਆਪਣੇ ਸ਼੍ਰੋਮਣੀ ਕਮੇਟੀ ਦਾ ਮੈਂਬਰ ਰਹਿਣ ਸਮੇਂ ਦੀ ਅੱਖੀਂ ਦੇਖੀ ਝਾਕੀ ਯਾਦ ਆ ਗਈ ਜਿਸ ਵਿਚ ਉਸ ਦੇ ਸਾਰੇ ਸਵਾਲਾਂ ਦੇ ਉਤਰ ਆਪਣੇ ਆਪ ਮਿਲ ਜਾਣੇ ਸਨ। ਪਹਿਲਾਂ ਉਹ ਮੈਥੋਂ 'ਪੰਜ ਸੱਤ ਮਿੰਟ' ਮੰਗ ਰਿਹਾ ਸੀ, ਫਿਰ ਮੈਂ ਉਸ ਨੂੰ 'ਕਾਹਲੀ ਤਾਂ ਨ੍ਹੀਂ ਕੋਈ?' ਪੁੱਛ ਕੇ ਆਪਣੀ ਹੱਡਬੀਤੀ ਛੋਹ ਲਈ,

ਸਾਡੇ ਗੁਆਂਢੀ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਵਿਚ ਗੁਰਦੁਆਰਾ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਥੇ ਨੌਂਵੇਂ ਗੁਰੂ ਜੀ ਨੇ ਕਿਸੇ ਸਮੇਂ ਚਰਨ ਪਾਏ ਸਨ। ਪਹਿਲਾਂ ਪਹਿਲ ਉਥੇ ਸਿਰਫ਼ ਸੰਗਰਾਂਦ ਵਾਲੇ ਦਿਨ ਹੀ ਇਕੱਠ ਜੁੜਦਾ ਸੀ। ਪਿੰਡ ਛੋਟਾ ਹੋਣ ਕਰ ਕੇ ਸੰਗਤ ਵੀ ਥੋੜ੍ਹੀ ਹੀ ਹੁੰਦੀ ਸੀ ਪਰ ਆਪਸੀ ਇਤਫਾਕ ਬਥੇਰਾ ਸੀ। ਪਿੰਡ ਵਾਸੀ ਰਲ ਮਿਲ ਕੇ ਬਾਰਾਂ ਮਾਹ ਦਾ ਪਾਠ ਕਰ ਕੇ ਭੋਗ ਪਾ ਲੈਂਦੇ ਸਨ। ਚੜ੍ਹਾਵੇ ਨਾਲ ਹੀ ਸਾਰੀ ਪਾਠ-ਪੂਜਾ ਹੋਈ ਜਾਂਦੀ ਸੀ।

ਕਿਸੇ ਸੰਗਰਾਂਦ ਮੌਕੇ ਉਥੇ ਇਕ ਪ੍ਰਸਿੱਧ ਸੰਤ ਆ ਗਿਆ। ਉਸ ਨੇ ਪਿੰਡ ਵਾਲਿਆਂ ਨੂੰ ਉਤਸ਼ਾਹਤ ਕਰਦਿਆਂ ਉਪਦੇਸ਼ ਦਿੱਤਾ ਕਿ ਤੁਸੀਂ ਸੰਗਰਾਂਦ ਦੇ ਨਾਲ-ਨਾਲ ਮੱਸਿਆ ਵੀ ਮਨਾਇਆ ਕਰੋ। ਸੰਤ ਦੇ ਕਹੇ ਕਹਾਏ ਪਿੰਡ ਵਾਲਿਆਂ ਨੇ ਮੱਸਿਆ ਵੀ ਮਨਾਉਣੀ ਸ਼ੁਰੂ ਕਰ ਦਿੱਤੀ। ਹੌਲੀ-ਹੌਲੀ ਇਸ ਗੁਰਦੁਆਰੇ ਦੀ ਮੱਸਿਆ ਕਾਫ਼ੀ ਮਸ਼ਹੂਰ ਹੋ ਗਈ। ਆਲੇ-ਦੁਆਲੇ ਦੇ ਪਿੰਡਾਂ ਵਿਚ ਦੇਖਦਿਆਂ-ਦੇਖਦਿਆਂ ਦੂਰ-ਦੁਰਾਡੇ ਦੇ ਸ਼ਰਧਾਲੂ ਵੀ ਇੱਥੇ ਹਾਜ਼ਰੀਆਂ ਭਰਨ ਲੱਗ ਪਏ। ਹਰ ਮੱਸਿਆ 'ਤੇ ਰਾਗੀ-ਢਾਡੀ, ਕਵੀ-ਕਵੀਸ਼ਰ ਵੀ ਆਉਣ ਲੱਗ ਪਏ। ਮੁਮਕਿਨ ਹੈ ਕਿ ਚੜ੍ਹਾਵਾ ਵਧਣਾ ਹੀ ਸੀ। ਜਦੋਂ ਗੁਰਦੁਆਰੇ ਦੇ ਖਾਤੇ ਵਿਚ ਬੈਂਕ ਬੈਲੇਂਸ ਉਤਾਂਹ ਨੂੰ ਉਛਾਲੇ ਮਾਰਨ ਲੱਗਾ ਤਾਂ ਪ੍ਰਧਾਨਗੀ-ਸਕੱਤਰੀ ਦੇ ਅਹੁਦਿਆਂ ਦੀ 'ਸ਼ਾਨ' ਵੀ ਦੂਣ-ਸਵਾਈ ਹੋ ਗਈ!

ਜਦ ਕੁ ਪਿੰਡਾਂ-ਸ਼ਹਿਰਾਂ ਵਾਲਿਆਂ ਦੇ ਸਿਰੀਂ ਅ-ਸੱਭਿਆਚਾਰਕ ਮੇਲਿਆਂ ਦਾ ਭੂਤ ਸਵਾਰ ਹੋਇਆ, ਤਦੋਂ ਕੁ ਇਕ ਮੱਸਿਆ 'ਤੇ ਕੁਝ 'ਅਗਾਂਹਵਧੂ' ਪ੍ਰਬੰਧਕ ਕਹਿਣ ਲੱਗੇ ਕਿ ਐਤਕੀਂ ਇਕ ਗਾਉਣ ਵਾਲੀ ਨੂੰ ਵੀ ਸੱਦਣਾ ਹੈ ਜੋ 'ਧਾਰਮਿਕ ਪ੍ਰੋਗਰਾਮ' ਕਰੇਗੀ। ਅੱਧੇ ਕੁ ਸਿਆਣੇ-ਬਿਆਣੇ ਪ੍ਰਬੰਧਕ ਇਸ ਗੱਲ ਦਾ ਵਿਰੋਧ ਕਰਦਿਆਂ ਕਹਿਣ ਲੱਗੇ ਕਿ ਗੁਰਦੁਆਰਿਆਂ ਦੀਆਂ ਸਟੇਜਾਂ ਉਪਰ ਰਹਿਤ-ਬਹਿਤ ਦੇ ਧਾਰਨੀ ਰਾਗੀ ਪ੍ਰਚਾਰਕ ਹੀ ਬੋਲ ਸਕਦੇ ਹਨ। ਇਸ਼ਕ-ਮੁਸ਼ਕ ਦੇ ਗੀਤ ਗਾਉਣ ਵਾਲਿਆਂ ਦਾ ਇੱਥੇ ਕੀ ਕੰਮ? ਜਿੱਥੇ ਬਜ਼ੁਰਗ ਪ੍ਰਬੰਧਕ ਸਿੱਖ ਸਿਧਾਂਤ ਦੀਆਂ ਮਿਸਾਲਾਂ ਦੇਣ, ਉਥੇ ਮਾਡਰਨ ਪ੍ਰਬੰਧਕ ਕਹਿਣ ਕਿ ਹੁਣ ਤਾਂ ਸਾਰੇ ਥਾਂਈਂ 'ਗਾਉਣ ਵਾਲੀਆਂ' ਬੁਲਾਈਆਂ ਜਾਂਦੀਆਂ ਹਨ। ਗੱਲ ਕੀ, ਮੱਸਿਆ ਦੇ ਦਿਨ ਤੱਕ ਉਹ ਗੁਰਦੁਆਰਾ ਲੜਾਈ ਦਾ ਅਖਾੜਾ ਹੀ ਬਣ ਗਿਆ।

ਆਖ਼ਰ ਇਹ ਝਗੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦਫ਼ਤਰ ਵੀ ਪਹੁੰਚ ਗਿਆ। ਉਨ੍ਹਾਂ ਨੇ ਧਰਮ ਪ੍ਰਚਾਰ ਕਮੇਟੀ ਦੇ ਇਕ ਨੁਮਾਇੰਦੇ ਨਾਲ ਸਾਨੂੰ ਦੋਂਹ ਮੈਂਬਰਾਂ ਨੂੰ ਉਸ ਗੁਰਦੁਆਰੇ ਦਾ ਰੌਲਾ ਮੁਕਾਉਣ ਲਈ ਭੇਜ ਦਿੱਤਾ। ਅਸੀਂ ਝਗੜੇ ਦੀ ਅਸਲ ਜੜ੍ਹ ਲੱਭਣ ਲਈ ਗੁਰਦੁਆਰੇ ਦੇ ਖੁੱਲ੍ਹੇ ਵਿਹੜੇ ਵਿਚ ਹੀ ਪਿੰਡ ਵਾਸੀਆਂ ਦਾ ਇਕੱਠ ਕਰ ਲਿਆ। ਇਸ ਭਰਵੇਂ ਇਕੱਠ ਵਿਚ ਇਸੇ ਪਿੰਡ ਦਾ ਵਸਨੀਕ ਸਾਬਕਾ ਫੌਜੀ ਬੈਠਾ ਸੀ ਜਿਸ ਨੂੰ ਸਾਰੇ ਜਣੇ ਅਦਬ ਨਾਲ ਸੂਬੇਦਾਰ ਸਾਹਿਬ ਕਹਿ ਕੇ ਬੁਲਾਉਂਦੇ ਸਨ। ਸਾਡੀ ਟੀਮ ਵੱਲੋਂ ਪੁੱਛੇ ਜਾਣ 'ਤੇ ਇਸੇ ਸੂਬੇਦਾਰ ਨੇ ਊੜੇ ਤੋਂ ਲੈ ਕੇ ੜਾੜੇ ਤੱਕ ਸਾਰਾ ਕਿੱਸਾ ਕਹਿ ਸੁਣਾਇਆ। ਆਪਣੀ ਗੱਲ ਮੁਕਾਉਣ ਲੱਗਿਆਂ ਉਸ ਨੇ ਆਪਣੇ ਫੌਜੀ ਅੰਦਾਜ਼ ਵਿਚ ਬੜੀਆਂ 'ਪਤੇ ਦੀਆਂ' ਗੱਲਾਂ ਕਹੀਆਂ ਜਿਨ੍ਹਾਂ ਨੂੰ ਸੁਣ ਕੇ ਸਾਰੇ ਇਕੱਠ ਦੇ ਹੱਸ-ਹੱਸ ਢਿੱਡੀਂ ਪੀੜਾਂ ਪੈ ਗਈਆਂ! ਪੂਰੀ ਕਹਾਣੀ ਦਾ ਨਿਚੋੜ ਕੱਢਣ ਵਾਂਗ ਉਹ ਸਾਨੂੰ ਮੁਖ਼ਾਤਬ ਹੋ ਕੇ ਬੋਲਿਆ,

"ਸਾਬ੍ਹ ਬਹਾਦਰ, ਹਮ ਪਿੰਡ ਵਾਸੀ ਤੋ ਬੜੇ ਸਾਲੋਂ ਸੇ ਪ੍ਰੇਮ ਇਤਫ਼ਾਕ ਨਾਲ ਸੰਗਰਾਂਦ ਮਨਾਤੇ ਆ ਰਹੇ ਸੀ, ਆਪਣੇ ਜੋਗਾ ਪ੍ਰਸ਼ਾਦ ਬਨਾ ਕੇ ਅਮਨ ਚੈਨ ਸੇ ਗੁਰੂ ਕਾ ਨਾਮ ਲੈਤੇ ਥੇ। ਏਕ ਮਰਤਬਾ ਇੱਕ ਸੰਤ ਬਾਬਾ ਯਹਾਂ ਕਿਆ ਆਇਆ, ਉਸ ਨੇ ਯਿਹ ਮੱਸਿਆ ਕਾ 'ਪੰਗਾ' ਖੜ੍ਹਾ ਕਰ ਦੀਆ! ਨਾ ਇਹ ਸੁਸਰੀ ਮੱਸਿਆ ਮਨਾਤੇ, ਨਾ ਚੜ੍ਹਾਵਾ ਚੜ੍ਹਤਾ ਔਰ ਨਾ ਹੀ ਇਨਕੀ (ਪ੍ਰਬੰਧਕਾਂ ਵੱਲ ਇਸ਼ਾਰਾ ਕਰ ਕੇ) ਆਪਸ ਮੇਂ ਲੜਾਈ-ਭਿੜਾਈ ਹੋਤੀ!" ਫਿਰ ਇਕੱਠ ਵੱਲ ਹੱਥ ਕਰ ਕੇ ਸਾਨੂੰ ਕਹਿੰਦਾ,

"ਸਰ ਜੀ, ਆਪ ਇਨਕੋ ਸਮਝਾਈਏ ਕਿ ਮੱਸਿਆ ਕਿਆ ਹੈ? ਹਨੇਰਾ! ਹਨੇਰੇ ਕੋ ਮੱਸਿਆ ਕਹਿਤੇ ਹੈਂ। ਮੱਸਿਆ, ਹਨੇਰਾ ਮਨਾਨੇ ਸੇ 'ਸਮੱਸਿਆ' ਤੋ ਆਏਗੀ ਹੀ!"

ਫੋਨ ਕਰਨ ਵਾਲੇ ਦੀ ਤਸੱਲੀ ਹੋਈ ਹੋਵੇਗੀ ਕਿ ਨਹੀਂ, ਇਹ ਤਾਂ ਉਹੀ ਜਾਣੇ ਪਰ ਜਦੋਂ ਵੀ ਮੈਂ ਧਰਮ ਦੇ ਨਾਮ 'ਤੇ ਹੁੰਦੇ ਫੋਕਟ ਥੋਥੇ ਕਰਮ-ਕਾਂਡ ਹੁੰਦੇ ਦੇਖਦਾ-ਸੁਣਦਾ ਹਾਂ ਤਾਂ ਮੈਨੂੰ 'ਮੱਸਿਆ ਦੀ ਸਮੱਸਿਆ' ਦੱਸਣ ਵਾਲਾ ਸੂਬੇਦਾਰ ਚੇਤੇ ਆ ਜਾਂਦਾ ਹੈ!

# ਲੰਕਾ 2013 ਬਨਾਮ ਲੰਕਾ 1983

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਤਾਮਿਲਨਾਡੂ ਦੀਆਂ ਸਿਆਸੀ ਪਾਰਟੀਆਂ ਦੇ ਸ੍ਰੀਲੰਕਾ ਵਿਰੋਧੀ ਏਕੇ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸ੍ਰੀਲੰਕਾ ਦੀ ਰਾਜਧਾਨੀ ਕੋਲੰਬੋ ਵਿਖੇ ਹੋ ਰਹੀ ਚੋਗਮ ਬੈਠਕ ਵਿਚ ਆਪਣੀ ਥਾਂ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੂੰ ਭੇਜਣ ਲਈ ਪ੍ਰੇਰਿਆ ਹੈ। ਤਾਮਿਲਨਾਡੂ ਵਾਲੇ ਫੇਰ ਵੀ ਸੰਤੁਸ਼ਟ ਨਹੀਂ ਹੋਏ। ਉਹ ਸ੍ਰੀਲੰਕਾ ਦੇ ਸਥਾਨਕ ਸਿਨਹਾਲੀਆਂ ਵਲੋਂ ਉਥੇ ਰਹਿੰਦੇ ਤਾਮਿਲਾਂ ਨੂੰ ਥੱਲੇ ਲਾਉਣ ਦੀ ਨੀਤੀ ਤੋਂ ਖਫਾ ਹਨ। ਅਸਲ ਵਿਚ ਪਿਛਲੇ ਤੀਹ ਸਾਲਾਂ ਤੋਂ ਉਸ ਦੇਸ਼ ਵਿਚ ਰਹਿਣ ਵਾਲੀ ਸਥਾਨਕ ਸਿਨਹਾਲੀ ਬਹੁਗਿਣਤੀ ਦਾ ਘਟ-ਗਿਣਤੀ ਤਾਮਿਲਾਂ ਨਾਲ ਭਾਰੀ ਇੱਟ ਖੜਕਾ ਚੱਲ ਰਿਹਾ ਹੈ। 2009 ਵਿਚ ਸ੍ਰੀਲੰਕਨ ਸਰਕਾਰ ਨੇ ਅਮਾਨਵੀ ਕਾਰਵਾਈ ਕਰਕੇ ਤਾਮਿਲ ਬਾਗ਼ੀਆਂ ਨੂੰ ਉਨ੍ਹਾਂ ਦੇ ਮੁਖੀ ਪ੍ਰਭਾਕਰਨ ਸਮੇਤ ਭਾਰੀ ਹਾਰ ਦਿੱਤੀ ਸੀ। ਹੁਣ ਟੀ ਵੀ ਚੈਨਲਾਂ ਨੇ ਹਰਮਨ ਪਿਆਰੀ ਤਾਮਿਲ ਅਦਾਕਾਰਾ ਦੇ ਸਮੂਹਕ ਬਲਾਤਕਾਰ ਪਿੱਛੋਂ ਕੀਤੀ ਹੱਤਿਆ ਤੇ ਸ਼ਹੀਦ ਪ੍ਰਭਾਕਰਨ ਦੇ ਬਾਰਾਂ ਸਾਲਾ ਪੁੱਤਰ ਦੇ ਲਾਪਤਾ ਹੋਣ ਦੇ ਮਾਮਲੇ ਨੂੰ ਕਾਫੀ ਉਭਾਰਿਆ ਹੈ। ਸਿਨਹਾਲੀਆਂ ਦੀਆਂ ਇਨ੍ਹਾਂ ਵਹਿਸ਼ੀ ਤੇ ਅਮਾਨਵੀ ਹਰਕਤਾਂ ਨੇ ਉਨ੍ਹਾਂ ਦੇਸ਼ਾਂ ਦੇ ਤਾਮਿਲ ਵਸਨੀਕਾਂ ਦਾ ਮਨ ਵੀ ਗੁੱਸੇ ਨਾਲ ਭਰ ਦਿੱਤਾ ਹੈ ਜਿੱਥੇ ਜਾ ਕੇ ਸ੍ਰੀਲੰਕਨਾਂ ਵਲੋਂ ਸਤਾਏ ਤਾਮਿਲਾਂ ਨੂੰ ਪਨਾਹ ਲੈਣੀ ਪਈ ਹੈ। ਇਸ ਕਾਰਨ ਰਾਸ਼ਟਰਪਤੀ ਮਹਿੰਦ ਰਾਜ ਪਕਸ ਵੱਲੋਂ ਸੱਦੀ ਗਈ ਚੋਗਮ ਬੈਠਕ ਬਾਰੇ ਰੋਸ ਪ੍ਰਗਟ ਕਰਨ ਵਿਚ ਕੈਨੇਡਾ ਤੇ ਮੌਰਿਸ਼ੀਅਸ ਵੀ ਭਾਰਤ ਵਾਲੀ ਕਿਸ਼ਤੀ ਦੇ ਸਵਾਰ ਹਨ। ਕੈਨੇਡਾ ਤਾਂ ਇਸ ਬੈਠਕ ਵਿਚ ਹਿੱਸਾ ਹੀ ਨਹੀਂ ਲੈ ਰਿਹਾ ਤੇ ਮੌਰਿਸ਼ੀਅਸ ਵੀ ਪ੍ਰਧਾਨ ਮੰਤਰੀ ਦੀ ਪਦਵੀ ਦਾ ਪ੍ਰਤੀਨਿਧ ਨਹੀਂ ਭੇਜ ਰਿਹਾ। ਹੁਣ ਜੰਗਬੰਦੀ ਤੋਂ ਪਿੱਛੋਂ ਸਿਨਹਾਲੀ ਉਥੋਂ ਦੇ ਤਾਮਿਲਾਂ ਦੀ ਹੇਠੀ ਕਰਨ ਤੋਂ ਬਾਜ਼ ਨਹੀਂ ਆ ਰਹੇ।

ਵਰਤਮਾਨ ਸਥਿਤੀ ਨੇ ਮੈਨੂੰ ਆਪਣੀ 1983 ਵਾਲੀ ਸ੍ਰੀਲੰਕਾ ਫੇਰੀ ਚੇਤੇ ਕਰਵਾ ਦਿੱਤੀ ਹੈ। ਮੈਂ ਕੋਲੰਬੋ ਵਿਚ ਗ੍ਰਾਮ ਵਿਕਾਸ ਵਿਚ ਸਹਿਕਾਰੀ ਸੰਸਥਾਵਾਂ ਦੇ ਯੋਗਦਾਨ ਦਾ ਲੇਖਾ-ਜੋਖਾ ਕਰਨ ਵਾਲੀ ਅੰਤਰਰਾਸ਼ਟਰੀ ਕਾਨਫਰੰਸ ਵਿਚ ਸ਼ਿਰਕਤ ਕਰਨੀ ਸੀ। ਮੇਰੇ ਦੂਜੇ ਦੋ ਸਾਥੀ ਰਾਸ਼ਟਰੀ ਗ੍ਰਾਮ



*ਸ੍ਰੀਲੰਕਾ ਦਾ ਕੌਮੀ ਝੰਡਾ*

ਵਿਕਾਸ ਸੰਸਥਾ ਹੈਦਰਾਬਾਦ ਦਾ ਡਾਇਰੈਕਟਰ ਸ੍ਰੀ ਚਾਰਯੁਲੂ ਤੇ ਮਦਰਾਸ ਸਕੂਲ ਆਫ਼ ਸੋਸ਼ਲ ਵਰਕ ਮੁੰਬਈ ਦਾ ਪ੍ਰਿੰਸੀਪਲ ਡਾ. ਟੀ. ਐਮ. ਜਾਰਜ਼ ਸਨ। ਜਦੋਂ ਮੈਂ ਕੋਲੰਬੋ ਪਹੁੰਚਿਆ ਤਾਂ ਕਾਨਫਰੰਸ ਦੇ ਸੰਯੋਜਕ ਡਾ. ਅਸਲਮ ਨੇ ਦੱਸਿਆ ਕਿ ਉਹ ਦੋਵੇਂ ਨਹੀਂ ਸਨ ਪਹੁੰਚੇ ਤੇ ਨਾ ਹੀ ਉਨ੍ਹਾਂ ਨੇ ਆਉਣਾ ਸੀ। ਉਹ ਦਿਨ ਸ੍ਰੀਲੰਕਾ ਵਿਚ ਸਥਾਨਕ ਸਿਨਹਾਲੀਆਂ ਤੇ ਤਾਮਿਲਾਂ ਵਿਚਕਾਰ ਮੁਠ ਭੇੜ ਟਕਰਾਓ ਦੀ ਚਰਮ ਸੀਮਾ ਦੇ ਸਨ। ਸਿਨਹਾਲੀਆਂ ਵੱਲੋਂ ਤਾਮਿਲਾਂ ਦੀ ਤਬਾਹੀ ਬਹੁਤ ਕੋਝਾ ਰੂਪ ਧਾਰ ਚੁੱਕੀ ਸੀ ਜਿਸ ਦਾ ਉਨ੍ਹਾਂ ਦੇ ਮਨ ਵਿਚ ਰੋਸ ਸੀ। ਉਨ੍ਹਾਂ ਨੂੰ ਇਸ ਟਕਰਾਓ ਦਾ ਮੇਰੇ ਨਾਲੋਂ ਨੇੜਲਾ ਗਿਆਨ ਸੀ। ਇਸ ਦੀ ਸੋਝੀ ਮੈਨੂੰ ਅਸਲਮ ਨਾਲ ਕੋਲੰਬੋ ਦੇ ਬਜ਼ਾਰ ਵਿਚੋਂ ਲੰਘਦਿਆਂ ਹੋਈ ਜਦੋਂ ਮੈਂ ਤਾਮਿਲਾਂ ਦੀਆਂ ਲੱਖਾਂ ਕਰੋੜਾਂ ਦੀ ਕੀਮਤ ਵਾਲੀਆਂ ਗਹਿਣੇ, ਕਪੜੇ, ਫਰਨੀਚਰ ਤੇ ਬਿਜਲੀ ਦੀਆਂ ਦੁਕਾਨਾਂ ਨੂੰ ਸਾੜ ਕੇ ਸੁਆਹ ਕੀਤੀਆਂ ਤੱਕਿਆ। ਮੇਰੇ ਗੈਰ ਹਾਜ਼ਰ ਸਾਥੀਆਂ ਨੇ ਸੰਸਥਾਵਾਂ ਦੀ ਪ੍ਰਤੀਨਿਧਤਾ ਕਰਨੀ ਸੀ ਤੇ ਮੈਂ ਭਾਰਤ ਸਰਕਾਰ ਦੀ, ਜਿਸ ਨੇ ਮੈਨੂੰ ਪ੍ਰਵਾਨਗੀ ਦੇ ਕੇ ਘੱਲਿਆ ਸੀ। ਮੇਰੇ ਕੋਲ ਪ੍ਰਤੀਨਿਧ ਭਾਸ਼ਣ ਦੇ ਉਹ ਭਾਗ ਨਹੀਂ ਸਨ ਜਿਹੜੇ ਮੇਰੇ ਤਾਮਿਲ ਸਾਥੀਆਂ ਨੇ ਪੂਰਨੇ ਸਨ। ਮੇਰਾ ਭਾਸ਼ਣ ਸੰਪੂਰਨ ਕਰਨ ਲਈ ਸ੍ਰੀਲੰਕਨ ਵਿਦਵਾਨਾਂ ਤੇ ਸਟੈਨੋ ਟਾਈਪਿਸਟਾਂ ਨੇ ਭਰਪੂਰ ਸਹਾਇਤਾ ਦਿੱਤੀ। ਦੋ ਦਿਨ ਇਸ ਕੰਮ ਵਿਚ ਬੁਰੀ ਤਰ੍ਹਾਂ ਖੁੱਭਿਆਂ ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਮੈਂ ਕਿਵੇਂ ਉਹ ਭਾਸ਼ਣ ਤਿਆਰ ਕੀਤਾ, ਕਿਵੇਂ ਦਿੱਤਾ ਤੇ ਉਥੇ ਕੀ ਕਿਹਾ ਪਰ ਅਗਲੇ ਦਿਨ ਮੈਂ ਜਿਧਰ ਜਾਂਦਾ ਸਾਂ ਮੈਨੂੰ ਸਲਾਮਾਂ ਮਾਰਨ ਵਾਲਿਆਂ ਤੇ ਘੂਰਨ ਵਾਲਿਆਂ ਦਾ ਅੰਤ ਨਹੀਂ ਸੀ। ਸਲਾਮਾਂ ਵਾਲੇ ਉਥੋਂ ਦੇ ਸਿਨਹਾਲੀ ਸਨ ਤੇ ਘੂਰਨ ਵਾਲੇ ਤਾਮਿਲ। ਪਤਾ ਨਹੀਂ ਟੀ.ਵੀ. ਵਾਲਿਆਂ ਨੇ ਆਪਣਾ ਕੈਮਰਾ ਮੇਰੀ ਦਾਹੜੀ ਪਗੜੀ ਉਤੇ ਕਿੰਨਾ ਸਮਾਂ ਟਿਕਾਇਆ ਹੋਵੇਗਾ। ਉਥੋਂ ਦੀ ਸਰਕਾਰ ਦਸਣਾ ਚਾਹੁੰਦੀ ਸੀ ਕਿ ਉਸ ਕਾਨਫਰੰਸ ਵਿਚ ਭਾਰਤ ਸ਼ਾਮਲ ਸੀ।

ਮੈਨੂੰ ਆਪਣੇ ਕੀਤੇ ਦਾ ਪਛਤਾਵਾ ਤਾਂ ਤਾਮਿਲਾਂ ਦੀ ਘੂਰੀ ਨੇ ਹੀ ਕਰਵਾ ਛੱਡਿਆ ਸੀ ਪਰ ਟੀ ਵੀ ਵਾਲਿਆਂ ਨੇ ਤਾਂ ਮੈਨੂੰ ਸ਼ਰਮਿੰਦਗੀ ਦੇ ਡੂੰਘੇ ਸਮੁੰਦਰ ਵਿਚ ਸੁੱਟ ਦਿੱਤਾ। ਮੈਂ ਸ਼ਰਮਿੰਦਗੀ ਦਾ ਵਰਣਨ ਆਪਣੀ ਪੁਸਤਕ '25 ਮੁਲਕ 75 ਗੱਲਾਂ' ਦੇ ਸ੍ਰੀਲੰਕਾ ਨਾਲ ਸਬੰਧਤ ਕਾਂਡ ਵਿਚ ਕਰਕੇ ਉਹ ਧੋਣਾ ਧੋਣ ਦਾ ਯਤਨ ਵੀ ਕੀਤਾ ਹੈ।

ਮੈਨੂੰ ਪ੍ਰਧਾਨ ਮੰਤਰੀ ਦੀ ਮਜਬੂਰੀ ਸਮਝ ਆਉਂਦੀ ਹੈ। ਭਾਰਤ ਸਰਕਾਰ ਸ੍ਰੀਲੰਕਾ ਵਿਚ ਸਿਨਹਾਲੀਆਂ ਵੱਲੋਂ ਤੋੜੀਆਂ ਤਾਮਿਲ ਵਸੋਂ ਵਾਲੀਆਂ ਸੜਕਾਂ, ਦੁਕਾਨਾਂ ਤੇ ਘਰਾਂ ਉਤੇ ਲੱਖਾਂ ਕਰੋੜਾਂ ਰੁਪਏ ਖਰਚ ਰਹੀ ਹੈ ਤੇ ਸਥਾਨਕ ਸਿਨਹਾਲੇ ਬਾਜ਼ ਨਹੀਂ ਆ ਰਹੇ। ਤਾਮਿਲਨਾਡੂ ਦੀਆਂ ਰਾਜਨੀਤਕ ਪਾਰਟੀਆਂ ਦਾ ਗੁੱਸਾ ਜਾਇਜ਼ ਹੈ ਪਰ ਉਹ ਭਾਰਤ ਸਰਕਾਰ ਦੀ ਮਜਬੂਰੀ ਨਹੀਂ ਸਮਝ ਰਹਿਆਂ ਜਿਸ ਦੇ ਸਾਹਮਣੇ ਇਕ ਪਾਸੇ ਚੀਨ ਦਾ ਸ੍ਰੀਲੰਕਾ ਵਿਚ ਪੈਰ ਪਸਾਰਨਾ ਹੈ ਤੇ ਦੂਜੇ ਪਾਸੇ ਪਾਕਿਸਤਾਨ ਦਾ ਤਾਕ ਲਾ ਕੇ ਬੈਠੇ ਹੋਣਾ। 1983 ਦੀ ਗੱਲ ਹੋਰ ਸੀ। ਉਦੋਂ ਭਾਰਤ ਸਰਕਾਰ, ਜਿਸ ਨੇ ਮੈਨੂੰ ਸ੍ਰੀਲੰਕਾ ਭੇਜਿਆ ਸੀ, ਤਾਮਿਲਾਂ ਦੇ ਗੁੱਸੇ ਦੀ ਥਾਹ ਨਹੀਂ ਸੀ ਪਾ ਸਕੀ। ਜੇ ਤਾਮਿਲਨਾਡੂ ਦੇ ਸਿਆਸੀ ਲੀਡਰ ਰਾਜਨੀਤਕ ਲਾਹਾ ਵੀ ਲੈਣਾ ਚਾਹੁੰਦੇ ਸਨ ਤਾਂ ਵੀ ਪ੍ਰਧਾਨ ਮੰਤਰੀ ਲਈ ਇਹ ਘੜੀ ਵੱਡੀ ਚੁਣੌਤੀ ਵਾਲੀ ਸ੍ਰੀ ਜਿਸ ਨੂੰ ਸਾਂਭਣ ਲਈ ਦੂਰ ਅੰਦੇਸ਼ੀ ਹੀ ਕੰਮ ਆ ਸਕਦੀ ਸੀ।

**ਅੰਤਿਕਾ:** (ਗੁਰਦੀਪ ਦੇਹਰਾਦੂਨ ਵਾਲਾ)
ਇਸ ਦੇ ਪਾਣੀ ਵਿਚ ਕੋਈ ਤੜਪ ਹੈ
ਇਸ ਨਦੀ ਤੋਂ ਟਿੱਕ ਕੇ ਬਹਿ ਹੋਣਾ ਨਹੀਂ।

## ਹਾਇਕੂ

ਕੰਮਪੂਟਰ
ਨਾ ਹੱਸੇ ਨਾ ਰੋਆਵੇ
ਚੱਲਦਾ ਜਾਵੇ।

---

ਵਿਦੇਸ਼ੀਂ ਬੈਠਾ
ਰੂੜੀਆਂ ਨੂੰ ਤਰਸੇ
ਪੌਂਡ ਕਮਾਵੇ।

---

ਪੱਗ ਬੰਨਣੀ
ਸਿੱਖਣ ਦੀ ਕੀ ਲੋੜ
ਆਪੇ ਲੁਹਾਈ।

*-ਜਨਮੇਜਾ ਸਿੰਘ ਜੌਹਲ*

# ਮੋਦੀ ਨੂੰ ਵੱਜਿਆ ਕੋਬਰਾਪੋਸਟ ਦਾ ਡੰਗ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰਿੰਦਰ ਮੋਦੀ ਇਤ ਵਾਰ ਮੁੜ ਵਿਵਾਦ ਵਿਚ ਘਿਰ ਗਏ ਹਨ। ਹੁਣ ਉਨ੍ਹਾਂ 'ਤੇ ਇਕ ਲੜਕੀ ਦੀ ਗ਼ੈਰ-



ਨਰਿੰਦਰ ਮੋਦੀ ਆਪਣੇ ਅਤਿ-ਨਜ਼ਦੀਕੀ ਸਾਥੀ ਅਮਿਤ ਸ਼ਾਹ ਨਾਲ।

ਕਾਨੂੰਨੀ ਜਾਸੂਸੀ ਕਰਵਾਉਣ ਦੋਸ਼ਾਂ ਲੱਗੇ ਹਨ। ਕਾਂਗਰਸ ਨੇ ਬੇਸ਼ੱਕ ਇਸ ਮੁੱਦੇ ਨੂੰ ਜ਼ੋਰਸ਼ੋਰ ਨਾਲ ਉਭਾਰਿਆ ਹੈ ਪਰ ਭਾਜਪਾ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਆਪਣਾ ਉਮੀਦਵਾਰ ਬਦਲਣ ਬਾਰੇ ਮੰਗ ਠੁਕਰਾ ਦਿੱਤੀ ਹੈ ਤੇ ਕਿਹਾ ਕਿ ਇਹ ਦੋਸ਼ ਕਾਂਗਰਸ ਦੀ ਸਾਜ਼ਿਸ਼ੀ ਉਪਜ ਹੈ।

2009 ਵਿਚ ਵਾਪਰੀ ਜਾਸੂਸੀ ਦੀ ਘਟਨਾ ਜਿਸ ਨੂੰ ਹੁਣ 'ਕੋਬਰਾਪੋਸਟ' ਵੱਲੋਂ ਨਸ਼ਰ ਕੀਤਾ ਗਿਆ ਹੈ, ਬਾਰੇ ਭਾਜਪਾ ਨੂੰ ਘੇਰਦਿਆਂ ਕਾਂਗਰਸ ਨੇ ਆਖਿਆ ਹੈ ਕਿ ਗੁਜਰਾਤ ਦੰਗਿਆਂ ਤੇ ਝੂਠੇ ਪੁਲਿਸ ਮੁਕਾਬਲਿਆਂ ਤੋਂ ਬਾਅਦ ਮੋਦੀ ਸਰਕਾਰ ਸੂਚਨਾ ਤੇ ਪ੍ਰਸਾਰਨ ਮੰਤਰੀ ਮਨੀਸ਼ ਤਿਵਾੜੀ ਨੇ ਦੋਸ਼ ਲਾਇਆ ਕਿ ਇਸ ਤੋਂ ਪਤਾ ਚੱਲਦਾ ਹੈ ਕਿ ਭਾਜਪਾ ਕਿਹੋ ਜਿਹਾ ਰਾਜ ਦੇਣਾ ਚਾਹੁੰਦੀ ਹੈ ਤੇ ਨਾਗਰਿਕਾਂ ਦੀ ਆਜ਼ਾਦੀ ਦੇ ਇਸ ਪਾਰਟੀ ਲਈ ਕੀ ਮਾਅਨੇ ਹਨ।

ਜ਼ਿਕਰਯੋਗ ਹੈ ਕਿ ਲੜਕੀ ਦੀ ਗ਼ੈਰਕਾਨੂੰਨੀ ਜਾਸੂਸੀ ਕਰਨ ਦਾ ਇਹ ਮਾਮਲਾ ਉਸ ਵੇਲੇ ਉਜਾਗਰ ਹੋਇਆ ਜਦੋਂ ਇਸ ਬਾਰੇ ਕੋਬਰਾਪੋਸਟ ਨੇ ਇਕ ਪ੍ਰੈਸ ਕਾਨਫਰੰਸ ਵਿਚ ਸੀਡੀ ਜਾਰੀ ਕੀਤੀ। ਇਸ ਵਿਚ ਗੁਜਰਾਤ ਦੇ ਸਾਬਕਾ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਆਈਪੀਐਸ ਅਫਸਰ ਜੀ ਐਲ ਸਿੰਘਲ ਵਿਚਕਾਰ ਫੋਨ 'ਤੇ ਹੋਈ ਗੱਲਬਾਤ ਦੇ ਅੰਸ਼ ਹਨ। ਖੋਜੀ ਕੋਬਰਾਪੋਸਟ ਤੇ ਗੁਲੇਲ ਵੱਲੋਂ ਇਸ਼ਰਤ ਜਹਾਂ ਹੱਤਿਆ ਕੇਸ ਵਿਚ ਇਹ ਫੋਨ ਵੇਰਵੇ ਸੀ.ਬੀ.ਆਈ. ਕੋਲ ਪਹਿਲਾਂ ਹੀ ਪੇਸ਼ ਕੀਤੇ ਹੋਣ ਦਾ ਦਾਅਵਾ ਕੀਤਾ ਗਿਆ ਹੈ।

ਹਾਲਾਂਕਿ ਅਗਸਤ ਤੇ ਸਤੰਬਰ 2009 ਵਿਚ ਹੋਈਆਂ ਇਨ੍ਹਾਂ ਫੋਨ ਵਾਰਤਾਵਾਂ ਵਿਚ ਸ੍ਰੀ ਮੋਦੀ ਦਾ ਨਾਂ ਨਹੀਂ ਆਉਂਦਾ ਪਰ ਵੈਬਸਾਈਟਾਂ ਦਾ ਕਹਿਣਾ ਹੈ ਕਿ ਵਾਰਤਾਵਾਂ ਸੁਣਨ ਤੋਂ ਬਾਅਦ ਰੱਤੀ ਭਰ ਵੀ ਸ਼ੱਕ ਨਹੀਂ ਰਹਿੰਦਾ ਕਿ ਇਸ ਅਪਰੇਸ਼ਨ ਵਿਚ ਸ਼ਾਮਲ ਵਿਅਕਤੀ 'ਸਾਹਿਬ' ਬਾਰੇ ਚੰਗੀ ਤਰ੍ਹਾਂ ਜਾਣਦੇ ਸਨ। ਇਹ ਵੀ ਦਾਅਵਾ ਕੀਤਾ ਗਿਆ ਕਿ ਸ੍ਰੀ ਮੋਦੀ ਉਸ ਲੜਕੀ ਨੂੰ 2005 ਵਿਚ ਭਾਵਨਗਰ ਨਗਰ ਨਿਗਮ ਦੇ ਜਨਤਕ ਸਮਾਗਮ ਦੌਰਾਨ ਮਿਲੇ ਸਨ ਤੇ ਲੜਕੀ ਬੰਗਲੌਰ ਦੀ ਇਕ ਆਰਕੀਟੈਕਟ ਹੈ ਤੇ ਉਸ ਦੇ ਮਾਪੇ ਗੁਜਰਾਤ ਵਿਚ ਸਨ।

# ਅਮਰੀਕਾ ਵਿਚ ਧਨ ਦੇ ਤਬਾਦਲੇ ਉਤੇ ਰੱਖੀ ਜਾ ਰਹੀ ਹੈ ਨਜ਼ਰ

**ਨਿਊ ਯਾਰਕ:** ਅਮਰੀਕਾ ਵਿਚ ਕੌਮਾਂਤਰੀ ਪੱਧਰ 'ਤੇ ਹੋਣ ਵਾਲੇ ਧਨ ਦੇ ਤਬਾਦਲੇ ਬਾਰੇ ਸੀਆਈਏ ਵੱਲੋਂ ਚੁੱਪ-ਚੁਪੀਤੇ ਰਿਕਾਰਡ ਤਿਆਰ ਕੀਤਾ ਜਾ ਰਿਹਾ ਹੈ ਤੇ ਇਸ ਤੋਂ ਇਲਾਵਾ ਲੱਖਾਂ ਅਮਰੀਕੀਆਂ ਦੇ ਵਿੱਤੀ ਤੇ ਨਿੱਜੀ ਅੰਕੜੇ ਵੀ ਇਸ ਵੱਲੋਂ ਤਿਆਰ ਕੀਤੇ ਜਾ ਰਹੇ ਹਨ, ਹਾਲਾਂਕਿ ਅਜਿਹੇ ਨਿਗਰਾਨੀ ਦੇ ਪ੍ਰੋਗਰਾਮਾਂ ਬਾਰੇ ਗੰਭੀਰ ਫ਼ਿਕਰ ਪ੍ਰਗਟਾਏ ਜਾਂਦੇ ਰਹੇ ਹਨ। ਧਨ ਦੇ ਤਬਾਦਲੇ ਬਾਰੇ ਅੰਕੜਿਆਂ ਵਿਚ ਅਮਰੀਕਾ ਵਿਚ ਆਉਣ ਵਾਲਾ ਤੇ ਬਾਹਰ ਜਾਣ ਵਾਲੇ ਧਨ ਦਾ ਵੀ ਰਿਕਾਰਡ ਸ਼ਾਮਲ ਹੈ।



ਕੇਂਦਰੀ ਖ਼ੁਫੀਆ ਏਜੰਸੀ (ਸੀ.ਆਈ.ਏ.) ਚੁੱਪ-ਚੁਪੀਤੇ ਵੈਸਟਰਨ ਯੂਨੀਅਨ ਜਿਹੀਆਂ ਕੰਪਨੀਆਂ ਵੱਲੋਂ ਕੀਤੇ ਜਾਂਦੇ ਧਨ ਦੇ ਤਬਾਦਲੇ ਦਾ ਵੱਡਾ ਡਾਟਾ ਇਕੱਠਾ ਕਰ ਰਹੀ ਹੈ। ਨੈਸ਼ਨਲ ਸਕਿਉਰਟੀ ਏਜੰਸੀ ਜਿਸ ਕਾਨੂੰਨ ਤਹਿਤ ਅਮਰੀਕੀਆਂ ਦਾ ਫੋਨ ਰਿਕਾਰਡ ਦੇ ਅੰਕੜੇ ਇਕੱਠੇ ਕਰਦੀ ਹੈ, ਉਸੇ ਕਾਨੂੰਨ ਤਹਿਤ ਸੀਆਈਏ ਇਹ ਅੰਕੜੇ ਇਕੱਠੇ ਕਰ ਰਹੀ ਹੈ। 'ਨਿਊਯਾਰਕ ਟਾਈਮਜ਼' ਵਿਚ ਛਪੀ ਰਿਪੋਰਟ ਵਿਚ ਅਜਿਹੇ ਖ਼ੁਲਾਸੇ ਕੀਤੇ ਗਏ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੀ.ਆਈ.ਏ. ਦਾ ਵਿੱਤੀ ਰਿਕਾਰਡ ਪ੍ਰੋਗਰਾਮ ਜਿਸ ਬਾਰੇ ਅਧਿਕਾਰੀ ਕਹਿੰਦੇ ਹਨ ਕਿ ਇਸ ਅਦਾਰੇ ਨੂੰ ਦੇਸ਼ ਭਗਤੀ ਐਕਟ ਅਧੀਨ ਅਜਿਹਾ ਕਰਨ ਦਾ ਅਖ਼ਤਿਆਰ ਹੈ ਤੇ ਵਿਦੇਸ਼ੀ ਖ਼ੁਫੀਆ ਨਿਗਰਾਨ ਕੋਰਟ (ਐਫ.ਆਈ.ਐਸ.ਸੀ.) ਇਸ ਦੀ ਨਿਗਰਾਨੀ ਕਰਦੀ ਹੈ। ਇਸ ਵਰਤਾਰੇ ਤੋਂ ਸਿੱਧ ਹੁੰਦਾ ਹੈ ਕਿ ਸਰਕਾਰ ਵੱਲੋਂ ਅੰਕੜੇ ਤੇ ਰਿਕਾਰਡ ਇਕੱਠਾ ਕਰਨ ਦੀ ਹੱਦ ਪੂਰੀ ਤਰ੍ਹਾਂ, ਕਿਸੇ ਨੂੰ ਨਹੀਂ ਪਤਾ ਤੇ ਇਸ ਤਰ੍ਹਾਂ, ਨਿੱਜਤਾ ਤੇ ਸੁਰੱਖਿਆ ਬਾਰੇ ਕੌਮੀ ਪੱਧਰ 'ਤੇ ਹੁੰਦੀ ਬਹਿਸ ਅਧੂਰੀ ਰਹਿ ਸਕਦੀ ਹੈ। ਕਈ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿਰਫ ਘਰੇਲੂ ਪੱਧਰ 'ਤੇ ਜਾਂ ਬੈਂਕ ਤੋਂ ਹੁੰਦੇ ਧਨ ਵਿਚ ਤਬਾਦਲੇ ਨੂੰ ਅਜਿਹੀ ਨਿਗਰਾਨੀ ਤੋਂ ਲਾਂਭੇ ਰੱਖਿਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਨਿਗਰਾਨ ਅਦਾਲਤ ਨੇ ਇਸ ਬਾਰੇ ਕੁਝ ਨੇਮ ਤੈਅ ਕੀਤੇ ਹੋਏ ਹਨ ਤੇ ਸੀ.ਆਈ.ਏ. ਵੱਲੋਂ ਦੇਖੇ ਜਾਣ ਵਾਲੇ ਰਿਕਾਰਡ ਤੇ ਅੰਕੜਿਆਂ ਵਿਚ ਅਮਰੀਕੀਆਂ ਦੀ ਪਛਾਣ ਨਸ਼ਰ ਨਹੀਂ ਕੀਤੀ ਹੁੰਦੀ ਤੇ ਕਿਸੇ ਵਿਰੁੱਧ ਜਾਂਚ ਕੀਤੇ ਜਾਣ ਤੋਂ ਪਹਿਲਾਂ ਉਸ ਦੇ ਕਿਸੇ ਅਤਿਵਾਦੀ ਜਥੇਬੰਦੀ ਨਾਲ ਸਬੰਧ ਹੋਣੇ ਚਾਹੀਦੇ ਹਨ।



ਸਿਨਸਿਨੈਟੀ, ਓਹਾਇਓ: ਗੁਰਦੁਆਰਾ ਗੁਰੂ ਨਾਨਕ ਸੁਸਾਇਟੀ, ਸਿਨਸਿਨੈਟੀ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਅਮਰੀਕ ਸਿੰਘ ਸ਼ਬਦ ਕੀਰਤਨ ਕਰਦੇ ਹੋਏ।

## ਭਾਰਤੀ ਮੂਲ ਦੇ ਡਾਕਟਰ ਵੱਲੋਂ 20 ਲੱਖ ਡਾਲਰ ਦਾਨ

**ਸਿਨਸਿਨੈਟੀ:** ਭਾਰਤੀ ਮੂਲ ਦੇ ਅਮਰੀਕੀ ਡਾਕਟਰ ਵਿਜੈ ਸੰਘਵੀ ਨੇ ਸਿਨਸਿਨੈਟੀ ਯੂਨੀਵਰਸਿਟੀ, ਓਹਾਇਓ ਨੂੰ ਚੇਅਰ ਸਥਾਪਤ ਕਰਨ ਲਈ 20 ਲੱਖ ਅਮਰੀਕੀ ਡਾਲਰ ਦਿੱਤੇ ਹਨ। ਇਹ ਸੰਘਵੀ ਚੇਅਰ ਦਿਲ ਦੇ ਰੋਗਾਂ ਦੇ ਇਲਾਜ ਬਾਰੇ ਪ੍ਰੋਗਰਾਮ ਲਈ ਸਥਾਪਤ ਕੀਤੀ ਜਾਵੇਗੀ। ਇਸ ਚੇਅਰ ਨਾਲ ਦਿਲ ਦੇ ਰੋਗਾਂ ਬਾਰੇ ਪੜ੍ਹਾਈ ਨੂੰ ਉੱਚਾ ਚੁੱਕਿਆ ਜਾ ਸਕੇਗਾ।

1966 ਤੋਂ ਡਾ. ਸੰਘਵੀ ਸਿਨਸਿਨਾਟੀ ਮੈਡੀਕਲ ਭਾਈਚਾਰੇ ਦੇ ਮੈਂਬਰ ਹਨ। ਇਸ ਵੇਲੇ ਉਹ ਯੂਨੀਵਰਸਿਟੀ ਵਿਚ ਬਤੌਰ ਸਹਾਇਕ ਪ੍ਰੋਫੈਸਰ ਕੰਮ ਕਰ ਰਹੇ ਹਨ। ਅਜਿਹਾ ਕਰਨ ਵਾਲੇ ਉਹ ਭਾਰਤੀ ਮੂਲ ਦੇ ਪਹਿਲੇ ਅਮਰੀਕੀ ਹਨ।



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਡੈਲਸ, ਟੈਕਸਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਜਾਏ ਗਏ ਨਗਰ ਕੀਰਤਨ ਵਿਚ ਅਗਵਾਨੀ ਕਰਦੇ ਹੋਏ ਪੰਜ ਪਿਆਰੇ ਅਤੇ ਨਗਰ ਕੀਰਤਨ ਵਿਚ ਹਾਜ਼ਰੀ ਭਰ ਰਹੀਆਂ ਸੰਗਤਾਂ। (ਤਸਵੀਰਾਂ: ਹਰਜੀਤ ਢੇਸੀ)





RKtravel assuring you the best
999 N. Main Street, #206
Glen Ellyn, IL 60137
Discounted fares to India on: Qatar Airways, Emirates, Air India, Etihad Airways, Lufthansa, and more
QATAR AIRWAYS القطرية
Ph: 630-858-7200

Radio Chann Pardesi ਰੇਡੀਓ ਚੰਨ ਪ੍ਰਦੇਸੀ
ਰੇਡੀਓ ਚੰਨ ਪ੍ਰਦੇਸੀ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ
www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਨਸ਼ਿਆਂ ਦੇ ਮਾਇਆ ਜਾਲ ਵਿਚ ਉਲਝੇ ਪਰਵਾਸੀ ਭਾਰਤੀ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਬਰਤਰਫ ਡੀ.ਐਸ.ਪੀ. ਤੇ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਦੀ ਗ੍ਰਿਫਤਾਰੀ ਤੋਂ ਬਾਅਦ ਪੁਲਿਸ ਤੇ ਖੁਫੀਆ ਏਜੰਸੀਆਂ ਬਹੁਕਰੋੜੀ ਡਰੱਗ ਤਸਕਰੀ ਵਿਚ ਸ਼ਾਮਲ 50 ਸ਼ੱਕੀ ਪਰਵਾਸੀ ਭਾਰਤੀਆਂ ਦਾ ਖੁਰਾ ਖੋਜ ਲੱਭਣ ਵਿਚ ਜੁੱਟ ਗਈਆਂ ਹਨ। ਪੁਲਿਸ ਨੇ ਇਨ੍ਹਾਂ ਵਿਚੋਂ ਦੋ ਦਰਜਨ ਤੋਂ ਵੱਧ ਬਾਰੇ ਜਾਣਕਾਰੀ ਹਾਸਲ ਕਰ ਲਈ ਹੈ। ਹੁਣ ਤੱਕ 5000 ਕਰੋੜ ਦੇ ਡਰਗਜ਼ ਦੇ ਧੰਦੇ ਤੋਂ ਪੁਲਿਸ ਪਰਦਾ ਉਠਾਉਣ ਵਿਚ ਕਾਮਯਾਬ ਹੋਈ ਹੈ।

ਪੁਲਿਸ ਰਾਜਸੀ ਖੇਤਰ ਨਾਲ ਸਬੰਧਤ ਜੁੜੇ ਵਿਅਕਤੀਆਂ ਦੇ ਸ਼ਹਾਨਾ ਅੰਦਾਜ਼ ਵਿਚ ਜੀਵਨ ਬਸਰ ਕਰਨ ਨੂੰ ਦੇਖਦਿਆਂ ਉਨ੍ਹਾਂ ਦੇ ਪਿਛੋਕੜ ਦੀ ਵੀ ਪੜਤਾਲ ਕਰਨ ਵਿਚ ਲੱਗੀ ਹੈ। ਪੁਲਿਸ ਸੂਤਰਾਂ ਦੇ ਅਨੁਸਾਰ ਹੁਣ ਤੱਕ 32 ਪਰਵਾਸੀ ਭਾਰਤੀਆਂ ਦੇ ਪਿੰਡਾਂ ਦੇ ਪਤੇ, ਟਿਕਾਣਿਆਂ ਬਾਰੇ ਪਤਾ ਲੱਗ ਚੁੱਕਾ ਹੈ ਜਿਨ੍ਹਾਂ ਦੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਧੰਦੇ ਵਿਚ ਜਗਦੀਸ਼ ਭੋਲਾ ਨਾਲ ਜੁੜੇ ਹੋਣ ਦੀ ਪੁਸ਼ਟੀ ਹੋਈ ਹੈ। ਸੂਤਰਾਂ ਦੇ ਅਨੁਸਾਰ ਨਸ਼ਿਆਂ ਦੇ ਧੰਦੇ ਵਿਚ ਪੱਕੇ ਪੈਰੀਂ ਸਥਾਪਤ ਹੋਣ ਲਈ ਜਗਦੀਸ਼ ਭੋਲਾ ਨੇ ਵੀਅਤਨਾਮ ਤੇ ਚੀਨ ਤੋਂ ਸਿੱਖ ਕੇ ਆਏ ਪਰਵਾਸੀ ਭਾਰਤੀਆਂ ਦੀ ਮਦਦ ਲਈ ਤੇ ਇਹ ਲੋਕ ਵਿਦੇਸ਼ਾਂ ਵਿਚ ਸਥਾਪਤ ਹੋ ਚੁੱਕੇ ਹਨ ਤੇ

## ਪੁਲਿਸ ਵੱਲੋਂ ਸ਼ੱਕੀ ਪਰਵਾਸੀਆਂ 'ਤੇ ਨਜ਼ਰ



ਪੁਲਿਸ ਦੀ ਹਿਰਾਸਤ ਵਿਚ ਜਗਦੀਸ਼ ਭੋਲਾ

ਡਰਗਜ਼ ਦੇ ਧੰਦੇ ਨਾਲ ਜੁੜੇ ਹੋਏ ਹਨ।

ਇਨ੍ਹਾਂ ਮਾਹਿਰਾਂ ਨੇ ਨਸ਼ੀਲੇ ਪਦਾਰਥਾਂ ਨੂੰ ਖੋਜੀ ਕੁੱਤਿਆਂ, ਐਕਸਰੇ, ਸਕੈਨਰਾਂ ਤੋਂ ਬਚਾਉਣ ਲਈ ਵਿਸ਼ੇਸ਼ ਕਾਗਜ਼ਾਂ ਵਿਚ 'ਐਅਰਟਾਈਟ' ਪੈਕਿੰਗ ਕਰਨੀ ਸਿਖਾਈ। ਇਨ੍ਹਾਂ ਪਰਵਾਸੀ ਭਾਰਤੀਆਂ ਦੇ ਨਾਂ ਅਤਿ ਅਹਿਮ ਹਨ ਤੇ ਇਹ ਅਕਸਰ ਪੰਜਾਬ ਵਿਚ ਆਪਣੇ ਪਿੰਡਾਂ ਵਿਚ ਆ ਕੇ ਮਹੀਨਿਆਂ ਤੱਕ ਰਹਿੰਦੇ ਤੇ ਪਰਉਪਕਾਰੀ ਕੰਮ ਤੇ ਖੇਡ ਮੇਲੇ ਕਰਵਾ ਕੇ ਆਪਣੀ ਟੌਹਰ ਬਣਾਉਂਦੇ ਹਨ। ਪਟਿਆਲਾ ਦੇ ਐਸ.ਐਸ.ਪੀ. ਹਰਦਿਆਲ ਸਿੰਘ ਮਾਨ ਨੇ ਦੱਸਿਆ ਕਿ ਪੜਤਾਲ ਦੌਰਾਨ ਗ੍ਰਿਫਤਾਰ ਕੀਤੇ ਜਾਣ ਵਾਲੇ 50 ਸ਼ੱਕੀਆਂ ਵਿਚੋਂ 32 ਪਰਵਾਸੀ ਭਾਰਤੀਆਂ ਦੀ ਪਛਾਣ ਹੋ ਚੁੱਕੀ ਹੈ ਤੇ ਇਨ੍ਹਾਂ ਵਿਚੋਂ ਬਹੁਤ ਸਾਰੇ ਰੂਪੋਸ਼ ਹੋ ਗਏ ਹਨ ਤੇ ਜਿਨ੍ਹਾਂ ਦੇਸ਼ਾਂ ਵਿਚ ਰਹਿੰਦੇ ਸਨ, ਉਥੋਂ ਲਾਪਤਾ ਹਨ।

ਇਨ੍ਹਾਂ ਦੇ ਨਾਂ ਪੁਲਿਸ ਕੋਲ ਹਨ ਤੇ ਇਨ੍ਹਾਂ ਨੂੰ ਗ੍ਰਿਫਤਾਰ ਕਰਨ ਦੇ ਲਈ ਇੰਟਰਪੋਲ ਤੇ ਹੋਰ ਏਜੰਸੀਆਂ ਦੀ ਸਹਾਇਤਾ ਲਈ ਜਾਵੇਗੀ। ਇਹ ਲੋਕ ਉੱਤਰੀ ਅਮਰੀਕਾ, ਕੈਨੇਡਾ ਤੇ ਯੂਰਪ ਦੇ ਕੁਝ ਦੇਸ਼ਾਂ ਤੱਕ ਫੈਲੇ ਹੋਏ ਹਨ। ਉਨ੍ਹਾਂ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਨੇ ਦੱਸਿਆ ਹੈ ਕਿ ਕਿਵੇਂ ਪਿਛਲੇ ਕਈ ਸਾਲ ਤੋਂ ਬੱਦੀ ਵਿਖੇ ਨਸ਼ੇ ਤਿਆਰ ਕਰਕੇ ਯੋਜਨਾਬੱਧ ਢੰਗ ਨਾਲ ਦੇਸ਼ ਭਰ ਵਿਚ ਭੇਜੇ ਜਾਂਦੇ ਸਨ ਤੇ ਫਿਰ ਕੁਝ ਚੋਣਵੇਂ ਲੋਕਾਂ ਦੇ ਰਾਹੀਂ ਵਿਦੇਸ਼ਾਂ ਨੂੰ ਸਪਲਾਈ ਕੀਤੇ ਜਾਂਦੇ ਸਨ। ਇਸ ਤੋਂ ਇਲਾਵਾ ਨਾਰਕੋਟਿਕਸ ਕੰਟਰੋਲ ਬਿਊਰੋ ਨੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਝਾਮਪੁਰ ਦੇ ਇਕ ਸ਼ੈਲਰ ਦਾ ਵੀ ਪਤਾ ਲਾਇਆ ਹੈ, ਜਿਥੇ ਨਸ਼ੇ ਤਿਆਰ ਕੀਤੇ ਜਾਂਦੇ ਸਨ ਤੇ ਇਸ ਦੀ ਇਕ ਇਕਾਈ ਪਟਿਆਲਾ ਵਿਚ ਵੀ ਸੀ।

ਐਸ.ਐਸ.ਪੀ. ਅਨੁਸਾਰ ਹੁਣ ਤਕ ਨਸ਼ਿਆਂ ਦੀ ਤਸਕਰੀ ਦੇ ਦੋਸ਼ ਵਿਚ ਜਗਦੀਸ਼ ਭੋਲਾ, ਅੰਮ੍ਰਿਤਸਰ ਦਾ ਸਰਬਜੀਤ ਸਿੰਘ ਸਾਬਾ, ਤਰਨ ਤਾਰਨ ਦੇ ਹਰਪ੍ਰੀਤ ਸਿੰਘ ਤੇ ਬਲਜਿੰਦਰ ਸਿੰਘ, ਸੋਨੀਪਤ ਦਾ ਰਵਿੰਦਰ ਸਿੰਘ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਇਨ੍ਹਾਂ ਤੋਂ ਹਾਸਲ ਕੀਤੀ ਜਾਣਕਾਰੀ ਬਾਅਦ ਅੰਮ੍ਰਿਤਸਰ ਦਾ ਜਗਜੀਤ ਸਿੰਘ ਚਾਹਲ ਜੋ ਪਠਾਨਕੋਟ ਤੇ ਬੱਦੀ ਵਿਖੇ ਦਵਾਈਆਂ ਬਣਾਉਣ ਵਾਲੀਆਂ ਫੈਕਟਰੀਆਂ ਦਾ ਮਾਲਕ ਹੈ ਤੇ ਅਕਾਲੀ ਆਗੂ ਮਨਿੰਦਰ ਸਿੰਘ ਬਿੱਟੂ ਔਲਖ ਨੂੰ ਵੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਗ੍ਰਿਫਤਾਰ ਕੀਤੇ ਮੁਲਜ਼ਮਾਂ ਵਿਚੋਂ ਦੋ ਅੰਮ੍ਰਿਤਸਰ ਵਿਚ ਵੱਡੇ ਪੱਧਰ 'ਤੇ ਝਗੜੇ ਵਾਲੀਆਂ ਜਾਇਦਾਦਾਂ ਬੇਨਾਮੀ ਪੱਧਰ ਉਤੇ ਖਰੀਦਣ ਵਿਚ ਵੀ ਸਰਗਰਮ ਹਨ ਤੇ ਜੇ ਜਾਂਚ ਸਹੀ ਢੰਗ ਨਾਲ ਕੀਤੀ ਜਾਂਦੀ ਹੈ ਤਾਂ ਕਈ ਵੱਡੇ ਰਾਜਸੀ ਆਗੂਆਂ ਦੇ ਨਾਂ ਵੀ ਸਾਹਮਣੇ ਆ ਸਕਦੇ ਹਨ।

## ਦਾਊਦ ਬਣਨਾ ਚਾਹੁੰਦਾ ਸੀ ਭੋਲਾ

ਜਗਦੀਸ਼ ਸਿੰਘ ਭੋਲਾ ਨਸ਼ਿਆਂ ਦੀ ਤਸਕਰੀ ਵਿਚ ਅੰਡਰਵਰਲਡ ਡਾਨ ਦਾਊਦ ਇਬਰਾਹੀਮ ਬਣਨਾ ਚਾਹੁੰਦਾ ਸੀ। ਫਿਲਮਾਂ ਤੋਂ ਬਾਅਦ ਉਹ ਹੋਟਲ ਕਾਰੋਬਾਰ ਵਿਚ ਵੀ ਪੈਰ ਪਸਾਰ ਰਿਹਾ ਸੀ। ਪੁਲਿਸ ਵੇਰਵਿਆਂ ਮੁਤਾਬਕ ਭੋਲੇ ਨੂੰ 2008 ਵਿਚ ਨਾਰਕੋਟਿਕਸ ਕੰਟਰੋਲ ਬਿਊਰੋ ਵੱਲੋਂ 25 ਕਿਲੋ ਆਈਸ ਡਰੱਗ ਸਮੇਤ ਮੁੰਬਈ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਜਦੋਂ ਉਹ ਉਥੇ ਆਰਥਰ ਰੋਡ ਜੇਲ੍ਹ ਵਿਚ ਬੰਦ ਸੀ ਤਾਂ ਕਿਸੇ ਵੇਲੇ ਦਾਊਦ ਦੇ ਲਫਟੈਨ ਰਹੇ ਅਬੂ ਸਲੇਮ ਤੇ ਮੁਸਤਫਾ ਦੋਸਾ ਨਾਲ ਉਸ ਦਾ ਸੰਪਰਕ ਹੋਇਆ ਸੀ। ਇਸ ਸਦਕਾ ਹੀ ਉਸ ਨੂੰ ਜੇਲ੍ਹ ਵਿਚ ਬਾਹਰਲੇ ਖਾਣੇ ਸਮੇਤ ਕਈ ਸਹੂਲਤਾਂ ਮਿਲੀਆਂ ਸਨ।

ਸੂਤਰਾਂ ਅਨੁਸਾਰ ਸਲੇਮ ਤੇ ਦੋਸਾ ਨਾਲ ਮੇਲ-ਜੋਲ ਤੋਂ ਉਸ ਦਾ ਹੌਸਲਾ ਵਧ ਗਿਆ ਸੀ ਤੇ ਉਹ ਨਸ਼ਿਆਂ ਦੇ ਧੰਦੇ ਵਿਚ ਹੋਰ ਉਚੇ ਚੜ੍ਹਨ ਦੀਆਂ ਤਰਕੀਬਾਂ ਬਣਾਉਣ ਲੱਗਿਆ। ਇਸ ਤੋਂ ਬਾਅਦ ਫਿਰ ਉਸ ਨੇ ਪਿਛੇ ਮੁੜ ਕੇ ਨਹੀਂ ਦੇਖਿਆ ਸਗੋਂ ਲਗਾਤਾਰ ਅੱਗੇ ਹੀ ਅੱਗੇ ਵਧਦਾ ਗਿਆ।

## 600 ਕਰੋੜ ਦੀ ਡਰੱਗ ਸਮੱਗਰੀ ਬਰਾਮਦ

**ਪਟਿਆਲਾ:** ਸਿੰਥੈਟਿਕ ਡਰੱਗ ਸਕੈਂਡਲ ਦੇ ਮੁੱਖ ਸਰਗਨੇ ਜਗਦੀਸ਼ ਭੋਲਾ ਨੂੰ ਆਈਸ ਸਿੰਥੈਟਿਕ ਡਰੱਗ ਬਣਾਉਣ ਲਈ ਵਰਤੇ ਜਾਂਦੇ ਰਸਾਇਣਾਂ ਦੇ ਮੁੱਖ ਸਪਲਾਇਰਾਂ ਜਗਜੀਤ ਸਿੰਘ ਚਾਹਲ ਤੇ ਮਨਿੰਦਰ ਸਿੰਘ ਉਰਫ ਬਿੱਟੂ ਔਲਖ ਦੀ ਗ੍ਰਿਫਤਾਰੀ ਤੋਂ ਬਾਅਦ ਪਟਿਆਲਾ ਪੁਲਿਸ ਨੇ 600 ਕਰੋੜ ਰੁਪਏ ਦੇ 600 ਕਿਲੋ ਐਫੇਡਰਾਈਨ, ਸੂਡੋ ਐਫੇਡਰਾਈਨ ਤੇ ਹੋਰ ਰਸਾਇਣ ਬਰਾਮਦ ਕੀਤੇ ਹਨ। ਇਹ ਬਰਾਮਦਗੀ ਜਗਜੀਤ ਸਿੰਘ ਚਾਹਲ ਦੇ ਪ੍ਰਗਟਾਵੇ ਦੇ ਅਧਾਰ 'ਤੇ ਉਸ ਦੀ ਬੱਦੀ ਸਥਿਤ ਐਮ.ਬੀ.ਪੀ. ਫਾਰਮਾਸਿਊਟੀਕਲਜ਼ ਫੈਕਟਰੀ ਵਿਚੋਂ ਹੋਈ ਹੈ ਤੇ ਇਨ੍ਹਾਂ ਰਸਾਇਣਾਂ ਤੋਂ 1800 ਕਰੋੜ ਦੇ ਸਿੰਥੈਟਿਕ ਡਰੱਗਜ਼ ਤਿਆਰ ਹੋਣੇ ਸਨ। ਬਰਾਮਦ ਕੀਤੇ ਗਏ ਅਜਿਹੇ ਰਸਾਇਣਾਂ ਦੀ ਮਾਤਰਾ, ਸਟਾਕ ਰਜਿਸਟਰਾਂ ਤੇ ਅਜਿਹੇ ਰਸਾਇਣਾਂ ਨੂੰ ਫੈਕਟਰੀ ਵਿਚ ਰੱਖਣ ਦੀਆਂ ਪ੍ਰਵਾਨਗੀਆਂ ਆਦਿ ਪਹਿਲੂਆਂ ਨੂੰ ਤਸਦੀਕ ਕਰਨ ਲਈ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਜਾਂਚ ਨਾਲ ਜੋੜਿਆ ਗਿਆ ਹੈ। ਐਫੇਡਰਾਈਨ, ਸੂਡੋ ਐਫੇਡਰਾਈਨ ਤੇ ਹੋਰ ਰਸਾਇਣਾਂ ਦੀ ਅਨੁਮਾਨਤ ਕੀਮਤ ਇਕ ਕਰੋੜ ਰੁਪਏ ਪ੍ਰਤੀ ਕਿਲੋ ਹੈ ਜਦੋਂਕਿ ਸਿੰਥੈਟਿਕ ਡਰੱਗ ਆਈਸ (ਐਮ-ਐਫੇਟਾਮਾਈਨ) ਦੀ ਕੌਮਾਂਤਰੀ ਬਾਜ਼ਾਰ ਵਿਚ ਕੀਮਤ ਪੰਜ ਕਰੋੜ ਹੈ। ਗੈਰਕਾਨੂੰਨੀ ਨਿਰਮਾਣ ਪ੍ਰਕਿਰਿਆ ਵਿਚ ਅੰਦਾਜ਼ਨ 60 ਫੀਸਦੀ ਅਜਿਹੇ ਰਸਾਇਣਾਂ ਨੂੰ ਆਈਸ ਵਿਚ ਬਦਲਿਆ ਜਾਂਦਾ ਹੈ ਤੇ ਕਿਲੋ ਰਸਾਇਣ ਤੋਂ 600 ਗ੍ਰਾਮ ਆਈਸ ਬਣਦੀ ਹੈ। ਇਸ ਬਰਾਮਦਗੀ ਨਾਲ ਇਸ ਕੇਸ ਦੀ ਹੋਰ ਪਰਤਾਂ ਵੀ ਖੁੱਲ੍ਹਣਗੀਆਂ।

# ਨਸ਼ਿਆਂ ਦੇ ਕਾਰੋਬਾਰ ਨੂੰ ਸਿਆਸੀ ਸਰਪ੍ਰਸਤੀ

**ਅੰਮ੍ਰਿਤਸਰ:** ਨਸ਼ਿਆਂ ਦੇ ਕਾਰੋਬਾਰ ਨੂੰ ਸਿਆਸੀ ਸਰਪ੍ਰਸਤੀ ਹਾਸਲ ਹੈ। ਇਸ ਗੱਲ ਦਾ ਖੁਲਾਸਾ ਉਸ ਵੇਲੇ ਹੋਇਆ ਜਦੋਂ ਕੌਮਾਂਤਰੀ ਡਰੱਗ ਤਸਕਰ ਤੇ ਪਹਿਲਵਾਨ ਜਗਦੀਸ਼ ਸਿੰਘ ਭੋਲਾ ਦੇ ਮਾਮਲੇ ਵਿਚ ਪਟਿਆਲਾ ਪੁਲਿਸ ਵੱਲੋਂ ਅੰਮ੍ਰਿਤਸਰ ਵਾਸੀ ਮਨਜਿੰਦਰ ਸਿੰਘ ਔਲਖ ਉਰਫ ਬਿੱਟੂ ਔਲਖ ਨੂੰ ਗ੍ਰਿਫਤਾਰ ਕੀਤਾ ਗਿਆ। ਸੂਤਰਾਂ ਅਨੁਸਾਰ ਬਿੱਟੂ ਔਲਖ ਇਕ ਵਿਧਾਇਕ ਦਾ ਨੇੜਲਾ ਸਾਥੀ ਹੈ।

ਪਟਿਆਲਾ ਪੁਲਿਸ ਵੱਲੋਂ ਬਿੱਟੂ ਔਲਖ ਤੋਂ ਇਲਾਵਾ ਜਗਜੀਤ ਸਿੰਘ ਚਾਹਲ ਵਾਸੀ ਪਿੰਡ ਰਮਾਣਾ ਚੱਕ ਤਹਿਸੀਲ ਬਾਬਾ ਬਕਾਲਾ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੂੰ ਇਨ੍ਹਾਂ ਦੋਵਾਂ ਕੋਲੋਂ 3.25 ਕਰੋੜ ਰੁਪਏ ਦੇ ਪੰਜ ਕਿਲੋ ਸਿੰਥੈਟਿਕ ਡਰੱਗ ਪ੍ਰਾਪਤ ਹੋਏ ਹਨ। ਬਿੱਟੂ ਔਲਖ ਦਾ ਇਥੇ ਅੰਮ੍ਰਿਤਸਰ ਵਿਚ ਕੋਰਟ ਰੋਡ ਵਿਖੇ ਇਕ ਨਾਮੀ ਹੋਟਲ ਹੈ ਤੇ ਉਹ ਯੂਥ ਅਕਾਲੀ ਦਲ ਦਾ ਸੀਨੀਅਰ ਆਗੂ ਹੈ। ਵਿਧਾਨ ਸਭਾ ਚੋਣਾਂ ਸਮੇਂ ਬਿੱਟੂ ਔਲਖ ਨੇ ਰਾਜਾਸਾਂਸੀ ਵਿਧਾਨ ਸਭਾ ਹਲਕੇ ਤੋਂ ਅਕਾਲੀ ਉਮੀਦਵਾਰ ਵਜੋਂ ਚੋਣ ਲੜਨ ਦਾ ਯਤਨ ਵੀ ਕੀਤਾ ਸੀ।

ਸਿੱਟੇ ਵਜੋਂ ਉਸ ਵੇਲੇ ਉਸ ਦੇ ਸਾਬਕਾ ਅਕਾਲੀ ਵਿਧਾਇਕ ਵੀਰ ਸਿੰਘ ਲੋਪੋਕੇ ਨਾਲ ਸਬੰਧ ਵੀ ਵਿਗੜ ਗਏ। ਟਿਕਟ ਨਾ ਮਿਲਣ ਕਾਰਨ ਉਸ ਵੇਲੇ ਉਸ ਨੇ ਪੀਪੀਪੀ ਵਿਚ ਜਾਣ ਦਾ ਮਨ ਬਣਾਇਆ ਸੀ ਪਰ ਉਸ ਵੇਲੇ ਅਜਨਾਲਾ ਦੇ ਅਕਾਲੀ ਵਿਧਾਇਕ ਦੇ ਸਮਝਾਉਣ 'ਤੇ ਉਸ ਨੇ ਵਾਪਸੀ ਕਰ ਲਈ ਸੀ। ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਪਿੰਡ ਵੈਰੋਕੇ ਦਾ ਵਾਸੀ ਮਨਜਿੰਦਰ ਸਿੰਘ ਔਲਖ ਉਰਫ ਬਿੱਟੂ ਔਲਖ ਤੇ ਪਿੰਡ ਰਮਾਣਾ ਚੱਕ ਦਾ ਵਾਸੀ ਜਗਜੀਤ ਸਿੰਘ ਚਾਹਲ ਦੋਵੇਂ ਮੱਧ ਵਰਗੀ ਪਰਿਵਾਰਾਂ ਨਾਲ ਸਬੰਧਤ ਹਨ।

ਇਨ੍ਹਾਂ ਦੋਵਾਂ ਨੇ ਪਿਛਲੇ ਤਕਰੀਬਨ ਡੇਢ ਦਹਾਕੇ ਵਿਚ ਹੀ ਆਪਣੀ ਸਿਆਸੀ ਪੈਂਠ ਤੇ ਦਬਦਬਾ ਕਾਇਮ ਕੀਤਾ ਇਸ ਵੇਲੇ ਦੋਵਾਂ ਕੋਲ ਕਰੋੜਾਂ-ਅਰਬਾਂ ਰੁਪਏ ਦੀ ਜਾਇਦਾਦ ਹੈ। ਭਾਵੇਂ ਇਹ ਕੋਈ ਮੰਤਰੀ ਜਾਂ ਵਿਧਾਇਕ ਨਹੀਂ ਸਨ ਪਰ ਇਸ ਨੇ ਸਿਆਸੀ ਅਸਰ ਰਸੂਖ ਕਾਰਨ ਇਹ ਹਮੇਸ਼ਾ ਹੀ ਲਾਲ ਬੱਤੀ ਵਾਲੀਆਂ ਗੱਡੀਆਂ ਤੇ ਸੁਰੱਖਿਆ




ਛਤਰੀ ਹੇਠ ਘੁੰਮਦੇ ਸਨ। ਇਨ੍ਹਾਂ ਦੋਵਾਂ ਦੀ ਸੱਤਾਧਾਰੀ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨਾਲ ਡੂੰਘੀ ਨੇੜਤਾ ਹੋਣ ਕਾਰਨ ਕਾਂਗਰਸ ਨੇ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਕਿਸੇ ਨਿਰਪੱਖ ਏਜੰਸੀ ਤੋਂ ਉਚ ਪੱਧਰੀ ਜਾਂਚ ਕਰਾਈ ਜਾਵੇ ਤੇ ਸਮੂਹ ਦੋਸ਼ੀਆਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਹੋਵੇ।

ਸ਼੍ਰੋਮਣੀ ਅਕਾਲੀ ਦਲ ਵਿਚਲੇ ਸੂਤਰਾਂ ਮੁਤਾਬਕ ਮਨਜਿੰਦਰ ਸਿੰਘ ਔਲਖ ਉਰਫ ਬਿੱਟੂ ਔਲਖ ਸਰਹੱਦੀ ਪਿੰਡ ਵੈਰੋਕੇ ਦੇ ਮੱਧ ਵਰਗੀ ਪਰਿਵਾਰ ਨਾਲ ਸਬੰਧਤ ਹੈ।ਇਸ ਦੇ ਪਿਤਾ ਪ੍ਰਤਾਪ ਸਿੰਘ ਤੇ ਮਾਤਾ ਜੋਗਿੰਦਰ ਕੌਰ ਸੇਵਾ ਮੁਕਤ ਅਧਿਆਪਕ ਹਨ। ਪੜ੍ਹਾਈ ਦੌਰਾਨ ਹੀ ਉਹ ਅਮਰੀਕਾ ਚਲਾ ਗਿਆ ਸੀ। ਵਤਨ ਵਾਪਸੀ ਮਗਰੋਂ ਇਸ ਨੇ ਸਿਆਸਤ ਵਿਚ ਪੈਰ ਰੱਖਿਆ। ਸਿਆਸਤ ਦੀ ਸ਼ੁਰੂਆਤ 1997 ਵਿਚ ਕਾਂਗਰਸ ਤੋਂ ਕੀਤੀ। 2002 ਦੀਆਂ ਚੋਣਾਂ ਸਮੇਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਗਿਆ।

ਸ਼ੁਰੂ ਵਿਚ ਉਹ ਰਾਜਾਸਾਂਸੀ ਵਿਧਾਨ ਸਭਾ ਹਲਕੇ ਤੋਂ ਸਾਬਕਾ ਅਕਾਲੀ ਵਿਧਾਇਕ ਵੀਰ ਸਿੰਘ ਲੋਪੋਕੇ ਦੇ ਨੇੜੇ ਰਿਹਾ ਪਰ ਕਿਉਂਕਿ ਇਹ ਖੁਦ ਇਸ ਹਲਕੇ ਤੋਂ ਚੋਣ ਲੜਨ ਦਾ ਇਛੁੱਕ ਸੀ, ਇਸ ਲਈ ਸ. ਲੋਪੋਕੇ ਨਾਲ ਤੋੜ ਵਿਛੋੜਾ ਹੋ ਗਿਆ। 2007 ਦੀਆਂ ਚੋਣਾਂ ਸਮੇਂ ਔਲਖ ਨੇ ਅਜਨਾਲਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਅਮਰਪਾਲ ਸਿੰਘ ਬੋਨੀ ਤੇ ਖਡੂਰ ਸਾਹਿਬ ਹਲਕੇ ਤੋਂ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ ਦੇ ਪਰਿਵਾਰ ਨਾਲ ਨੇੜਤਾ ਬਣਾ ਲਈ ਜੋ ਕਿ ਹੁਣ ਤਕ ਕਾਇਮ ਹੈ।

ਸੂਤਰਾਂ ਅਨੁਸਾਰ ਉਹ ਡਾ. ਅਜਨਾਲਾ ਤੇ ਬੋਨੀ ਅਜਨਾਲਾ ਦਾ ਚੋਣ ਏਜੰਟ ਤਕ ਰਿਹਾ। ਸਿਆਸੀ ਸ਼ਹਿ ਕਾਰਨ ਹੀ ਉਸ ਦੀ ਪਜੇਰੋ ਗੱਡੀ (ਪੀ.ਬੀ. 02, 0002) ਉਪਰ ਹਮੇਸ਼ਾ ਲਾਲ ਬੱਤੀ ਲੱਗੀ ਰਹਿੰਦੀ ਸੀ ਤੇ ਸੁਰੱਖਿਆ ਛਤਰੀ ਵੀ ਮਿਲੀ ਹੋਈ ਸੀ। ਸਿਆਸਤ ਵਿਚ ਆਉਣ ਮਗਰੋਂ ਇਸ ਨੌਜਵਾਨ ਨੇ ਕੁਝ ਹੀ ਸਮੇਂ ਵਿਚ ਚੰਗੀ ਜ਼ਮੀਨ ਜਾਇਦਾਦ ਬਣਾ ਲਈ। ਇਸ ਵੇਲੇ ਔਲਖ ਕੋਲ ਤਕਰੀਬਨ 50 ਕਿਲੇ ਜ਼ਮੀਨ ਤੇ ਸ਼ਹਿਰ ਦੀ ਕੋਰਟ ਰੋਡ 'ਤੇ ਸੰਜੋਗ ਹੋਟਲ ਹੈ ਜਿਸ ਵਿਚ ਇਸ ਦੀ 50 ਫ਼ੀਸਦੀ ਦੀ ਭਾਈਵਾਲੀ ਹੈ। ਇਸੇ ਤਰ੍ਹਾਂ ਰਾਣੀ ਕਾ ਬਾਗ ਇਲਾਕੇ ਵਿਚ ਕਰੋੜਾਂ ਰੁਪਏ ਮੁੱਲ ਦੀ ਕੋਠੀ ਹੈ। ਹਾਲ ਹੀ ਵਿਚ ਉਸ ਨੇ ਪ੍ਰੀਤ ਨਗਰ ਵਿਖੇ ਡੇਢ ਕਰੋੜ ਰੁਪਏ ਮੁੱਲ ਨਾਲ ਚਾਰ ਏਕੜ ਜ਼ਮੀਨ ਵੀ ਖਰੀਦੀ ਹੈ।

# ਸ਼੍ਰੋਮਣੀ ਅਕਾਲੀ ਦਲ ਦੇ ਅਕਸ 'ਤੇ ਵੀ ਲੱਗਾ ਦਾਗ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੀ ਤਸਕਰੀ ਦੇ ਸਾਹਮਣੇ ਲਿਆਂਦੇ ਮਾਮਲੇ ਵਿਚ ਹਾਕਮ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਆਗੂਆਂ ਦੀ ਸ਼ਮੂਲੀਅਤ ਜ਼ਾਹਰ ਹੋਣ ਤੋਂ ਬਾਅਦ ਪਾਰਟੀ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਟਿਆਲਾ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਮਾਝੇ ਦਾ ਯੂਥ ਆਗੂ ਮਨਜਿੰਦਰ ਸਿੰਘ ਔਲਖ ਪਾਰਟੀ ਵਿਚ ਖਾਸ ਰੁਤਬਾ ਹੀ ਨਹੀਂ ਰੱਖਦਾ ਸਗੋਂ ਸਰਕਾਰ ਵਿਚ ਮੁੱਖ ਸੰਸਦੀ ਸਕੱਤਰ ਦੇ ਅਹੁਦੇ 'ਤੇ ਬਿਰਾਜਮਾਨ ਆਗੂ ਦਾ ਖਾਸਮਖਾਸ ਵੀ ਹੈ।

ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੂਬੇ ਵਿਚ ਸਰਗਰਮ ਤਸਕਰਾਂ ਨੇ ਹਾਕਮ ਪਾਰਟੀ ਨਾਲ ਸਬੰਧਤ ਆਗੂਆਂ ਦੀ ਸਰਪ੍ਰਸਤੀ ਹਾਸਲ ਕੀਤੀ ਹੋਈ ਹੈ। ਅਜਿਹੇ ਮਾਮਲਿਆਂ ਨਾਲ ਜੁੜੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਮਗਲਰਾਂ ਤੇ ਅਪਰਾਧੀਆਂ ਨੇ ਸਿਆਸੀ ਪਾਰਟੀਆਂ ਖਾਸਕਰ ਹੁਕਮਰਾਨ ਪਾਰਟੀਆਂ ਵਿਚ ਪੂਰੀ ਤਰ੍ਹਾਂ ਘੁਸਪੈਠ ਕੀਤੀ ਹੋਈ ਹੈ। ਪੰਜਾਬ ਵਿਚ ਪਿਛਲੇ ਇਕ ਸਾਲ ਦੌਰਾਨ ਅੱਧੀ ਦਰਜਨ ਤੋਂ ਵੱਧ ਅਜਿਹੀਆਂ ਚਰਚਿਤ ਤੇ ਵੱਡੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਆਗੂਆਂ ਦਾ ਸਿੱਧੇ ਤੌਰ 'ਤੇ ਹੱਥ ਰਿਹਾ ਹੈ।

ਸਬੰਧਤ ਮੁੱਖ ਸੰਸਦੀ ਸਕੱਤਰ ਵੱਲੋਂ ਮਨਜਿੰਦਰ ਸਿੰਘ ਔਲਖ ਦੇ ਬਚਾਅ ਲਈ ਪੁਲਿਸ ਅਫਸਰਾਂ ਤੱਕ ਪਹੁੰਚ ਵੀ ਕੀਤੀ ਗਈ। ਉਚ ਪੱਧਰੀ ਪੁਲਿਸ ਸੂਤਰਾਂ ਅਨੁਸਾਰ ਮਾਝੇ ਦੇ ਕਈ ਆਗੂਆਂ ਦਾ ਨਾਂ ਖੁਫੀਆ ਏਜੰਸੀਆਂ ਵੱਲੋਂ ਤਸਕਰੀ ਦੇ ਮਾਮਲੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਇਨ੍ਹਾਂ ਸੂਤਰਾਂ ਦਾ ਕਹਿਣਾ ਹੈ ਕਿ ਰੂਪਨਗਰ ਜ਼ਿਲ੍ਹੇ ਵਿਚ ਗ੍ਰਿਫਤਾਰ ਕੀਤੇ ਤਸਕਰ ਨੇ ਵੀ ਹਾਕਮ ਪਾਰਟੀ ਦੇ ਆਗੂ ਦਾ ਨਾਂ ਹੈਰੋਇਨ ਦੀ ਸਮਗਲਿੰਗ ਵਿਚ ਹੋਣ ਦੀ ਗੱਲ ਕਹੀ ਸੀ ਪਰ ਉਹ ਮਾਮਲਾ ਦਬਾ ਦਿੱਤਾ ਗਿਆ।

ਜਗਦੀਸ਼ ਸਿੰਘ ਭੋਲਾ ਦੇ ਖੁਲਾਸਿਆਂ ਤੇ ਅਕਾਲੀ ਆਗੂ ਦੀ ਗ੍ਰਿਫਤਾਰੀ ਨੇ ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ 'ਤੇ ਮੋਹਰ ਲਾ ਦਿੱਤੀ ਹੈ। ਤਫ਼ਤੀਸ਼ੀ ਪੁਲਿਸ ਅਫਸਰਾਂ ਅਨੁਸਾਰ ਤਸਕਰਾਂ ਵੱਲੋਂ ਚੋਣਾਂ ਦੇ ਦਿਨੀਂ ਸਿਆਸੀ ਆਗੂਆਂ ਦੀ ਨਸ਼ਿਆਂ ਦੀ ਸਪਲਾਈ ਵਿਚ ਖੂਬ ਸੇਵਾ ਕੀਤੀ ਜਾਂਦੀ ਹੈ ਤੇ ਫਿਰ ਉਸ ਸੇਵਾ ਦੇ ਇਵਜ਼ਾਨੇ ਵਜੋਂ ਸਰਪ੍ਰਸਤੀ ਮਿਲਦੀ ਹੈ। ਇਹ ਰੁਝਾਨ ਪੂਰੇ ਸੂਬੇ ਵਿਚ ਪਾਇਆ ਜਾ ਰਿਹਾ ਹੈ। ਇਸ ਮਾਮਲੇ ਵਿਚ ਹੋਰ ਗ੍ਰਿਫਤਾਰੀਆਂ ਹੋਣ ਦੇ ਵੀ ਆਸਾਰ ਹਨ।

ਅਕਾਲੀ ਦਲ ਦਾ ਕੋਈ ਵੀ ਆਗੂ ਇਸ ਬਾਰੇ ਖੁੱਲ੍ਹ ਕੇ ਬੋਲਣ ਨੂੰ ਤਿਆਰ ਨਹੀਂ ਹੈ। ਪਾਰਟੀ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਨੇ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਜੋ ਕਰੇਗਾ ਸੋ ਭਰੇਗਾ ਸਰਕਾਰ ਜਾਂ ਪਾਰਟੀ ਕਿਸੇ ਮਾੜੇ ਅਨਸਰ ਦਾ ਸਾਥ ਨਹੀਂ ਦੇਵੇਗੀ।

ਪੰਜਾਬ ਤੇ ਮਹਾਰਾਸ਼ਟਰ ਸੂਬਿਆਂ ਵਿਚ ਡੀ.ਜੀ.ਪੀ. ਦੇ ਅਹੁਦੇ 'ਤੇ ਰਹਿ ਚੁੱਕੇ ਸੇਵਾਮੁਕਤ ਪੁਲਿਸ ਅਧਿਕਾਰੀ ਸਰਬਦੀਪ ਸਿੰਘ ਵਿਰਕ ਦਾ ਕਹਿਣਾ ਹੈ ਕਿ ਸਮਗਲਰ ਕਿਉਂਕਿ ਪਿੰਡ ਪੱਧਰ ਦੀ ਰਾਜਨੀਤੀ 'ਤੇ ਹਾਵੀ ਹੁੰਦੇ ਹਨ। ਇਸ ਕਾਰਨ ਤਸਕਰਾਂ ਦੇ ਹੱਥਾਂ ਵਿਚ ਵੋਟਾਂ ਹੋਣ ਕਾਰਨ ਰਾਜਨੀਤਕ ਵਿਅਕਤੀਆਂ ਵੱਲੋਂ ਇਨ੍ਹਾਂ ਨੂੰ ਸਰਪ੍ਰਸਤੀ ਦੇਣਾ ਆਮ ਵਰਤਾਰਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹਮੇਸ਼ਾ ਹੀ ਪੁਲਿਸ ਅਫਸਰ ਜਾਂ ਸਿਆਸੀ ਲੋਕ ਤਸਕਰਾਂ ਦੀ ਪੁਸ਼ਤਪਨਾਹੀ ਕਰਦੇ ਰਹੇ ਹਨ।

# ਅਕਾਲੀ-ਭਾਜਪਾ ਗੱਠਜੋੜ ਲਈ ਸਿਰਦਰਦੀ ਬਣੇਗੀ ਅੰਮ੍ਰਿਤਸਰ ਸੀਟ

**ਅੰਮ੍ਰਿਤਸਰ:** ਅਗਾਮੀ ਲੋਕ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗੱਠਜੋੜ ਦੀ 'ਪੱਕੀ ਸੀਟ' ਅੰਮ੍ਰਿਤਸਰ ਸੱਤਾਧਾਰੀ ਪਾਰਟੀ ਲਈ ਵੱਡੀ ਸਿਰਦਰਦੀ ਸਾਬਤ ਹੋਵੇਗੀ। ਇਸ ਸੀਟ 'ਤੇ 2004 ਤੋਂ ਲਗਾਤਾਰ ਕਾਬਜ਼ ਗਠਜੋੜ ਦੇ ਉਮੀਦਵਾਰ ਨਵਜੋਤ ਸਿੰਘ ਸਿੱਧੂ ਦੀ ਆਪਣੇ ਹਲਕੇ ਤੋਂ ਲੰਬੀ ਗ਼ੈਰ-ਹਾਜ਼ਰੀ ਤੇ ਅਣਦੇਖੀ ਕਾਰਨ ਗੱਠਜੋੜ ਨੂੰ ਇਹ ਸੀਟ ਸ਼ੱਕੀ ਲੱਗ ਰਹੀ ਹੈ। ਇਸ ਸੀਟ ਤੋਂ ਭਾਜਪਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਵੱਲੋਂ ਆਪਣੀ ਭਾਈਵਾਲ ਪਾਰਟੀ ਅਕਾਲੀ ਦਲ ਨਾਲ ਆਢਾ ਲਾਉਣ ਕਾਰਨ ਵੀ ਪਾਰਟੀ ਦੇ ਵਕਾਰ ਨੂੰ ਸੱਟ ਵੱਜੀ ਹੈ। ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਗੱਠਜੋੜ ਲੀਡਰਸ਼ਿਪ ਅੰਦਰਖਾਤੇ ਇਸ ਮੁਸੀਬਤ ਨਾਲ ਟਾਕਰਾ ਕਰਨ ਲਈ ਤਿਆਰੀਆਂ ਕਰ ਰਹੀ ਹੈ।

ਇਸ ਸੀਟ ਤੋਂ ਉਮੀਦਵਾਰੀ ਭਾਜਪਾ ਕੋਲ ਹੀ ਰਹਿਣ ਜਾਂ ਤਬਦੀਲ ਹੋ ਕੇ ਭਾਈਵਾਲਾਂ ਕੋਲ ਜਾਣ ਬਾਰੇ ਵੀ ਅਜੇ ਭੰਬਲਭੂਸਾ ਬਰਕਰਾਰ ਹੈ ਜਿਸ ਦੀ ਪ੍ਰੋੜ੍ਹਤਾ ਪਿਛਲੇ ਦਿਨੀਂ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਅੰਮ੍ਰਿਤਸਰ ਫੇਰੀ ਮੌਕੇ ਖੁਦ ਕਰ ਚੁੱਕੇ ਹਨ। ਕੁਝ ਸਮਾਂ ਪਹਿਲਾਂ ਜਿਥੇ ਇਸ ਸੀਟ ਤੋਂ ਭਾਜਪਾ ਦੇ ਕੌਮੀ ਆਗੂ ਅਰੁਣ ਜੇਤਲੀ ਦੇ ਉਮੀਦਵਾਰ ਬਣਨ ਦੀ ਚਰਚਾ ਉੱਠੀ ਸੀ, ਉਥੇ ਹੀ ਕੁਝ ਲੋਕਾਂ ਵੱਲੋਂ ਇਸ ਸੀਟ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਲੋਕ ਸਭਾ ਚੋਣ ਲੜਨ ਦੀਆਂ ਵੀ ਫੁਰਲੀਆਂ ਛੱਡੀਆਂ ਜਾ



ਬਿਕਰਮ ਸਿੰਘ ਮਜੀਠੀਆ



ਨਵਜੋਤ ਸਿੰਘ ਸਿੱਧੂ

ਰਹੀਆਂ ਹਨ। ਲੋਕਾਂ ਦੀਆਂ ਕਿਆਸ-ਅਰਾਈਆਂ ਮੁਤਾਬਕ ਨਰਿੰਦਰ ਮੋਦੀ ਦੀ ਫਿਰਕੂ ਛਵੀ ਕਾਰਨ ਗਠਜੋੜ ਨਾਲੋਂ ਟੁੱਟਦੇ ਦਲਾਂ ਨੂੰ ਬੰਨ੍ਹੀ ਰੱਖਣ ਲਈ ਬਾਦਲ ਦੀ ਸਾਂਝੀ ਸ਼ਖਸੀਅਤ ਵਜੋਂ ਲੋਕਪ੍ਰਿਅਤਾ ਦਾ ਫਾਇਦਾ ਲਿਆ ਜਾ ਸਕਦਾ ਹੈ।

ਜੇਕਰ ਹਕੀਕਤ ਨੂੰ ਵਾਚੀਏ ਤਾਂ ਅੰਮ੍ਰਿਤਸਰ ਲੋਕ ਸਭਾ ਸੀਟ ਤੋਂ ਗਠਜੋੜ ਵੱਲੋਂ ਕਿਸੇ ਵੀ ਉਮੀਦਵਾਰ ਦੀ ਜਿੱਤ-ਹਾਰ ਖੇਤਰ ਵਿਚ ਮਾਝੇ ਦੇ ਜਰਨੈਲ ਵਜੋਂ ਜਾਣੇ ਜਾਂਦੇ ਵਜ਼ੀਰ ਬਿਕਰਮ ਸਿੰਘ ਮਜੀਠੀਆ 'ਤੇ ਨਿਰਭਰ ਕਰਦੀ ਹੈ। ਇਸ ਵਜ਼ੀਰ ਦੇ ਵਧਦੇ ਕੱਦ ਅੱਗੇ ਗਠਜੋੜ ਬੌਣਾ ਨਜ਼ਰ ਆਉਂਦਾ ਹੈ ਜਿਸ ਦੀ ਸਪਸ਼ਟਤਾ ਪਿਛਲੇ ਸਮੇਂ ਹੋਈਆਂ ਨਗਰ ਨਿਗਮ ਚੋਣਾਂ ਮੌਕੇ ਬਾਗੀ ਅਕਾਲੀਆਂ ਵੱਲੋਂ ਧੱਕੜਪੁਣੇ ਨਾਲ ਭਾਈਵਾਲਾਂ ਤੋਂ ਸੀਟਾਂ ਖੋਹਣ ਨਾਲ ਜ਼ਾਹਿਰ ਹੋ ਜਾਂਦੀ ਹੈ।

ਹੁਣ ਵੀ ਅੰਮ੍ਰਿਤਸਰ ਲੋਕ ਸਭਾ ਉਮੀਦਵਾਰੀ ਜੇਕਰ ਅਕਾਲੀਆਂ ਨੂੰ ਮਿਲਦੀ ਹੈ ਤੇ ਉਕਤ ਸ. ਬਾਦਲ ਵਾਲੀ ਚਰਚਾ ਤੋਂ ਛੁੱਟ ਇਸ ਵਜ਼ੀਰ ਦਾ ਕੋਈ ਆਪਣਾ ਹੀ ਉਮੀਦਵਾਰ ਬਣਨ ਦੀ ਸੰਭਾਵਨਾ ਹੈ ਤੇ ਜੇਕਰ ਸੀਟ ਭਾਜਪਾ ਕੋਲ ਹੀ ਰਹਿੰਦੀ ਹੈ ਤਾਂ ਵੀ ਆਉਣ ਵਾਲੇ ਉਮੀਦਵਾਰ ਨੂੰ ਇਸ ਅਕਾਲੀ ਵਜ਼ੀਰ ਨਾਲ ਤਾਲਮੇਲ ਬਿਠਾਉਣਾ ਹੀ ਪਵੇਗਾ। ਭਾਜਪਾ ਵੱਲੋਂ ਇਸ ਸਮੇਂ ਵਧੇਰੇ ਚਰਚਿਤ ਨਾਂ ਸੂਬਾ ਮੀਤ ਪ੍ਰਧਾਨ ਰਜਿੰਦਰ ਮੋਹਨ ਸਿੰਘ ਛੀਨਾ ਦਾ ਹੈ ਜਿਸ ਨੂੰ ਸੂਬਾ ਭਾਜਪਾ ਦੀ ਹਮਾਇਤ ਦੇ ਨਾਲ-ਨਾਲ ਇਸ ਅਕਾਲੀ ਵਜ਼ੀਰ ਦੇ ਪਰਿਵਾਰ ਦਾ ਵੀ ਨਜ਼ਦੀਕੀ ਸਮਝਿਆ ਜਾਂਦਾ ਹੈ। ਕੁਝ ਦਿਨ ਪਹਿਲਾਂ ਭਾਜਪਾ ਦੇ ਸੂਬਾ ਪ੍ਰਧਾਨ ਦਾ ਛੀਨਾ ਦੇ ਘਰ ਵਿਚਾਰ ਚਰਚਾ ਲਈ ਆਉਣਾ ਵੀ ਇਸ ਕਿਆਫ਼ੇ ਵੱਲ ਸੰਕੇਤ ਕਰਦਾ ਹੈ ਪਰ ਦੂਸਰੇ ਪਾਸੇ ਸ. ਛੀਨਾ ਦੇ ਨਵਜੋਤ ਸਿੰਘ ਸਿੱਧੂ ਨਾਲ ਮਤਭੇਦ ਵੀ ਕਿਸੇ ਤੋਂ ਲੁਕੇ ਹੋਏ ਨਹੀਂ, ਅਜਿਹੇ ਵਿਚ ਸ. ਸਿੱਧੂ ਖੁਦ ਨੂੰ ਮੁੜ ਉਮੀਦਵਾਰ ਬਣਾਉਣ ਲਈ ਕੋਸ਼ਿਸ਼ ਕਰਦਿਆਂ ਸ. ਛੀਨਾ ਦੀ ਆਸ ਨੂੰ ਮੱਧਮ ਕਰ ਪਾਉਂਦੇ ਹਨ ਜਾਂ ਨਹੀਂ ਇਹ ਅਗਲੇ ਕੁਝ ਦਿਨਾਂ ਵਿਚ ਸਾਹਮਣੇ ਆਵੇਗਾ। ਇਨ੍ਹਾਂ ਤੋਂ ਇਲਾਵਾ ਭਾਜਪਾ ਵਜ਼ੀਰ ਅਨਿਲ ਜੋਸ਼ੀ ਤੇ ਕੌਮੀ ਮੀਤ ਪ੍ਰਧਾਨ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਦੇ ਵੀ ਇਥੋਂ ਭਾਜਪਾ ਉਮੀਦਵਾਰ ਬਣਨ 'ਤੇ ਚਰਚਾ ਹੋ ਸਕਦੀ ਹੈ।

### ਕਾਂਗਰਸੀਆਂ ਦੀ ਵੀ ਦੌੜ ਲੱਗੀ

ਅੰਦਰੂਨੀ ਕਲੇਸ਼ ਵਿਚ ਉਲਝੀ ਸੂਬਾ ਕਾਂਗਰਸ ਦੀ 'ਸਾੜ੍ਹਸਤੀ' ਦੀਆਂ ਜੜ੍ਹਾਂ ਅੰਮ੍ਰਿਤਸਰ ਵਿਚ ਵੀ ਕਾਫੀ ਡੂੰਘੀਆਂ ਹਨ। ਪਿਛਲੀ ਚੋਣ ਵਿਚ ਸ. ਸਿੱਧੂ ਹੱਥੋਂ ਹਾਰੇ ਮਾਝਾ ਜ਼ੋਨ ਦੇ ਮੁਖੀ ਓਮ ਪ੍ਰਕਾਸ਼ ਸੋਨੀ ਬੇਸ਼ੱਕ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨਾਲ ਨੇੜਲੇ ਸਬੰਧਾਂ ਦੇ ਚਲਦਿਆਂ ਇਸ ਵਾਰ ਵੀ ਪ੍ਰਮੁੱਖ ਦਾਅਵੇਦਾਰ ਹਨ ਪਰ ਸਥਾਨਕ ਪੱਧਰ 'ਤੇ ਉਨ੍ਹਾਂ ਦਾ ਹੋਰਨਾਂ ਆਗੂਆਂ ਵੱਲੋਂ ਵਿਰੋਧ ਵੀ ਕਿਸੇ ਤੋਂ ਲੁਕਿਆ ਨਹੀਂ। ਪਾਰਟੀ ਦੀ ਮੌਜੂਦਾ ਅਗਵਾਈ ਦੀਆਂ ਖਾਮੀਆਂ ਦੱਸਦਿਆਂ ਕੌਮੀ ਪ੍ਰਧਾਨ ਤੱਕ ਚਿੱਠੀ ਭੇਜ ਕੇ ਸ. ਬਾਜਵਾ ਤੇ ਸ੍ਰੀ ਸੋਨੀ ਵਿਰੁੱਧ ਆਵਾਜ਼ ਬੁਲੰਦ ਕਰ ਚੁੱਕੇ ਵਿਧਾਇਕ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਵੱਡੇ ਦਾਅਵੇਦਾਰ ਹਨ।

ਜੇ ਕੈਪਟਨ ਅਮਰਿੰਦਰ ਸਿੰਘ ਨੂੰ ਚੋਣ ਮੁਹਿੰਮ ਦੀ ਅਗਵਾਈ ਕਰਨ ਦਾ ਮੌਕਾ ਮਿਲਿਆ ਤਾਂ ਸਰਕਾਰੀਆ ਦੇ ਇਥੋਂ ਸੀਟ ਲੜਨ ਦੇ ਦਾਅਵੇ ਵਧ ਜਾਣਗੇ। ਅਨੁਸੂਚਿਤ ਜਾਤੀ ਬਾਰੇ ਕੌਮੀ ਕਮਿਸ਼ਨ ਦੇ ਉਪ ਚੇਅਰਮੈਨ ਡਾ. ਰਾਜ ਕੁਮਾਰ ਵੇਰਕਾ ਵੀ ਚੋਣ ਲੜ ਸਕਦੇ ਹਨ। ਸਾਬਕਾ ਡਿਪਟੀ ਸਪੀਕਰ ਪ੍ਰੋ. ਦਰਬਾਰੀ ਲਾਲ ਤੇ ਕਾਂਗਰਸ ਬੁੱਧੀਜੀਵੀ ਸੈੱਲ ਦੇ ਮੁਖੀ ਸੁਖਜਿੰਦਰਰਾਜ ਸਿੰਘ ਲਾਲੀ ਮਜੀਠੀਆ ਵੀ ਕਾਂਗਰਸ ਵੱਲੋਂ ਟਿਕਟ ਦੇ ਦਾਅਵੇਦਾਰ ਕਹੇ ਜਾ ਰਹੇ ਹਨ।

## ਬਾਹਰਲੇ ਸੂਬਿਆਂ ਤੋਂ ਵੀ ਲੋਕ ਸਭਾ ਚੋਣਾਂ ਲੜਾਂਗੇ: ਸਿਮਰਨਜੀਤ ਸਿੰਘ ਮਾਨ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਪਹਿਲਾਂ ਚੋਣਾਂ ਨਾ ਲੜਨ ਦਾ ਮਨ ਬਣਾਇਆ ਸੀ ਪਰ ਹੁਣ ਦਲ ਨੇ ਪੰਜਾਬ, ਹਰਿਆਣਾ, ਰਾਜਸਥਾਨ ਤੇ ਜੰਮੂ ਕਸ਼ਮੀਰ ਸੂਬਿਆਂ ਤੋਂ ਲੋਕ ਸਭਾ ਲਈ ਉਮੀਦਵਾਰ ਖੜ੍ਹੇ ਕਰਨ ਦਾ ਐਲਾਨ ਕੀਤਾ ਹੈ। ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇਹ ਐਲਾਨ ਕਰਦੇ ਹੋਏ ਕਿਹਾ ਕਿ ਨਰਿੰਦਰ ਮੋਦੀ ਦੀ 21 ਦਸੰਬਰ ਨੂੰ ਮੋਗਾ ਵਿਖੇ ਸੂਬਾ ਪੱਧਰੀ ਰੈਲੀ ਦੌਰਾਨ ਪੂਰੇ ਸੂਬੇ ਭਰ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ।

ਉਨ੍ਹਾਂ ਪੰਜਾਬ ਅੰਦਰ ਨਸ਼ਿਆਂ ਦੀ ਭਰਮਾਰ ਲਈ ਕੇਂਦਰ ਤੇ ਪੰਜਾਬ ਸਰਕਾਰ ਨੂੰ ਕਸੂਰਵਾਰ ਦੱਸਦਿਆਂ ਕਿਹਾ ਕਿ ਭਾਰਤ ਦੇ ਨਾਲ ਪਾਕਿਸਤਾਨ ਦੀ 530 ਕਿਲੋਮੀਟਰ ਸਰਹੱਦ 'ਤੇ ਨੌਂ ਫੁੱਟ ਉੱਚੀ ਕੰਡਿਆਲੀ ਤਾਰ, ਬੀ.ਐਸ.ਐਫ਼, 24 ਘੰਟੇ ਬਿਜਲੀ, ਭਾਰਤੀ ਫ਼ੌਜ, ਪੰਜਾਬ ਪੁਲਿਸ, ਸੀ.ਆਈ.ਡੀ., ਆਈ.ਬੀ., ਰਾਅ, ਏਅਰਫੋਰਸ



ਤੇ ਸੈਟੇਲਾਈਟ ਸੁਰੱਖਿਆ ਹੋਣ ਦੇ ਬਾਵਜੂਦ ਪੰਜਾਬ ਅੰਦਰ ਅਫ਼ੀਮ, ਸਮੈਕ, ਕੋਕੀਨ ਤੇ ਹੋਰ ਨਸ਼ੇ ਆ ਰਹੇ ਹਨ ਪਰ ਕੇਂਦਰ ਤੇ ਪੰਜਾਬ ਸਰਕਾਰ ਚੁੱਪ-ਚਾਪ ਤਮਾਸ਼ਾ ਦੇਖ ਰਹੀ ਹੈ।

## ਸੁਰੱਖਿਆ ਲਈ ਆਧੁਨਿਕ ਸਾਜ਼ੋ-ਸਾਮਾਨ ਖਰੀਦੇਗੀ ਸਰਕਾਰ

**ਮੋਗਾ:** ਪੰਜਾਬ ਪੁਲਿਸ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੇ ਪਰਿਵਾਰ ਦੇ ਹੋਰ ਮੈਂਬਰਾਂ ਦੀ ਸੁਰੱਖਿਆ ਲਈ ਵਿਸ਼ੇਸ਼ ਸੁਰੱਖਿਆ ਇਕਾਈ (ਐਸ.ਪੀ.ਯੂ) ਬਣਾਉਣ ਲਈ ਭਰਤੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਬਾਅਦ ਹੁਣ ਸੁਰੱਖਿਆ ਦਾ ਆਧੁਨਿਕ ਸਾਜ਼ੋ-ਸਾਮਾਨ ਖਰੀਦਣ ਲਈ ਅਰਜ਼ੀਆਂ ਮੰਗੀਆਂ ਹਨ। ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ (ਸੁਰੱਖਿਆ) ਦੇ ਦਫ਼ਤਰ ਵਿਚਲੇ ਸੂਤਰਾਂ ਮੁਤਾਬਕ ਬਾਦਲ ਪਰਿਵਾਰ ਦੇ ਮੈਂਬਰਾਂ ਤੇ ਸੂਬੇ ਵਿਚ ਆਉਣ ਵਾਲੇ ਸੀਨੀਅਰ ਭਾਜਪਾ ਆਗੂਆਂ ਲਈ ਸਖ਼ਤ ਸੁਰੱਖਿਆ ਪ੍ਰਬੰਧਾਂ ਲਈ ਇਸ ਆਧੁਨਿਕ ਸਾਜ਼ੋ-ਸਾਮਾਨ ਦੀ ਵਰਤੋਂ ਕੀਤੀ ਜਾਵੇਗੀ। ਆਗਾਮੀ ਲੋਕ ਸਭਾ ਚੋਣਾਂ ਦੌਰਾਨ ਕੀਤੀਆਂ ਜਾਣ ਵਾਲੀਆਂ ਰੈਲੀਆਂ ਤੇ ਹੋਰ ਜਨਤਕ ਸਮਾਗਮਾਂ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧ ਸਖ਼ਤ ਕੀਤੇ ਜਾ ਰਹੇ ਹਨ। ਪਟਨਾ ਵਿਚ ਬੀਤੇ ਹਫ਼ਤੇ ਗੁਜਰਾਤ ਦੇ ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਭਾਜਪਾ ਉਮੀਦਵਾਰ ਨਰਿੰਦਰ ਮੋਦੀ ਦੀ ਰੈਲੀ ਵਿਚ ਹੋਏ ਬੰਬ ਧਮਾਕਿਆਂ ਕਾਰਨ ਸੁਰੱਖਿਆ ਪ੍ਰਬੰਧ ਕਰੜੇ ਕਰਨ ਦੀ ਲੋੜ ਵਧੇਰੇ ਮਹਿਸੂਸ ਹੋ ਰਹੀ ਹੈ। ਪੰਜਾਬ ਵਿਚ ਸੱਤਾਧਾਰੀ



ਸ਼੍ਰੋਮਣੀ ਅਕਾਲੀ ਦਲ ਨਾ ਸਿਰਫ਼ ਭਾਜਪਾ ਦਾ ਵਫ਼ਾਦਾਰ ਭਾਈਵਾਲ ਹੈ ਬਲਕਿ ਐਨ.ਡੀ.ਏ ਵਿਚ ਵੀ ਇਸ ਦੀ ਭੂਮਿਕਾ ਅਹਿਮ ਹੈ।

ਉਪ ਮੁੱਖ ਮੰਤਰੀ ਦੇ ਦਫ਼ਤਰ ਵਿਚਲੇ ਇਕ ਸੀਨੀਅਰ ਅਧਿਕਾਰੀ ਨੇ ਖੁਲਾਸਾ ਕੀਤਾ ਕਿ ਸਿਆਸੀ ਹਾਲਾਤ ਦੇ ਮੱਦੇਨਜ਼ਰ ਪੰਜਾਬ ਰਾਜ ਪੁਲਿਸ ਨੇ ਬਾਦਲ ਪਰਿਵਾਰ ਨੂੰ ਸੰਭਾਵਿਤ ਸੁਰੱਖਿਆ ਖ਼ਤਰਿਆਂ ਤੇ ਮੌਜੂਦਾ ਹਾਲਾਤ ਵਾਚਣ ਮਗਰੋਂ ਫ਼ੈਸਲਾ ਕੀਤਾ ਕਿ ਸੁਰੱਖਿਆ ਛੱਤਰੀ ਹੋਰ ਮਜ਼ਬੂਤ ਕੀਤੀ ਜਾਵੇ। ਪੰਜਾਬ ਸਰਕਾਰ ਦੀ ਐਸ.ਪੀ.ਯੂ ਕਮਾਂਡੋਜ਼ ਨੂੰ ਵਿਸ਼ੇਸ਼ ਟਰੇਨਿੰਗ ਦੇਣ ਲਈ ਸਕਿਉਰਿਟੀ ਐਂਡ ਪ੍ਰੋਟੈਕਸ਼ਨ ਟਰੇਨਿੰਗ ਸਕੂਲ, ਇਜ਼ਰਾਈਲ ਤੋਂ ਟਰੇਨਰ ਬੁਲਾਉਣ ਦੀ ਯੋਜਨਾ ਹੈ। ਕੁਝ ਸਮਾਂ ਪਹਿਲਾਂ ਹੀ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਕੋਲੋਂ 12.82 ਕਰੋੜ ਰੁਪਏ ਦੀਆਂ 3350 ਏ.ਕੇ.-47 ਰਾਈਫਲਾਂ ਖਰੀਦਣ ਲਈ ਮਨਜ਼ੂਰੀ ਮੰਗੀ ਸੀ। ਇਹ ਰਾਈਫਲਾਂ ਰਾਜ ਵਿਚਲੇ ਵੀ.ਵੀ.ਆਈ.ਪੀਜ਼ ਦੀ ਸੁਰੱਖਿਆ ਲਈ ਕਮਾਂਡੋਜ਼ ਨੂੰ ਦਿੱਤੀਆਂ ਜਾਣਗੀਆਂ।

## ਕੀਤੂ ਕਤਲ ਕੇਸ ਦਾ ਮੁਲਜ਼ਮ ਪੁਲੀਸ ਹਿਰਾਸਤ ਵਿਚੋਂ ਫਰਾਰ

**ਜਗਰਾਉਂ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਤੇ ਬਰਨਾਲਾ ਤੋਂ ਟਰੱਕ ਆਪਰੇਟਰਜ਼ ਯੂਨੀਅਨ ਦੇ ਪ੍ਰਧਾਨ ਮਲਕੀਤ ਸਿੰਘ ਕੀਤੂ ਬਹੁ-ਚਰਚਿਤ ਕਤਲ ਕਾਂਡ ਨਾਲ ਸਬੰਧਤ ਮੁੱਖ ਮੁਲਜ਼ਮ ਵਿਚੋਂ ਇਕ ਮੁਲਜ਼ਮ ਪੁਲਿਸ ਹਿਰਾਸਤ ਵਿਚੋਂ ਭੇਤਭਰੇ ਢੰਗ ਨਾਲ ਫਰਾਰ ਹੋ ਗਿਆ। ਮਲਕੀਤ ਸਿੰਘ ਕੀਤੂ ਦੇ ਕਤਲ ਵਿਚ ਲੋੜੀਂਦਾ ਮੁੱਖ ਮੁਲਜ਼ਮ ਜਸਪ੍ਰੀਤ ਸਿੰਘ ਉਰਫ ਜੱਸਾ ਜੋ ਇਸੇ ਕਤਲ ਨਾਲ ਸਬੰਧਤ ਦੋ ਹੋਰਾਂ ਸਮੇਤ ਨਾਭੇ ਜੇਲ੍ਹ ਵਿਚ ਨਜ਼ਰਬੰਦ ਸੀ, ਨੂੰ ਉਕਤ ਕੇਸ ਨਾਲ ਸਬੰਧਤ ਮਾਮਲੇ ਵਿਚ ਹੀ ਪਟਿਆਲਾ ਪੁਲਿਸ ਮੋਗਾ ਜ਼ਿਲ੍ਹਾ ਕੋਰਟ ਵਿਚ ਪੇਸ਼ ਕਰਨ ਲਈ ਲੈ ਕੇ ਆਈ ਸੀ।

ਪੇਸ਼ੀ ਭੁਗਤਣ ਉਪਰੰਤ ਇਕ ਪ੍ਰਾਈਵੇਟ ਕਾਰ ਰਾਹੀ ਪੁਲਿਸ ਮੁਲਾਜ਼ਮ ਤੇ ਜਸਪ੍ਰੀਤ ਸਿੰਘ ਜੱਸਾ ਜਗਰਾਉਂ ਵਿਖੇ ਲੁਧਿਆਣਾ-ਫਿਰੋਜ਼ਪੁਰ ਮਾਰਗ 'ਤੇ ਸਥਿਤ ਮਸ਼ਹੂਰ ਰਾਜਾ ਢਾਬਾ ਉਪਰ ਖਾਣਾ ਖਾਣ ਲਈ ਰੁਕੇ ਤਾਂ ਖਾਣਾ ਖਾਣ ਉਪਰੰਤ ਇਹ ਮੁਲਜ਼ਮ ਪੁਲਿਸ ਮੁਲਾਜ਼ਮਾਂ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ। ਹਾਸਲ ਜਾਣਕਾਰੀ ਅਨੁਸਾਰ ਫਰਾਰ ਹੋਣ ਸਮੇਂ ਦੋਸ਼ੀ ਦੇ ਹੱਥਕੜੀ ਨਹੀਂ ਲਗੀ ਹੋਈ ਸੀ।

# ਪੰਜਾਬ ਦੇ ਵਿਧਾਇਕ ਤੇ ਵਜ਼ੀਰ ਹੋਏ ਮਾਲੋਮਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਆਮ ਲੋਕਾਂ ਦੀ ਬਜਾਏ ਆਪਣੇ ਵਿਧਾਇਕਾਂ ਤੇ ਵਜ਼ੀਰਾਂ ਦੀ ਫਿਕਰ ਜ਼ਿਆਦਾ ਹੈ ਜਿਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਲੰਘੇ ਢਾਈ ਦਹਾਕੇ ਵਿਚ ਵਿਧਾਇਕਾਂ ਦੀ ਤਨਖਾਹ ਤੇ ਭੱਤਿਆਂ ਵਿਚ 36 ਗੁਣਾ ਵਾਧਾ ਹੋਇਆ ਹੈ ਜਦ ਕਿ ਇਸ ਦੇ ਉਲਟ ਬੁਢਾਪਾ ਪੈਨਸ਼ਨ ਸਿਰਫ਼ ਪੰਜ ਗੁਣਾ ਵਧੀ ਹੈ। ਸਾਲ 1986 ਵਿਚ ਵਿਧਾਇਕਾਂ ਨੂੰ ਤਨਖਾਹ ਤੇ ਭੱਤਿਆਂ ਦੇ ਰੂਪ ਵਿਚ 2600 ਰੁਪਏ ਪ੍ਰਤੀ ਮਹੀਨਾ ਮਿਲਦੇ ਸਨ, ਜਦੋਂ ਕਿ ਬਜ਼ੁਰਗਾਂ ਨੂੰ ਸਿਰਫ਼ 100 ਰੁਪਏ ਬੁਢਾਪਾ ਪੈਨਸ਼ਨ ਮਿਲਦੀ ਸੀ।

ਤਾਜ਼ਾ ਹਾਲਤ ਦੇਖੀਏ ਤਾਂ ਵਿਧਾਇਕਾਂ ਦੀ ਤਨਖਾਹ ਤੇ ਭੱਤੇ 94,000 ਰੁਪਏ ਪ੍ਰਤੀ ਮਹੀਨਾ ਹੋ ਗਏ ਹਨ ਜਿਸ ਵਿਚ 3481 ਫੀਸਦੀ ਵਾਧਾ ਹੋਇਆ ਪਰ ਬੁਢਾਪਾ ਪੈਨਸ਼ਨ ਵਿਚ 150 ਫੀਸਦੀ ਵਾਧਾ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਭੱਤਿਆਂ ਤੋਂ ਇਲਾਵਾ ਹਰ ਵਿਧਾਇਕ ਨੂੰ 23 ਅਪਰੈਲ 2003 ਤੋਂ 4,000 ਰੁਪਏ ਪ੍ਰਤੀ ਮਹੀਨਾ ਤਨਖਾਹ ਦੇਣ ਦਾ ਵੀ ਫੈਸਲਾ ਕੀਤਾ ਗਿਆ ਸੀ ਜੋ ਹੁਣ ਵਾਧੇ ਮਗਰੋਂ 25,000

### ਢਾਈ ਦਹਾਕਿਆਂ ਵਿਚ ਭੱਤੇ 36 ਗੁਣਾ ਵਧੇ



ਰੁਪਏ ਹੋ ਜਾਣੀ ਹੈ।

ਹਰ ਵਿਧਾਇਕ ਨੂੰ ਹੁਣ ਤਨਖਾਹ, ਕੰਪਨਸੇਟਰੀ ਅਲਾਊਂਸ, ਹਲਕਾ ਸਕੱਤਰੇਤ ਤੇ ਪੋਸਟਲ ਖਰਚਾ, ਦਫ਼ਤਰੀ ਖਰਚਾ, ਚਾਹ ਪਾਣੀ, ਬਿਜਲੀ ਪਾਣੀ, ਸਕੱਤਰੇਤ ਭੱਤਾ ਤੇ ਟੈਲੀਫੋਨ ਭੱਤੇ ਦੇ ਰੂਪ ਵਿਚ 94,000 ਰੁਪਏ ਮਿਲਣੇ ਸ਼ੁਰੂ ਹੋ ਜਾਣੇ ਹਨ। ਪ੍ਰਾਈਵੇਟ ਸਫ਼ਰ ਭੱਤਾ, ਟੀ.ਏ, ਪੜਾਅ ਭੱਤਾ ਤੇ ਮੈਡੀਕਲ ਭੱਤਾ ਵੱਖਰਾ ਹੈ। ਪੰਜਾਬ ਵਿਧਾਨ ਸਭਾ ਸਕੱਤਰੇਤ ਦੀ ਸਰਕਾਰੀ ਸੂਚਨਾ ਮੁਤਾਬਕ ਸਾਲ 1986 ਵਿਚ ਹਰ ਵਿਧਾਇਕ ਨੂੰ ਪੜਾਅ ਭੱਤਾ ਪ੍ਰਤੀ ਦਿਨ 100 ਰੁਪਏ ਮਿਲਦਾ ਸੀ, 1992 ਵਿਚ ਇਹ 150 ਰੁਪਏ ਤੇ ਸਾਲ 2003 ਵਿਚ 1,000 ਰੁਪਏ ਪ੍ਰਤੀ ਦਿਨ ਕਰ ਦਿੱਤਾ ਗਿਆ। ਹੁਣ ਪੜਾਅ ਭੱਤਾ 1500 ਰੁਪਏ ਪ੍ਰਤੀ ਦਿਨ ਹੋ ਜਾਣਾ ਹੈ। ਟੈਲੀਫੋਨ ਭੱਤਾ 1986 ਵਿਚ ਹਰ ਵਿਧਾਇਕ ਨੂੰ 600 ਰੁਪਏ ਤੇ 1992 ਵਿਚ 1500 ਰੁਪਏ ਪ੍ਰਤੀ ਮਹੀਨਾ ਮਿਲਦਾ ਸੀ ਜੋ ਹੁਣ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ।

ਸੂਚਨਾ ਮੁਤਾਬਕ ਸਾਲ 1986 ਵਿਚ ਹਰ ਵਿਧਾਇਕ ਨੂੰ ਸਫ਼ਰੀ ਭੱਤਾ ਦੋ ਰੁਪਏ ਪ੍ਰਤੀ ਕਿਲੋਮੀਟਰ ਮਿਲਦਾ ਸੀ, 1992 ਵਿਚ ਤਿੰਨ ਰੁਪਏ, 31 ਅਕਤੂਬਰ 2009 ਨੂੰ ਟੀ.ਏ. ਛੇ ਰੁਪਏ ਤੇ 23 ਸਤੰਬਰ 2011 ਨੂੰ 15 ਰੁਪਏ ਪ੍ਰਤੀ ਕਿਲੋਮੀਟਰ ਕਰ ਦਿੱਤਾ ਗਿਆ। ਹਲਕਾ ਭੱਤਾ ਤੇ ਪੋਸਟਲ ਖਰਚ ਵਜੋਂ ਵਿਧਾਇਕਾਂ ਨੂੰ ਸਾਲ 1986 ਵਿਚ 1100 ਰੁਪਏ ਪ੍ਰਤੀ ਮਹੀਨਾ ਮਿਲਦੇ ਸਨ, ਜੋ ਹੁਣ 25,000 ਰੁਪਏ ਕਰ ਦਿੱਤੇ ਗਏ ਹਨ। ਇਸ ਵਿਚ 22 ਗੁਣਾ ਵਾਧਾ ਹੋਇਆ ਹੈ। ਵਿਧਾਇਕਾਂ ਨੂੰ 23 ਅਪਰੈਲ 2003 ਤੋਂ ਪ੍ਰਤੀ ਮਹੀਨਾ 250 ਰੁਪਏ ਮੈਡੀਕਲ ਭੱਤਾ ਦੇਣਾ ਸ਼ੁਰੂ ਕੀਤਾ। ਹੁਣ ਮੈਡੀਕਲ ਭੱਤਾ ਅਸੀਮਤ ਹੈ। ਵਿਧਾਇਕਾਂ ਨੂੰ ਆਪਣੇ ਪੂਰੇ ਪਰਿਵਾਰ ਦਾ ਸਰਕਾਰੀ ਖਰਚੇ 'ਤੇ ਇਲਾਜ ਦੇਸ਼ ਜਾਂ ਵਿਦੇਸ਼ ਵਿਚ ਕਰਾਉਣ ਦੀ ਪੂਰੀ ਸਹੂਲਤ ਹੈ ਜਦੋਂਕਿ ਪੰਜਾਬ ਦੇ ਹਜ਼ਾਰਾਂ ਬਜ਼ੁਰਗ ਤਾਂ ਬੁਢਾਪਾ ਪੈਨਸ਼ਨ ਉਡੀਕਦੇ ਰੱਬ ਨੂੰ ਪਿਆਰੇ ਹੋ ਜਾਂਦੇ ਹਨ।

ਬਜ਼ੁਰਗਾਂ ਦਾ ਕਹਿਣਾ ਹੈ ਕਿ ਬੁਢਾਪਾ ਪੈਨਸ਼ਨ ਨਾਲ ਤਾਂ ਦੋ ਦਿਨ ਘਰ ਵਿਚ ਰੋਟੀ ਮਸਾਂ ਪੱਕਦੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਵਿਧਾਨ ਸਭਾ ਚੋਣਾਂ 2007 ਸਮੇਂ ਬੁਢਾਪਾ ਪੈਨਸ਼ਨ 250 ਰੁਪਏ ਤੋਂ 400 ਰੁਪਏ ਕਰਨ ਦਾ ਚੋਣ ਮਨੋਰਥ ਪੱਤਰ ਵਿਚ ਵਾਅਦਾ ਕੀਤਾ ਸੀ। ਪੰਜ ਵਰ੍ਹੇ ਸੁੱਕੇ ਲੰਘ ਗਏ। ਵਿਧਾਨ ਸਭਾ ਚੋਣਾਂ 2012 ਵਿਚ ਬੁਢਾਪਾ ਪੈਨਸ਼ਨ 250 ਤੋਂ 500 ਰੁਪਏ ਕਰਨ ਦਾ ਮੈਨੀਫੈਸਟੋ ਵਿਚ ਵਾਅਦਾ ਕੀਤਾ।


Punjabi RADIO USA
PUNJABI RADIO USA
GURBANI RADIO
NON-STOP PUNJABI
NON-STOP HINDI
Punjabi RADIO USA
Contact Us
Listen for free:
1. Punjabi Radio USA LIVE!
2. Gurbani Radio
3. Non-Stop Punjabi Songs
4. Non-Stop Hindi Songs
ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200
ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org
ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com
DOWNLOAD THE NEW FREE IPHONE and ANDROID APP (Search for "Punjabi Radio USA" in App store and Google Play)


KHALSA
INSURANCE AGENCY, INC.
WE NOW INSURE IN 33 STATES
LARGEST INDEPENDENT INSURANCE BROKERS
REPRESENTING OVER 100 A+ RATED COMPANIES
TAXI
713
TAXI-CABS LIMOUSINES
COMMERCIAL AUTO
CALL TO CHECK OUR LOWEST RATES FOR
AUTO • HOME • HEALTH • LIFE
WWW.KHALSAINSURANCE.COM
LICENSED IN : Alabama • Arkansas • Arizona • California • Colorado • Connecticut • DC • Georgia • Florida • Idaho • Iowa • Indiana • Illinois • Kansas • Louisiana • Maryland • Mississippi
Michigan • Minnesota • Nevada • New Jersey • New York • New Mexico • Oregon • Ohio • Oklahoma • Pennsylvania • Texas • Utah • Virginia • Vermont • Washington • Wisconsin
3750 McKee Road, Suite A • San Jose, CA 95127 • Fax 408.493.4552
California License # 0F89805
408-272-2500 • 1-800-954-5409

# ‘ਪੰਜ-ਆਬ’ ’ਚ ਪਾਣੀ ਦੀ ਘਾਟ ਕਾਰਨ ਬੰਦ ਹੋਏ ਘਰਾਟ

**ਹੁਸ਼ਿਆਰਪੁਰ:** ਆਧੁਨਿਕ ਤਕਨੀਕੀ ਸਾਧਨਾਂ ਤੇ ਸਰਕਾਰਾਂ ਦੀ ਰਵਾਇਤੀ ਰੁਜ਼ਗਾਰ ਸਾਧਨਾਂ ਪ੍ਰਤੀ ਅਣਦੇਖੀ ਕਾਰਨ ਪੌਸ਼ਟਿਕ ਭਰਪੂਰ ਆਟਾ ਪੀਹਣ ਵਾਲੇ ਬਿਆਸ ਦਰਿਆ ਦੇ ਪਾਣੀ ਤੇ ਸੇਮ ਨਾਲਿਆਂ ਨਾਲ ਚੱਲਦੇ ਤਕਰੀਬਨ 350 ਘਰਾਟ ਬੰਦ ਹੋ ਚੁੱਕੇ ਹਨ ਤੇ ਰਹਿੰਦੇ 50 ਕੁ ਘਰਾਟ ਆਖਰੀ ਸਾਹਾਂ ‘ਤੇ ਹਨ ਜਿਨ੍ਹਾਂ ਨੂੰ ਬਚਾਉਣ ਲਈ ਸਰਕਾਰ ਕੋਈ ਉਪਰਾਲਾ ਨਹੀਂ ਕਰ ਰਹੀ। ਜ਼ਿਕਰਯੋਗ ਹੈ ਕਿ ਪਾਣੀ ਨਾਲ ਚੱਲਦੇ ਆਟਾ ਪੀਹਣ ਵਾਲੇ ਘਰਾਟਾਂ ਦਾ ਇਤਿਹਾਸ 100 ਕੁ ਸਾਲ ਪੁਰਾਣਾ ਹੈ। ਇਹ ਹਜ਼ਾਰਾਂ ਪੇਂਡੂ ਲੋਕਾਂ ਨੂੰ ਰੁਜ਼ਗਾਰ ਦੇ ਨਾਲ-ਨਾਲ ਪੌਸ਼ਟਿਕ ਆਟਾ ਵੀ ਦਿੰਦੇ ਸਨ ਜਿਨ੍ਹਾਂ ਦਾ ਖਾਤਮਾ ਪਾਣੀ ‘ਤੇ ਬੰਨ੍ਹ ਬਣਾਏ ਜਾਣ ਨਾਲ ਸ਼ੁਰੂ ਹੋ ਗਿਆ ਸੀ ਤੇ ਅੱਜ ਇਹ ਆਖਰੀ ਸਾਹਾਂ ‘ਤੇ ਹਨ।

ਮੁਕੇਰੀਆਂ ਦੇ ਪਿੰਡ ਕੋਟਲੀ ਖਾਸ ਦੇ ਵਸਨੀਕਾਂ ਦਾ ਕਹਿਣਾ ਹੈ ਪਿੰਡ ਦੇ ਕਈ ਪਰਿਵਾਰ ਜੱਦੀ-ਪੁਸ਼ਤੀ ਘਰਾਟਾਂ ਦਾ ਕੰਮ ਕਰਦੇ ਸਨ। ਉਹ ਘਰਾਟਾਂ ਦੇ ਖ਼ਾਤਮੇ ਨੂੰ ਪਾਣੀ ਦੀ ਥੁੜ ਤੇ ਸਰਕਾਰ ਦੀਆਂ ਰਵਾਇਤੀ ਸਾਧਨਾਂ ਰਾਹੀਂ ਮਿਲਦੇ ਰੁਜ਼ਗਾਰ ਨੂੰ ਉਤਸ਼ਾਹਤ ਕਰਨ ਦੀ ਥਾਂ ਸਰਮਾਏਦਾਰਾਂ ਪੱਖੀ ਨੀਤੀਆਂ ਮੰਨਦੇ ਹਨ। ਉਨ੍ਹਾਂ ਦੱਸਿਆ ਕਿ ਤਲਵਾੜਾ ਡੈਮ ਤੋਂ ਲੈ ਕੇ ਪਿੰਡ ਨੁਸ਼ਹਿਰਾ ਪੱਤਣ ਤੱਕ ਕੋਈ 400 ਘਰਾਟ ਚੱਲਦੇ ਸਨ, ਆਮ ਘਰਾਟ 24 ਘੰਟਿਆਂ ਵਿਚ ਡੇਢ ਕੁਇੰਟਲ ਕਣਕ ਤੇ ਕਰੀਬ 70 ਕਿਲੋ ਮੱਕੀ ਦਾ ਆਟਾ ਪੀਂਹਦੇ ਸਨ। ਵੱਧ ਪਾਣੀ ਮਿਲਣ ਵਾਲੇ ਘਰਾਟਾਂ ਦੀ ਪੀਹਣ ਦੀ ਸਮਰੱਥਾ ਇਸ ਤੋਂ ਕਰੀਬ ਦੁੱਗਣੀ ਸੀ। ਇਨ੍ਹਾਂ ’ਚ 6 ਦਰਜਨ ਤੋਂ ਵੱਧ ਘਰਾਟ ਆਉਂਦੇ ਹਨ।



ਹਯਾਤਪੁਰ ਦੇ ਘਰਾਟ ਚਾਲਕ ਬੂਈ ਦਾਸ ਮੁਤਾਬਕ ਬਚੁਆਈ ਦੇ ਹਜ਼ਾਰਾਂ ਪਰਿਵਾਰਾਂ ਦਾ ਰੁਜ਼ਗਾਰ ਇਨ੍ਹਾਂ ਘਰਾਟਾਂ ਨਾਲ ਜੁੜਿਆ ਹੋਇਆ ਸੀ। ਇਹ ਘਰਾਟ ਲਾਉਣ ਲਈ ਸਿਰਫ ਇਕ ਵਾਰ ਹੀ ਵੱਡਾ ਖਰਚਾ ਕਰਨਾ ਪੈਂਦਾ ਸੀ ਜਿਸ ਵਿਚ ਚੱਕੀ ਦੇ ਪੁੜ, ਗਰੜ, ਪੱਖੀਆਂ, ਪੋਰ, ਲੱਕੜੀ ਦੀ ਤੱਕੜੀ ਤੇ ਲੋਹੇ ਦੇ ਵੱਟੇ ਸਮੇਤ ਕੁਝ ਹੋਰ ਸਾਜ਼ੋ-ਸਾਮਾਨ ਖਰੀਦਣਾ ਪੈਂਦਾ ਸੀ ਪਰ ਇਸ ਮਗਰੋਂ ਕੱਚਾ ਕੋਠਾ ਬਣਾਉਣ ਲਈ ਸਿਰਫ਼ ਸਰਕੜੇ ਦੀ ਹੀ ਲੋੜ ਪੈਂਦੀ ਸੀ। ਪਿੰਡ ਸ਼ਿਬੋਚੱਕ, ਜੋਗੀ ਰੱਕੜ, ਪੰਡੋਰੀ, ਜਹਾਨਪੁਰ, ਬੁੱਢਾਬੜ, ਭਵਨਾਲ, ਢਾਡੇਕਟਵਾਲ ਸਮੇਤ ਬਿਆਸ ਦਰਿਆ ਨਾਲ ਲੱਗਦੇ ਹਰ ਤੀਜੇ ਪਿੰਡ ਵਿਚ ਚਾਰ ਤੋਂ ਛੇ ਤੱਕ ਘਰਾਟ ਚੱਲਦੇ ਸਨ।

ਤਲਵਾੜਾ ਦੇ ਸੀਵਰੇਜ ਵਾਲੇ ਪਾਣੀ ਨਾਲ ਸ੍ਰੀ ਪੰਡਾਇਣ ਵਿਖੇ ਘਰਾਟ ਚਲਾ ਕੇ ਰੋਜ਼ੀ ਰੋਟੀ ਕਮਾ ਰਿਹਾ ਪਿੰਡ ਰਾਮ ਨੰਗਲ ਦਾ ਵਸਨੀਕ ਬਹਾਦਰ ਸਿੰਘ ਵੀ ਪਾਣੀ ਦੀ ਘਾਟ ਤੋਂ ਚਿੰਤਤ ਹੈ। ਇਥੇ ਟੈਰਿਸ, ਚੰਗੜਵਾਂ ਸਮੇਤ ਕੁਝ ਥਾਂਵਾਂ ‘ਤੇ ਹੀ ਘਰਾਟ ਮੌਜੂਦ ਹਨ। ਪਹਿਲਾਂ ਪਾਣੀ ਲਗਾਤਾਰ ਚੱਲਦਾ ਹੋਣ ਕਾਰਨ ਮੋਟੀ ਕਮਾਈ ਹੁੰਦੀ ਸੀ ਪਰ ਡੈਮ ਬਣਨ ਮਗਰੋਂ 80 ਦੇ ਦਹਾਕੇ ’ਚ ਬਣੀ ਮੁਕੇਰੀਆਂ ਹਾਈਡਲ ਨਹਿਰ ਨੇ ਇਨ੍ਹਾਂ ਘਰਾਟਾਂ ਨੂੰ ਜੜ੍ਹੋਂ ਉਖਾੜ ਕੇ ਰੱਖ ਦਿੱਤਾ। ਸਰਕਾਰ ਨੇ ਘਰੇਲੂ ਉਦਯੋਗ ਨੂੰ ਉਤਸ਼ਾਹਤ ਕਰਨ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ, ਸਿੱਟੇ ਵਜੋਂ ਘਰਾਟਾਂ ਵਾਲੇ ਉਜੜਦੇ ਚਲੇ ਗਏ।

## ਅਦਾਕਾਰ ਪਾਲ ਭੱਟਾਚਾਰਜੀ ਵੱਲੋਂ ਖੁਦਕੁਸ਼ੀ

**ਲੰਡਨ:** ਜੇਮਸ ਬਾਂਡ ਫਿਲਮ ਕੈਸੀਨੋ ਰੋਇਆਨ ਵਿਚ ਭੂਮਿਕਾ ਨਿਭਾਉਣ ਵਾਲੇ ਭਾਰਤੀ ਮੂਲ ਦੇ ਬਰਤਾਨਵੀ ਅਦਾਕਾਰ ਨੇ ਦੀਵਾਲੀਆ ਹੋਣ ਮਗਰੋਂ ਖੁਦਕੁਸ਼ੀ ਕਰ ਲਈ ਹੈ। 53 ਸਾਲਾਂ ਇਸ ਅਦਾਕਾਰ ਪਾਲ ਭੱਟਾਚਾਰਜੀ ਨੇ ਜੇਮਸ ਬਾਂਡ ਫਿਲਮ ਵਿਚ ਡਾਕਟਰ ਦੀ ਭੂਮਿਕਾ ਨਿਭਾਈ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਟੀ.ਵੀ. ‘ਤੇ ਥੀਏਟਰ ‘ਚ ਵੀ ਕਾਫੀ ਕੰਮ ਕੀਤਾ।

# ਪੰਜਾਬ ’ਚ ਹੁਣ ਕੈਂਸਰ ਦਾ ਇਲਾਜ ਵੀ ਮਹਿੰਗਾ ਹੋਵੇਗਾ

**ਚੰਡੀਗੜ੍ਹ:** ਪੰਜਾਬ ਵਿਚ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਲੋਕਾਂ ਲਈ ਹੋਰ ਔਖਾ ਸਮਾਂ ਆਉਣ ਵਾਲਾ ਹੈ ਕਿਉਂਕਿ ਸੂਬੇ ਵਿਚ ਕੈਂਸਰ ਦਾ ਇਲਾਜ ਹੋਰ ਮਹਿੰਗਾ ਹੋਣ ਜਾ ਰਿਹਾ ਹੈ। ਸੂਤਰਾਂ ਮੁਤਾਬਕ ਸਿਹਤ ਵਿਭਾਗ ਵੱਲੋਂ ਵਾਧੇ ਦਾ ਕੇਸ ਮੁੱਖ ਮੰਤਰੀ ਦੀ ਪ੍ਰਵਾਨਗੀ ਲਈ ਭੇਜ ਦਿੱਤਾ ਗਿਆ ਹੈ। ਨਵੀਆਂ ਦਰਾਂ ਮੁਤਾਬਕ ਕੈਂਸਰ ਦੀਆਂ ਦਵਾਈਆਂ ਤੇ ਲੈਬਾਰਟਰੀ ਟੈਸਟਾਂ ਵਿਚ 30 ਫ਼ੀਸਦੀ ਤੋਂ ਵੀ ਜ਼ਿਆਦਾ ਵਾਧੇ ਦਾ ਪ੍ਰਸਤਾਵ ਤਿਆਰ ਹੈ।

ਸੂਤਰਾਂ ਅਨੁਸਾਰ ਸਿਹਤ ਵਿਭਾਗ ਨੇ ਕੈਂਸਰ ਦੇ ਇਲਾਜ ਲਈ ਪੀ.ਜੀ.ਆਈ ਵੱਲੋਂ ਤੈਅ ਦਰਾਂ ਦੀ ਥਾਂ ਸੈਂਟਰ ਗੌਰਮਿੰਟ ਹੈਲਥ ਸਰਵਿਸਿਜ਼ ਦੇ ਰੇਟ ਲਾਗੂ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਪੀ.ਜੀ.ਆਈ ਤੇ ਕੇਂਦਰ ਦੀਆਂ ਦਰਾਂ ਵਿਚਕਾਰ ਦੁੱਗਣਾ ਫਰਕ ਹੈ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਕੋਈ ਵਿਚ-ਵਿਚਾਲੇ ਦਾ ਭਾਅ ਮੁਕਰਰ ਕਰਨ ਲਈ ਤਿਆਰ ਹੈ। ਇਹ ਵੀ ਪਤਾ ਲੱਗਾ ਹੈ ਕਿ ਕੈਂਸਰ ਦੇ ਇਲਾਜ ਲਈ ਸਰਕਾਰੀ ਸੂਚੀ ਵਿਚ ਸ਼ਾਮਲ ਪ੍ਰਾਈਵੇਟ ਹਸਪਤਾਲਾਂ ਵੱਲੋਂ ਪੰਜਾਬ ਸਰਕਾਰ ਉਤੇ ਇਲਾਜ ਦੇ ਰੇਟ ਵਿਚ ਵਾਧਾ ਕਰਨ ਲਈ ਦਬਾਅ ਪਾਇਆ ਗਿਆ ਸੀ।

ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਹਸਪਤਾਲ ਮਾਲਕਾਂ ਦੀ ਹੋਈ ਇਕ ਮੀਟਿੰਗ ਵਿਚ ਕੈਂਸਰ ਦੇ ਇਲਾਜ ਦੀਆਂ ਦਰਾਂ ਵਿਚ ਸਹਿਮਤੀ ਬਣਨ ਤੋਂ ਬਾਅਦ ਕੇਸ ਮੁੱਖ ਮੰਤਰੀ ਦੀ ਮੋਹਰ ਲਈ ਭੇਜਿਆ ਗਿਆ ਹੈ। ਮੌਜੂਦਾ ਸਮੇਂ ਪੰਜਾਬ ਦੇ ਨੌਂ ਪ੍ਰਾਈਵੇਟ ਤੇ ਛੇ ਗੌਰਮਿੰਟ ਹਸਪਤਾਲਾਂ ਨੂੰ ਕੈਂਸਰ ਦੇ ਇਲਾਜ ਲਈ ਸਰਕਾਰੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਕੈਂਸਰ ਦੇ ਇਲਾਜ ਲਈ ਪੰਜਾਬ ਸਰਕਾਰ ਵੱਲੋਂ ਮਰੀਜ਼ ਨੂੰ ਡੇਢ ਲੱਖ ਰੁਪਏ ਦੀ ਵਿੱਤੀ ਮਦਦ ਦਿੱਤੀ ਜਾ ਰਹੀ ਹੈ। ਸਿਹਤ ਵਿਭਾਗ ਵੱਲੋਂ ਇਨ੍ਹਾਂ ਹਸਪਤਾਲਾਂ ਨੂੰ ਕੈਂਸਰ ਦੇ ਮਰੀਜ਼ਾਂ ਦਾ ਇਲਾਜ ਪੀ.ਜੀ.ਆਈ ਦੀਆਂ ਦਰਾਂ ‘ਤੇ ਕਰਨ ਲਈ ਕਿਹਾ ਗਿਆ ਸੀ।

ਸਰਕਾਰ ਵੱਲੋਂ ਮੁੱਖ ਮੰਤਰੀ ਕੈਂਸਰ ਰਾਹਤ ਫੰਡ ਅਪਰੈਲ 2011 ਵਿਚ ਸਥਾਪਤ ਕੀਤਾ ਗਿਆ ਸੀ ਤੇ ਕੈਂਸਰ ਦੇ ਇਲਾਜ ਲਈ 110 ਕਰੋੜ ਰੁਪਏ ਦੀ ਮਦਦ ਦਿੱਤੀ ਜਾ ਚੁੱਕੀ ਹੈ। ਇਸ ਸੇਵਾ ਦਾ ਲਾਭ 10,468 ਮਰੀਜ਼ ਲੈ ਚੁੱਕੇ ਹਨ। ਮਰੀਜ਼ ਨੂੰ ਕੈਂਸਰ ਦੀ ਪੁਸ਼ਟੀ ਹੋਣ ਤੋਂ ਬਾਅਦ ਵਿੱਤੀ ਮਦਦ ਲੈਣ ਲਈ ਕੇਸ ਜ਼ਿਲ੍ਹੇ ਦੇ ਸਿਵਲ ਸਰਜਨ ਰਾਹੀਂ ਡਾਇਰੈਕਟਰ ਸਿਹਤ ਵਿਭਾਗ ਨੂੰ ਪ੍ਰਵਾਨਗੀ ਲਈ ਭੇਜਿਆ ਜਾਂਦਾ ਹੈ। ਇਸ ‘ਤੇ ਡਿਪਟੀ ਕਮਿਸ਼ਨਰ ਦੀ ਸਹੀ ਪਵਾਉਣੀ ਵੀ ਲਾਜ਼ਮੀ ਕੀਤੀ ਗਈ ਹੈ। ਸਿਹਤ ਵਿਭਾਗ ਵੱਲੋਂ ਮੁੱਖ ਦਫ਼ਤਰ ਵਿਚ ਕੈਂਸਰ ਕੰਟਰੋਲ ਸੈੱਲ ਬਣਾਇਆ ਗਿਆ ਹੈ ਜਿਸ ਦੀ ਜ਼ਿੰਮੇਵਾਰੀ ਪੈਸਾ ਰਿਲੀਜ਼ ਕਰਨ ਦੀ ਹੈ। ਪਹਿਲਾਂ-ਪਹਿਲ ਰਕਮ ਦੀ ਪ੍ਰਵਾਨਗੀ ਮੁੱਖ ਮੰਤਰੀ ਦਫ਼ਤਰ ਤੋਂ ਲਾਜ਼ਮੀ ਕੀਤੀ ਗਈ ਸੀ ਪਰ ਦੇਰੀ ਤੋਂ ਬਚਾਅ ਵਾਸਤੇ ਵਿਭਾਗ ਦੇ ਡਾਇਰੈਕਟਰ ਨੂੰ ਇਹ ਅਧਿਕਾਰ ਦੇ ਦਿੱਤਾ ਗਿਆ ਹੈ।

# ਕਿਸਾਨਾਂ ਦੀ ਹੁਣ ਬੈਂਕ ਕਰਜ਼ਿਆਂ ਤੋਂ ਤੋਬਾ

**ਨਵੀਂ ਦਿੱਲੀ:** ਉੱਤਰੀ ਪੂਰਬੀ ਭਾਰਤ ਦੇ ਕਿਸਾਨ ਬੈਂਕਾਂ ਤੋਂ ਕਰਜ਼ੇ ਲੈਣ ਦੇ ਮਾਮਲੇ ਵਿਚ ਸਭ ਤੋਂ ਪਿੱਛੇ ਹਨ। ਇਕ ਸਰਵੇਖਣ ਮੁਤਾਬਕ ਦੱਖਣੀ ਭਾਰਤ ਦੇ ਕਿਸਾਨ ਖੇਤੀਬਾੜੀ ਲਈ ਕਰਜ਼ੇ ਲੈਣ ਲਈ ਬੈਂਕਾਂ ਦਾ ਇਸਤੇਮਾਲ ਸਭ ਤੋਂ ਵੱਧ ਕਰਦੇ ਹਨ ਜਦ ਕਿ ਮੌਜੂਦਾ ਸਕੀਮਾਂ ਬਾਰੇ ਜਾਗਰੂਕਤਾ ਦੀ ਘਾਟ ਕਾਰਨ ਉੱਤਰੀ ਖਿੱਤੇ ਦੇ ਕਿਸਾਨ ਹਾਲੇ ਵੀ ਬੈਂਕਾਂ ਦੀ ਥਾਂ ਗ਼ੈਰ-ਮਿਆਰੀ ਥਾਵਾਂ ਤੋਂ ਕਰਜ਼ਾ ਲੈਣ ਨੂੰ ਤਰਜੀਹ ਦਿੰਦੇ ਹਨ।

ਐਸੋਚੈਮ ਵੱਲੋਂ ਕਰਵਾਏ ਸਰਵੇਖਣ ਮੁਤਾਬਕ ਕਰਨਾਟਕ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਤੇ ਕੇਰਲ ਦੇ ਕਿਸਾਨ ਸਭ ਤੋਂ ਵੱਧ ਬੈਂਕਾਂ ਕਰਜ਼ੇ ਦੀ ਵਰਤੋਂ ਕਰਦੇ ਹਨ। ਦੱਖਣੀ ਭਾਰਤ ਦੇ ਕਿਸਾਨਾਂ ਨੇ 2008-09 ਦੇ 1,12,342 ਕਰੋੜ ਰੁਪਏ ਦੇ ਮੁਕਾਬਲੇ 2010-11 ਵਿਚ 1,8,4,046 ਕਰੋੜ ਦੇ ਕਰਜ਼ੇ ਲਏ ਹਨ। ਜਦ ਕਿ 2010-11 ਵਿਚ ਉੱਤਰ-ਪੂਰਬੀ ਖਿੱਤੇ ਦੇ ਕਿਸਾਨਾਂ ਨੇ ਭਾਰਤ ਦੇ ਸਭ ਹਿੱਸਿਆਂ ਤੋਂ ਘੱਟ ਫਾਇਦਾ ਲਿਆ ਹੈ। 2010-11 ਵਿਚ ਇਸ ਖੇਤਰ ਵਿਚ ਸਿਰਫ਼ 4,620 ਕਰੋੜ ਦੇ ਕਰਜ਼ੇ ਦਿੱਤੇ ਗਏ। ਰਿਪੋਰਟ ਮੁਤਾਬਕ ਸਾਲ 2012-13 ਵਿਚ ਖੇਤੀਬਾੜੀ ਲਈ ਪੰਜ ਲੱਖ 75 ਹਜ਼ਾਰ ਕਰੋੜ ਦੇ ਕਰਜ਼ੇ ਲਏ ਗਏ ਹਨ।


**Happy Deepawali to all of you!**

**Want to Buy/Sell?**

*Single Home, TH, Condo, Apt, Business, Land, Motel, Investment Property*

**Call Madan Khatri 847-530-1550**



*Madan Khatri*

www.PropertyZoo.com

One of 10 Top Producers in 2011 & 2012 at the Prudential Office!

Interest Rates are moving up!

Buy A Home anywhere in Metro NOW !!

*A Broker who can work with you from Beginning to End, Call Now!*

Prudential at 25 Turner Ave, Elk Grove Village, IL



**Sistar Mortgage**

Minimizing Cost, Maximizing Investment

www.SistarMortgage.com



**Balbir (Bill) Grewal, Loan Officer**

*Residential & Commercial Loans*

(734) 330-8859 Mobile

(586) 802-7385 Fax

Balbir.Grewal@SistarMortgage.com

*Refinance up to 125% value of the house.

*Loans Available In Most States!*

>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only



**INDIAN BAZAAR ਇੰਡੀਅਨ ਬਜ਼ਾਰ**

334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ



ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ ‘ਚ ਅਤੇ ਵਾਜਬ ਰੇਟ ‘ਤੇ ਮਿਲੇਗੀ।

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ

**Ph: 317-534-5151, 317-997-9140**





ਆਪਣੇ ਰੂਪ ਨੂੰ ਚਾਰ ਚੰਨ ਲਾਓ

DESIGNER LEHANGAS, SUITS, SAREES, KIDS WEAR

ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ

ਬੱਚਿਆਂ ਦੀਆਂ ਪੁਸ਼ਾਕਾਂ

*Gidha Bhangra Dresess On Rent*

**Preet BOUTIQUE**

ਵਿਆਹ-ਸ਼ਾਦੀ ਦੇ ਸ਼ੁਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ

**Call: 317-603-4018, 317-332-1387**

E-mail:spkaurus@yahoo.co.in

Facebook preetboutique



**ਭਾਰ ਘਟਾਓ, ਰੋਗਾਂ ਤੋਂ ਬਚੋ**

ਕੀ ਤੁਸੀਂ ਭਾਰ ਵਧਣ, ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।

> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।

**Safe & Easy Weight Loss**

**Ph:317-886-4858**

www.punjabiweightloss.blogspot.com

www.goherbalife.com/skaur

# ਬੱਬਰ ਖਾਲਸਾ ਦੇ ਤਿੰਨ ਕਾਰਕੁਨਾਂ ਨੂੰ 10-10 ਸਾਲ ਕੈਦ

**ਮੁਹਾਲੀ:** ਸਥਾਨਕ ਅਦਾਲਤ ਨੇ ਤਕਰੀਬਨ ਚਾਰ ਸਾਲ ਪੁਰਾਣੇ ਮਾਮਲੇ ਦਾ ਨਿਬੇੜਾ ਕਰਦਿਆਂ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਦੋ ਖਾੜਕੂਆਂ ਜਗਮੋਹਨ ਸਿੰਘ ਤੇ ਦਰਸ਼ਨ ਸਿੰਘ ਨੂੰ 10-10 ਸਾਲ ਕੈਦ ਤੇ ਪੰਜ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਲਾਵਾ ਇਨ੍ਹਾਂ ਦੇ ਸਾਥੀ ਹਰਪ੍ਰੀਤ ਸਿੰਘ ਨੂੰ ਤਿੰਨ ਸਾਲ ਕੈਦ ਤੇ ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ ਜਦੋਂਕਿ ਅਮਰਜੀਤ ਸਿੰਘ ਨੂੰ ਬਰੀ ਕਰ ਦਿੱਤਾ ਹੈ।



ਇਨ੍ਹਾਂ ਵਿਚੋਂ ਹਰਪ੍ਰੀਤ ਸਿੰਘ ਜ਼ਮਾਨਤ 'ਤੇ ਚੱਲ ਰਿਹਾ ਸੀ ਜਦੋਂਕਿ ਬਾਕੀ ਤਿੰਨ ਪਿਛਲੇ ਕਾਫੀ ਸਮੇਂ ਤੋਂ ਕੇਂਦਰੀ ਜੇਲ੍ਹ ਨਾਭਾ ਵਿਚ ਬੰਦ ਸਨ। ਇਸ ਬਾਰੇ 25 ਸਤੰਬਰ, 2009 ਨੂੰ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਕਾਰਕੁਨ ਜਗਮੋਹਨ ਸਿੰਘ, ਦਰਸ਼ਨ ਸਿੰਘ, ਹਰਪ੍ਰੀਤ ਸਿੰਘ ਤੇ ਅਮਰਜੀਤ ਸਿੰਘ ਖ਼ਿਲਾਫ਼ ਸੈਂਟਰਲ ਥਾਣਾ ਫੇਜ਼-8 ਵਿਚ ਅਤਿਵਾਦੀ ਸਰਗਰਮੀਆਂ ਤੇ ਨਾਜਾਇਜ਼ ਅਸਲਾ ਰੱਖਣ ਦੇ ਦੋਸ਼ ਵਿਚ ਕੇਸ ਦਰਜ ਕੀਤਾ ਗਿਆ ਸੀ। ਮੁਲਜ਼ਮਾਂ ਨੂੰ ਪੀ.ਸੀ.ਏ ਸਟੇਡੀਅਮ ਨੇੜਿਓਂ ਅਸਲੇ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਮਾਮਲੇ ਵਿਚ ਪੰਜਾਬ ਪੁਲਿਸ ਦੇ 18 ਪੜਤਾਲੀਆ ਅਫ਼ਸਰਾਂ ਤੇ ਸਰਕਾਰੀ ਗਵਾਹਾਂ ਦੀਆਂ ਗਵਾਹੀਆਂ ਮੁਕੰਮਲ ਹੋਣ ਤੇ ਪੁਲਿਸ ਵੱਲੋਂ ਪੇਸ਼ ਸਬੂਤਾਂ ਨੂੰ ਆਧਾਰ ਬਣਾ ਕੇ ਤਿੰਨ ਖਾੜਕੂਆਂ ਨੂੰ ਦੋਸ਼ੀ ਮੰਨਦੇ ਹੋਏ ਉਕਤ ਸਜ਼ਾ ਸੁਣਾਈ ਗਈ। ਅਦਾਲਤ ਨੇ ਆਪਣੇ ਹੁਕਮਾਂ ਵਿਚ ਇਹ ਵੀ ਸਪਸ਼ਟ ਕੀਤਾ ਹੈ ਕਿ ਜੇ ਮੁਲਜ਼ਮ ਸਮੇਂ ਸਿਰ ਜੁਰਮਾਨੇ ਦੀ ਰਾਸ਼ੀ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਨਹੀਂ ਕਰਵਾਉਂਦੇ ਤਾਂ ਉਨ੍ਹਾਂ ਨੂੰ ਤਿੰਨ-ਤਿੰਨ ਮਹੀਨੇ ਹੋਰ ਸਜ਼ਾ ਭੁਗਤਣੀ ਪਵੇਗੀ।

ਪੁਲਿਸ ਅਮਰਜੀਤ ਸਿੰਘ ਖ਼ਿਲਾਫ਼ ਅਦਾਲਤ ਵਿਚ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੀ। ਇਸ ਕਾਰਨ ਅਦਾਲਤ ਨੇ ਉਸ ਨੂੰ ਬਾਇੱਜ਼ਤ ਬਰੀ ਕਰ ਦਿੱਤਾ।

ਸਰਕਾਰੀ ਗਵਾਹ ਸੁਰਤ ਸਿੰਘ ਵਾਸੀ ਫਿਰੋਜ਼ਪੁਰ ਨੇ ਪੁਲਿਸ ਨੂੰ ਦਿੱਤੇ ਆਪਣੇ ਬਿਆਨਾਂ ਵਿਚ ਕਿਹਾ ਸੀ ਕਿ ਖਾੜਕੂ ਬਲਬੀਰ ਸਿੰਘ ਭੂਤਨਾ 2009 ਦੌਰਾਨ ਕੇਂਦਰੀ ਜੇਲ੍ਹ ਨਾਭਾ ਵਿਚ ਨਜ਼ਰਬੰਦ ਸੀ। ਉਸ ਨੂੰ ਭੂਤਨੇ ਦਾ ਫੋਨ ਆਇਆ ਸੀ ਕਿ ਉਹ ਉਨ੍ਹਾਂ ਦੇ ਪਿੰਡ ਜਾ ਕੇ ਉਸ ਦੀ ਮਾਂ ਦਾ ਹਾਲ-ਚਾਲ ਪੁੱਛ ਕੇ ਆਵੇ।

ਉਸ ਨੂੰ ਇਹ ਵੀ ਕਿਹਾ ਗਿਆ ਸੀ ਕਿ ਉਹ ਪਿਆਰਾ ਸਿੰਘ ਨਾਂ ਦੇ ਇਕ ਵਿਅਕਤੀ ਨੂੰ ਕੁਝ ਕੱਪੜੇ ਦੇ ਕੇ ਉਸ ਕੋਲ ਭੇਜਣਗੇ ਤੇ ਉਹ ਕੱਪੜਿਆਂ ਨੂੰ ਉਸ ਦੇ ਘਰ ਤੱਕ ਪੁੱਜਦਾ ਕਰ ਦੇਵੇ। ਸੁਰਤ ਸਿੰਘ ਨੇ ਕਿਹਾ ਕਿ ਜਦੋਂ ਪਿਆਰਾ ਸਿੰਘ ਆਇਆ ਤਾਂ ਉਸ ਕੋਲ ਕੱਪੜਿਆਂ ਦੀ ਥਾਂ ਆਰ.ਡੀ. ਐਕਸ ਸੀ। ਇਸ ਨੂੰ ਦੇਖ ਕੇ ਉਹ ਘਬਰਾ ਗਿਆ। ਉਸ ਨੇ ਤੁਰੰਤ ਪੁਲਿਸ ਨੂੰ ਇਤਲਾਹ ਦਿੱਤੀ। ਪੁਲਿਸ ਨੇ ਛਾਪਾ ਮਾਰ ਕੇ ਪਿਆਰਾ ਸਿੰਘ ਦੇ ਘਰੋਂ ਆਰ.ਡੀ. ਐਕਸ ਬਰਾਮਦ ਕਰਕੇ ਉਸ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਇਸ ਮਗਰੋਂ ਉਕਤ ਮੁਲਜ਼ਮਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ।

## ਰੁਲਦਾ ਸਿੰਘ ਕਤਲ ਕੇਸ ਵਿਚ ਤਿੰਨ ਜਣਿਆਂ ਨੂੰ ਕੈਦ

**ਮੁਹਾਲੀ:** ਰੁਲਦਾ ਸਿੰਘ ਕਤਲ ਮਾਮਲੇ ਵਿਚ ਸਥਾਨਕ ਅਦਾਲਤ ਨੇ ਦੋ ਵਿਅਕਤੀਆਂ ਨੂੰ 10-10 ਸਾਲ ਤੇ ਇਕ ਨੂੰ ਤਿੰਨ ਸਾਲ ਕੈਦ ਤੇ ਇਨ੍ਹਾਂ ਦੇ ਇਕ ਸਾਥ ਨੂੰ ਬਰੀ ਕਰਨ ਦੇ ਹੁਕਮ ਸੁਣਾਏ ਹਨ। ਜ਼ਿਕਰਯੋਗ ਹੈ ਕਿ ਜਗਮੋਹਨ ਸਿੰਘ ਨੂੰ 24 ਸਤੰਬਰ, 2009 ਨੂੰ ਰੁਲਦਾ ਸਿੰਘ ਦੇ ਕਤਲ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਇਲਾਵਾ ਪੁਲਿਸ ਨੇ ਅਗਲੇ ਦਿਨ ਅਜੀਤਗੜ੍ਹ ਸਥਿਤ ਫੇਜ਼-9 ਦੇ ਕ੍ਰਿਕਟ ਸਟੇਡੀਅਮ ਕੋਲ ਨਾਕਾਬੰਦੀ ਦੌਰਾਨ ਦਰਸ਼ਨ ਸਿੰਘ, ਹਰਪ੍ਰੀਤ ਸਿੰਘ, ਅਮਰਜੀਤ ਸਿੰਘ ਨੂੰ 30 ਬੋਰ ਦਾ ਪਿਸਟਲ ਤੇ 15 ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ।

ਪੁਲਿਸ ਮੁਤਾਬਕ ਉਪਰੋਕਤ ਵਿਅਕਤੀਆਂ ਦੇ ਸਬੰਧ ਬੱਬਰ ਖਾਲਸਾ ਜਥੇਬੰਦੀ ਦੇ ਵਧਾਵਾ ਸਿੰਘ, ਜਗਤਾਰ ਸਿੰਘ ਤਾਰਾ ਤੇ ਪਰਮਜੀਤ ਸਿੰਘ ਪੰਮਾ ਨਾਲ ਸਨ। ਇਸ ਮਾਮਲੇ ਦੀ ਅੰਤਿਮ ਸੁਣਵਾਈ ਦੇ ਚੱਲਦਿਆਂ ਅਦਾਲਤ ਨੇ ਦਰਸ਼ਨ ਸਿੰਘ ਤੇ ਜਗਮੋਹਨ ਸਿੰਘ ਨੂੰ 10-10 ਸਾਲ ਦੀ ਸਜ਼ਾ ਤੇ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ, ਜਦਕਿ ਹਰਪ੍ਰੀਤ ਸਿੰਘ ਨੂੰ ਤਿੰਨ ਸਾਲ ਦੀ ਸਜ਼ਾ ਤੇ 5 ਹਜ਼ਾਰ ਰੁਪਏ ਜੁਰਮਾਨਾ ਤੇ ਅਮਰਜੀਤ ਸਿੰਘ ਨੂੰ ਇਸ ਮਾਮਲੇ ਵਿਚ ਬਰੀ ਕਰਨ ਦੇ ਹੁਕਮ ਸੁਣਾਏ ਹਨ।

## ਦਲਜੀਤ ਸਿੰਘ ਬਿੱਟੂ ਸਾਥੀਆਂ ਸਮੇਤ ਬਰੀ

**ਸਰਦੂਲਗੜ੍ਹ:** ਸਥਾਨਕ ਅਦਾਲਤ ਨੇ ਪੰਜ ਸਾਲ ਪੁਰਾਣੇ ਕੇਸ ਵਿਚੋਂ ਅਕਾਲੀ ਦਲ ਪੰਚ ਪ੍ਰਧਾਨੀ ਦੇ ਮੁਖੀ ਭਾਈ ਦਲਜੀਤ ਸਿੰਘ ਬਿੱਟੂ ਤੇ 11 ਹੋਰਾਂ ਨੂੰ ਬਰੀ ਕਰ ਦਿੱਤਾ ਹੈ।



ਹਾਸਲ ਜਾਣਕਾਰੀ ਮੁਤਾਬਕ ਭਾਈ ਦਲਜੀਤ ਸਿੰਘ ਬਿੱਟੂ, ਏਕ ਨੂਰ ਖਾਲਸਾ ਫੌਜ ਦੇ ਮੁਖੀ ਬਲਜਿੰਦਰ ਸਿੰਘ ਸਰਦੂਲਗੜ੍ਹ, ਮਹਿੰਦਰ ਸਿੰਘ ਜਟਾਣਾ, ਸੁਖਵਿੰਦਰ ਸਿੰਘ ਸਤਿਕਾਰ ਸਭਾ ਹਰਿਆਣਾ, ਬਲਰਾਜ ਸਿੰਘ ਸਿਰਸਾ, ਇੰਦਰਜੀਤ ਸਿੰਘ ਮੁਨਸ਼ੀ ਮਾਨਸਾ, ਸੁਰੈਣ ਸਿੰਘ ਸਿਰਸਾ, ਰਿਖੀ ਰਾਮ ਸਿੰਘ ਕੋਟ ਧਰਮੂ, ਸੁਰਜੀਤ ਸਿੰਘ ਸਿਰਸਾ, ਸੁਖਵਿੰਦਰ ਸਿੰਘ ਹਾਂਡੀਖੇੜਾ, ਕਸ਼ਮੀਰ ਸਿੰਘ ਵੈਦਵਾਲਾ ਨੇ ਮਾਨਸਾ ਵਿਖੇ ਸਿਰਸਾ ਮਾਨਸਾ ਸੜਕ 'ਤੇ ਬਣ ਰਹੇ ਸੱਚਾ ਸੌਦਾ ਡੇਰੇ ਦੇ ਵਿਰੋਧ ਵਿਚ ਧਰਨਾ ਲਾਇਆ ਸੀ। ਇਨ੍ਹਾਂ 'ਤੇ ਥਾਣਾ ਜੌੜਕੀਆਂ ਵਿਖੇ ਸੜਕੀ ਆਵਾਜਾਈ ਵਿਚ ਵਿਘਨ ਪਾਉਣ ਦੇ ਦੋਸ਼ ਹੇਠ 22 ਸਤੰਬਰ, 2008 ਨੂੰ ਥਾਣਾ ਜੌੜਕੀਆਂ ਵਿਖੇ ਕੇਸ ਦਰਜ ਕੀਤਾ ਗਿਆ ਸੀ।

# ਕਸੂਤਾ ਫਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਬਾਜਵਾ

## ਹਫਤੇ ਵਿਚ ਜਾਂਚ ਰਿਪੋਰਟ ਦੇਣ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿੱਤ ਕਮਿਸ਼ਨਰ (ਮਾਲ) (ਐਫ.ਸੀ.ਆਰ) ਦੇ ਪੱਧਰ 'ਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਖ਼ਿਲਾਫ਼ ਜ਼ਮੀਨ ਘੁਟਾਲੇ ਦੇ ਮਾਮਲੇ ਦੀ ਜਾਂਚ ਆਰੰਭ ਦਿੱਤੀ ਹੈ ਜੋ ਐਫ.ਸੀ.ਆਰ ਨਵਰੀਤ ਸਿੰਘ ਕੰਗ ਤੇ ਵਿਭਾਗ ਦੇ ਉਪ ਸਕੱਤਰ ਏ.ਐਸ ਭੱਟੀ ਕਰ ਰਹੇ ਹਨ। ਇਨ੍ਹਾਂ ਦੋਵਾਂ ਅਧਿਕਾਰੀਆਂ ਨੇ ਮੁਹਾਲੀ ਜ਼ਿਲ੍ਹੇ ਦੇ ਪਿੰਡ ਭੜੌਜੀਆਂ ਦਾ ਜ਼ਮੀਨੀ ਰਿਕਾਰਡ ਮੰਗਵਾ ਲਿਆ ਹੈ। ਮਾਲ ਵਿਭਾਗ ਦੇ ਇਹ ਅਧਿਕਾਰੀ ਇਕ ਹਫ਼ਤੇ ਅੰਦਰ ਤੱਥਾਂ 'ਤੇ ਆਧਾਰਿਤ ਰਿਪੋਰਟ ਦੇਣਗੇ।



ਸ. ਕੰਗ ਨੇ ਜਾਂਚ ਆਰੰਭੇ ਜਾਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਾਂਚ ਰਿਪੋਰਟ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਸੌਂਪੀ ਜਾਵੇਗੀ ਤੇ ਇਸ ਦੌਰਾਨ ਇਹ ਵੀ ਦੇਖਿਆ ਜਾਣਾ ਹੈ ਕਿ ਇਸ ਮਾਮਲੇ ਵਿਚ ਮਾਲ ਵਿਭਾਗ ਦੇ ਅਧਿਕਾਰੀਆਂ ਦੀ ਕੀ ਭੂਮਿਕਾ ਰਹੀ ਹੈ। ਉਧਰ, ਕਾਂਗਰਸ ਪਾਰਟੀ ਨੇ ਸ. ਬਾਜਵਾ ਖ਼ਿਲਾਫ਼ ਜਾਂਚ ਅਰੰਭਣ ਨੂੰ ਬਦਲਾਖੋਰੀ ਦੀ ਕਾਰਵਾਈ ਕਰਾਰ ਦਿੱਤਾ ਹੈ। ਸਰਕਾਰ ਵੱਲੋਂ ਮੁਹਾਲੀ ਜ਼ਿਲ੍ਹੇ ਦੀਆਂ ਪੰਚਾਇਤੀ ਤੇ ਸਰਕਾਰੀ ਜ਼ਮੀਨਾਂ ਨੂੰ ਹਥਿਆਉਣ ਦੇ ਮਾਮਲੇ ਦੀ ਜਾਂਚ ਪੰਚਾਇਤ ਤੇ ਮਾਲ ਵਿਭਾਗ ਦੇ ਅਧਿਕਾਰੀਆਂ ਦੀ ਸਾਂਝੀ ਜਾਂਚ ਟੀਮ ਤੋਂ ਕਰਾਉਣ ਦਾ ਫੈਸਲਾ ਕੀਤਾ ਹੈ।

ਸ. ਮਜੀਠੀਆ ਨੇ ਆਪਣੇ ਵਿਭਾਗ ਦੇ ਅਧਿਕਾਰੀਆਂ ਨੂੰ ਇਸੇ ਹਫ਼ਤੇ ਦੌਰਾਨ ਜ਼ੁਬਾਨੀ ਹੁਕਮ ਦਿੱਤੇ ਸਨ ਕਿ ਸ. ਬਾਜਵਾ ਦੇ ਮਾਮਲੇ ਵਿਚ ਤੱਥ ਖੋਜ ਜਾਂਚ ਆਰੰਭੀ ਜਾਵੇ। ਮਾਲ ਮੰਤਰੀ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਪਿੰਡ ਵਿਚ ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਪੰਚਾਇਤ ਦੀ ਤਕਰੀਬਨ 25 ਕਿੱਲੇ ਜ਼ਮੀਨ ਹਥਿਆਈ ਤੇ ਅੱਗੋਂ ਵੇਚ ਦਿੱਤੀ। ਮਾਲ ਮੰਤਰੀ ਵੱਲੋਂ ਇਹ ਮਾਮਲਾ ਵਿਧਾਨ ਸਭਾ ਵਿਚ ਵੀ ਉਠਾਇਆ ਗਿਆ ਸੀ।

ਉਧਰ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਪੰਚਾਇਤ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਮਾਲ ਤੇ ਪੰਚਾਇਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਮੁਹਾਲੀ ਜ਼ਿਲ੍ਹੇ ਵਿਚ ਪੰਚਾਇਤੀ ਤੇ ਸਰਕਾਰੀ ਜ਼ਮੀਨਾਂ ਹਥਿਆਉਣ ਦੇ ਮਾਮਲੇ ਦੀ ਜਾਂਚ ਦੋਹਾਂ ਵਿਭਾਗਾਂ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਜਾਣ ਦੀ ਸਲਾਹ ਬਣਾਈ ਹੈ। ਸ. ਮਜੀਠੀਆ ਦਾ ਵੀ ਕਹਿਣਾ ਹੈ ਕਿ ਦੋਹੇਂ ਵਿਭਾਗ ਜ਼ਮੀਨਾਂ ਦੀ ਸਾਂਝੀ ਜਾਂਚ ਕਰਾਉਣ ਲਈ ਰਾਜ਼ੀ ਹਨ ਤੇ ਜਲਦੀ ਹੀ ਇਹ ਜਾਂਚ ਸ਼ੁਰੂ ਕੀਤੀ ਜਾਵੇਗੀ।

ਪ੍ਰਦੇਸ਼ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਸ. ਬਾਜਵਾ ਨੂੰ ਨਿਸ਼ਾਨਾ ਬਣਾ ਕੇ ਸ਼ੁਰੂ ਕੀਤੀ ਜਾਂਚ ਸਾਬਤ ਕਰਦੀ ਹੈ ਕਿ ਬਾਦਲ ਸਰਕਾਰ ਵਿਰੋਧੀਆਂ ਵਿਰੁੱਧ ਬਦਲੇ ਦੀ ਭਾਵਨਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਸਟਿਸ ਕੁਲਦੀਪ ਸਿੰਘ ਦੀ ਰਿਪੋਰਟ ਵਿਚ ਮੁਹਾਲੀ ਜ਼ਿਲ੍ਹੇ ਦੇ ਪਿੰਡਾਂ ਵਿਚ ਜ਼ਮੀਨਾਂ ਦੀਆਂ 70 ਹਜ਼ਾਰ ਰਜਿਸਟਰੀਆਂ 'ਤੇ ਸਵਾਲੀਆ ਨਿਸ਼ਾਨ ਲਾਇਆ ਹੈ। ਸਰਕਾਰ ਇਸ ਸਾਰੇ ਮਾਮਲੇ ਦੀ ਜਾਂਚ ਕਰਾਉਣ ਤੋਂ ਕਿਉਂ ਭੱਜ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸਿੰਘ ਸੈਣੀ ਸਮੇਤ ਹੋਰਨਾਂ ਕਈ ਪ੍ਰਭਾਵਸ਼ਾਲੀ ਵਿਅਕਤੀਆਂ ਦਾ ਨਾਂ ਇਸ ਰਿਪੋਰਟ ਵਿਚ ਸ਼ਾਮਲ ਹੈ। ਸ. ਮਜੀਠੀਆ, ਸ੍ਰੀ ਸੈਣੀ ਤੇ ਹੋਰਾਂ ਵਿਅਕਤੀਆਂ ਬਾਰੇ ਕਾਰਵਾਈ ਕਰਨ ਦੇ ਮਾਮਲੇ 'ਤੇ ਪੂਰੀ ਤਰ੍ਹਾਂ ਚੁੱਪ ਹਨ।

## ਸਬਜ਼ੀ ਤੋੜਨ ਤੋਂ ਰੋਕਣ 'ਤੇ ਬਜ਼ੁਰਗ ਦਾ ਕਤਲ

**ਫਤਿਹਗੜ੍ਹ ਸਾਹਿਬ:** ਜ਼ਿਲ੍ਹੇ ਦੇ ਪਿੰਡ ਚਨਾਲੋ ਵਿਚ ਇਕ 90 ਸਾਲਾ ਬਜ਼ੁਰਗ ਨੂੰ ਚਾਰ ਲੋਕਾਂ ਨੇ ਕੁੱਟ-ਕੁੱਟ ਕੇ ਮਾਰ ਮੁਕਾਇਆ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਇਹ ਬਜ਼ੁਰਗ ਉਨ੍ਹਾਂ ਚਾਰਾਂ ਨੂੰ ਆਪਣੇ ਖੇਤਾਂ ਵਿਚੋਂ ਸਬਜ਼ੀ ਚੋਰੀ ਤੋੜਨ ਤੋਂ ਰੋਕਣ ਦੀ ਕੋਸ਼ਿਸ਼ ਕਰ ਰਿਹਾ ਸੀ। ਮ੍ਰਿਤਕ ਦੀ ਪਛਾਣ ਪੂਰਨ ਦਾਸ ਵਜੋਂ ਹੋਈ ਹੈ।



ਸ਼ਿਕਾਇਤਕਰਤਾ ਪ੍ਰੀਤਮ ਦਾਸ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਪਿਤਾ ਉਕਤ ਚਾਰਾਂ ਨੂੰ ਆਪਣੇ ਖੇਤ ਵਿਚੋਂ ਸਬਜ਼ੀ ਤੋੜਨ ਤੋਂ ਮਨਾ ਕਰ ਰਿਹਾ ਸੀ ਪਰ ਉਨ੍ਹਾਂ ਨੇ ਮੇਰੇ ਪਿਤਾ ਨੂੰ ਬੁਰੀ ਤਰ੍ਹਾਂ ਕੁੱਟਿਆ ਜਿਸ ਤੋਂ ਬਾਅਦ ਉਨ੍ਹਾਂ ਦੀ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਮੌਤ ਹੋ ਗਈ। ਪੁਲਿਸ ਨੇ ਉਕਤ ਚਾਰਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ ਜਿਨ੍ਹਾਂ ਦੀ ਪਛਾਣ ਕਰਮਜੀਤ ਕੌਰ, ਸੋਨਾ, ਸਵਰਨ ਕੌਰ ਤੇ ਤਰਸੇਮ ਖਾਨ ਵਜੋਂ ਹੋਈ ਹੈ।

# ਸੰਗੀਨ ਅਪਰਾਧਾਂ ਦੇ ਰਾਹੇ ਪਿਆ ਪੰਜਾਬ ਦਾ ਭੋਲਾ ਬਚਪਨ

## ਨਸ਼ੇ, ਜਬਰ ਜਨਾਹ ਤੇ ਕਤਲ ਦੇ ਦੋਸ਼ਾਂ 'ਚ ਨਾਮਜ਼ਦ

**ਚੰਡੀਗੜ੍ਹ:** ਦੇਸ਼ ਦੇ ਖੁਸ਼ਹਾਲ ਸੂਬਿਆਂ ਵਿਚੋਂ ਇਕ ਗਿਣੇ ਜਾਂਦੇ ਪੰਜਾਬ ਦੀ ਇਹ ਬਦਕਿਸਮਤੀ ਹੀ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਸੂਬੇ ਵਿਚ ਬਾਲ ਅਪਰਾਧੀਆਂ ਦੀ ਗਿਣਤੀ ਵਿਚ ਹੈਰਾਨੀਜਨਕ ਵਾਧਾ ਹੋਇਆ ਹੈ। ਇਸ ਤੋਂ ਵੀ ਵੱਧ ਫਿਕਰ ਕਰਨ ਵਾਲੀ ਗੱਲ ਇਹ ਹੈ ਕਿ 50 ਫ਼ੀਸਦੀ ਬਾਲ ਅਪਰਾਧੀ ਨਸ਼ਾ ਤਸਕਰੀ, ਜਬਰ ਜਨਾਹ ਤੇ ਕਤਲ ਜਿਹੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।

ਇਸ ਬਾਰੇ ਪੰਜਾਬ ਦੇ ਕੁੱਲ 24 ਵਿਚੋਂ ਸਿਰਫ਼ ਸੱਤ ਪੁਲਿਸ ਜ਼ਿਲ੍ਹਿਆਂ ਵਿਚੋਂ ਹੀ ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਹੋਏ ਅੰਕੜੇ ਸਥਿਤੀ ਦੇ ਬਹੁਤ ਜ਼ਿਆਦਾ ਗੰਭੀਰ ਹੋਣ ਵੱਲ ਇਸ਼ਾਰਾ ਕਰ ਰਹੇ ਹਨ। ਇਨ੍ਹਾਂ ਵਿਚ ਮੋਗਾ, ਫ਼ਿਰੋਜ਼ਪੁਰ, ਬਟਾਲਾ, ਹੁਸ਼ਿਆਰਪੁਰ, ਨਵਾਂ ਸ਼ਹਿਰ, ਮਾਨਸਾ ਤੇ ਬਰਨਾਲਾ ਪੁਲਿਸ ਜ਼ਿਲ੍ਹਿਆਂ ਤਹਿਤ ਪੈਂਦੇ ਵੱਖੋ-ਵੱਖ ਪੁਲਿਸ ਥਾਣਿਆਂ ਵਿਚ ਹੀ ਇਸ ਸਾਲ ਇਕ ਜਨਵਰੀ ਤੋਂ 31 ਅਗਸਤ ਦੇ ਦਰਮਿਆਨ ਕੁੱਲ 71 ਬਾਲ ਅਪਰਾਧੀਆਂ ਖ਼ਿਲਾਫ਼ ਐਫ਼.ਆਈ.ਆਰ ਦਰਜ ਕੀਤੀਆਂ ਜਾ ਚੁੱਕੀਆਂ ਹਨ ਜਿਨ੍ਹਾਂ ਵਿਚੋਂ ਅੱਠ ਕਤਲ, ਦੋ ਕਤਲ ਦੀ ਕੋਸ਼ਿਸ਼, 14 ਨਸ਼ਿਆਂ ਦੀ ਤਸਕਰੀ ਤੇ ਅੱਠ ਜਬਰ ਜਨਾਹ ਵਰਗੇ ਸੰਗੀਨ ਜੁਰਮਾਂ ਦੇ ਦੋਸ਼ਾਂ ਅਧੀਨ ਫੜੇ ਗਏ ਹਨ ਤੇ ਇਨ੍ਹਾਂ ਵਿਚੋਂ ਇਕੱਲੇ ਮਾਨਸਾ, ਨਵਾਂ ਸ਼ਹਿਰ ਤੇ ਮੋਗਾ ਪੁਲਿਸ ਜ਼ਿਲ੍ਹਿਆਂ ਅਧੀਨ ਹੀ ਨਸ਼ਿਆਂ ਬਾਰੇ (ਨਾਰਕੋਟਿਕਸ ਡਰੱਗਜ਼ ਤੇ ਸਾਇਕੋਟ੍ਰਾਪਿਕ ਸਬਸਟਾਂਸ ਐਕਟ, 1985 ਤਹਿਤ) ਹੀ ਕ੍ਰਮਵਾਰ ਪੰਜ ਤੇ ਤਿੰਨ-ਤਿੰਨ ਬਾਲ ਅਪਰਾਧੀ ਇਸ ਸਾਲ ਕਾਬੂ ਕੀਤੇ ਜਾ ਚੁੱਕੇ ਹਨ।

ਅਹਿਮ ਗੱਲ ਇਹ ਹੈ ਇਨ੍ਹਾਂ ਵਿਚੋਂ ਮੋਗਾ ਦੇ ਫ਼ਤਿਹਗੜ੍ਹ ਪੰਜਤੂਰ ਥਾਣੇ ਤਹਿਤ ਕਾਬੂ ਇਕ ਬਾਲ ਅਪਰਾਧੀ ਮਹਿਜ਼ 12 ਸਾਲਾਂ ਦਾ ਸੀ ਜਦਕਿ ਬਾਕੀ 15 ਤੋਂ 18 ਸਾਲ ਦੇ ਗਭਰੇਟ ਉਮਰ ਵਰਗ ਨਾਲ ਸਬੰਧਤ ਹਨ। ਇਹ ਅੰਕੜਾ ਪੂਰੇ ਸੂਬੇ ਵਿਚ ਤਿੰਨ ਸੌ ਤੋਂ ਵੀ ਉੱਤੇ ਮੰਨਿਆ ਜਾ ਰਿਹਾ ਹੈ। ਇਕ ਤੱਥ ਇਹ ਵੀ ਸਾਹਮਣੇ ਆਇਆ ਹੈ ਕਿ ਗਭਰੇਟ ਉਮਰ ਦੇ ਜ਼ਿਆਦਾਤਰ ਬਾਲ ਅਪਰਾਧੀ ਕੌਮਾਂਤਰੀ ਪੱਧਰ ਦੇ ਖ਼ਤਰਨਾਕ ਨਸ਼ਿਆਂ ਦੀ ਤਸਕਰੀ ਤੇ ਵਰਤੋਂ ਦੇ ਦੋਸ਼ੀ ਪਾਏ ਗਏ ਹਨ।

ਇਸ ਬਾਰੇ ਪੁਲਿਸ ਵੱਲੋਂ ਪੁੱਛਗਿੱਛ ਤੋਂ ਇਹ ਵੀ ਖ਼ੁਲਾਸਾ ਹੋ ਰਿਹਾ ਹੈ ਕਿ ਇਹ ਬੱਚੇ ਆਮ ਤੌਰ ਉੱਤੇ ਅਮੀਰ ਤੇ ਮੱਧਵਰਗੀ ਪਰਿਵਾਰਾਂ ਨਾਲ ਤਾਲੁਕ ਰੱਖਦੇ ਹਨ ਤੇ ਆਪਣੀ ਨਸ਼ੇ ਦੀ ਲਤ ਪੂਰੀ ਕਰਨ ਦੇ ਨਾਲ-ਨਾਲ ਸੌਖੇ ਢੰਗ ਨਾਲ ਪੈਸਾ ਕਮਾ ਕੇ ਛੇਤੀ ਅਮੀਰ ਹੋਣ ਦੇ ਲਾਲਚਵੱਸ ਇਨ੍ਹਾਂ ਗੰਭੀਰ ਅਪਰਾਧਾਂ ਨੂੰ ਅੰਜਾਮ ਦੇਣ ਦੀ ਹੱਦ ਤੱਕ ਉਤਰ ਆਉਂਦੇ ਹਨ। ਇਸ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਇਸ ਦਾ ਸਵੈ ਨੋਟਿਸ ਲੈਂਦੇ ਹੋਏ ਲਗਾਤਾਰ ਪੰਜਾਬ ਸਰਕਾਰ, ਪੁਲਿਸ ਤੇ ਹੋਰਾਂ ਸਬੰਧਤ ਧਿਰਾਂ ਦੀ ਖਿਚਾਈ ਕੀਤੀ ਜਾ ਰਹੀ ਹੈ। ਯੂਨਾਈਟਿਡ ਨੇਸ਼ਨ ਕਨਵੈਨਸ਼ਨ, 1989 ਦੀਆਂ ਹਦਾਇਤਾਂ ਮੁਤਾਬਕ ਭਾਵੇਂ ਜਬਰ ਜਨਾਹ, ਨਸ਼ਾ ਤਸਕਰੀ ਤੇ ਕਤਲ ਵਰਗੇ ਕੇਸਾਂ ਦੇ ਦੋਸ਼ੀਆਂ, ਖ਼ਾਸਕਰ 15 ਤੋਂ 18 ਸਾਲ ਦੀ ਉਮਰ ਵਾਲਿਆਂ ਨੂੰ ਪਹਿਲੀ ਕੈਟਾਗਰੀ ਵਿਚ ਰੱਖਦਿਆਂ ਸਜ਼ਾਵਾਂ ਦਾ ਫ਼ੈਸਲਾ ਕੀਤੇ ਜਾਣ ਦੀ ਤਜਵੀਜ਼ ਰੱਖੀ ਹੈ ਪਰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ।

## ਪੰਜਾਬ 'ਚ ਬਾਲਾਂ ਨਾਲ ਧੱਕੇਸ਼ਾਹੀਆਂ ਵਧੀਆਂ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਤਾਜ਼ਾ ਅੰਕੜਿਆਂ ਵਿਚ ਪਿਛਲੇ ਇਕ ਦਹਾਕੇ ਤੋਂ ਬੱਚਿਆਂ ਨਾਲ ਵਧੀਕੀਆਂ ਦੇ ਕੇਸਾਂ ਵਿਚ ਵਾਧਾ ਹੋਣ ਦਾ ਖੁਲਾਸਾ ਕੀਤਾ ਗਿਆ ਹੈ। ਪਿਛਲੇ ਦਸ ਮਹੀਨਿਆਂ ਵਿਚ ਇਨਸਾਫ਼ ਲਈ ਕਮਿਸ਼ਨ ਦੇ ਦਰਵਾਜ਼ੇ 'ਤੇ ਆਉਣ ਵਾਲਿਆਂ ਦੀ ਗਿਣਤੀ ਕਿਤੇ ਜ਼ਿਆਦਾ ਹੋ ਗਈ ਹੈ। ਪਿਛਲੇ ਕੁਝ ਸਾਲਾਂ ਤੋਂ ਬਾਲ ਵਿਆਹ ਤੇ ਅਗਵਾ ਦੇ ਕੇਸਾਂ ਦੀ ਗਿਣਤੀ ਵੀ ਵਧੀ ਹੈ। ਬੱਚਿਆਂ ਦੇ ਸ਼ੋਸ਼ਣ ਦੇ ਮਾਮਲੇ ਵੀ ਵਧੇ ਹਨ। ਇਸ ਸਾਲ ਬੱਚਿਆਂ 'ਤੇ ਜ਼ਿਆਦਤੀਆਂ ਦੇ 48 ਕੇਸ ਸੁਣਵਾਈ ਲਈ ਆ ਚੁੱਕੇ ਹਨ ਜਦੋਂਕਿ ਲੰਘੇ ਸਾਲ ਇਹ ਗਿਣਤੀ 34 ਸੀ ਜਿਨ੍ਹਾਂ ਦੀ ਗਿਣਤੀ 59 ਹੋ ਗਈ।

ਸਭ ਤੋਂ ਜ਼ਿਆਦਾ 59 ਸ਼ਿਕਾਇਤਾਂ ਸਾਲ 2003 ਵਿਚ ਆਈਆਂ ਸਨ। ਕਮਿਸ਼ਨ ਦਾ ਗਠਨ ਸਾਲ 1997 ਵਿਚ ਕੀਤਾ ਗਿਆ ਸੀ। ਸਾਲ 2004 ਵਿਚ ਬਾਲਾਂ ਨਾਲ ਵਧੀਕੀਆਂ ਦੇ 37, ਸਾਲ 2005 ਵਿਚ 38, ਸਾਲ 2006 ਵਿਚ 43 ਤੇ ਸਾਲ 2007 ਵਿਚ ਮੁੜ 43 ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ। ਸਾਲ 2008 ਵਿਚ ਇਹ ਗਿਣਤੀ 45 ਤੇ ਸਾਲ 2009 ਵਿਚ 49 ਨੂੰ ਪਾਰ ਕਰ ਗਈ ਸੀ। ਇਸ ਤੋਂ ਅਗਲੇ ਦੋ ਸਾਲਾਂ ਦੌਰਾਨ ਲੜੀਵਾਰ ਸੁਣਵਾਈ ਲਈ 50 ਤੇ 52 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ।

ਸਾਲ 2013 ਵਿਚ ਸਭ ਤੋਂ ਜ਼ਿਆਦਾ ਬਾਲ ਮਜ਼ਦੂਰੀ ਦੇ 12 ਕੇਸ ਆਏ ਹਨ। ਪੁਲਿਸ ਹਿਰਾਸਤ ਵਿਚ ਬੱਚੇ ਦੀ ਮੌਤ ਦੇ ਦੋ ਤੇ ਬਾਲ ਵਿਆਹ ਦੀਆਂ ਸ਼ਿਕਾਇਤਾਂ ਦੀ ਗਿਣਤੀ 17 ਹੈ। ਬੱਚਿਆਂ ਨੂੰ ਜਿਨਸੀ ਸ਼ੋਸ਼ਣ ਵਿਚ ਧੱਕਣ ਦੇ ਕੇਸਾਂ ਦੀ ਗਿਣਤੀ ਛੇ ਦੱਸੀ ਗਈ ਹੈ। ਜਿਸਮਾਨੀ ਛੇੜਛਾੜ ਤੇ ਤਿੰਨ ਕੇਸਾਂ ਦੀ ਗਿਣਤੀ ਵੱਖਰੀ ਹੈ। ਬੱਚਿਆਂ ਨਾਲ ਜਿਸਮਾਨੀ ਛੇੜਛਾੜ ਦੇ ਮਾਮਲਿਆਂ ਵਿਚ ਰਿਸ਼ਤੇਦਾਰ ਵੀ ਸ਼ਾਮਲ ਹਨ।

# ਲਹਿਰੀਏਦਾਰ ਟੁਣਕਾਰ ਮੁਬਾਰਕ ਬੇਗ਼ਮ

***ਹਿੰਦੀ ਫ਼ਿਲਮ ਗਾਇਕੀ ਮੁੱਖ ਤੌਰ 'ਤੇ ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਮੰਨਾ ਡੇਅ, ਗੀਤਾ ਦੱਤ ਅਤੇ ਹੇਮੰਤ ਕੁਮਾਰ ਵਾਲੀ ਪੀੜ੍ਹੀ ਨਾਲ ਹੀ ਜੁੜੀ ਮੰਨੀ ਜਾਂਦੀ ਹੈ। ਇਨ੍ਹਾਂ ਮਹਾਨ ਗਾਇਕਾਂ-ਗਾਇਕਾਵਾਂ ਦੇ ਯੁੱਗ ਦੌਰਾਨ ਹੀ ਕੁਝ ਅਜਿਹੀਆਂ ਗਾਇਕਾਵਾਂ ਤੇ ਗਾਇਕ ਸਰਗਰਮ ਰਹੇ ਜਿਨ੍ਹਾਂ ਬਾਰੇ ਅੱਜ ਦੀ ਪੀੜ੍ਹੀ ਬਹੁਤ ਘੱਟ ਜਾਣਦੀ ਹੈ। 'ਖ਼ਾਮੋਸ਼ ਸੁਰਾਂ' ਵਿਚ ਹਿੰਦੀ ਫ਼ਿਲਮ ਗਾਇਕੀ ਦੇ ਸੁਨਹਿਰੀ ਯੁੱਗ ਨਾਲ ਜੁੜੇ ਅਜਿਹੇ ਗਾਇਕਾਂ-ਗਾਇਕਾਵਾਂ ਨਾਲ ਤੁਆਰਫ਼ ਕਰਵਾਇਆ ਜਾ ਰਿਹਾ ਹੈ।***

**ਖ਼ਾਮੋਸ਼ ਸੁਰਾਂ 6**

'ਕਭੀ ਤਨਹਾਈਓਂ ਮੇਂ ਯੂੰ, ਹਮਾਰੀ ਯਾਦ ਆਏਗੀ... '। ਪੰਡਤ ਕਿਦਾਰ ਸ਼ਰਮਾ ਦੀ 1961 ਵਿਚ ਰਿਲੀਜ਼ ਹੋਈ ਫਿਲਮ 'ਹਮਾਰੀ ਯਾਦ ਆਏਗੀ' ਦਾ ਇਹ ਸਿਗਨੇਚਰ ਗੀਤ ਉਸ ਗਾਇਕਾ ਦੀ ਵੀ ਅਸਲ ਪਛਾਣ ਹੈ ਜਿਸ ਨੇ ਮੰਗੇਸ਼ਕਰ ਭੈਣਾਂ ਦੇ ਯੁੱਗ ਵਿਚ ਆਪਣੇ ਲਈ ਵੱਖਰਾ ਮੁਕਾਮ ਬਣਾਇਆ। ਇਹ ਗਾਇਕਾ ਸੀ ਮੁਬਾਰਕ ਬੇਗ਼ਮ ਜਿਸ ਦੇ ਗਲੇ ਦੀ ਲਹਿਰੀਏਦਾਰ ਟੁਣਕਾਰ ਹੁਣ ਵੀ ਫਿਲਮ ਸੰਗੀਤ ਦੇ ਸੰਜੀਦਾ ਸ਼ੈਦਾਈਆਂ ਦੇ ਮਨਾਂ ਨੂੰ ਭਾਵ-ਵਿਭੋਰ ਕਰ ਜਾਂਦੀ ਹੈ। ਹਿੰਦੀ ਫਿਲਮ ਸੰਗੀਤ ਦੇ ਸੁਨਹਿਰੀ ਯੁੱਗ (1950-70) ਦੀ ਇਹ ਖੁਸ਼ਕਿਸਮਤੀ ਸੀ ਕਿ ਉਸ ਦੌਰਾਨ ਦੋ ਅਜਿਹੀਆਂ 'ਬੇਗ਼ਮਾਂ' ਨੂੰ ਵੀ ਉਭਰਨ ਦਾ ਮੌਕਾ ਮਿਲਿਆ ਜਿਨ੍ਹਾਂ ਦੀ ਆਵਾਜ਼ ਬਾਕੀ ਸਾਰੀਆਂ ਗਾਇਕਾਵਾਂ ਨਾਲੋਂ ਨਿਖਰਵੇਂ ਰੂਪ ਵਿਚ ਨਿਵੇਕਲੀ ਸੀ। ਸ਼ਮਸ਼ਾਦ ਬੇਗ਼ਮ ਦੀ ਚੁਲਬੁਲੀ ਤੇ ਖਣਕਵੀਂ ਆਵਾਜ਼ ਜਿੱਥੇ 1948 ਤੋਂ 1964

**ਸੁਰਿੰਦਰ ਸਿੰਘ ਤੇਜ**
**ਫੋਨ: 91-98555-01488**

ਤੱਕ ਆਪਣੀ ਨਿਵੇਕਲੀ ਹੋਂਦ ਜਤਾਉਂਦੀ ਰਹੀ, ਉੱਥੇ ਮੁਬਾਰਕ ਬੇਗ਼ਮ ਨੇ ਵੀ ਆਪਣੇ ਪੁਰਸੋਜ਼ ਗਲੇ ਅੰਦਰਲੀ ਜ਼ਹੀਨ ਛੋਹ ਸਦਕਾ ਆਪਣੇ ਗੀਤਾਂ ਨੂੰ ਵੱਖਰੀ ਸ਼ਨਾਖ਼ਤ ਦਿੱਤੀ।

5 ਜਨਵਰੀ 1936 ਨੂੰ ਝੁਨਝਨੂ (ਰਾਜਸਥਾਨ) ਵਿਚ ਜਨਮੀ ਮੁਬਾਰਕ ਬਾਨੋ ਦਾ ਬਚਪਨ ਗੁਜਰਾਤ ਵਿਚ ਗੁਜ਼ਰਿਆ। ਉਸ ਦਾ ਪਰਿਵਾਰ ਪੇਸ਼ੇਵਰ ਗਵੱਈਆਂ ਦਾ ਪਰਿਵਾਰ ਸੀ। ਇਸੇ ਲਈ ਉਸ ਨੂੰ ਵੀ ਬਚਪਨ ਵਿਚ ਹੀ ਸ਼ਾਸਤਰੀ ਸੰਗੀਤ ਸਿੱਖਣ ਲਾ ਦਿੱਤਾ ਗਿਆ। ਸ਼ਾਸਤਰੀ ਸੰਗੀਤ ਦੀ ਪੁੱਠ ਨੇ ਉਸ ਨੂੰ ਆਕਾਸ਼ਵਾਣੀ (ਜੈਪੁਰ) 'ਤੇ ਸੁਗਮ ਸੰਗੀਤ ਦੀ ਪੇਸ਼ਕਾਰੀ ਦਾ ਮੌਕਾ ਦਿਵਾ ਦਿੱਤਾ। ਇਥੋਂ ਹੀ ਉਸ ਦੇ ਮੁੰਬਈ (ਉਦੋਂ ਬੰਬਈ) ਜਾਣ ਦਾ ਸਬੱਬ ਬਣਿਆ ਜਿੱਥੇ 1949 ਵਿਚ ਉਸ ਨੂੰ ਫਿਲਮ 'ਆਈਏ' ਵਿਚ ਗਾਉਣ ਦਾ ਮੌਕਾ ਮਿਲ ਗਿਆ। ਉਦੋਂ ਉਸ ਦੀ ਉਮਰ ਮਹਿਜ਼ 13 ਸਾਲ ਸੀ। 'ਆਈਏ' ਛੋਟੇ ਪੈਮਾਨੇ ਦੀ ਫਿਲਮ ਸੀ। ਲਿਹਾਜ਼ਾ, ਇਸ ਤੋਂ ਬਾਅਦ ਹੋਰ ਗੀਤ ਹਾਸਲ ਕਰਨ ਲਈ ਮੁਬਾਰਕ ਬਾਨੋ ਨੂੰ ਸੱਚਮੁੱਚ ਜੱਦੋ-ਜਹਿਦ ਕਰਨੀ ਪਈ। ਗੀਤ ਮਿਲੇ ਜ਼ਰੂਰ, ਪਰ ਨਾ ਤਾਂ ਫਿਲਮਾਂ ਵੱਡੇ ਪੈਮਾਨੇ ਦੀਆਂ ਸਨ ਅਤੇ ਨਾ ਹੀ ਉਨ੍ਹਾਂ ਦੀਆਂ ਧੁਨਾਂ ਵਿਚ 'ਹਿੱਟ' ਗੀਤ ਬਣਨ ਵਾਲਾ ਦਮ ਸੀ। 1953 ਵਿਚ ਫਿਲਮਸਾਜ਼ ਕਮਾਲ ਅਮਰੋਹੀ ਦੀ ਫਿਲਮ 'ਦਾਇਰਾ' ਰਾਹੀਂ ਮੁਬਾਰਕ ਬਾਨੋ ਨੂੰ ਸੱਚਮੁੱਚ ਹੀ ਵੱਡਾ ਬ੍ਰੇਕ ਮਿਲਿਆ। ਇਸ ਵਿਚ ਉਸ ਨੇ ਚਾਰ ਗੀਤ ਗਾਏ ਪਰ ਫਿਲਮ ਟਿਕਟ ਖਿੜਕੀ 'ਤੇ ਪਿਟ ਗਈ ਅਤੇ ਇਸ ਦੇ ਨਾਲ ਹੀ ਮੁਬਾਰਕ ਦੀ ਪੇਸ਼ਕਦਮੀ ਵੀ ਰੁਕ ਗਈ। ਖੁਸ਼ਕਿਸਮਤੀਵੱਸ 1955 ਵਿਚ ਬਣੀ 'ਦੇਵਦਾਸ' ਵਿਚ 'ਵੋ ਨਾ ਆਏਂਗੇ ਪਲਟਕਰ, ਉਨਹੇਂ ਲਾਖ ਹਮ ਬੁਲਾਏਂ...' ਗੀਤ ਲਈ ਸੰਗੀਤਕਾਰ ਸਚਿਨ ਦੇਵ ਬਰਮਨ ਨੇ ਗੀਤਾ ਦੱਤ ਦੀ ਥਾਂ ਮੁਬਾਰਕ ਬੇਗ਼ਮ ਦੀ ਆਵਾਜ਼ ਨੂੰ ਅਜ਼ਮਾਉਣਾ ਵਾਜਬ ਸਮਝਿਆ। ਇਹ ਗ਼ਜ਼ਲਨੁਮਾ ਗੀਤ ਮਹਾਂ ਹਿੱਟ ਸਾਬਤ ਹੋਇਆ। ਬਦਕਿਸਮਤੀਵੱਸ ਇਹ ਮੁਜਰਾ ਗੀਤ ਸੀ ਅਤੇ ਇਸ ਦੀ ਕਾਮਯਾਬੀ ਨੇ ਮੁਬਾਰਕ (ਜੋ ਉਸ ਸਮੇਂ ਤੱਕ ਬਾਨੋ ਤੋਂ ਬੇਗ਼ਮ ਬਣ ਚੁੱਕੀ ਸੀ) ਨੂੰ ਮੁਜਰਾ ਗੀਤਾਂ ਦੀ ਮਲਿਕਾ ਵਜੋਂ ਟਾਈਪਕਾਸਟ ਕਰ ਦਿੱਤਾ। ਇਹ ਵੱਖਰੀ ਗੱਲ ਸੀ ਕਿ ਮੁਬਾਰਕ ਨੂੰ ਕਾਮਯਾਬੀ ਦੇ ਰਾਹ ਪਾਉਣ ਵਾਲੇ ਸਚਿਨ-ਦਾ ਨੇ ਇਸ ਤੋਂ ਬਾਅਦ ਨੌਂ ਸਾਲਾਂ ਤੱਕ ਇਸ ਗਾਇਕਾ ਨੂੰ ਯਾਦ ਕਰਨਾ ਵਾਜਬ ਨਹੀਂ ਸਮਝਿਆ। ਉਨ੍ਹਾਂ ਨੇ ਬਿਮਲ ਰਾਏ ਦੀ 1964 ਵਿਚ ਰਿਲੀਜ਼ ਹੋਈ ਮੁਸਲਿਮ ਸੋਸ਼ਲ 'ਬੇਨਜ਼ੀਰ' ਲਈ ਮੁਬਾਰਕ ਬੇਗ਼ਮ ਨੂੰ ਮੁੜ ਯਾਦ ਕੀਤਾ। ਉਸ ਨੇ ਇਸ ਫਿਲਮ ਵਿਚ ਲਤਾ ਮੰਗੇਸ਼ਕਰ ਤੇ ਆਸ਼ਾ ਭੌਸਲੇ ਨਾਲ ਮਿਲ ਕੇ ਸ਼ਕੀਲ ਬਦਾਯੂੰਨੀ ਵੱਲੋਂ ਰਚੀ ਕੱਵਾਲੀ 'ਹਮ ਉਨ ਕੋ ਦੇਖਤੇ ਹੈਂ' ਗਾਈ। ਉਂਝ, ਬਰਮਨ ਦੇ ਤਜਰਬੇ ਤੋਂ ਹੀ ਪ੍ਰੇਰਿਤ ਹੋ ਕੇ ਸੰਗੀਤਕਾਰ ਸਲਿਲ ਚੌਧਰੀ ਨੇ 'ਮਧੂਮਤੀ' (1958) ਦੇ ਮੁਜਰਾ ਗੀਤ 'ਹਮ ਹਾਲ-ਏ-ਦਿਲ ਸੁਨਾਏਂਗੇ, ਸੁਨੀਏ ਕਿ ਨਾ ਸੁਨੀਏ...' (ਗੀਤਕਾਰ ਸ਼ੈਲੇਂਦਰ) ਲਈ ਮੁਬਾਰਕ



ਮੁਬਾਰਕ ਬੇਗ਼ਮ

ਬੇਗ਼ਮ ਨੂੰ ਸੱਦਾ ਦਿੱਤਾ ਅਤੇ ਇਹ ਗੀਤ ਵੀ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਸਦੀਵੀ ਛਾਪ ਛੱਡ ਗਿਆ।

ਬਿਮਲ ਰਾਏ ਦੀ 'ਦੇਵਦਾਸ' ਨੂੰ ਭਾਰਤੀ ਸਿਨਮਾ ਦੇ ਇਤਿਹਾਸ ਵਿਚ ਕਲਾਸਿਕ ਮੰਨਿਆ ਜਾਂਦਾ ਹੈ, ਪਰ ਆਪਣੇ ਸਮੇਂ ਦੀ ਇਹ ਫਲੌਪ ਫਿਲਮ ਸੀ। ਇਸ ਦੇ ਬਹੁਤੇ ਗੀਤ ਭਾਵੇਂ ਖ਼ੂਬ ਮਕਬੂਲ ਹੋਏ, ਫਿਰ ਵੀ ਨਾਕਾਮਯਾਬੀ ਦਾ ਅਸਰ ਕੁਝ ਗੀਤਾਂ 'ਤੇ ਜ਼ਰੂਰ ਪਿਆ। ਲਿਹਾਜ਼ਾ, ਇਸੇ ਫਿਲਮ ਵਿਚ ਮੁਬਾਰਕ ਵੱਲੋਂ ਗਾਇਆ ਇਕ ਹੋਰ ਸੋਲੋ 'ਸੁਨੋ ਮੇਰੇ ਨੈਨਾ...' ਹੁਣ ਫਿਲਮ ਦੀਆਂ ਸੀ.ਡੀ'ਜ਼ ਵਿਚ ਸ਼ੁਮਾਰ ਨਹੀਂ। ਕੁਝ ਅਜਿਹਾ ਹੀ ਹਸ਼ਰ ਫਿਲਮ 'ਡਾਕ-ਬਾਬੂ' (1954) ਵਿਚ ਤਲਤ ਮਹਿਮੂਦ ਤੇ ਮੁਬਾਰਕ ਬੇਗ਼ਮ ਦੇ ਡੂਏਟ 'ਘਿਰ ਘਿਰ ਆਏ ਬਦਰਵਾ ਕਾਰੇ...' (ਸੰਗੀਤਕਾਰ ਧਨੀ ਰਾਮ, ਗੀਤਕਾਰ ਪ੍ਰੇਮ ਧਵਨ) ਦਾ ਹੋਇਆ। ਇਹ ਨਿਹਾਇਤ ਖ਼ੂਬਸੂਰਤ ਗੀਤ ਵੀ ਗੁੰਮਨਾਮੀ ਦੀ ਗ਼ਰਤ ਵਿਚ ਗੁਆਚ ਪਿਆ। 'ਹਮਾਰੀ ਯਾਦ ਆਏਗੀ' ਅਤੇ 'ਹਮਰਾਹੀ' (1964) ਦੇ ਟਾਈਟਲ ਗੀਤ 'ਮੁਝ ਕੋ ਅਪਨੇ ਗਲੇ ਲਗਾ ਲੋ ਐ ਮੇਰੇ ਹਮਰਾਹੀ' ਦੀ ਕਾਮਯਾਬੀ ਸਦਕਾ ਮੁਬਾਰਕ ਬੇਗ਼ਮ ਨੂੰ ਕਈ ਯਾਦਗਾਰੀ ਗੀਤ ਗਾਉਣ ਨੂੰ ਮਿਲੇ। ਮੁਬਾਰਕ ਬੇਗ਼ਮ ਨੇ ਜਿਸ ਅੰਦਾਜ਼ ਨਾਲ ਇਹ ਗੀਤ ਗਾਇਆ, ਉਸ ਨਾਲ ਇਹ ਗੀਤ ਯਾਦਗਾਰੀ ਬਣ ਗਿਆ।

ਇਸੇ ਸਾਲ ਮੁਬਾਰਕ ਦਾ ਇਕ ਹੋਰ ਗੀਤ 'ਨਿਗਾਹੋਂ ਸੇ ਦਿਲ ਮੇਂ ਚਲੇ ਆਈਏਗਾ...' ਵੀ ਬਹੁਤ ਮਕਬੂਲ ਹੋਇਆ। ਪਹਿਲਾਂ 1961 ਵਿਚ ਫਿਲਮ 'ਜ਼ਿੰਦਗੀ ਔਰ ਖ਼੍ਵਾਬ' ਦੇ ਗੀਤ 'ਫੂਲ ਬਗੀਆ ਮੇਂ ਭੰਵਰੇ ਆਏ...' (ਗੀਤਕਾਰ ਪ੍ਰਦੀਪ, ਸੰਗੀਤਕਾਰ ਦੱਤਾਰਾਮ) ਵਿਚ ਮੁਬਾਰਕ ਬੇਗ਼ਮ ਨੇ ਅਜਿਹੀ ਹੀ ਜਾਨ ਪਾਈ ਸੀ ਅਤੇ ਇਹ ਗੀਤ ਅੱਜ ਵੀ ਵਿਵਿਧ ਭਾਰਤੀ 'ਤੇ ਸੁਣਨ ਨੂੰ ਮਿਲ ਜਾਂਦਾ ਹੈ। ਸੰਗੀਤਕਾਰ ਖੱਯਾਮ ਨੂੰ ਫਿਲਮ 'ਮੇਰਾ ਭਾਈ ਮੇਰਾ ਦੁਸ਼ਮਣ' (1967) ਦੇ ਮੁਜਰਾ ਗੀਤ 'ਹਮ ਤੋਂ ਦਿਲ ਬੇਚਤੇ ਹੈਂ ਖਰੀਦਦਾਰ ਚਾਹੀਏ...' ਲਈ ਮੁਬਾਰਕ ਬੇਗ਼ਮ ਤੋਂ ਬਿਨਾਂ ਹੋਰ ਕੋਈ ਗਾਇਕਾ ਢੁਕਵੀਂ ਨਹੀਂ ਜਾਪੀ ਹਾਲਾਂਕਿ ਪਹਿਲਾਂ ਉਨ੍ਹਾਂ ਨੇ ਇਹ ਗੀਤ ਆਸ਼ਾ ਭੌਸਲੇ ਤੋਂ ਗਵਾਉਣ ਬਾਰੇ ਸੋਚਿਆ ਸੀ। ਖੱਯਾਮ ਪਹਿਲਾਂ 'ਸ਼ਗੁਨ' (1964) ਵਿਚ ਮੁਬਾਰਕ ਬੇਗ਼ਮ ਨੂੰ ਅਜ਼ਮਾ ਚੁੱਕੇ ਸਨ। ਉਸ ਫਿਲਮ ਵਿਚ ਤਲਤ ਮਹਿਮੂਦ ਨਾਲ ਉਸ ਦਾ ਡੂਏਟ 'ਕੁਝ ਅਜਨਬੀ ਸੇ ਆਪ ਹੈਂ, ਕੁਝ ਅਜਨਬੀ ਸੇ ਹਮ...' (ਸਾਹਿਰ ਲੁਧਿਆਣਵੀ) ਅੱਜ ਵੀ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਅਮਿੱਟ ਹੈ। ਸੰਗੀਤਕਾਰ ਜੋੜੀ ਕਲਿਆਣ ਜੀ ਆਨੰਦ ਜੀ ਨੇ ਫਿਲਮ 'ਸਰਸਵਤੀ ਚੰਦਰ' (1968) ਦੇ ਮੁਜਰਾ ਗੀਤ 'ਵਾਅਦਾ ਹਮਸੇ ਕੀਆ ਦਿਲ ਕਿਸੀ ਕੋ ਦੀਆ' ਲਈ ਮੁਬਾਰਕ ਬੇਗ਼ਮ ਨੂੰ ਤਲਬ ਕੀਤਾ ਅਤੇ ਉਸ ਨੇ ਆਪਣੀ ਆਵਾਜ਼ ਦੇ ਜਾਦੂ ਦੇ ਜ਼ਰੀਏ ਇੰਦੀਵਰ ਦੇ ਇਸ ਗੀਤ ਨੂੰ ਯਾਦਗਾਰੀ ਬਣਾ ਦਿੱਤਾ।

ਮੁਬਾਰਕ ਬੇਗ਼ਮ ਨੇ 237 ਫਿਲਮੀ ਗੀਤ ਗਾਏ। ਉਸ ਨੇ ਗ਼ਜ਼ਲਾਂ ਦੀ ਐਲਬਮ ਵੀ ਰਿਕਾਰਡ ਕਰਵਾਈ। ਫਿਲਮੀ ਗੀਤਾਂ ਵਿਚ 113 ਸੋਲੋ ਸਨ। ਉਸ ਨੇ ਤਿੰਨ-ਚਾਰ ਪੰਜਾਬੀ ਫਿਲਮੀ ਗੀਤ ਵੀ ਗਾਏ ਜਿਨ੍ਹਾਂ ਵਿਚੋਂ ਫਿਲਮ 'ਹੀਰ ਸਿਆਲ' ਦਾ 'ਤੁਰ ਗਈਆਂ ਬੇੜੀਆ...' (ਸੰਗੀਤਕਾਰ ਸਰਦੂਲ ਕਵਾਤੜਾ) ਹੁਣ ਵੀ ਯੂ-ਟਿਊਬ 'ਤੇ ਸੁਣਿਆ-ਦੇਖਿਆ ਜਾ ਸਕਦਾ ਹੈ।



ਮੁਬਾਰਕ ਬੇਗ਼ਮ ਆਪਣੀ ਧੀ ਸ਼ਫਾਕ ਬਾਨੋ ਨਾਲ। ਇਹ ਤਸਵੀਰ 2011 ਦੀ ਹੈ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਨਵੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-92



*ਮੰਮੀ ਵਾਂਗੂ ਸਜਣਾ ਤੇ ਕਰਨੇ ਆ ਨਖਰੇ,*
*ਅਸੀਂ ਕਿਹੜਾ ਘੱਟ ਸਦਾ ਦਿਸਦੇ ਆਂ ਵੱਖਰੇ।*
*ਸੁਰਖੀ ਵੀ ਲਾਉਣੀ ਨਾਲੇ ਲਾਉਣੀ ਅੱਜ ਬਿੰਦੀ ਆ,*
*ਪਾਪਾ ਆਖੂ ਆ ਜਾ ਮੇਰੀ ਸੋਹਣੀ-ਮੋਹਣੀ ਸ਼ਿੰਦੀਆ।*

## ਕੈਪਸ਼ਨ ਮੁਕਾਬਲਾ-90



ਤੈਨੂੰ ਦਿਆਂ ਹੰਝੂਆਂ ਦਾ ਭਾੜਾ,
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।
ਭੱਠੀ ਵਾਲੀਏ ਚੰਬੇ ਦੀਏ ਡਾਲੀਏ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।

***-ਸ਼ਿਵ ਬਟਾਲਵੀ***

---

ਖਿੱਲਾਂ ਮੁਰਮਰੇ ਅੱਡ ਅੱਡ ਕਰਕੇ,
ਬੋਹੀਏ ਛਾਬੇ ਭਰਦੀ ਜਾਵੇ।
ਛੋਲਿਆਂ ਦੇ ਵਿਚ ਫੇਰ ਕੇ ਕੁੱਜਾ,
ਰਾੜ੍ਹ ਰਾੜ੍ਹ ਕੇ ਦਾਲ ਬਣਾਵੇ।
ਨਿੱਕੇ ਵੱਡੇ ਫੱਕੇ ਮਾਰਨ,
ਚੱਬ ਚੱਬ ਕੇ ਰੂਹ ਨਸ਼ਿਆਵੇ।
ਆਪਣਾ ਮਨ ਵਸ ਵਿਚ ਰੱਖੇ,
ਖ਼ੁਦ ਦਾਣਾ ਨਾ ਮੂੰਹ ਵਿਚ ਪਾਵੇ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਮੁਹਾਰੇ ਲਾ ਕੋਈ ਛੱਲੀਆਂ ਨਹੀਂ ਕੱਢਦਾ
ਨਾ ਕੋਈ ਛੋਲੇ ਗਾਹੁੰਦਾ।
ਤਾਹੀਓਂ ਤਾਂ ਮੁਰਮੁਰੇ ਤੇ ਛੋਲਿਆਂ ਦਾ
ਨਾ ਚੇਤਾ ਕਿਸੇ ਨੂੰ ਆਉਂਦਾ।
ਭੱਠੀ ਵਾਲੀ ਚੰਬੇ ਦੀ ਡਾਲੀ ਕੀ ਭੁੰਨੇ?
ਅੱਜ ਸ਼ਿਵ ਵੀ ਗਮ ਨਹੀਂ ਕਰਦਾ।
ਪੌਪ ਕੌਰਨ ਤੇ ਚਿਸਪਾਂ ਨਾਲ ਹੁਣ
ਬੱਚਿਆਂ ਦਾ ਢਿੱਡ ਨਹੀਂ ਭਰਦਾ।
ਇਹ ਨੇ ਸਭ ਬੀਤੇ ਦੀਆਂ ਗੱਲਾਂ
ਹੁਣ ਭੱਠੀਆਂ ਨਾ ਮਹਿਫਲਾਂ ਨੇ।
ਨਵੇਂ ਗੀਤਾਂ ਵਿਚ ਗਮ ਦੀ ਥਾਂ ਹੁਣ
ਬੋਤਲਾਂ, ਛਵੀਆਂ ਜਾਂ ਰਫਲਾਂ ਨੇ।

***-ਸੇਵਾ ਸਿੰਘ ਨੂਰਪੁਰੀ***

---

ਛੱਲੀਆਂ ਨੂੰ ਭੋਰ ਕੇ ਕੱਢਦੇ ਸਾਂ ਦਾਣੇ,
ਭੁੰਨਣੇ ਨੂੰ ਕਰਦੇ ਤਿਆਰ।
ਕਿਥੇ ਗਈ ਭੱਠੀ
ਕਿਥੇ ਗਈਆਂ ਭੱਠੀ ਵਾਲੀਆਂ?
ਕਿਥੇ ਗਏ ਉਹੋ ਇਨਸਾਨ?
ਨਵੇਂ ਯੁੱਗ ਵਿਚ ਦਾਣੇ ਭੁੱਜਣ ਮਸ਼ੀਨਾਂ ਵਿਚ,
ਪੜ੍ਹੇ-ਲਿਖੇ ਕਹਿਣ ਪੌਪਕਾ'ਨ।

***-ਗੋਰਾ ਪਰਜਾਪਤ, ਨਿਊ ਯਾਰਕ***

# ਲੋਕੀਂ ਪੂਜਣ ਰੱਬ ਮੈਂ ਤੇਰਾ ਬਿਰਹੜਾ...

*ਪੰਜਾਬੀ ਕਾਵਿ ਜਗਤ ਵਿਚ ਬ੍ਰਿਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਨੇ ਉਹ ਮੁਕਾਮ ਹਾਸਲ ਕੀਤਾ ਜੋ ਸ਼ਾਇਦ ਹੋਰ ਕਿਸੇ ਆਧੁਨਿਕ ਸ਼ਾਇਰ ਦੇ ਹਿੱਸੇ ਨਹੀਂ ਆਇਆ। ਸ਼ਿਵ ਨੂੰ ਬਤੌਰ ਸ਼ਾਇਰ ਪੰਜਾਬੀਆਂ ਦਾ ਸਭ ਤੋਂ ਵੱਧ ਪਿਆਰ ਮਿਲਿਆ। ਉਸ ਨੇ ਆਪਣੀ ਸ਼ਾਇਰੀ ਵਿਚ ਸ਼ਬਦਾਂ ਦੀ ਅਜਿਹੀ ਜੜਤ ਬਿਠਾਈ ਕਿ ਇਹ ਸ਼ਾਇਰੀ ਪੰਜਾਬੀ ਸਭਿਆਚਾਰ ਦਾ ਆਈਨਾ ਹੋ ਨਿਬੜੀ। ਉਸ ਦੀ ਸ਼ਾਇਰੀ ਵਿਚ ਆਏ ਸਭਿਆਚਾਰਕ ਬਿੰਬਾਂ ਬਾਰੇ ਖੋਜ ਕਰ-ਕਰ ਕੇ ਕਿੰਨੇ ਹੀ ਵਿਦਿਆਰਥੀ ਡਾਕਟਰ ਬਣ ਗਏ। ਇਹ ਇਸ ਸ਼ਾਇਰੀ ਦੇ ਸ਼ਬਦਾਂ ਦੀ ਹੀ ਤਾਕਤ ਸੀ ਕਿ ਇਨ੍ਹਾਂ ਸ਼ਬਦਾਂ ਨੂੰ ਸੁਰ ਵੀ ਸਿਰੇ ਦੇ ਮਿਲੇ। ਇਨ੍ਹਾਂ ਸੁਰਾਂ ਦੀ ਤਾਲ ਇਤਨੀ ਸਿਰ ਚੜ੍ਹ ਬੋਲਦੀ ਹੈ ਕਿ ਉਸ ਦੇ ਕਈ ਗੀਤ ਤਾਂ ਅੱਜ ਤੱਕ ਸਰੋਤਿਆਂ ਨੂੰ ਲੋਕ ਗੀਤ ਹੋਣ ਦਾ ਭੁਲੇਖਾ ਪਾਉਂਦੇ ਹਨ। ਪਿਛਲੇ ਦਿਨੀਂ ਉਨ੍ਹਾਂ ਦੀ ਪਤਨੀ ਅਰੁਣਾ ਬਟਾਲਵੀ ਜੋ ਸ਼ਿਕਾਗੋ ਏਰੀਏ ਵਿਚ ਵਸਦੀ ਆਪਣੀ ਧੀ ਪੂਜਾ ਪਾਸ ਆਏ ਹੋਏ ਸਨ, ਪੰਜਾਬ ਟਾਈਮਜ਼ ਦੇ ਦਫਤਰ ਮਿਲਣ-ਗਿਲਣ ਲਈ ਆਏ। ਸ਼ਿਵ ਦੀਆਂ ਗੱਲਾਂ ਹੋਣੀਆਂ ਤਾਂ ਸੁਭਾਵਿਕ ਹੀ ਸਨ; ਜਦੋਂ ਸੁਰਿੰਦਰ ਸਿੰਘ ਭਾਟੀਆ ਸ਼ਿਵ ਨਾਲ ਬਿਤਾਏ ਉਨ੍ਹਾਂ ਦੇ ਦਿਨਾਂ ਦੀਆਂ ਯਾਦਾਂ ਨੋਟ ਕਰਨ ਲੱਗੇ ਤਾਂ ਉਹ ਝੱਟ ਬੋਲੇ, 'ਨਹੀਂ ਬਈ, ਇੰਟਰਵਿਊ ਨਹੀਂ। ਮੈਂ ਤਾਂ ਸਿਰਫ ਪਰਿਵਾਰਕ ਤੌਰ 'ਤੇ ਮਿਲਣ ਆਈ ਹਾਂ।' ਜਦੋਂ ਅਸੀਂ ਜ਼ੋਰ ਦੇ ਕੇ ਕਿਹਾ ਕਿ ਸਾਡੇ ਵਰਗੇ ਹੋਰ ਕਿੰਨੇ ਹੀ ਪਾਠਕ ਤੇ ਪ੍ਰਸ਼ੰਸਕ ਹੋਣਗੇ ਜੋ ਆਪਣੇ ਮਹਿਬੂਬ ਸ਼ਾਇਰ ਬਾਰੇ ਹੋਰ ਜਾਣਨ ਲਈ ਉਤਸੁਕ ਹੋਣਗੇ ਤਾਂ ਉਹ ਮੁਸਕਰਾ ਪਏ। ਪੇਸ਼ ਹਨ ਉਨ੍ਹਾਂ ਨਾਲ ਸਹਿਜ-ਸੁਭਾਅ ਹੋਈਆਂ ਕੁਝ ਗੱਲਾਂ...। -ਸੰਪਾਦਕ*

**ਸ਼ਿਵ ਸ਼ਾਇਰੀ ਕੁਝ ਖਾਸ ਪਲਾਂ 'ਚ ਕਰਦੇ ਸਨ ਜਿਵੇਂ ਬਹੁਤ ਸਾਰੇ ਲੇਖਕ ਕਰਦੇ ਹਨ ਜਾਂ ਫਿਰ...?**

-ਨਹੀਂ, ਸ਼ਿਵ ਤਾਂ ਮੇਰੇ, ਮੇਰੇ ਬੱਚਿਆਂ ਸਾਹਮਣੇ ਬੈਠ ਕੇ ਵੀ ਲਿਖ ਲੈਂਦੇ। ਬੱਚੇ ਖੇਡਦੇ ਰਹਿੰਦੇ, ਪੂਰਾ ਰੌਲਾ ਪਿਆ ਹੁੰਦਾ ਤਾਂ ਵੀ ਉਹ ਲਿਖਦੇ ਰਹਿੰਦੇ ਸਨ। ਕਈ ਵਾਰ ਤਾਂ ਬੱਸ ਵਿਚ ਬੈਠੇ ਵੀ ਲਿਖ ਲਿਆ ਕਰਦੇ ਸਨ ਪਰ ਉਹ ਲਿਖਦੇ ਸਮੇਂ ਨਾਲ-ਨਾਲ ਗੁਣਗੁਣਾਉਂਦੇ ਜ਼ਰੂਰ ਸਨ।... (ਹੱਸਦੇ ਹੋਏ) ਇਕ ਵਾਰੀ ਸ਼ਿਵ ਤੇ ਮੈਂ ਰਾਤ ਨੂੰ

ਸੁਰਿੰਦਰ ਸਿੰਘ ਭਾਟੀਆ
ਫੋਨ: 224-829-1437

ਖੁੱਲ੍ਹੇ ਅਸਮਾਨ ਥੱਲੇ ਮੰਜੇ 'ਤੇ ਬੈਠੇ ਤਾਰਿਆਂ ਵੱਲ ਵੇਖ ਰਹੇ ਸਾਂ ... ਤੇ ਸ਼ਿਵ 'ਤਾਰਾ ਤਾਰਾ' ਕਵਿਤਾ ਰਚਣ ਲੱਗ ਪਏ। ਅਚਾਨਕ ਮੰਜਾ ਟੁੱਟ ਗਿਆ, ਦੋਵੇਂ ਧੜੱਮ ਕਰ ਕੇ ਥੱਲੇ...! ਡਿੱਗਿਆਂ ਪਿਆਂ ਹੀ ਮੈਨੂੰ ਗਲਵਕੜੀ ਵਿਚ ਲੈ ਕੇ ਕਲਪਨਾ ਵਿਚ ਗੁਆਚ ਗਏ। ਇੰਜ ਪਿਆਂ ਹੀ ਕਵਿਤਾ ਪੂਰੀ ਕਰ ਦਿੱਤੀ; ਪੂਰੀ ਹੀ ਨਹੀਂ ਕੀਤੀ ਸਗੋਂ ਤਰੰਨੁਮ ਵਿਚ ਗਾ ਕੇ ਸੁਣਾ ਵੀ ਦਿੱਤੀ। ਇਕ ਵਾਰ ਰੇਡੀਓ ਡਾਇਰੈਕਟਰ ਬੀ.ਐਨ. ਵਾਲੀਆ ਦਾ ਫੋਨ ਆ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ 'ਤੇ ਕੁਝ ਲਿਖ ਦਿਉ, ਤਾਂ ਬਸ ਵਿਚ ਸਫਰ ਦੌਰਾਨ ਅਖਬਾਰ ਦੇ ਹਾਸ਼ੀਏ 'ਤੇ ਕਵਿਤਾ ਪੂਰੀ ਕਰ ਦਿੱਤੀ।

**'ਅੱਧੀ ਅੱਧੀ ਰਾਤੀਂ ਮੇਰੇ ਗੀਤਾਂ ਦੇ ਨੈਣਾਂ ਵਿਚ, ਬ੍ਰਿਹਾ ਦੀ ਰੜਕ ਪਵੇ' ਜਿਹੇ ਗੀਤ ਸੁਣ ਕੇ ਪ੍ਰਸ਼ੰਸਕਾਂ ਤੇ ਪਾਠਕਾਂ ਵਿਚ ਇਹ ਚਰਚਾ ਆਮ ਰਹੀ ਹੈ ਕਿ ਉਨ੍ਹਾਂ ਨੂੰ ਇਸ਼ਕ ਵਿਚ ਕੋਈ ਚੋਟ ਲੱਗੀ...**

-ਵਿਆਹ ਤੋਂ ਬਾਅਦ ਸਾਡਾ ਰਿਸ਼ਤਾ ਬੜਾ ਸੁਹਾਵਣਾ ਤੇ ਨਿੱਘਾ ਰਿਹਾ। ਵਿਆਹ ਤੋਂ ਪਹਿਲਾਂ ਬਾਰੇ ਮੈਂ ਕਦੀ ਪੁੱਛਿਆ ਨਹੀਂ ਸੀ। ਕਈ ਲੋਕ ਤਾਂ ਹੱਦੋਂ ਪਾਰ ਜਾ ਕੇ ਗੱਲਾਂ ਕਰੀ ਜਾਂਦੇ ਹਨ। ਸ਼ਿਵ ਨੇ ਆਪਣੀ ਕਾਵਿ ਉਡਾਰੀ ਨਾਲ ਹੀ ਸਭ ਕੁਝ ਲਿਖਿਆ। ਉਨ੍ਹਾਂ ਦੇ ਗੀਤ ਤਾਂ ਲੋਕ ਸੁਣਦੇ ਸਨ ਪਰ ਉਨ੍ਹਾਂ ਨੂੰ ਸਮਝਣ ਦੀ ਲੋੜ ਕਿਸੇ ਨੇ ਹੀ ਨਹੀਂ ਸਮਝੀ। ਸ਼ਿਵ ਨੇ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਈਆਂ।... ਫਿਰ ਬੀ.ਬੀ.ਸੀ. ਨਾਲ ਇਕ ਮੁਲਾਕਾਤ ਵਿਚ ਉਨ੍ਹਾਂ ਖੁਦ ਕਿਹਾ ਹੈ ਕਿ ਉਨ੍ਹਾਂ ਨੇ ਕਿਸੇ ਚੋਟ ਕਰ ਕੇ ਨਹੀਂ ਕੀਤੀ ਇਹ ਸ਼ਾਇਰੀ। ਦਰਅਸਲ ਕੁੜੀਆਂ ਸ਼ਿਵ ਦੀ ਸ਼ਾਇਰੀ ਨੂੰ ਪਿਆਰ ਕਰਦੀਆਂ ਸਨ ਤੇ ਉਹ (ਸ਼ਿਵ) ਮੋਮ ਦਿਲ ਸਨ। ਉਹ ਕਿਸੇ ਦਾ ਦਿਲ ਨਹੀਂ ਸੀ ਦੁਖਾਉਂਦੇ। ਵੈਸੇ ਵੀ ਹਰ ਸੈਲੀਬ੍ਰਿਟੀ ਨਾਲ ਇਸੇ ਤਰ੍ਹਾਂ ਹੁੰਦਾ ਹੈ। ਕੌਣ ਨਹੀਂ ਜਾਣਦਾ ਕਿ ਫਿਲਮ ਕਲਾਕਾਰਾਂ-ਰਾਜ ਕੁਮਾਰ, ਰਾਜੇਸ਼ ਖੰਨਾ ਅਤੇ ਧਰਮਿੰਦਰ ਨਾਲ ਅਜਿਹਾ ਸਭ ਕੁਝ ਹੋਇਆ। ਚੰਚਲ ਕੁੜੀਆਂ ਖੂਨ ਨਾਲ ਖਤ ਲਿਖਣਗੀਆਂ, ਕਲਪਨਾ ਦੀਆਂ ਗੱਲਾਂ ਕਰਨਗੀਆਂ ਪਰ ਹਕੀਕਤ ਵਿਚ ਜੀਣਾ, ਸਾਥੀ ਬਣਨਾ ਤੇ ਜ਼ਿੰਮੇਵਾਰੀ ਨਿਭਾਉਣੀ ਹੋਰ ਗੱਲ ਹੈ।

ਸਾਨੂੰ ਆਪਣੇ ਵੱਲ ਬੜੇ ਗਹੁ ਨਾਲ ਤੱਕਦਿਆਂ ਅਰੁਣਾ ਜੀ ਥੋੜ੍ਹਾ ਮੁਸਕਰਾਏ ਤੇ ਫਿਰ ਕਹਿਣ ਲੱਗੇ, ਕੋਈ ਕੁੜੀ ਮੇਰੇ ਕੋਲ ਆਈ ਤੇ ਕਹਿਣ ਲੱਗੀ, 'ਮੈਂ ਸ਼ਿਵ ਨਾਲ ਵਿਆਹ ਕਰਾਉਣ ਲੱਗੀ ਸੀ।' ਮੈਂ ਕਿਹਾ, 'ਫਿਰ ਕਰਵਾਇਆ ਕਿਉਂ ਨਹੀਂ?' ਕਹਿਣ ਲੱਗੀ, 'ਮੈਂ ਭੁੱਖੇ ਮਰਨਾ ਸੀ? ਸੁਣਿਆਂ... ਸ਼ਾਇਰਾਂ ਦੇ ਪੱਲੇ ਤਾਂ ਕੁਝ ਵੀ ਨਹੀਂ ਹੁੰਦਾ।' ਬੱਸ ਇਸੇ ਤਰ੍ਹਾਂ ਦੇ ਹੁੰਦੇ ਨੇ ਇਹ ਫੈਨ...।

ਇਕ ਵਾਰ ਚੰਡੀਗੜ੍ਹ ਤੋਂ ਆਏ ਕੁਝ ਲੋਕ ਕਹਿਣ ਲੱਗੇ, 'ਸ਼ਿਵ, ਬ੍ਰਿਹਾ ਲਿਖ ਰਹੇ ਹੋ, ਡਾਢੀ ਚੋਟ ਲੱਗੀ ਜਾਪਦੀ ਹੈ?' ਸ਼ਿਵ ਮੈਨੂੰ ਜੱਫੀ ਪਾ ਕੇ ਕਹਿਣ ਲੱਗੇ, 'ਵਿਆਹ ਹੋਇਆ ਹੈ, ਇਹ ਮੇਰੇ ਕੋਲ ਹੈ। ਫਿਰ ਬ੍ਰਿਹਾ ਕਾਹਦਾ ਤੇ ਚੋਟ ਕਾਹਦੀ?' ਸ਼ਿਵ 'ਅੱਧੀ ਅੱਧੀ ਰਾਤੀਂ ਮੇਰੇ ਗੀਤਾਂ ਦੇ ਨੈਣਾਂ ਵਿਚ ਬ੍ਰਿਹਾ ਦੀ ਰੜਕ ਪਵੇ' ਲਿਖ ਰਹੇ ਸਨ ਤਾਂ ਉਹ ਵੀ ਮੇਰੇ ਸਾਹਮਣੇ ਹੀ ਲਿਖ ਰਹੇ ਸਨ। ਸ਼ਿਵ ਦਾ ਮਨਮੋਹਨ ਦੀਪਕ ਨਾਲ ਬਹੁਤ ਪਿਆਰ ਸੀ। ਇੱਕ ਵਾਰ ਅਸੀਂ ਉਹਨੂੰ ਮਿਲਣ ਗਏ। ਸ਼ਾਇਰਾਂ ਦੀ ਮਹਿਫਲ ਜੰਮੀ ਹੋਈ ਸੀ। ਦੀਪਕ ਬੋਲੇ, 'ਯਾਰ ਇੱਕ ਕੁੜੀ ਜਿਹਦਾ ਨਾਂ ਮੁਹੱਬਤ ਗੁੰਮ ਹੈ...ਗੁੰਮ ਹੈ...ਸੁਣਾ ਤਾਂ ਮੇਰੇ ਵੱਲ ਇਸ਼ਾਰਾ ਕਰ ਕੇ ਸ਼ਿਵ ਕਹਿਣ ਲੱਗੇ, 'ਉਹ ਕੁੜੀ ਤਾਂ ਮਿਲ ਗਈ ਹੈ, ਅਹੁ ਸਾਹਮਣੇ ਬੈਠੀ ਹੈ।'

ਲੋਕ ਭਾਵੇਂ ਕੁਝ ਕਹੀ ਜਾਣ...ਕੋਈ ਸਦਮਾ ਨਹੀਂ ਸੀ। ਸਦਮਾ ਤਾਂ ਦੁਨੀਆਂ ਵਿਚ ਕਈਆਂ ਨੂੰ ਲਗਦਾ ਹੈ, ਸਾਰੇ ਸ਼ਾਇਰ ਤਾਂ ਨਹੀਂ ਬਣ ਜਾਂਦੇ? ਸਾਰੇ ਸ਼ਿਵ ਨਹੀਂ ਬਣ ਜਾਂਦੇ? ਮੈਨੂੰ ਸ਼ਿਵ ਦੇ ਤੁਰ ਜਾਣ ਦਾ ਬਹੁਤ ਵੱਡਾ ਸਦਮਾ ਲੱਗਾ, ਮੈਂ ਨਹੀਂ ਸ਼ਾਇਰ ਬਣ ਗਈ? (ਥੋੜ੍ਹਾ ਗੰਭੀਰ ਹੁੰਦੇ ਹੋਏ) ਹੁਣ ਕਦੀ-ਕਦੀ ਦਿਲ ਕਰਦੈ, ਸ਼ਿਵ ਬਾਰੇ ਗੁੰਮਰਾਹਕੁਨ ਗੱਲਾਂ ਬਾਰੇ ਲਿਖਾਂ ਤੇ ਸੱਚਾਈ ਲੋਕਾਂ ਸਾਹਮਣੇ ਲਿਆਵਾਂ।

(ਹਉਕਾ ਭਰਦਿਆਂ) ਉਦਾਂ ਮੈਨੂੰ ਤਸੱਲੀ ਸੀ, ਸ਼ਿਵ ਸਿਰਫ ਮੇਰਾ ਹੈ। ਮੈਂ ਹੀ ਉਹਦੇ ਬੱਚਿਆਂ ਦੀ ਮਾਂ ਹਾਂ। ਜੇ ਕੁੜੀਆਂ ਮਰਦੀਆਂ ਸਨ ਤਾਂ ਮਰੀ ਜਾਣ। ਕੁੜੀਆਂ ਸ਼ਾਇਰੀ 'ਤੇ ਮਰਦੀਆਂ ਸਨ, ਮਰੀ ਜਾਣ। ਉਸ ਦੀ ਪਤਨੀ ਸਿਰਫ ਮੈਂ ਸੀ। ਬੇਟੀ ਪੂਜਾ ਤੇ ਬੇਟਾ ਮਿਹਰਬਾਨ ਸਾਡੇ-ਸ਼ਿਵ ਤੇ ਅਰੁਣਾ ਦੇ ਹੀ ਹੋਣਹਾਰ ਬੱਚੇ ਹਨ। ਸ਼ਿਵ ਠਰ੍ਹੰਮੇ ਵਾਲਾ ਇਨਸਾਨ ਸੀ। ਸਾਦਗੀ ਤੇ ਇਨਸਾਨੀਅਤ ਦੀ ਮੂਰਤ। ਲੋਕ ਸ਼ਿਵ ਬਾਰੇ ਬਹੁਤਾ ਨਹੀਂ ਜਾਣਦੇ, ਬਸ ਇਧਰੋਂ-ਉਧਰੋਂ ਪੜ੍ਹ-ਸੁਣ ਕੇ ਉਸ ਦੀ ਸ਼ਖਸੀਅਤ ਬਾਰੇ ਅੰਦਾਜ਼ਾ ਲਾ ਲੈਂਦੇ ਹਨ। ਸੁਣੀਆਂ-ਸੁਣਾਈਆਂ ਗੱਲਾਂ ਕਰੀ ਜਾਂਦੇ ਹਨ ਤੇ ਕੁਝ ਕੋਲੋਂ ਵੀ ਜੋੜ ਲੈਂਦੇ ਹਨ।



*ਸ੍ਰੀਮਤੀ ਅਰੁਣਾ ਬਟਾਲਵੀ ਸੰਪਾਦਕ ਅਮੋਲਕ ਸਿੰਘ ਜੰਮੂ ਨੂੰ ਆਸ਼ੀਰਵਾਦ ਦਿੰਦੇ ਹੋਏ*

**ਜਦੋਂ ਤੁਹਾਡਾ ਵਿਆਹ ਹੋਇਆ, ਤੁਸੀਂ ਸ਼ਿਵ ਦੀਆਂ ਰਚਨਾਵਾਂ ਪੜ੍ਹੀਆਂ ਹੋਈਆਂ ਸਨ, ਜਾਂ ਕਦੇ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ?**

-ਸ਼ਿਵ ਦੀਆਂ ਇਕ-ਦੋ ਕਵਿਤਾਵਾਂ ਸਰਸਰੀ ਪੜ੍ਹੀਆਂ ਸਨ ਪਰ ਸ਼ਿਵ ਦੇ ਮਸ਼ਹੂਰ ਸ਼ਾਇਰ ਹੋਣ ਬਾਰੇ ਪਤਾ ਨਹੀ ਸੀ। 'ਲੂਣਾ' ਨਹੀਂ ਸੀ ਪੜ੍ਹੀ, ਨਾ ਹੀ ਪਹਿਲਾਂ ਕਦੀ ਸ਼ਿਵ ਨੂੰ ਦੇਖਿਆ ਸੀ। ਜਦੋਂ ਪਿੰਡ ਵਿਚ ਵਿਆਹ-ਸ਼ਾਦੀ ਹੁੰਦੇ ਤਾਂ ਤਵੇ ਵਾਲੇ ਵਾਜਿਆਂ 'ਤੇ ਵੱਜਦੇ ਸ਼ਿਵ ਦੇ ਗੀਤ ਸੁਣੇ ਸਨ। ਇਨ੍ਹਾਂ ਗੀਤਾਂ ਨੂੰ ਮੈਂ ਲੋਕ ਗੀਤ ਹੀ ਸਮਝਦੀ ਸੀ। ਬਾਅਦ ਵਿਚ ਪਤਾ ਲੱਗਾ ਕਿ ਇਹ ਤਾਂ ਸ਼ਿਵ ਦੇ ਲਿਖੇ ਹੋਏ ਹਨ। ਢੋਲਕੀ ਦੀ ਥਾਪ 'ਤੇ ਸੁਰਿੰਦਰ ਕੌਰ ਦੇ ਗੀਤ, 'ਇਕ ਮੇਰੀ ਅੱਖ ਕਾਸ਼ਣੀ, ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ', 'ਅੱਖਾਂ ਵਿਚ ਪਾਵਾਂ ਕਿਵੇਂ ਕਜਲਾ, ਵੇ ਅੱਖੀਆਂ 'ਚ ਤੂੰ ਵਸਦਾ' ਤੇ 'ਹੀਰੇ ਹੀਰੇ ਆਖੇ ਹਾਏ ਨੀ ਮੁੰਡਾ ਲੰਬੜਾਂ ਦਾ' ਗਾਉਂਦੇ, ਨੱਚਦੇ, ਟੱਪਦੇ ਪਰ ਇਹ ਨਹੀਂ ਸੀ ਪਤਾ ਕਿ ਗੀਤ ਸ਼ਿਵ ਦੇ ਲਿਖੇ ਹੋਏ ਹਨ। ਕਦੀ ਇਹ ਨਹੀਂ ਸੀ ਸੋਚਿਆ ਕਿ ਕਿਸੇ ਦਿਨ ਮੈਂ ਇਹ ਗੀਤ ਲਿਖਣ ਵਾਲੇ ਦੀ ਹੀਰ ਬਣ ਜਾਣਾ ਹੈ, ਉਸ ਦੇ ਇਸ਼ਕ ਦਾ ਕੱਜਲ ਮੈਂ ਹੀ ਅੱਖਾਂ ਵਿਚ ਪਾਉਣਾ ਹੈ।

(ਥੋੜ੍ਹਾ ਮੁਸਕਰਾਉਂਦੇ ਹੋਏ) ਦਿਲਸਚਪ ਗੱਲ ਇਹ ਹੈ ਕਿ ਜਦੋਂ ਸ਼ਿਵ ਤੇ ਉਸ ਦੇ ਪਰਿਵਾਰ ਵਾਲੇ ਮੈਨੂੰ ਵੇਖਣ ਆਏ ਤਾਂ ਮੈਨੂੰ ਉਸ ਬਾਰੇ ਕੁਝ ਵੀ ਪਤਾ ਨਹੀਂ ਸੀ। ਬੱਸ ਘਰ ਆਏ ਮਹਿਮਾਨ ਹੀ ਸਮਝੇ ਸਨ। ਉਪਰੋਂ ਉਸ ਦਿਨ ਮੈਨੂੰ ਬਹੁਤ ਤੇਜ਼ ਬੁਖਾਰ ਵੀ ਸੀ। ਮੈਂ ਕੰਬਲ ਦੀ ਬੁੱਕਲ ਮਾਰੀ ਬੈਠੀ ਸਾਂ। ਆਮ ਪਰਿਵਾਰਕ ਗੱਲਾਂ ਚੱਲ ਰਹੀਆਂ ਸਨ। ਅਚਾਨਕ ਸ਼ਿਵ ਮੈਨੂੰ ਬੋਲੇ, "ਇਕ ਗਿਲਾਸ ਪਾਣੀ ਦਾ ਲੈ ਕੇ ਆਇਓ।" ਮੈਨੂੰ ਬੜਾ ਗੁੱਸਾ ਆਇਆ, ਮੈਂ ਚੰਗਾ ਭਲਾ ਦੱਸਿਆ ਸੀ ਕਿ ਮੈਨੂੰ ਬਹੁਤ ਤੇਜ਼ ਬੁਖਾਰ ਹੈ, ਫਿਰ ਵੀ ਸਾਰਿਆਂ ਵਿਚੋਂ ਮੈਨੂੰ ਹੀ ਕਿਹਾ ਪਾਣੀ ਲੈ ਕੇ ਆ, ਇਹ ਵੀ ਕੋਈ ਗੱਲ ਹੋਈ! ਬੜੇ ਅਣਮੰਨੇ ਢੰਗ ਨਾਲ ਸ਼ਿਵ ਨੂੰ ਘੂਰਦੀ ਮੈਂ ਪਾਣੀ ਲੈਣ ਚਲੀ ਗਈ। ਜਦ ਵਾਪਸ ਆਈ ਤਾਂ ਪਤਾ ਲੱਗਾ, ਇਹ ਤਾਂ ਮੇਰੇ ਰਿਸ਼ਤੇ ਦੀ ਗੱਲ ਚਲ ਰਹੀ ਸੀ। ਸ਼ਿਵ ਨੇ ਮੈਨੂੰ ਆਪਣਾ ਜੀਵਨ ਸਾਥੀ ਚੁਣ ਲਿਆ ਹੈ, ਇਸੇ ਲਈ ਪਾਣੀ ਲੈਣ ਭੇਜਿਆ ਸੀ, ਤਾਂ ਇਸ ਗੱਲ 'ਤੇ ਸੰਗ ਵੀ ਆਈ ਤੇ ਬਹੁਤ ਪਿਆਰ ਵੀ ਆਇਆ। ਉਦੋਂ ਵੀ ਇਹ ਨਹੀਂ ਸੀ ਪਤਾ ਕਿ ਸਾਹਮਣੇ ਬੈਠਾ ਸ਼ਖਸ ਮਹਾਨ ਸ਼ਾਇਰ ਹੈ ਤੇ ਸਭ ਤੋਂ ਛੋਟੀ ਉਮਰ ਵਿਚ ਸਾਹਿਤ ਅਕੈਡਮੀ ਦਾ ਐਵਾਰਡ ਹਾਸਲ ਕਰ ਚੁੱਕਾ ਹੈ।



*ਅਰੁਣਾ ਬਟਾਲਵੀ*

**ਏਡੇ ਮਹਾਨ ਸ਼ਾਇਰ ਦੀ ਪਤਨੀ ਬਣ ਕੇ ਕਦੀ ਗਰੂਰ ਨਹੀਂ ਹੋਇਆ?**

-ਨਹੀਂ, ਬਿਲਕੁਲ ਨਹੀਂ। ਸ਼ਿਵ ਨੂੰ ਖੁਦ ਨੂੰ ਵੀ ਕਦੀ ਵੱਡਾ ਸ਼ਾਇਰ ਹੋਣ ਦਾ ਅਭਿਮਾਨ ਨਹੀਂ ਸੀ। ਸਾਦ ਮੁਰਾਦੀ ਜ਼ਿੰਦਗੀ। 'ਫਲ ਨੀਵੀਆਂ ਬੇਰੀਆਂ ਨੂੰ ਲੱਗਦੇ' ਵਾਲੀ ਗੱਲ ਸੀ। ਸ਼ਿਵ ਸਭ ਨੂੰ ਪਿਆਰ ਤੇ ਇੱਜ਼ਤ ਦਿੰਦੇ ਸਨ। ਵੱਡਾ, ਛੋਟਾ, ਅਮੀਰ-ਗਰੀਬ, ਅਫਸਰ, ਮਜ਼ਦੂਰ, ਰਿਕਸ਼ੇ ਵਾਲਾ, ਹਰ ਕਿਸੇ ਨੂੰ ਪਿਆਰ ਕਰਦੇ ਸਨ। ਇਸ ਲਈ ਲੋਕ ਵੀ ਉਸ ਨੂੰ ਬਹੁਤ ਪਿਆਰ ਕਰਦੇ ਸਨ। ਲੋਕ ਮੈਨੂੰ ਵੀ ਉਨਾ ਹੀ ਪਿਆਰ ਦਿੰਦੇ ਸਨ।

**ਕਦੀ ਤੁਸੀਂ ਕੋਈ ਕਵਿਤਾ ਲਿਖੀ?**

-(ਖੁੱਲ੍ਹ ਕੇ ਹੱਸਦੇ ਹੋਏ) ਹਾਂ ਦੱਸਦੀ ਹਾਂ ਇਕ ਕਿੱਸਾ। ਨਵਾਂ-ਨਵਾਂ ਵਿਆਹ ਹੋਇਆ ਸੀ। ਸ਼ਿਵ ਜਦੋਂ ਕਵਿਤਾ ਲਿਖਦੇ, ਮੈਂ ਕਾਗਜ਼ ਚੁੱਕ ਕੇ ਪੜ੍ਹਨ ਲੱਗ ਪੈਂਦੀ। ਸ਼ਿਵ ਬੋਲੇ, 'ਤੈਨੂੰ ਕੀ ਸਮਝ, ਤੂੰ ਤਾਂ ਕਦੇ ਕਵਿਤਾ ਲਿਖੀ ਨਹੀਂ!' ਬਸ ਫਿਰ ਕੀ, ਜੋਸ਼ ਵਿਚ ਆ ਕੇ ਮੈਂ ਇਕ ਕਵਿਤਾ ਲਿਖੀ ਤੇ ਸ਼ਿਵ ਦੇ ਸਾਹਮਣੇ ਰੱਖ ਦਿੱਤੀ। ਕਵਿਤਾ ਪੜ੍ਹ ਕੇ ਅੱਖਾਂ ਦੇ ਭਰਵੱਟੇ ਚੁੱਕ ਕੇ ਬੋਲੇ, 'ਵਾਹ ਵਾਹ! ਬੜੀ ਵਧੀਆ ਕਵਿਤਾ ਲਿਖੀ ਹੈ।' ਮਜ਼ਾਕ ਕਰਦਿਆਂ ਬੋਲੇ, 'ਕਿਤੇ ਲਵ-ਸ਼ਵ ਤੇ ਨਹੀਂ ਕੀਤਾ!' ਮੈਂ ਬੋਲੀ, 'ਕੀਤਾ ਹੈ, ਆਪਣੇ ਦਾਦੇ-ਦਾਦੀ ਨਾਲ, ਮਾਂ-ਪਿਉ ਨਾਲ ਤੇ ਇਕ ਝੱਲੇ ਸ਼ਾਇਰ ਸ਼ਿਵ ਨਾਲ।'... ਬੜੇ ਚੰਗੇ ਦਿਨ ਸਨ। ਫਿਰ ਕਦੀ ਕੋਈ ਕਵਿਤਾ ਨਹੀਂ ਲਿਖੀ। ਸੋਚਿਆ, ਘਰ ਵਿਚ ਬਸ ਇਕ ਸ਼ਾਇਰ ਹੀ ਕਾਫੀ ਹੈ।



*ਸ੍ਰੀਮਤੀ ਅਰੁਣਾ ਬਟਾਲਵੀ ਆਪਣੇ ਦਾਮਾਦ ਜੈਦੇਵ ਸ਼ਰਮਾ ਨਾਲ*

**ਸ਼ਿਵ ਦਾ ਸ਼ਾਇਰੀ ਤੋਂ ਇਲਾਵਾ ਕੋਈ ਸ਼ੌਕ?**

-ਨਹੀਂ ਕੋਈ ਖਾਸ ਨਹੀਂ। ਅਸੀਂ ਆਪਸ ਵਿਚ ਤਾਸ਼ ਜ਼ਰੂਰ ਖੇਡ ਲੈਂਦੇ ਸਾਂ। ਫਿਰ ਕਵੀ ਦਰਬਾਰਾਂ, ਸਾਹਿਤ ਸਮਾਗਮਾਂ ਵਿਚ ਜਾਣਾ ਤੇ ਉਤੋਂ ਘਰ ਵਿਚ ਲੱਗਦੀਆਂ ਮਹਿਫਲਾਂ! ਫੁਰਸਤ ਕਿਥੇ ਮਿਲਦੀ ਸੀ? ਉਨ੍ਹਾਂ ਦੇ ਘਰ ਦੇ ਬੂਹੇ ਦੋਸਤਾਂ ਲਈ ਹਮੇਸ਼ਾ ਖੁੱਲ੍ਹੇ ਰਹਿੰਦੇ ਸਨ। ਆਏ-ਗਏ ਦੀ ਸੇਵਾ, ਬਹੁਤ ਖੁੱਲ੍ਹੇ ਦਿਲ ਨਾਲ ਕਰਨੀ ਸ਼ਿਵ ਦੀ ਖਾਸੀਅਤ ਸੀ। ਸ਼ਿਵ ਦੇ ਦਿਲ ਵਿਚ ਯਾਰਾਂ ਲਈ ਬਹੁਤ ਪਿਆਰ ਸੀ। ਹਰਦਿਆਲ, ਦੀਪਕ, ਚਰਨਜੀਤ ਕੌਮੀ ਆਈ.ਏ.ਐਸ., ਅੰਮ੍ਰਿਤਾ ਪ੍ਰੀਤਮ, ਮੋਹਣ ਸਿੰਘ, ਭੂਸ਼ਨ ਧਿਆਨਪੁਰੀ, ਐਚ.ਐਸ. ਭੱਟੀ...ਦੋਸਤਾਂ ਦੀ ਬੜੀ ਲੰਮੀ ਲਿਸਟ ਹੈ-ਸਾਰੇ ਇਕ-ਦੂਜੇ ਦੇ ਬਹੁਤ ਕਰੀਬ ਸਨ। ਸਾਰੀ

(ਬਾਕੀ ਅਗਲੇ ਸਫੇ 'ਤੇ)

ਸਾਰੀ ਰਾਤ ਮਹਿਫਲ ਭਖੀ ਰਹਿਣੀ। ਕੁਝ ਸੋਹਬਤ ਦਾ ਅਸਰ ਸੀ, ਕੁਝ ਸ਼ਿਵ ਨੂੰ ਖੁਦ ਪੀਣ-ਪਿਲਾਉਣ ਦਾ ਸ਼ੌਕ ਸੀ।

**ਕੀ ਸ਼ਿਵ ਸਦਾ ਗੰਭੀਰ ਜਾਂ ਉਦਾਸ ਰਹਿੰਦੇ ਸਨ?**

-ਨਹੀਂ, ਉਹ ਬਹੁਤ ਹਸਮੁਖ ਤੇ ਮਖੌਲੀਏ ਸਨ। ਇਨ੍ਹਾਂ ਦੇ ਮਖੌਲਾਂ ਤੇ ਚੁਟਕਲਿਆਂ 'ਤੇ ਹਾਸੇ ਦੇ ਫੁਆਰੇ ਛੁੱਟ ਪੈਂਦੇ ਸਨ, ਮਖੌਲ ਕਿਸੇ ਦੀ ਨਿੰਦਾ-ਚੁਗਲੀ ਦੇ ਨਹੀਂ ਸਨ। (ਹੱਸਦੇ ਹੋਏ) ਇਕ ਰਾਤ ਅਮਿਤੋਜ ਤੇ ਸ਼ਿਵ ਦੀ ਮਹਿਫਲ ਲੱਗੀ। ਅਚਾਨਕ ਸ਼ਿਵ ਕਹਿਣ ਲੱਗੇ, 'ਅਮਿਤੋਜ ਆਪਾਂ ਕੱਲ੍ਹ ਸਵੇਰੇ ਘਰ ਦੇ ਆਲੇ-ਦੁਆਲੇ ਰੰਗ-ਬਰੰਗੇ ਫੁੱਲ ਲਾਉਣੇ ਹਨ। ਇਹ ਕੰਮ ਕੱਲ੍ਹ ਸਵੇਰੇ ਆਪਾਂ ਜ਼ਰੂਰ ਕਰਨਾ। ਅਗਲੇ ਦਿਨ ਚੜ੍ਹਦੀ ਸਵੇਰ ਦੇਖਿਆ, ਅਮਿਤੋਜ ਇਕ ਰਿਕਸ਼ੇ 'ਤੇ ਦਸ-ਬਾਰਾਂ ਫੁੱਲਾਂ ਦੇ ਗਮਲੇ ਲੱਦੀ ਆਵੇ। ਸ਼ਿਵ ਕਹਿਣ ਲੱਗੇ, 'ਪਤੰਦਰਾ, ਅਜੇ ਦੁਕਾਨਾਂ ਤੇ ਖੁੱਲ੍ਹੀਆਂ ਨਹੀਂ, ਤੂੰ ਇਹ ਗਮਲੇ ਕਿਥੋਂ ਚੁੱਕੀ ਆਉਨਾਂ?' ਅਮਿਤੋਜ ਬੋਲਿਆ, 'ਸਾਰਾ ਮੁਹੱਲਾ ਫਿਰ ਆਇਆਂ, ਘਰਾਂ ਅੱਗਿਉਂ ਗਮਲੇ ਚੁੱਕ ਲਿਆਇਆਂ, ਹੋਰ ਲੱਭੇ ਨਹੀਂ।' ਸ਼ਿਵ ਹੱਸਦਿਆਂ ਬੋਲੇ, 'ਉਏ ਕਮਲਿਆ, ਆਂਢੀਆਂ-ਗੁਆਂਢੀਆਂ ਦੇ ਨਹੀਂ, ਬਜ਼ਾਰੋਂ ਖਰੀਦ ਕੇ ਲਿਆਉਣੇ ਨੇ ਗਮਲੇ। ਚੱਲ ਚਲੀਏ ਲੋਕਾਂ ਦੇ ਸੁੱਤੇ ਉਠਣ ਤੋਂ ਪਹਿਲਾਂ ਇਹ ਗਮਲੇ ਵਾਪਸ ਰੱਖ ਕੇ ਆਈਏ।'

**ਸ਼ਿਵ ਦੀ ਕਵਿਤਾ ਦਾ ਕੋਈ ਹੋਰ ਰੰਗ?**

-ਜਦੋਂ ਪ੍ਰੋਗਰਾਮਾਂ ਵਿਚ ਆਪ ਕਵਿਤਾ ਪੜ੍ਹਦੇ ਤਾਂ ਪੂਰੀ ਖਾਮੋਸ਼ੀ ਛਾਈ ਹੁੰਦੀ, ਪੱਤਾ ਵੀ ਨਾ ਹਿਲਦਾ। ਨਜ਼ਮ ਤਰੰਨੁਮ ਵਿਚ ਪੜ੍ਹਦੇ। ਮਿੱਠੀ ਆਵਾਜ਼ ਦੇ ਜਾਦੂ ਨਾਲ ਸਰੋਤੇ ਕੀਲੇ ਜਾਂਦੇ। ਪ੍ਰਬੰਧਕ ਉਨ੍ਹਾਂ ਦਾ ਟਾਈਮ ਅਖੀਰ ਵਿਚ ਰਖਦੇ ਤਾਂ ਜੋ ਲੋਕ ਜਾਣ ਨਾ, ਅੰਤ ਤੱਕ ਬੈਠੇ ਰਹਿਣ।

**ਸ਼ਿਵ ਦੇ ਇਸ ਸੰਸਾਰ ਤੋਂ ਤੁਰ ਜਾਣ ਬਾਅਦ ਕਦੀ ਕੋਈ ਅਣਸੁਖਾਵੀਂ ਘਟਨਾ?**

-ਇੱਕ ਵਾਰੀ ਦਿੱਲੀ ਵਿਚ ਪੰਜਾਬੀ ਅਕੈਡਮੀ ਵਲੋਂ ਫੰਕਸ਼ਨ ਹੋਇਆ। ਇਕ ਆਈ.ਏ.ਐਸ. ਅਫਸਰ ਬੋਲਿਆ, 'ਸ਼ਿਵ ਦੀ ਇਕ ਮਰ ਗਈ, ਇਕ ਛੱਡ ਗਈ ਤੇ ਇਕ ਤੀਵੀਂ ਅਹੁ ਬੈਠੀ ਹੈ।' ਮੈਂ ਕੁਝ ਨਾ ਬੋਲੀ। ਫੰਕਸ਼ਨ ਛੱਡ ਕੇ ਵਾਪਸ ਪਟਿਆਲੇ ਆ ਗਈ। ਫਿਰ ਉਹ ਸੱਜਣ ਪਟਿਆਲੇ ਆਏ ਤੇ ਮਾਫੀ ਮੰਗ ਕੇ ਗਏ। ਲੋਕ ਸਮਝਦੇ ਨਹੀਂ, ਸ਼ਿਵ ਨੂੰ ਪਿਆਰ ਕਰਨ ਵਾਲਿਆਂ ਦੀ ਗਿਣਤੀ ਘੱਟ ਨਹੀਂ ਸੀ।

**ਸਰਕਾਰਾਂ ਤੇ ਸਾਹਿਤ ਸਭਾਵਾਂ ਅਕਸਰ ਗੱਲਾਂ ਤਾਂ ਬਹੁਤ ਕਰਦੀਆਂ ਹਨ ਪਰ ਕਿਸੇ ਲੇਖਕ ਦੇ ਤੁਰ ਜਾਣ 'ਤੇ ਕਰਦੀਆਂ ਕੁਝ ਨਹੀਂ। ਤੁਹਾਡਾ ਕਿਸੇ ਨੇ ਸਾਥ ਦਿੱਤਾ?**

-ਸਾਰਿਆਂ ਨੇ ਆਪੋ-ਆਪਣੇ ਤੌਰ 'ਤੇ ਸਾਥ ਦਿੱਤਾ। ਕੋਈ ਵੀ ਸਰਕਾਰ ਆਈ-ਗਿਆਨੀ ਜ਼ੈਲ ਸਿੰਘ, ਗੁਜਰਾਲ ਸਾਹਿਬ, ਬਾਦਲ ਸਾਹਿਬ; ਸਭ ਨੇ ਬਹੁਤ ਖਿਆਲ ਕੀਤਾ। ਬਾਕੀ ਸਰਕਾਰਾਂ ਕੋਲ ਟਾਈਮ ਨਹੀਂ ਹੁੰਦਾ, ਉਨ੍ਹਾਂ ਦੇ ਆਪਣੇ ਕੰਮ ਬਹੁਤ ਹੁੰਦੇ ਹਨ। ਮੈਂ ਸਿਰਫ ਇਕ ਵਾਰ ਬਾਦਲ ਸਾਹਿਬ ਨੂੰ ਕਿਹਾ-ਬਟਾਲੇ ਵਿਚ ਸ਼ਿਵ ਦੀ ਅਧੂਰੀ ਪਈ ਯਾਦਗਾਰ ਨੂੰ ਆਡੀਟੋਰੀਅਮ ਬਣਾਉਣ ਲਈ। ਉਨ੍ਹਾਂ ਝੱਟ ਮੰਨ ਲਿਆ। ਹੁਣ ਆਡੀਟੋਰੀਅਮ ਬਣ ਰਿਹਾ ਹੈ।

**ਸ਼ਿਵ ਦੀ ਸ਼ਾਇਰੀ ਵਿਸ਼ਵ ਪੱਧਰ ਦੀ ਹੈ। ਵਿਸ਼ਵ ਪੱਧਰ 'ਤੇ ਉਨ੍ਹਾਂ ਦੇ ਛਪ ਰਹੇ ਸਾਹਿਤ ਬਾਰੇ ਕੁਝ ਦੱਸੋ?**

-ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ਿਵ ਦੀ ਸ਼ਾਇਰੀ ਵਿਸ਼ਵ ਸਾਹਿਤ ਦੇ ਹਾਣ ਦੀ ਹੈ ਪਰ ਮੈਂ ਸਮਝਦੀ ਹਾਂ, ਵਿਸ਼ਵ ਪੱਧਰ 'ਤੇ ਅਸੀਂ ਜ਼ਿਆਦਾ ਅਸਰਦਾਰ ਢੰਗ ਨਾਲ ਪਹੁੰਚ ਹੀ ਨਹੀਂ ਕਰ ਸਕੇ। ਸ਼ਿਵ ਦੀ ਇਕ ਕਵਿਤਾ ਜੋ ਜੀ.ਐਸ. ਮਾਨ ਦੀ ਅੰਗਰੇਜ਼ੀ ਵਿਚ ਤਰਜਮਾ ਕੀਤੀ ਹੈ-'ਜਿਥੇ ਇਤਰਾਂ ਦੇ ਵਗਦੇ ਨੇ ਚੋ, ਉਥੇ ਮੇਰਾ ਯਾਰ ਵੱਸਦਾ' ਕਿਸੇ ਮੈਗਜ਼ੀਨ ਵਿਚ ਛਪੀ। ਪੜ੍ਹ ਕੇ ਸ਼ਿਕਾਗੋ ਰਹਿੰਦਾ ਕੋਈ ਅੰਗਰੇਜ਼ ਬਹੁਤ ਪ੍ਰਭਾਵਿਤ ਹੋਇਆ, ਸ਼ਿਕਾਗੋ ਤੋਂ ਪਾਕਿਸਤਾਨ ਗਿਆ। ਫਿਰ ਉਥੋਂ ਸ਼ਿਵ ਬਾਰੇ ਪੁੱਛਦਾ-ਪੁਛਾਉਂਦਾ ਪਟਿਆਲੇ ਪੁੱਜਿਆ। ਉਥੇ ਇੱਕ ਸਾਲ ਰਿਹਾ, ਪੰਜਾਬੀ ਸਿੱਖੀ, ਹੋਰ ਰਚਨਾਵਾਂ ਬਾਰੇ ਜਾਣਕਾਰੀ ਲਈ, ਹੋਰ ਬਹੁਤ ਕੁਝ ਪੜ੍ਹਿਆ। ਦੇਖੋ ਕਿਥੇ ਛਪਦਾ ਹੈ? ਹਾਂ, ਪਾਕਿਸਤਾਨ ਵਿਚ ਸ਼ਾਹਮੁਖੀ ਵਿਚ ਤਾਂ ਛਪ ਹੀ ਰਿਹਾ ਹੈ।

**ਸ਼ਿਵ ਦੀਆਂ ਕੁਝ ਅਣਛਪੀਆਂ ਰਚਨਾਵਾਂ ਵੀ ਹਨ?**

-ਉਨ੍ਹਾਂ ਦੇ ਹੱਥ-ਲਿਖਤ ਸ਼ਿਅਰ ਮੇਰੇ ਲਈ ਕਿਸੇ ਅਨਮੋਲ ਖਜ਼ਾਨੇ ਤੋਂ ਘੱਟ ਨਹੀਂ ਹਨ। ਸੰਨ 53 ਤੋਂ ਸ਼ਿਵ ਲਿਖ ਰਹੇ ਸਨ, ਉਹ ਲਿਖਤਾਂ ਵੀ ਇਕੱਠੀਆਂ ਕੀਤੀਆਂ ਹਨ। ਕਈ ਰਚਨਾਵਾਂ ਅਣਛਪੀਆਂ ਹਨ। ਹੁਣ ਮੇਰੇ ਬੇਟੇ ਵਿਕੀ (ਮਿਹਰਬਾਨ) ਨੇ ਸਾਰੀਆਂ ਇਕੱਠੀਆਂ ਕਰ ਕੇ 'ਚੁੱਪ ਦੀ ਆਵਾਜ਼' ਨਾਂ ਦੀ ਕਿਤਾਬ ਵਿਚ ਛਾਪ ਦਿੱਤੀਆਂ ਹਨ।

**ਵਾਰਸ ਸ਼ਾਹ ਦੀ 'ਹੀਰ' ਅਤੇ ਸ਼ਿਵ ਦੀ 'ਲੂਣਾ' ਅਨਮੋਲ ਸ਼ਾਹਕਾਰ ਹਨ। ਤੁਹਾਡਾ ਕੀ ਖਿਆਲ ਹੈ?**

-ਅਜਿਹੇ ਸ਼ਾਇਰ ਕਦੀ-ਕਦੀ ਹੀ ਪੈਦਾ ਹੁੰਦੇ ਹਨ। ਹਰੇਕ ਦੀ ਆਪੋ-ਆਪਣੀ ਥਾਂ ਹੈ। ਕੋਈ ਛੋਟਾ-ਵੱਡਾ ਨਹੀਂ। ਦੋਹਾਂ ਨੇ ਆਪੋ-ਆਪਣੇ ਸਮੇਂ ਵਿਚ, ਆਪਣੇ ਆਪਣੇ ਢੰਗ ਨਾਲ ਪੰਜਾਬੀ ਸਾਹਿਤ ਜਗਤ ਵਿਚ ਯੋਗਦਾਨ ਪਾਇਆ ਹੈ।

ਮੇਰਾ ਖਿਆਲ ਹੈ, ਸ਼ਾਇਰ ਜੇ ਵਧੀਆ ਗਾਇਕ ਵੀ ਹੋਵੇ ਤਾਂ ਰਚਨਾ ਹੋਰ ਵੀ ਨਿਖਰ ਆਉਂਦੀ ਹੈ। ਸ਼ਿਵ, ਬੁੱਲ੍ਹੇ ਸ਼ਾਹ, ਵਾਰਸ ਵਧੀਆ ਗਾਇਕ ਵੀ ਸਨ। ਇਹ ਰੱਬੀ ਦੇਣ ਹੁੰਦੀ ਹੈ, ਇਹੋ ਜਿਹੇ ਫਨਕਾਰ ਆਪਣੀ ਧੁਨ ਵਿਚ ਮਸਤ ਹੁੰਦੇ ਹਨ। ਕਈ ਫਨਕਾਰ ਦੁਨੀਆਵੀ ਤੌਰ 'ਤੇ ਕੋਈ ਜ਼ਿਆਦਾ ਪੜ੍ਹੇ-ਲਿਖੇ ਵੀ ਨਹੀਂ, ਫਿਰ ਵੀ ਬਾਕਮਾਲ ਸ਼ਾਇਰ, ਲੇਖਕ ਜਾਂ ਕਹਾਣੀਕਾਰ ਹਨ। ਸ਼ਿਵ ਜਾਂ ਨਾਨਕ ਸਿੰਘ ਨੇ ਕੋਈ ਪੀਐਚ.ਡੀ. ਨਹੀਂ ਸੀ ਕੀਤੀ ਪਰ ਉਨ੍ਹਾਂ 'ਤੇ ਅੱਜਕੱਲ੍ਹ ਪੀਐਚ.ਡੀ. ਹੋ ਰਹੀ ਹੈ।

ਅੱਜ ਵੀ ਜਦੋਂ ਕੇਵਲ ਧੀਰ ਪੰਜਾਬ ਵਿਚ ਜਦੋਂ ਕਿਤੇ ਸ਼ਿਵ ਦੀ 'ਲੂਣਾ' 'ਤੇ ਆਧਾਰਤ ਡਰਾਮਾ ਖੇਡਦੇ ਹਨ ਤਾਂ ਦਰਸ਼ਕਾਂ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਹਨ।

**ਸ਼ਿਵ ਦੀ ਬੇਵਕਤ ਮੌਤ ਨਾਲ ਸਾਹਿਤ ਜਗਤ ਨੂੰ ਤਾਂ ਘਾਟਾ ਪਿਆ ਹੀ, ਤੁਸੀਂ ਉਸ ਵੇਲੇ ਹਾਲਾਤ ਦਾ ਸਾਹਮਣਾ ਕਿਵੇਂ ਕੀਤਾ?**

-ਮੇਰੇ ਕੋਲ ਕੁਝ ਵੀ ਨਹੀਂ ਸੀ। ਸਿਰਫ 40 ਰੁਪਏ ਸਨ। ਲੋਕ ਸਮਝਦੇ ਸਨ ਕਿ ਬਹੁਤ ਕੁਝ ਹੈ। ਇਕ ਪਾਸੇ ਸ਼ਿਵ ਦਾ ਨਾਂ, ਦੂਜੇ ਪਾਸੇ ਮੇਰੀ ਛੋਟੀ ਜਿਹੀ ਦੁਨੀਆਂ! ਦਿਲ ਦੀ ਗੱਲ ਦਿਲ ਵਿਚ ਹੀ ਰੱਖੀ ਪਰ ਸ਼ਿਵ ਦਾ ਨਾਮ, ਪਿਆਰ ਤੇ ਸਤਿਕਾਰ ਬਹੁਤ ਸੀ। ਉਸ ਨੂੰ ਮੁੱਖ ਰੱਖਦਿਆਂ ਕਦੀ ਕਿਸੇ ਕੋਲ ਜਾਣ ਦੀ, ਕੁਝ ਕਹਿਣ ਦੀ ਹਿੰਮਤ ਨਾ ਪਈ। ਜੀਵਨ ਦੀ ਬੇੜੀ ਘੁੰਮਣ-ਘੇਰੀਆਂ ਵਿਚ ਡਿਕੋ-ਡੋਲੇ ਖਾਂਦੀ ਰਹੀ। ਜ਼ਿੰਦਗੀ ਦੇ ਹਾਲਾਤ ਬਾਰੇ ਲੋਕ ਬਹੁਤ ਘੱਟ ਜਾਣਦੇ ਸਨ ਪਰ ਮੈਂ ਸ਼ਾਂਤ ਰਹੀ। ਨਾਲੇ ਜ਼ਿੰਦਗੀ ਕਦੀ ਨਹੀਂ ਖਲੋਂਦੀ...ਬੱਚਿਆਂ ਨੂੰ ਪੜ੍ਹਾਇਆ-ਲਿਖਾਇਆ, ਹੌਲੀ-ਹੌਲੀ ਸਭ ਠੀਕ ਹੋ ਗਿਆ। ਲੜਕਾ ਮਿਹਰਬਾਨ ਕੈਨੇਡਾ ਹੈ। ਬੇਟੀ ਪੂਜਾ ਇਥੇ ਸ਼ਿਕਾਗੋ ਹੈ। ਸਾਰੇ ਬਹੁਤ ਖੁਸ਼ ਹਨ।

**ਕੋਈ ਹੋਰ ਘਟਨਾ ਜਿਸ ਨੇ ਤੁਹਾਨੂੰ ਝੰਜੋੜਿਆ ਹੋਵੇ ਜਾਂ ਹਮੇਸ਼ਾ ਜ਼ਿਹਨ ਵਿਚ ਰਹੀ ਹੋਵੇ?**

-ਸ਼ਿਵ ਨਾਲ ਗੁਜ਼ਾਰੇ ਪਲ ਤੇ ਉਸ ਦਾ ਵਿਛੋੜਾ ਤਾਂ ਹੈ ਹੀ; ਇਕ ਗੱਲ ਚੇਤੇ 'ਚ ਮੁੜ ਮੁੜ ਉਭਰਦੀ ਹੈ। ਡਾ. ਜੀਤ ਸਿੰਘ ਸੀਤਲ (ਜਿਨ੍ਹਾਂ ਨੂੰ ਸ਼ਿਵ ਪਿਤਾ ਸਮਾਨ ਸਮਝਦੇ ਸਨ) ਦੇ ਜਦੋਂ ਵੀ ਮੈਂ ਪੈਰੀਂ ਪੈਣਾ ਕਰਨਾ ਤਾਂ ਉਨ੍ਹਾਂ ਕਹਿਣਾ, 'ਸਦਾ ਸੁਹਾਗਣ ਰਹੋ।' ਜਦੋਂ ਸ਼ਿਵ ਵਿਛੋੜਾ ਦੇ ਗਏ ਤੇ ਉਹ ਅਫਸੋਸ ਲਈ ਆਏ ਤਾਂ ਮੇਰੀਆਂ ਅੱਖਾਂ ਵਿਚ ਹੰਝੂ ਸਨ ਤੇ ਚਿਹਰੇ 'ਤੇ ਸਵਾਲ। ਮੈਂ ਨਜ਼ਰਾਂ ਨਾਲ ਹੀ ਪੁੱਛਿਆ, ਤੁਸੀਂ ਤਾਂ ਕਹਿੰਦੇ ਸੀ 'ਸਦਾ ਸੁਹਾਗਣ ਰਹੋ।' ਉਹ ਸਮਝ ਗਏ ਤੇ ਬੋਲੇ, 'ਜਿੰਨੀ ਦੇਰ ਤੱਕ ਦੁਨੀਆਂ ਵਿਚ ਪੰਜਾਬੀ ਰਹਿੰਦੇ ਹਨ, ਤੂੰ ਸੁਹਾਗਣ ਹੈਂ। ਸ਼ਿਵ ਲੋਕਾਂ ਦੇ ਦਿਲਾਂ ਵਿਚੋਂ ਨਹੀਂ ਨਿਕਲ ਸਕਦਾ। ਜਿੰਨਾ ਚਿਰ ਸ਼ਿਵ ਦੀ ਸ਼ਾਇਰੀ ਜ਼ਿੰਦਾ ਹੈ, ਸ਼ਿਵ ਜ਼ਿੰਦਾ ਹੈ। ਸੱਚ ਤਾਂ ਇਹ ਹੈ, ਵੀਹਵੀਂ ਸਦੀ ਦਾ ਮਹਾਨ ਸ਼ਾਇਰ ਸ਼ਿਵ ਕਦੀ ਮਰ ਹੀ ਨਹੀਂ ਸਕਦਾ। ਸ਼ਾਇਰ ਦੇ ਗੀਤ ਕਦੀ ਨਹੀਂ ਮਰਦੇ। ਸ਼ਿਵ ਮਰ ਕੇ ਵੀ ਨਹੀਂ ਮੋਇਆ ਤੇ ਤੂੰ ਵਿਧਵਾ ਹੋ ਕੇ ਵੀ ਸੁਹਾਗਣ ਹੈਂ।'

ਅਰੁਣਾ ਦੀਆਂ ਅੱਖਾਂ ਵਿਚ ਨਮੀ ਸੀ, ਕੁਝ ਚਿਰ ਚੁਪ ਰਹੇ, ਫਿਰ ਭਰੇ ਗੱਚ ਨਾਲ ਬੋਲੇ, "ਬੱਸ, ਹੁਣ ਸ਼ਿਵ ਦੀਆਂ ਯਾਦਾਂ ਹੀ ਮੇਰਾ ਸਰਮਾਇਆ ਹਨ।"

ਕਮਰੇ ਵਿਚ ਚਾਰੇ ਪਾਸੇ ਚੁੱਪ ਪਸਰੀ ਪਈ ਸੀ। ਕੁਝ ਸਮੇਂ ਦੀ ਮੁਲਾਕਾਤ ਸੀ ਪਰ ਉਨ੍ਹਾਂ ਨੂੰ ਅਲਵਿਦਾ ਕਹਿਦਿਆਂ ਇੰਜ ਲੱਗ ਰਿਹਾ ਸੀ ਜਿਵੇਂ ਬਰਸਾਂ ਤੋਂ ਜਾਣਦੇ ਹੋਈਏ। ਅਰੁਣਾ ਜੀ ਸਾਰਿਆਂ ਨੂੰ ਅਸ਼ੀਰਵਾਦ ਦੇ ਕੇ, ਫਿਰ ਆਉਣ ਦਾ ਵਾਅਦਾ ਕਰ ਕੇ ਰੁਖਸਤ ਹੋਏ। ਉਨ੍ਹਾਂ ਦੀਆਂ ਅੱਖਾਂ ਸੇਜਲ ਸਨ ਤੇ ਸਾਡੇ ਨੈਣਾਂ ਵਿਚ ਵੀ ਅਥਰੂ ਸਨ।

## ਸ਼ਿਵ ਦੀਆਂ ਕੁਝ ਰਚਨਾਵਾਂ

### ਬਿਰਹੜਾ

ਲੋਕੀਂ ਪੂਜਣ ਰੱਬ
ਮੈਂ ਤੇਰਾ ਬਿਰਹੜਾ
ਸਾਨੂੰ ਸੌ ਮੱਕਿਆਂ ਦਾ ਹੱਜ
ਵੇ ਤੇਰਾ ਬਿਰਹੜਾ।

ਲੋਕ ਕਹਿਣ ਮੈਂ ਸੂਰਜ ਬਣਿਆ
ਲੋਕ ਕਹਿਣ ਮੈਂ ਰੌਸ਼ਨ ਹੋਇਆ
ਸਾਨੂੰ ਕੇਹੀ ਲਾ ਗਿਆ ਅੱਗ
ਵੇ ਤੇਰਾ ਬਿਰਹੜਾ।

ਪਿੱਛੇ ਮੇਰੇ ਮੇਰਾ ਸਾਇਆ
ਅੱਗੇ ਮੇਰੇ ਮੇਰਾ ਨ੍ਹੇਰਾ
ਕਿਤੇ ਜਾਏ ਨਾ ਬਾਹੀਂ ਛੱਡ
ਵੇ ਤੇਰਾ ਬਿਰਹੜਾ।

ਨਾ ਇਸ ਵਿਚ ਕਿਸੇ ਤਨ ਦੀ ਮਿੱਟੀ
ਨਾ ਇਸ ਵਿਚ ਕਿਸੇ ਮਨ ਦਾ ਕੂੜਾ
ਅਸਾਂ ਚਾੜ੍ਹ ਛਟਾਇਆ ਛੱਜ
ਵੇ ਤੇਰਾ ਬਿਰਹੜਾ।

ਜਦ ਵੀ ਗ਼ਮ ਦੀਆਂ ਘੜੀਆਂ ਆਈਆਂ
ਲੈ ਕੇ ਪੀੜਾਂ ਤੇ ਤਨਹਾਈਆਂ
ਅਸਾਂ ਕੋਲ ਬਿਠਾਇਆ ਸੱਦ
ਵੇ ਤੇਰਾ ਬਿਰਹੜਾ।

ਕਦੀ ਤਾਂ ਸਾਥੋਂ ਸ਼ਬਦ ਰੰਗਾਵੇ
ਕਦੀ ਤਾਂ ਸਾਥੋਂ ਗੀਤ ਉਣਾਵੇ
ਸਾਨੂੰ ਲੱਖ ਸਿਖਾ ਗਿਆ ਚੱਜ
ਵੇ ਤੇਰਾ ਬਿਰਹੜਾ।

ਜਦ ਪੀੜਾਂ ਮੇਰੇ ਪੈਰੀਂ ਪਈਆਂ
ਸਿਦਕ ਮੇਰੇ ਦੇ ਸਦਕੇ ਗਈਆਂ
ਤਾਂ ਵੇਖਣ ਆਇਆ ਜੱਗ
ਵੇ ਤੇਰਾ ਬਿਰਹੜਾ।

ਅਸਾਂ ਜਾਂ ਇਸ਼ਕੋਂ ਰੁਤਬਾ ਪਾਇਆ
ਲੋਕ ਵਧਾਈਆਂ ਦੇਵਣ ਆਇਆ
ਸਾਡੇ ਰੋਇਆ ਗਲ ਨੂੰ ਲੱਗ
ਵੇ ਤੇਰਾ ਬਿਰਹੜਾ।

ਮੈਨੂੰ ਤਾਂ ਕੁਝ ਅਕਲ ਨਾ ਕਾਈ
ਦੁਨੀਆਂ ਮੈਨੂੰ ਦੱਸਣ ਆਈ
ਸਾਨੂੰ ਤਖ਼ਤ ਬਿਠਾ ਗਿਆ ਅੱਜ
ਵੇ ਤੇਰਾ ਬਿਰਹੜਾ।

ਸਾਨੂੰ ਸੌ ਮੱਕਿਆਂ ਦਾ ਹੱਜ
ਵੇ ਤੇਰਾ ਬਿਰਹੜਾ।

### ਸ਼ਿਕਰਾ

ਮਾਏ ! ਨੀ ਮਾਏ !
ਮੈਂ ਇਕ ਸ਼ਿਕਰਾ ਯਾਰ ਬਣਾਇਆ
ਉਹਦੇ ਸਿਰ 'ਤੇ ਕਲਗੀ
ਤੇ ਉਹਦੇ ਪੈਰੀਂ ਝਾਂਜਰ
ਤੇ ਉਹ ਚੋਗ ਚੁਗੀਂਦਾ ਆਇਆ
ਨੀ ਮੈਂ ਵਾਰੀ ਜਾਂ।

ਇਕ ਉਹਦੇ ਰੂਪ ਦੀ
ਧੁੱਪ ਤਿਖੇਰੀ
ਦੂਜਾ ਮਹਿਕਾਂ ਦਾ ਤਿਰਹਾਇਆ
ਤੀਜਾ ਉਹਦਾ ਰੰਗ ਗੁਲਾਬੀ
ਕਿਸੇ ਗੋਰੀ ਮਾਂ ਦਾ ਜਾਇਆ
ਨੀ ਮੈਂ ਵਾਰੀ ਜਾਂ।

ਨੈਣੀਂ ਉਹਦੇ ਚੇਤ ਦੀ ਆਥਣ
ਅਤੇ ਜ਼ੁਲਫ਼ੀਂ ਸਾਵਣ ਛਾਇਆ
ਹੋਠਾਂ ਦੇ ਵਿਚ ਕੱਤੇਂ ਦਾ
ਕੋਈ ਦਿਹੁੰ ਚੜ੍ਹਨੇ 'ਤੇ ਆਇਆ
ਨੀ ਮੈਂ ਵਾਰੀ ਜਾਂ।

ਸਾਹਵਾਂ ਦੇ ਵਿਚ ਫੁੱਲ ਸੋਇਆਂ ਦੇ
ਕਿਸੇ ਬਾਗ਼ ਚਾਨਣ ਦਾ ਲਾਇਆ
ਦੇਹੀ ਦੇ ਵਿਚ ਖੇਡੇ ਚੇਤਰ
ਇਤਰਾਂ ਨਾਲ ਨੁਹਾਇਆ
ਨੀ ਮੈਂ ਵਾਰੀ ਜਾਂ।

ਬੋਲਾਂ ਦੇ ਵਿਚ ਪੌਣ ਪੁਰੇ ਦੀ
ਨੀ ਉਹ ਕੋਇਲਾਂ ਦਾ ਹਮਸਾਇਆ
ਚਿੱਟੇ ਦੰਦ ਜਿਉਂ ਧਾਨੋਂ ਬਗ਼ਲਾ
ਤੌੜੀ ਮਾਰ ਉਡਾਇਆ
ਨੀ ਮੈਂ ਵਾਰੀ ਜਾਂ।

ਇਸ਼ਕੇ ਦਾ ਇਕ ਪਲੰਘ ਨੁਆਰੀ
ਅਸਾਂ ਚਾਨਣੀਆਂ ਵਿਚ ਡਾਹਿਆ
ਤਨ ਦੀ ਚਾਦਰ ਹੋ ਗਈ ਮੈਲੀ
ਉਸ ਪੈਰ ਜਾਂ ਪਲੰਘੇ ਪਾਇਆ
ਨੀ ਮੈਂ ਵਾਰੀ ਜਾਂ।

ਦੁਖਣ ਮੇਰੇ ਨੈਣਾਂ ਦੇ ਕੋਏ
ਵਿਚ ਹੜ੍ਹ ਹੰਝੂਆਂ ਦਾ ਆਇਆ
ਸਾਰੀ ਰਾਤ ਗਈ ਵਿਚ ਸੋਚਾਂ
ਉਸ ਇਹ ਕੀ ਜ਼ੁਲਮ ਕਮਾਇਆ
ਨੀ ਮੈਂ ਵਾਰੀ ਜਾਂ।

ਸੁਬ੍ਹਾ-ਸਵੇਰੇ ਲੈ ਨੀ ਵਟਣਾ
ਅਸਾਂ ਮਲ ਮਲ ਓਸ ਨੁਹਾਇਆ
ਦੇਹੀ ਵਿਚੋਂ ਨਿਕਲਣ ਚਿਣਗਾਂ
ਤੇ ਸਾਡਾ ਹੱਥ ਗਿਆ ਕੁਮਲਾਇਆ
ਨੀ ਮੈਂ ਵਾਰੀ ਜਾਂ।

ਚੂਰੀ ਕੁੱਟਾਂ ਤੇ ਉਹ ਖਾਂਦਾ ਨਾਹੀਂ
ਉਹਨੂੰ ਦਿਲ ਦਾ ਮਾਸ ਖਵਾਇਆ
ਇਕ ਉਡਾਰੀ ਐਸੀ ਮਾਰੀ
ਉਹ ਮੁੜ ਵਤਨੀਂ ਨਹੀਂ ਆਇਆ
ਨੀ ਮੈਂ ਵਾਰੀ ਜਾਂ।

ਮਾਏ ! ਨੀ ਮਾਏ !
ਮੈਂ ਇਕ ਸ਼ਿਕਰਾ ਯਾਰ ਬਣਾਇਆ
ਉਹਦੇ ਸਿਰ 'ਤੇ ਕਲਗੀ
ਤੇ ਉਹਦੇ ਪੈਰੀਂ ਝਾਂਜਰ
ਤੇ ਉਹ ਚੋਗ ਚੁਗੀਂਦਾ ਆਇਆ
ਨੀ ਮੈਂ ਵਾਰੀ ਜਾਂ।

---

### ਅਸਾਂ ਤਾਂ ਜੋਬਨ ਰੁੱਤੇ ਮਰਨਾ

ਅਸਾਂ ਤਾਂ ਜੋਬਨ ਰੁੱਤੇ ਮਰਨਾ
ਮੁੜ ਜਾਣਾ ਅਸਾਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪਰਕਰਮਾ
ਅਸਾਂ ਤਾਂ ਜੋਬਨ ਰੁੱਤੇ ਮਰਨਾ

ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾਂ ਤਾਰਾ
ਜੋਬਨ ਰੁੱਤੇ ਆਸ਼ਿਕ ਮਰਦੇ
ਜਾਂ ਕੋਈ ਕਰਮਾਂ ਵਾਲਾ
ਜਾਂ ਉਹ ਮਰਨ
ਕਿ ਜਿਨ੍ਹਾਂ ਲਿਖਾਏ
ਹਿਜਰ ਧੁਰੋਂ ਵਿਚ ਕਰਮਾਂ
ਹਿਜਰ ਤੁਹਾਡਾ ਅਸਾਂ ਮੁਬਾਰਕ
ਨਾਲ ਬਹਿਸ਼ਤੀਂ ਖੜਨਾ
ਅਸਾਂ ਤਾਂ ਜੋਬਨ ਰੁੱਤੇ ਮਰਨਾ।

ਸੱਜਣ ਜੀ
ਭਲਾ ਕਿਸ ਲਈ ਜਾਣਾ
ਸਾਡੇ ਜਿਹਾ ਨਿਕਰਮਾ
ਸੂਤਕ ਰੁੱਤ ਤੋਂ
ਜੋਬਨ ਰੁੱਤ ਤਕ
ਜਿਨ੍ਹਾਂ ਹੰਢਾਈਆਂ ਸ਼ਰਮਾਂ
ਨਿੱਤ ਲੱਜਿਆ ਦੀਆਂ ਜੰਮਣ-ਪੀੜਾਂ
ਅਣਚਾਹਿਆਂ ਵੀ ਜਰਨਾ
ਨਿੱਤ ਕਿਸੇ ਦੇਹ ਵਿਚ
ਫੁੱਲ ਬਣ ਕੇ ਖਿੜਨਾ
ਨਿੱਤ ਤਾਰਾ ਬਣ ਚੜ੍ਹਨਾ
ਅਸਾਂ ਤਾਂ ਜੋਬਨ ਰੁੱਤੇ ਮਰਨਾ।

ਸੱਜਣ ਜੀ
ਦਿਸੇ ਸਭ ਜੱਗ ਤਾਈਂ
ਗਰਭ ਜੂਨ ਵਿਚ ਮਰਨਾ
ਜੰਮਣੋਂ ਪਹਿਲਾਂ ਔਧ ਹੰਢਾਈਏ
ਫੇਰ ਹੰਢਾਈਏ ਸ਼ਰਮਾਂ
ਮਰ ਕੇ ਕਰੀਏ
ਇਕ ਦੂਜੇ ਦੀ
ਮਿੱਟੀ ਦੀ ਪਰਕਰਮਾ
ਪਰ ਜੇ ਮਿੱਟੀ ਵੀ ਮਰ ਜਾਏ
ਤਾਂ ਜਿਊ ਕੇ ਕੀ ਕਰਨਾ ?
ਅਸਾਂ ਤਾਂ ਜੋਬਨ ਰੁੱਤੇ ਮਰਨਾ
ਮੁੜ ਜਾਣਾ ਅਸਾਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪਰਕਰਮਾ
ਅਸਾਂ ਤਾਂ ਜੋਬਨ ਰੁੱਤੇ ਮਰਨਾ।

---

### ਮੈਨੂੰ ਤੇਰਾ ਸ਼ਬਾਬ ਲੈ ਬੈਠਾ

ਮੈਨੂੰ ਤੇਰਾ ਸ਼ਬਾਬ ਲੈ ਬੈਠਾ
ਰੰਗ ਗੋਰ ਗੁਲਾਬ ਲੈ ਬੈਠਾ।

ਦਿਲ ਦਾ ਡਰ ਸੀ ਕਿਤੇ ਨਾ ਲੈ ਬੈਠੇ
ਲੈ ਹੀ ਬੈਠਾ ਜਨਾਬ ਲੈ ਬੈਠਾ।

ਵਿਹਲ ਜਦ ਵੀ ਮਿਲੀ ਹੈ ਫ਼ਰਜ਼ਾਂ ਤੋਂ
ਤੇਰੇ ਮੁੱਖ ਦੀ ਕਿਤਾਬ ਲੈ ਬੈਠਾ।

ਕਿੰਨੀ ਬੀਤੀ ਤੇ ਕਿੰਨੀ ਬਾਕੀ ਹੈ
ਮੈਨੂੰ ਇਹੋ ਹਿਸਾਬ ਲੈ ਬੈਠਾ।

ਸ਼ਿਵ ਨੂੰ ਇਕ ਗਮ ਤੇ ਹੀ ਭਰੋਸਾ ਸੀ
ਗਮ ਤੋਂ ਕੋਰਾ ਜਵਾਬ ਲੈ ਬੈਠਾ।

---

### ਅੱਖ ਕਾਸ਼ਨੀ

ਨੀ ਇਕ ਮੇਰੀ ਅੱਖ ਕਾਸ਼ਨੀ
ਦੂਜਾ ਰਾਤ ਦੇ ਉਨੀਂਦਏ ਨੇ ਮਾਰਿਆ
ਨੀ ਸ਼ੀਸ਼ੇ 'ਚ ਤਰੇੜ ਪੈ ਗਈ
ਵਾਲ ਵਾਹੁੰਦੀ ਨੇ ਧਿਆਨ ਜਦ ਮਾਰਿਆ

ਇਕ ਮੇਰਾ ਦਿਉਰ ਨਿੱਕੜਾ
ਭੈੜਾ ਘੜੀ ਮੁੜੀ ਜਾਣ ਕੇ ਬੁਲਾਵੇ
ਖੇਤਾਂ 'ਚੋਂ ਝਕਾਣੀ ਮਾਰ ਕੇ
ਲੱਸੀ ਪੀਣ ਦੇ ਬਹਾਨੇ ਆਵੇ
ਨੀ ਉਹਦੇ ਕੋਲੋਂ ਸੰਗਦੀ ਨੇ
ਅਜੇ ਤੀਕ ਵੀ ਨਾ ਘੁੰਡ ਨੂੰ ਉਤਾਰਿਆ
ਨੀ ਇਕ ਮੇਰੀ ਅੱਖ ਕਾਸ਼ਨੀ...।

ਦੂਜੀ ਮੇਰੀ ਸੱਸ ਚੰਦਰੀ
ਭੈੜੀ ਰੋਹੀ ਦੀ ਕਿੱਕਰ ਤੋਂ ਕਾਲੀ
ਗੱਲੇ ਕੱਥੇ ਵੀਰ ਪੁਣਦੀ
ਨਿੱਤ ਦੇਵੇ ਮੇਰੇ ਮਾਪਿਆਂ ਨੂੰ ਗਾਲੀ
ਨੀ ਰੱਬ ਜਾਣੇ ਤੱਤੜੀ ਦਾ
ਕਿਹੜਾ ਲਾਚੀਆਂ ਦਾ ਬਾਗ ਮੈਂ ਉਜਾੜਿਆ
ਨੀ ਇਕ ਮੇਰੀ ਅੱਖ ਕਾਸ਼ਨੀ...।

ਤੀਜਾ ਮੇਰਾ ਕੰਤ ਜਿਵੇਂ
ਰਾਤ ਚਾਨਣੀ 'ਚ ਦੁੱਧ ਦਾ ਕਟੋਰਾ
ਨੀ ਫਿੱਕੜੇ ਸੰਧੂਰੀ ਰੰਗ ਦਾ
ਉਹਦੇ ਨੈਣਾਂ ਦਾ ਸ਼ਰਾਬੀ ਡੋਰਾ
ਨੀ ਲਾਮਾਂ ਉੱਤੋਂ ਪਰਤੇ ਲਈ
ਨੀ ਮੈਂ ਬੂਰੀਆਂ ਮੱਝਾਂ ਦਾ ਦੁੱਧ ਕਾੜ੍ਹਿਆ
ਨੀ ਇਕ ਮੇਰੀ ਅੱਖ ਕਾਸ਼ਨੀ...।

---

### ਹਾਏ ਨੀ

ਮੈਨੂੰ ਹੀਰੇ ਹੀਰੇ ਆਖੇ
ਹਾਏ ਨੀ ਮੁੰਡਾ ਲੰਬੜਾਂ ਦਾ
ਨੀ ਮੁੰਡਾ ਲੰਬੜਾਂ ਦਾ
ਮੈਨੂੰ ਵਾਂਗ ਸ਼ੁਦਾਈਆਂ ਝਾਕੇ
ਹਾਏ ਨੀ ਮੁੰਡਾ ਲੰਬੜਾਂ ਦਾ
ਨੀ ਮੁੰਡਾ ਲੰਬੜਾਂ ਦਾ।

ਸੁਬਹ ਸਵੇਰੇ ਉਠ ਨਦੀਏ ਜਾਂ ਜਾਨੀ ਆਂ
ਮਲ ਮਲ ਦਹੀਂ ਦੀਆਂ ਫੁੱਟੀਆਂ ਨਹਾਨੀ ਆਂ
ਨੀ ਉਹਦੇ ਪਾਣੀ 'ਚ ਸੁਣੀਵਣ ਹਾਸੇ
ਹਾਏ ਨੀ ਮੁੰਡਾ ਲੰਬੜਾਂ ਦਾ
ਨੀ ਮੁੰਡਾ ਲੰਬੜਾਂ ਦਾ
ਮੈਨੂੰ ਹੀਰੇ ਹੀਰੇ ਆਖੇ
ਹਾਏ ਨੀ ਮੁੰਡਾ ਲੰਬੜਾਂ ਦਾ
ਨੀ ਮੁੰਡਾ ਲੰਬੜਾਂ ਦਾ।

ਸੁਬਹ ਸਵੇਰੇ ਉੱਠ ਖੂਹ ਤੇ ਜਾਨੀ ਆਂ
ਸੂਹਾ ਸੂਹਾ ਘੜਾ ਜਦ ਢਾਕੇ ਮੈਂ ਲਾਨੀ ਆਂ
ਨੀ ਉਹ ਲੱਗਾ ਮੇਰੀ ਵੱਖੀ ਸੰਗ ਜਾਪੇ
ਹਾਏ ਨੀ ਮੁੰਡਾ ਲੰਬੜਾਂ ਦਾ
ਨੀ ਮੁੰਡਾ ਲੰਬੜਾਂ ਦਾ
ਮੈਨੂੰ ਹੀਰੇ ਹੀਰੇ ਆਖੇ
ਹਾਏ ਨੀ ਮੁੰਡਾ ਲੰਬੜਾਂ ਦਾ
ਨੀ ਮੁੰਡਾ ਲੰਬੜਾਂ ਦਾ।

ਸੁਬਹ ਸਵੇਰੇ ਜਦ ਬਾਗ਼ੀਂ ਮੈਂ ਜਾਨੀ ਆਂ
ਚੁਣ ਚੁਣ ਮਰੂਆ ਚੰਬੇਲੀ ਮੈਂ ਲਿਆਨੀ ਆਂ
ਨੀ ਉਹਦੇ ਸਾਹਾਂ ਦੀ ਸੁਗੰਧ ਆਉਂਦੀ ਜਾਪੇ
ਹਾਏ ਨੀ ਮੁੰਡਾ ਲੰਬੜਾਂ ਦਾ
ਨੀ ਮੁੰਡਾ ਲੰਬੜਾਂ ਦਾ
ਮੈਨੂੰ ਹੀਰੇ ਹੀਰੇ ਆਖੇ
ਹਾਏ ਨੀ ਮੁੰਡਾ ਲੰਬੜਾਂ ਦਾ
ਨੀ ਮੁੰਡਾ ਲੰਬੜਾਂ ਦਾ।

#

# ਵਰਤਮਾਨ ਸੰਦਰਭ 'ਚ ਗੁਰਦੁਆਰਾ, ਸਿੱਖ ਤੇ ਸਿੱਖਿਆ-2

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਵਿਚ ਚਰਚਾ ਕਰ ਰਹੇ ਸਾਂ ਕਿ ਜਿਸ ਉਪਰ ਅੰਦਰੂਨੀ ਭਾਈਚਾਰੇ ਨਾਲ ਸੰਚਾਰ ਅਤੇ ਬਾਹਰਲੀ ਦੁਨੀਆਂ ਦੇ ਵਿਚਾਰਧਾਰਕ ਹਮਲਿਆਂ ਨਾਲ ਟੱਕਰ ਲੈਣ ਦੀ ਜ਼ਿੰਮੇਵਾਰੀ ਪੈਣੀ ਹੈ, ਉਸ ਨੂੰ ਆਪਣੀ ਪਰੰਪਰਾ, ਇਤਿਹਾਸ, ਧਰਮ-ਗ੍ਰੰਥ, ਇਸ ਦੀ ਵਿਚਾਰਧਾਰਾ ਅਤੇ ਸੰਕਲਪਾਂ ਦੀ ਵਿਆਖਿਆ ਦੀ ਪੂਰੀ ਅਤੇ ਸਹੀ ਜਾਣਕਾਰੀ ਹੋਣੀ ਚਾਹੀਦੀ ਹੈ।

ਅੱਜ ਦਾ ਜੁਗ ਧਾਰਮਿਕ-ਅਨੇਕਵਾਦ ਦਾ ਜੁਗ ਹੈ। ਇਸ ਲਈ ਉਸ ਨੂੰ ਦੂਸਰੇ ਧਰਮਾਂ ਦਾ ਵੀ ਮੁੱਢਲਾ ਗਿਆਨ ਹੋਣਾ ਜ਼ਰੂਰੀ ਹੈ ਤਾਂ ਕਿ ਆਪਣੇ ਪੱਖ ਨੂੰ ਆਪਣਿਆਂ ਅਤੇ ਦੂਸਰਿਆਂ ਨੂੰ ਸਮਝਾਉਣ ਵਿਚ ਉਸ ਨੂੰ ਕੋਈ ਬਹੁਤੀ ਦਿੱਕਤ ਨਾ ਆਵੇ। ਕਿਸੇ ਛੋਟੇ ਤੋਂ ਛੋਟੇ ਚਰਚ ਦਾ ਪਾਦਰੀ ਵੀ ਚੰਗਾ ਪੜ੍ਹਿਆ ਲਿਖਿਆ ਵਿਦਵਾਨ, ਧਰਮ ਦੇ ਖੇਤਰ ਵਿਚ ਤਾਲੀਮ-ਯਾਫ਼ਤਾ ਵਿਅਕਤੀ ਹੁੰਦਾ ਹੈ। ਸਿੱਖ ਧਰਮ ਵਿਚ ਇਸ ਤਰ੍ਹਾਂ ਨਹੀਂ ਹੈ। ਸਿੱਖ ਧਰਮ ਦੇ ਪ੍ਰਚਾਰਕ ਆਮ ਤੌਰ 'ਤੇ ਸਿੱਖ ਇਤਿਹਾਸ ਜਾਂ ਸਿੱਖ ਫਲਸਫੇ ਵਿਚ ਯੋਗਤਾ ਪ੍ਰਾਪਤ ਵਿਅਕਤੀ ਨਹੀਂ ਹੁੰਦੇ, ਦੂਸਰੇ ਧਰਮਾਂ ਦੀ ਜਾਣਕਾਰੀ ਤਾਂ ਗੱਲ ਹੀ ਦੂਰ ਦੀ ਹੈ। ਇਹ ਸਮਝ ਲਿਆ ਜਾਂਦਾ ਹੈ ਕਿ ਜਿਸ ਨੂੰ ਗੁਰਮੁਖੀ ਲਿਪੀ ਆਉਂਦੀ ਹੈ, ਜੋ ਪਾਠ ਕਰ ਲੈਂਦਾ ਹੈ ਅਤੇ ਜੇ ਉਸ ਨੂੰ ਹੋਰ ਕਿਧਰੇ ਕੰਮ ਨਹੀਂ ਮਿਲਦਾ ਤਾਂ ਉਹ ਸਿੱਖ ਧਰਮ ਦਾ ਪ੍ਰਚਾਰਕ ਜਾਂ ਗ੍ਰੰਥੀ ਸਿੰਘ ਲੱਗ ਸਕਦਾ ਹੈ, ਕਿਉਂ? ਇਸ ਲਈ ਕਿ ਅਸੀਂ ਸਿੱਖਾਂ ਨੇ ਇਹ ਧਾਰਨਾ ਬਣਾ ਲਈ ਹੈ ਕਿ ਸਿੱਖ ਦਾ ਕੰਮ ਏਨਾ ਕੁ ਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਖੁਸ਼ੀ-ਗਮੀ ਸਮੇਂ ਕਰਵਾਉਣਾ ਹੈ, ਬੱਸ। ਬਾਣੀ ਨੂੰ ਸਮਝਣ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਨੇ ਕੀ ਵਿਚਾਰਧਾਰਾ ਦਿੱਤੀ ਹੈ, ਅਸੀਂ ਜੀਵਨ ਵਿਚ ਉਸ ਤੋਂ ਕੀ ਅਗਵਾਈ ਲੈਣੀ ਹੈ, ਇਸ ਨਾਲ ਸਿੱਖ ਦਾ ਕੋਈ ਸਬੰਧ ਹੀ ਨਹੀਂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਖੁਸ਼ੀ-ਗਮੀ ਸਮੇਂ ਸੁੱਖਣਾ ਤਾਰਨ ਲਈ ਪਾਠ, ਅਖੰਡ ਪਾਠ ਕਰਾਉਣ ਤੱਕ ਮਹਿਦੂਦ ਕਰ ਲਿਆ ਹੈ। ਇਸ ਵਿਚ ਸਭ ਤੋਂ ਵੱਡਾ ਯੋਗਦਾਨ ਸ਼੍ਰੋਮਣੀ ਕਮੇਟੀ ਦਾ ਹੈ ਜੋ ਆਪਣੇ ਪ੍ਰਬੰਧ ਹੇਠਲੇ ਹਰ ਗੁਰਦੁਆਰੇ ਵਿਚ ਪਾਠ ਬੁੱਕ ਕਰਦੀ ਹੈ। ਗੁਰੂ ਸਾਹਿਬਾਨ ਨੇ ਅਜਿਹੀ ਸਿੱਖਿਆ ਤਾਂ ਕਿਧਰੇ ਨਹੀਂ ਦਿੱਤੀ। ਪਾਠ ਨੂੰ ਅਸੀਂ ਗੁਰਦੁਆਰਿਆਂ ਦੀ ਆਮਦਨ ਦਾ ਸਾਧਨ ਬਣਾ ਲਿਆ ਹੈ। ਰਹਿੰਦੀ ਕਸਰ ਰੰਗ-ਬਿਰੰਗੇ ਡੇਰਿਆਂ ਨੇ ਪੂਰੀ ਕਰ ਦਿੱਤੀ ਹੈ ਜੋ ਸਿੱਖ ਧਰਮ ਦੇ ਪ੍ਰਚਾਰ ਦੇ ਨਾਮ 'ਤੇ ਪਤਾ ਨਹੀਂ ਕਿੱਥੋਂ ਕਿੱਥੋਂ ਭਰਮ-ਪਾਊ ਸਾਖੀਆਂ ਕੱਢ ਕੇ ਸੰਗਤ ਨੂੰ ਸੁਣਾਉਂਦੇ ਰਹਿੰਦੇ ਹਨ ਅਤੇ ਸੰਗਤ ਅੱਖਾਂ ਮੀਚ ਕੇ, ਬਿਨਾਂ ਦਿਮਾਗ 'ਤੇ ਭੋਰਾ ਵੀ ਬੋਝ ਪਾਇਆਂ ਵਾਹਿਗੁਰੂ ਵਾਹਿਗੁਰੂ ਕਰਦੀ ਰਹਿੰਦੀ ਹੈ। ਗੁਰੂ ਘਰ ਨਿਥਾਂਵਿਆਂ ਦਾ ਥਾਂਵ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ ਹੈ ਪਰ ਇਸ ਢੰਗ ਨਾਲ ਨਹੀਂ ਜਿਹੋ ਜਿਹਾ ਅਸੀਂ ਬਣਾ ਲਿਆ ਹੈ।

ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਧਾਰਮਿਕ ਭਾਈਚਾਰੇ ਵਿਚ ਜਿਸ ਅਮਲ ਰਾਹੀਂ ਧਾਰਮਿਕ ਨਜ਼ਰੀਆ ਅਤੇ ਭਾਵਨਾ ਪੈਦਾ ਕੀਤੇ ਜਾਂਦੇ ਹਨ, ਉਹ ਸੁਭਾ ਵਿਚ ਦੁਵੱਲੇ ਅਸਰ ਵਾਲਾ ਹੈ। ਇੱਕ ਪਾਸੇ, ਵਿਅਕਤੀ ਭਾਈਚਾਰੇ ਵਿਚ ਧਾਰਮਿਕ ਭਾਈਵਾਲੀ 'ਤੇ ਅਸਰ ਪਾਉਂਦਾ ਹੈ, ਇਸ ਦੇ ਨਾਲ ਹੀ ਭਾਈਚਾਰਾ ਵੀ ਉਸ 'ਤੇ ਅਸਰ ਅੰਦਾਜ਼ ਹੁੰਦਾ ਹੈ। ਸਿੱਖ ਗੁਰੂ ਸਾਹਿਬਾਨ ਨੂੰ ਇਸ ਤੱਥ ਦਾ ਭਲੀਭਾਂਤ ਅਹਿਸਾਸ ਸੀ। ਇਹੀ ਕਾਰਨ ਹੈ ਕਿ ਗੁਰੂ-ਘਰਾਂ ਵਿਚ ਸੰਗਤਿ ਅਤੇ ਪੰਗਤਿ ਦੀ ਸੰਸਥਾ ਕਾਇਮ ਕੀਤੀ ਗਈ। ਗੁਰੂ ਰਾਮਦਾਸ ਸੰਗਤ ਦੀ ਮਹੱਤਤਾ ਪ੍ਰਤੀ ਚੇਤੰਨ ਕਰਦੇ ਹਨ ਕਿ ਸਤਿਸੰਗਤਿ ਸਤਿਗੁਰੂ ਦੀ ਪਾਠਸ਼ਾਲਾ ਹੈ, ਜਿੱਥੇ ਜਾ ਕੇ ਮਨੁੱਖ ਅਕਾਲ ਪੁਰਖ ਦੇ ਗੁਣ ਸਿੱਖ ਸਕਦਾ ਹੈ। ਧੰਨ ਹੈ ਉਹ ਪਾਂਧਾ-ਗੁਰੂ (ਪਾਂਧੇ ਦਾ ਕੰਮ ਪੁਰਾਣੇ ਸਮੇਂ ਵਿਚ ਵਿੱਦਿਆ ਦੇਣਾ ਹੁੰਦਾ ਸੀ) ਜਿਸ ਰਾਹੀਂ ਪਰਮਾਤਮਾ ਨੂੰ ਮਿਲ ਕੇ ਉਸ ਦੀ ਸਿਫ਼ਤਿ ਸਾਲਾਹ ਦੀਆਂ ਗੱਲਾਂ ਕਰੀਦੀਆਂ ਹਨ,

ਸਤਸੰਗਤਿ ਸਤਿਗੁਰ ਚਟਸਾਲ ਹੈ
ਜਿਤੁ ਹਰਿ ਗੁਣ ਸਿਖਾ॥
ਧਨੁ ਧੰਨੁ ਸੁ ਪਾਧਾ ਸਤਿਗੁਰੂ
ਜਿਤੁ ਮਿਲਿ ਹਰਿ ਲੇਖਾ ਲਿਖਾ॥ (ਪੰਨਾ 1316)

ਭਾਈ ਗੁਰਦਾਸ ਕਹਿੰਦੇ ਹਨ ਕਿ ਚੰਦਨ ਦਾ ਬਵੰਜਾ ਉਂਗਲਾਂ ਦਾ ਦਰੱਖਤ ਉਜਾੜ ਜੰਗਲ ਵਿਚ ਉਗਦਾ ਅਤੇ ਵੱਸਦਾ ਹੈ। ਉਹ ਹਵਾ ਦੇ ਰੁਮਕਣ ਨਾਲ ਆਸ-ਪਾਸ ਉਗੀ ਹਰ ਤਰ੍ਹਾਂ ਦੀ ਬਨਸਪਤੀ ਵਿਚ ਆਪਣੀ ਸੁਗੰਧ ਬਿਖੇਰਦਾ ਹੈ। ਇਸ ਵਿਚ ਫਲਦਾਰ ਅਤੇ ਬਿਨਾ ਫਲ ਦੇ, ਹਰ ਤਰ੍ਹਾਂ ਦੇ ਦਰੱਖਤ ਸ਼ਾਮਲ ਹੁੰਦੇ ਹਨ ਜਿਨ੍ਹਾਂ ਤੱਕ ਉਸ ਦੀ ਸੁਗੰਧ ਇੱਕੋ ਜਿਹੇ ਰੂਪ ਵਿਚ ਪਹੁੰਚਦੀ ਹੈ ਅਤੇ ਉਹ ਸਾਰੀ ਬਨਸਪਤੀ ਨੂੰ ਚੰਦਨ ਦਾ ਬਗ਼ੀਚਾ ਬਣਾ ਦਿੰਦਾ ਹੈ। ਗੁਰਮੁਖਿ ਸਾਧਸੰਗਤਿ ਵਿਚ ਸੁਖ ਫਲ ਪ੍ਰਾਪਤ ਕਰਦੇ ਹਨ। ਇੱਕ ਦਿਨ ਵਿਚ ਹੀ ਪਤਿਤਾਂ ਨੂੰ ਪਵਿੱਤਰ ਕਰ ਦਿੰਦੇ ਹਨ। ਕੱਚਿਆਂ ਅਰਥਾਤ ਮਨਮੁੱਖਾਂ ਨੂੰ ਸਾਧ ਸੰਗਤਿ ਰੂਪ ਵਾੜੀ ਵਿਚ ਹੀ ਪਕਾ ਲੈਂਦੇ ਹਨ। ਇਸ ਤਰ੍ਹਾਂ ਸਾਧ ਸੰਗਤਿ ਰੂਪ ਕੁਠਾਲੀ ਵਿਚ ਪੈ ਕੇ ਪੱਕੇ ਹੋਏ ਮਨੁੱਖ ਨੂੰ ਦੁਨੀਆਂ ਦੀ ਕੋਈ ਤਖ਼ਲੀਫ ਨਹੀਂ ਦਿੰਦੀ,

ਬਾਵਨ ਚੰਦਨ ਬਿਰਖੁ ਹੋਇ ਵਣਖੰਡ
ਅੰਦਰਿ ਵਸੈ ਉਜਾੜੀ।
ਪਾਸਿ ਨਿਵਾਸੁ ਵਣਾਸਿਪਤਿ ਨਿਹਚਲੁ
ਲਾਇ ਉਰਧ ਤਪ ਤਾੜੀ।
ਪਵਨ ਗਵਨ ਸਨਬੰਧੁ ਕਰਿ
ਗੰਧ ਸੁਗੰਧ ਉਲਾਸ ਉਘਾੜੀ।
ਅਫਲ ਸਫਲ ਸਮਦਰਸ ਹੋਇ
ਕਰੇ ਵਣਸਪਤਿ ਚੰਦਨ ਵਾੜੀ।
ਗੁਰਮੁਖਿ ਸੁਖ ਫਲੁ ਸਾਧ ਸੰਗੁ
ਪਤਿਤ ਪੁਨੀਤ ਕਰੈ ਦੇਹਾੜੀ।
ਅਉਗੁਣ ਕੀਤੇ ਗੁਣ ਕਰੈ
ਕਚ ਪਕਾਈ ਉਪਰਿ ਵਾੜੀ।
ਨੀਰੁ ਨ ਡੋਬੈ ਅਗਿ ਨ ਸਾੜੀ। (6/16)

ਸੰਗਤ ਵਿਚ ਮਿਲਾਪ ਬਾਣੀ ਉਚਾਰਣ ਅਤੇ ਸਤਿਸੰਗੀਆਂ ਨਾਲ ਮਿਲ ਕੇ ਅਕਾਲ ਪੁਰਖ ਦੇ ਗੁਣ ਗਾਉਣ ਨਾਲ ਹੁੰਦਾ ਹੈ। ਗੁਰਮੁਖਿ ਜੋ ਬਾਣੀ ਸਰਵਣ ਕਰਨ ਲਈ ਆਪਣੇ ਕੰਨ ਅਤੇ ਦੈਵੀ ਸੱਚ ਨੂੰ ਪ੍ਰਾਪਤ ਕਰਨ ਲਈ ਆਪਣੇ ਹਿਰਦੇ ਦੇ ਦਰਵਾਜ਼ੇ ਖੁਲ੍ਹੇ ਰੱਖਦੇ ਹਨ, ਉਹ ਉਚੇ ਉਠ ਜਾਂਦੇ ਹਨ ਅਤੇ ਅਕਾਲ ਪੁਰਖ ਨਾਲ ਉਨ੍ਹਾਂ ਦਾ ਮਿਲਾਪ ਹੋ ਜਾਂਦਾ ਹੈ। ਗੁਰਦੁਆਰਾ ਇੱਕ ਅਜਿਹੀ ਸੰਸਥਾ ਹੈ ਜਿਸ ਰਾਹੀਂ ਇਹ ਕਾਰਜ ਸੰਪੂਰਨ ਕੀਤਾ ਜਾ ਸਕਦਾ ਹੈ। ਇਹ ਅਜਿਹਾ ਸਥਾਨ ਹੈ ਜੋ ਭਾਈਚਾਰੇ ਵਿਚ ਧਾਰਮਿਕ ਸਾਂਝ ਪੈਦਾ ਕਰਦਾ ਹੈ ਅਤੇ ਉਨ੍ਹਾਂ ਦੇ ਨਜ਼ਰੀਏ ਅਤੇ ਵਿਚਾਰਾਂ 'ਤੇ ਅਸਰ ਪਾਉਂਦਾ ਹੈ। ਕੀ ਸਾਡੀ ਗੁਰਦੁਆਰਾ ਸੰਸਥਾ ਅਤੇ ਅਸੀਂ ਜਿਹੜੇ ਇਸ ਸੰਸਥਾ ਨੂੰ ਚਲਾਉਂਦੇ ਹਾਂ, ਗੁਰੂ ਵੱਲੋਂ ਸੌਂਪਿਆ ਗਿਆ ਇਹ ਕਾਰਜ ਚੰਗੀ ਤਰ੍ਹਾਂ ਨਿਭਾ ਰਹੇ ਹਾਂ? ਨਹੀਂ, ਬਿਲਕੁਲ ਨਹੀਂ ਕਿਉਂਕਿ ਸਾਡੇ ਲਈ ਰੋਲ ਮਾਡਲ ਗੁਰੂ ਦੀ ਥਾਂ ਸਾਡੇ ਰਾਜਨੀਤਕ ਨੇਤਾ ਬਣ ਗਏ ਹਨ।

ਗੁਰਦੁਆਰਾ ਸਾਡੇ ਝਗੜਿਆਂ ਦਾ ਕੇਂਦਰ ਬਣ ਗਿਆ ਹੈ। ਇਨ੍ਹਾਂ ਵਿਚ ਸਾਡੀ ਦਿਲਚਸਪੀ ਏਨੀ ਕੁ ਹੀ ਰਹਿ ਗਈ ਹੈ, ਮਾਰਬਲ, ਹੋਰ ਮਾਰਬਲ ਲਾਈ ਜਾਵੋ, ਜੋ ਗੁਰਦੁਆਰੇ ਨੂੰ ਸੰਗਤ ਲਈ ਅਸੁਖਾਵਾਂ ਵੀ ਬਣਾਉਂਦੀ ਹੈ। ਸਾਡੇ ਪ੍ਰਚਾਰਕ ਇਹ ਤਾਂ ਹਮੇਸ਼ਾ ਤੋਂ ਦੱਸਦੇ ਆ ਰਹੇ ਹਨ ਕਿ ਇੱਕ ਸਿੱਖ ਹੋਣ ਦੇ ਨਾਤੇ ਮਰਨਾ ਕਿਵੇਂ ਹੈ, ਕਿਉਂਕਿ ਇਹ ਰਾਜਨੀਤਕ ਤਾਕਤ ਦੇ ਭੁੱਖੇ ਨੇਤਾਵਾਂ ਦੀ ਤਾਕਤ ਹਥਿਆਉਣ ਲਈ ਮੋਰਚਿਆਂ ਅਤੇ ਧਰਮ-ਯੁੱਧ ਮੋਰਚਿਆਂ ਲਈ ਜ਼ਰੂਰਤ ਹੈ (ਤਾਕਤ ਵਿਚ ਆਉਣ 'ਤੇ ਉਨ੍ਹਾਂ ਨੂੰ ਉਹ ਸਭ ਕੁੱਝ ਭੁੱਲ ਜਾਂਦਾ ਹੈ ਜਿਸ ਦੀ ਖ਼ਾਤਰ ਭੋਲੇ ਭਾਲੇ ਲੋਕ ਆਪਣੀਆਂ ਜਾਨਾਂ ਵਾਰਦੇ ਅਤੇ ਜੇਲ੍ਹਾਂ ਕੱਟਦੇ ਆਏ ਹਨ)। ਇਨ੍ਹਾਂ ਨੇ ਨੌਜੁਆਨ ਪੀੜ੍ਹੀ ਨੂੰ ਇਹ ਕਦੇ ਨਹੀਂ ਦੱਸਿਆ ਕਿ ਜਿਉਣਾ ਕਿਵੇਂ ਹੈ? ਜਦ ਕਿ ਸਿੱਖ ਧਰਮ ਇੱਕ ਜੀਵਨ ਜਾਚ ਹੈ। ਗੁਰਦੁਆਰੇ ਦਾ ਇਹ ਕਾਰਜ ਹੈ ਕਿ ਬਾਣੀ ਦੇ ਅਧਿਆਤਮਕ ਅਨੁਭਵ ਅਤੇ ਇਸ ਦੇ ਸੁਨੇਹੇ ਨੂੰ ਦੱਸੇ ਅਤੇ ਸਿੱਖੀ ਵਿਚ ਅੰਦਰੋਂ ਪੈਦਾ ਹੋ ਰਹੇ ਭਰਮ ਦੂਰ ਕਰੇ, ਬਾਹਰੋਂ ਹੋ ਰਹੇ ਸਿਧਾਂਤਕ ਹਮਲਿਆਂ ਦਾ ਢੁਕਵਾਂ ਜੁਆਬ ਦੇਵੇ।

ਗੁਰੂ ਸਾਹਿਬਾਨ ਕੋਲ ਉਹ ਅਧਿਆਤਮਕ ਅਤੇ ਧਾਰਮਿਕ ਅਨੁਭਵ ਸੀ, ਜੋ ਉਨ੍ਹਾਂ ਸਭ ਵਿਚ ਸਾਂਝ ਪੈਦਾ ਕਰਨ ਲਈ ਮਜ਼ਬੂਰ ਕਰ ਦਿੰਦਾ ਸੀ, ਜਿਨ੍ਹਾਂ ਕੋਲ ਇਹ ਬਾਣੀ ਦੇ ਰੂਪ ਵਿਚ ਸੀ। ਉਨ੍ਹਾਂ ਨੇ ਇਸ ਦਾ ਪਵਿੱਤਰ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਕਲਨ ਕੀਤਾ ਅਤੇ ਇਸ ਨੂੰ ਜਿਉਣ-ਮਰਨ ਦੀ ਕਲਾ ਦੇ ਰੂਪ ਵਿਚ ਪ੍ਰਗਟ ਕੀਤਾ। ਉਨ੍ਹਾਂ ਦੱਸਿਆ ਕਿ ਸੰਸਥਾਗਤ ਅਤੇ ਪ੍ਰਭੂ ਭਗਤੀ ਦੇ ਰੂਪ 'ਚ ਰਸਮਾਂ ਕਿਵੇਂ ਸਾਦੇ ਰੂਪ ਵਿਚ ਕਰਨੀਆਂ ਹਨ। ਉਨ੍ਹਾਂ ਇਸ ਨੂੰ ਨੈਤਿਕਤਾ ਅਤੇ ਅਮਲੀ ਕਾਰਜਾਂ ਵਿਚ ਢਾਲਿਆ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਸੰਗਤ ਰੂਪੀ ਖਾਲਸੇ ਨੂੰ ਇਹ ਹੱਕ ਦਿੱਤਾ ਕਿ ਸਮੇਂ ਦੀ ਲੋੜ ਮੁਤਾਬਕ ਇਸ ਨੂੰ ਸ਼ਬਦ ਗੁਰੂ ਦੀ ਅਗਵਾਈ ਵਿਚ ਬਦਲੇ ਹਾਲਾਤ ਮੁਤਾਬਕ ਕਿਵੇਂ ਅਮਲ 'ਚ ਲਿਆਉਣਾ ਹੈ?

ਅਸੀਂ ਸਿੱਖ ਦੇ ਤੌਰ 'ਤੇ ਫੇਲ੍ਹ ਹੋ ਗਏ ਹਾਂ। ਅੱਜ ਗੁਰਦੁਆਰਿਆਂ ਵਿਚ ਗੋਲਕ ਦੇ ਝਗੜਿਆਂ ਤੋਂ ਉਤੇ ਹੀ ਨਹੀਂ ਉਠਿਆ ਜਾ ਰਿਹਾ। ਮਕਸਦ ਲੋਕਾਈ ਦੀ ਸੇਵਾ ਕਰਨ ਦੀ ਥਾਂ ਸਿਰਫ ਇਹ ਰਹਿ ਗਿਆ ਹੈ ਕਿ ਕਬਜ਼ਾ ਕਿਵੇਂ ਕਰਨਾ ਹੈ? ਇਸ ਕਬਜ਼ੇ ਲਈ ਸ਼ਬਦ ਗੁਰੂ ਦੀ ਹਜ਼ੂਰੀ ਵਿਚ ਵੀ ਇੱਕ-ਦੂਜੇ ਦੀਆਂ ਪੱਗਾਂ ਉਛਾਲੀਆਂ ਜਾਂਦੀਆਂ ਹਨ, ਕ੍ਰਿਪਾਨ ਜੋ ਗਰੀਬ ਦੀ ਰਾਖੀ ਲਈ ਉਠਣੀ ਸੀ, ਇੱਕ ਦੂਜੇ 'ਤੇ ਵਾਰ ਕਰਨ ਲਈ ਵਰਤੀ ਜਾਂਦੀ ਹੈ। ਵਿਦੇਸ਼ ਵਿਚ ਬੈਠਿਆਂ ਵੀ ਅਸੀਂ ਆਪਣਾ ਅਤੇ ਆਪਣੇ ਧਰਮ ਦਾ ਮਜ਼ਾਕ ਬਣਾਉਣ ਤੋਂ ਨਹੀਂ ਟਲਦੇ। ਧੜੇਬੰਦਕ ਲੜਾਈ ਰੋਕਣ ਲਈ ਪੁਲਿਸ ਗੁਰਦੁਆਰੇ ਅੰਦਰ ਆਉਂਦੀ ਹੈ, ਬਹੁਤੀ ਵਾਰ ਸਮੇਤ ਜੁੱਤਿਆਂ ਦੇ। ਸੰਗਤ ਦਾ ਪੈਸਾ ਮੁਕੱਦਮਿਆਂ 'ਤੇ ਉਜਾੜਿਆ ਜਾਂਦਾ ਹੈ। ਸੋਚਿਆ ਜਾਵੇ ਤਾਂ ਜੋ ਪੈਸਾ ਚੌਧਰ ਅਤੇ ਗੋਲਕ ਦੇ ਕਬਜ਼ੇ 'ਤੇ ਖ਼ਰਚ ਹੁੰਦਾ ਹੈ, ਉਸ ਨਾਲ ਕਿੰਨੇ ਸਕੂਲਾਂ ਦਾ ਸੁਧਾਰ ਕੀਤਾ ਜਾ ਸਕਦਾ ਹੈ? ਬਤੌਰ ਸਿੱਖ ਨਿਜੀ ਪੱਧਰ 'ਤੇ ਵੀ ਅਸੀਂ ਕਿਸੇ ਸਕੂਲ ਦੀ ਇਮਾਰਤ ਬਣਾਉਣ, ਗਰੀਬ ਬੱਚਿਆਂ ਦੀ ਮਦਦ ਕਰਨ ਦੀ ਥਾਂ ਗੁਰੂ ਗ੍ਰੰਥ ਸਾਹਿਬ ਉਤੇ ਕੀਮਤੀ ਤੋਂ ਕੀਮਤੀ ਰੁਮਾਲੇ ਚੜ੍ਹਾਏ ਜਾਣ, ਕੀਮਤੀ ਚਾਨਣੀਆਂ ਨਾਲ ਕਮਰੇ ਨੂੰ ਸ਼ਿੰਗਾਰਦੇ ਹਾਂ, ਸ਼ਬਦ ਗੁਰੂ ਨੂੰ ਗਰਮੀ ਤੋਂ ਬਚਾਉਣ ਲਈ ਏ.ਸੀ. ਅਤੇ ਸਰਦੀ ਤੋਂ ਬਚਾਉਣ ਲਈ ਰਜਾਈ ਤੱਕ ਦਿੰਦੇ ਹਾਂ। ਸਵਾਲ ਹੈ, ਕੀ ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਸਿਰਫ ਦੂਸਰੇ ਧਰਮਾਂ ਵਿਚ ਪ੍ਰਵੇਸ਼ ਕਰ ਚੁੱਕੇ ਪਖੰਡ ਅਤੇ ਕਰਮਕਾਂਡ ਦੇ ਮੱਦੇਨਜ਼ਰ ਰਚੀ ਸੀ? ਇਹ ਸਿੱਖਾਂ ਲਈ ਰਚੀ ਗਈ ਸੀ, ਜਿਸ ਨੂੰ ਪੜ੍ਹਨ, ਸੁਣਨ ਅਤੇ ਇਸ 'ਤੇ ਹਰ ਸਿੱਖ ਨੂੰ ਅਮਲ ਕਰਨ ਦਾ ਆਦੇਸ਼ ਦਿੱਤਾ ਗਿਆ ਹੈ।

> ***ਅੱਜ ਗੁਰਦੁਆਰਿਆਂ ਵਿਚ ਗੋਲਕ ਦੇ ਝਗੜਿਆਂ ਤੋਂ ਉਤੇ ਹੀ ਨਹੀਂ ਉਠਿਆ ਜਾ ਰਿਹਾ। ਮਕਸਦ ਲੋਕਾਈ ਦੀ ਸੇਵਾ ਕਰਨ ਦੀ ਥਾਂ ਸਿਰਫ ਇਹ ਰਹਿ ਗਿਆ ਹੈ ਕਿ ਕਬਜ਼ਾ ਕਿਵੇਂ ਕਰਨਾ ਹੈ? ਇਸ ਕਬਜ਼ੇ ਲਈ ਸ਼ਬਦ ਗੁਰੂ ਦੀ ਹਜ਼ੂਰੀ ਵਿਚ ਵੀ ਇੱਕ-ਦੂਜੇ ਦੀਆਂ ਪੱਗਾਂ ਉਛਾਲੀਆਂ ਜਾਂਦੀਆਂ ਹਨ, ਕ੍ਰਿਪਾਨ ਜੋ ਗਰੀਬ ਦੀ ਰਾਖੀ ਲਈ ਉਠਣੀ ਸੀ, ਇੱਕ ਦੂਜੇ 'ਤੇ ਵਾਰ ਕਰਨ ਲਈ ਵਰਤੀ ਜਾਂਦੀ ਹੈ। ਵਿਦੇਸ਼ ਵਿਚ ਬੈਠਿਆਂ ਵੀ ਅਸੀਂ ਆਪਣਾ ਅਤੇ ਆਪਣੇ ਧਰਮ ਦਾ ਮਜ਼ਾਕ ਬਣਾਉਣ ਤੋਂ ਨਹੀਂ ਟਲਦੇ। ਧੜੇਬੰਦਕ ਲੜਾਈ ਰੋਕਣ ਲਈ ਪੁਲਿਸ ਗੁਰਦੁਆਰੇ ਅੰਦਰ ਆਉਂਦੀ ਹੈ, ਬਹੁਤੀ ਵਾਰ ਸਮੇਤ ਜੁੱਤਿਆਂ ਦੇ।***

ਸਾਡੇ ਪ੍ਰਚਾਰਕ ਇਹ ਕਿਉਂ ਨਹੀਂ ਸਮਝਾਉਂਦੇ ਕਿ 'ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ' ਹੈ, ਇਸ ਤਰ੍ਹਾਂ ਧਨ ਉਜਾੜਨ ਨਾਲੋਂ ਇਸ ਨੂੰ ਗ਼ਰੀਬ ਬੱਚਿਆਂ ਦੀ ਪੜ੍ਹਾਈ ਦੇ ਪ੍ਰਬੰਧ ਲਈ ਖ਼ਰਚ ਕੀਤਾ ਜਾਵੇ। ਅੱਜ ਦੁਨੀਆਂ ਦੇ ਹਰ ਸ਼ਹਿਰ ਵਿਚ ਕੈਥੋਲਿਕ ਸਕੂਲ ਖੁਲ੍ਹੇ ਹਨ। ਈਸਾਈਅਤ ਦਾ ਪ੍ਰਚਾਰ ਚਰਚ ਰਾਹੀਂ ਏਨਾ ਨਹੀਂ, ਜਿੰਨਾ ਸਕੂਲਾਂ ਵਿਚ ਵਿੱਦਿਆ ਰਾਹੀਂ ਹੁੰਦਾ ਹੈ। ਪਰ ਅਸੀ ਤਾਂ ਗੁਰੂ ਕੋਲੋਂ ਕੁੱਝ ਨਹੀਂ ਸਿੱਖਦੇ, ਹੋਰ ਕਿਸੇ ਤੋਂ ਕੀ ਸਿੱਖਣਾ ਹੈ। ਅੱਜ ਸਾਧਾਂ ਦੇ ਅਨੇਕ ਡੇਰੇ ਆਪਣੀ ਨਿਜੀ ਸਿੱਖੀ ਵੇਚ ਰਹੇ ਹਨ। ਦਿਨੋ-ਦਿਨ ਡੇਰਿਆਂ 'ਤੇ ਜਾਣ ਵਾਲੇ ਸਿੱਖਾਂ ਦੀ ਗਿਣਤੀ ਵਧਦੀ ਜਾਂਦੀ ਹੈ। ਕਿਉਂ? ਕਿਉਂਕਿ ਗੁਰਦੁਆਰਾ ਸੰਸਥਾ ਆਪਣਾ ਫਰਜ਼ ਸਹੀ ਢੰਗ ਨਾਲ ਨਹੀਂ ਨਿਭਾ ਰਹੀ। ਸਰਕਾਰਾਂ ਇਨ੍ਹਾਂ ਨੂੰ ਸਾਂਝੀਆਂ ਜ਼ਮੀਨਾਂ ਮੁਫ਼ਤ ਵਿਚ ਜਾਂ ਕੌਡੀਆਂ ਦੇ ਭਾਅ ਦੇ ਰਹੀਆਂ ਹਨ, ਕਿਉਂਕਿ ਸਿਆਸੀ ਲੋਕਾਂ ਨੂੰ ਪਤਾ ਹੈ ਕਿ ਸਿੱਖ ਵੋਟ ਇਨ੍ਹਾਂ ਡੇਰਿਆਂ ਰਾਹੀਂ ਮਿਲਦੀ ਹੈ।

ਬਤੌਰ ਸਿੱਖ ਸਾਨੂੰ ਜਾਗਣਾ ਪਵੇਗਾ ਅਤੇ ਨੌਜੁਆਨ ਪੀੜ੍ਹੀ ਨੂੰ ਬਚਾਉਣ ਲਈ ਜਤਨ ਕਰਨੇ ਪੈਣਗੇ। ਸੁੱਤਾ ਹੋਇਆ ਸਿੱਖ ਤਾਂ ਵੈਸੇ ਹੀ ਗੁਰੂ ਨੂੰ ਪ੍ਰਵਾਨ ਨਹੀਂ ਹੈ। ਗੁਰਦੁਆਰਾ ਸੰਸਥਾ ਨੂੰ ਆਪਣੇ ਹੱਕ ਵਿਚ ਵਰਤਣ ਲਈ ਆਮ ਹੀ ਇਹ ਕਹਿ ਦਿੱਤਾ ਜਾਂਦਾ ਹੈ ਕਿ ਸਿੱਖ ਧਰਮ ਵਿਚ ਭਗਤੀ ਅਤੇ ਸ਼ਕਤੀ ਇਕੱਠੀਆਂ ਹਨ, ਮੀਰੀ ਅਤੇ ਪੀਰੀ ਇੱਕ ਦੂਜੀ ਨਾਲ ਸਮਿਲਤ ਹਨ, ਅਧਿਆਤਮਕਤਾ ਅਤੇ ਦੁਨੀਆਦਾਰੀ ਇਕੱਠੀ ਹੈ। ਫਾਇਦਾ ਲੈਣ ਲਈ ਇਹ ਇੱਕ ਬਹਾਨਾ ਬਣਾ ਲਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਵੀ ਨਹੀਂ ਕਿਹਾ ਗਿਆ ਕਿ ਮੀਰੀ ਨੇ ਆਪਣੇ ਸੌੜੇ ਹਿੱਤਾਂ ਵਾਸਤੇ ਪੀਰੀ ਦੀ ਵਰਤੋਂ ਕਰਨੀ ਹੈ। ਆਦੇਸ਼ ਹੈ ਕਿ ਮੀਰੀ ਨੇ ਪੀਰੀ ਤੋਂ ਅਗਵਾਈ ਲੈਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਦ-ਤਾਜ਼ਾ ਸ਼ਬਦ ਮਾਡਲ ਦਿੱਤਾ ਗਿਆ ਹੈ ਜਿਸ ਵਿਚ ਹਰ ਔਖੇ ਸਮੇਂ ਲਈ ਅਗਵਾਈ ਕਰਨ ਦੀ ਸਮਰੱਥਾ ਹੈ। ਇੱਕ ਭਾਈਚਾਰੇ ਦੇ ਤੌਰ 'ਤੇ ਸਾਨੂੰ ਵਰਤਮਾਨ ਹਾਲਾਤ ਪ੍ਰਤੀ ਸੁਚੇਤ ਹੋ ਕੇ ਲਾਮਬੰਦ ਹੋਣਾ ਪਵੇਗਾ ਤਾਂ ਕਿ ਰਾਜਨੀਤਕ ਲੋਕ ਸਿੱਖ ਭਾਵਨਾਵਾਂ ਦਾ ਗਲਤ ਫਾਇਦਾ ਨਾ ਲੈ ਸਕਣ। ਉਨ੍ਹਾਂ ਦਾ ਇੱਕੋ-ਇੱਕ ਮਕਸਦ ਸੱਤਾ 'ਤੇ ਕਾਬਜ਼ ਰਹਿਣਾ ਹੈ, ਧਰਮ ਦੇ ਪੈਸੇ ਨੂੰ ਆਪਣੇ ਨਿਜੀ ਹਿੱਤਾਂ ਲਈ ਵਰਤਣਾ ਹੈ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਦਾ ਇਹ ਆਦੇਸ਼ ਬਿਲਕੁਲ ਸਹੀ ਹੈ ਕਿ ਨਵੇਂ ਗੁਰਦੁਆਰੇ ਬਣਾਉਣ ਤੋਂ ਸੰਕੋਚ ਕੀਤਾ ਜਾਵੇ। ਇੱਕੋ ਪਿੰਡ ਵਿਚ ਇਕ ਤੋਂ ਵੱਧ ਅਤੇ ਸ਼ਹਿਰਾਂ ਵਿਚ ਕਈ ਕਈ ਗੁਰਦੁਆਰੇ ਬਣਾ ਲਏ ਗਏ ਹਨ ਜਿਨ੍ਹਾਂ ਵਿਚ ਵੱਜ ਰਹੇ ਲਾਊਡ-ਸਪੀਕਰਾਂ ਦੀ ਆਵਾਜ਼ ਨਾ ਕਿਸੇ ਨੂੰ ਸੌਣ ਅਤੇ ਨਾ ਪੜ੍ਹਾਈ ਕਰਨ ਦਿੰਦੀ ਹੈ। ਇਨ੍ਹਾਂ ਨਾਲ ਸਬੰਧਤ ਲੋਕ ਏਨੇ ਢੀਠ ਹਨ ਕਿ ਉਹ ਕਿਸੇ ਵਿਦਿਆਰਥੀ ਜਾਂ ਮਾਪੇ ਦੀ ਆਵਾਜ਼ ਹੌਲੀ ਕਰਨ ਦੀ ਬੇਨਤੀ ਸੁਣਨ ਤੋਂ ਵੀ ਇਨਕਾਰ ਕਰ ਦਿੰਦੇ ਹਨ। ਮੈਂ ਇਥੇ ਤਿੰਨ ਪਿੰਡਾਂ ਦੀ ਮਿਸਾਲ ਦੇਣੀ ਚਾਹਾਂਗੀ ਜਿਨ੍ਹਾਂ ਨਾਲ ਮੇਰਾ ਵਾਹ ਰਿਹਾ ਹੈ। ਦੋਰਾਹੇ ਨੇੜੇ ਪਿੰਡ ਅੜੈਚਾਂ ਜਿੱਥੇ ਤਿੰਨ ਗੁਰਦੁਆਰੇ ਹਨ, ਝੀਤਾ ਕਲਾਂ, ਅੰਮ੍ਰਿਤਸਰ ਅਤੇ ਕੰਮੋਕੇ-ਬੁਤਾਲਾ (ਅੰਮ੍ਰਿਤਸਰ) ਵਿਚ ਤੜਕੇ ਤਿੰਨ ਵਜੇ ਤੋਂ ਸਪੀਕਰ ਏਨੀ ਉਚੀ ਆਵਾਜ਼ ਵਿਚ ਵੱਜਣੇ ਸ਼ੁਰੂ ਹੋ ਜਾਂਦੇ ਹਨ ਕਿ ਨਾ ਕੋਈ ਸੌਂ ਸਕਦਾ ਹੈ ਅਤੇ ਨਾ ਵਿਦਿਆਰਥੀ ਪੜ੍ਹ ਸਕਦਾ ਹੈ। ਬਸ ਰਿਕਾਰਡ ਜਾਂ ਟੇਪ ਲਾ ਦਿੱਤੀ ਜਾਂਦੀ ਹੈ, ਕੀ ਬੋਲਿਆ ਜਾ ਰਿਹਾ ਹੈ, ਸਮਝ ਨਹੀਂ ਪੈਂਦੀ। ਇਹ ਹਾਲ ਬਹੁਤੇ ਪਿੰਡਾਂ ਅਤੇ ਮੁਹੱਲਿਆਂ ਦਾ ਹੈ। ਜਥੇਦਾਰ ਸਾਹਿਬ ਮਿਹਰ ਕਰਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਪਿੰਡ-ਪਿੰਡ ਭੇਜਣ ਤਾਂ ਕਿ ਉਹ ਲੋਕਾਂ ਨੂੰ ਇਸ ਪ੍ਰਤੀ ਸਮਝਾਉਣ। ਸਪੀਕਰ ਬਾ-ਹੁਕਮ ਲੱਗਣੇ ਬੰਦ ਹੋਣੇ ਚਾਹੀਦੇ ਹਨ। ਜਿਸ ਨੇ ਬਾਣੀ ਸੁਣਨੀ ਹੈ, ਉਹ ਚੱਲ ਕੇ ਗੁਰੂ ਘਰ ਜਾਵੇ। ਸਿੱਖ ਨੇ ਗੁਰੂ ਕੋਲ ਜਾਣਾ ਹੈ, ਨਾ ਕਿ ਗੁਰੂ ਨੇ ਸਪੀਕਰ ਰਾਹੀਂ ਘਰ ਘਰ ਪਹੁੰਚ ਕਰਨੀ ਹੈ। ਭਾਈ ਗੁਰਦਾਸ ਨੇ ਕਲਿਜੁਗ ਦਾ ਵਰਤਾਰਾ ਦੱਸਿਆ ਹੈ,

ਚੇਲੇ ਬੈਠਨਿ ਘਰਾਂ ਵਿਚਿ
ਗੁਰਿ ਉਠਿ ਘਰੀਂ ਤਿਨਾੜੇ ਜਾਈ।

## ਕਰਨ ਕਰਾਵਣਹਾਰ ਪ੍ਰਭੁ ਦਾਤਾ

### ਗੁਰਬਾਣੀ ਗਿਆਨ

**ਸੋਰਠਿ ਮਹਲਾ ੫**

ਕਰਣ ਕਰਾਵਣਹਾਰ ਪ੍ਰਭੁ ਦਾਤਾ
ਪਾਰਬ੍ਰਹਮ ਪ੍ਰਭੁ ਸੁਆਮੀ॥
ਸਗਲੇ ਜੀਅ ਕੀਏ ਦਇਆਲਾ
ਸੋ ਪ੍ਰਭੁ ਅੰਤਰਜਾਮੀ॥੧॥
ਮੇਰਾ ਗੁਰੁ ਹੋਆ ਆਪਿ ਸਹਾਈ॥
ਸੂਖ ਸਹਜ ਆਨੰਦ ਮੰਗਲ ਰਸ
ਅਚਰਜ ਭਈ ਬਡਾਈ॥ਰਹਾਉ॥
ਗੁਰ ਕੀ ਸਰਣਿ ਪਏ ਭੈ ਨਾਸੇ
ਸਾਚੀ ਦਰਗਹ ਮਾਨੇ॥
ਗੁਣ ਗਾਵਤ ਆਰਾਧਿ ਨਾਮੁ ਹਰਿ
ਆਏ ਅਪੁਨੈ ਥਾਨੇ॥੨॥
ਜੈ ਜੈ ਕਾਰੁ ਕਰੈ ਸਭ ਉਸਤਤਿ
ਸੰਗਤਿ ਸਾਧ ਪਿਆਰੀ॥
ਸਦ ਬਲਿਹਾਰਿ ਜਾਉ ਪ੍ਰਭ ਅਪੁਨੇ
ਜਿਨਿ ਪੂਰਨ ਪੈਜ ਸਵਾਰੀ॥੩॥
ਗੋਸਟਿ ਗਿਆਨੁ ਨਾਮੁ ਸੁਣਿ ਉਧਰੇ
ਜਿਨਿ ਜਿਨਿ ਦਰਸਨੁ ਪਾਇਆ॥
ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ
ਅਨਦ ਸੇਤੀ ਘਰਿ ਆਇਆ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਆਖਦੇ ਹਨ- ਕਰਣ ਕਰਾਵਣਹਾਰ ਪ੍ਰਭੁ ਦਾਤਾ, ਭਾਵ ਹੇ ਭਾਈ! ਉਹ ਜੋ ਜਗਤ ਦਾ ਸੁਆਮੀ ਹੈ, ਉਹ ਪ੍ਰਭ ਜੀ ਤਾਂ ਸਭ ਕੁਝ ਕਰ ਸਕਦਾ ਹੈ ਅਤੇ ਜੀਵਾਂ ਕੋਲੋਂ ਵੀ ਸਭ ਕੁਝ ਕਰਵਾ ਸਕਦਾ ਹੈ। ਉਹ ਦਾਤਾ ਹੈ। ਪ੍ਰਾਰਬ੍ਰਹਮ ਪ੍ਰਭੁ ਸੁਆਮੀ, ਉਹ ਪ੍ਰਭੂ ਤਾਂ ਸਭ ਦਾ ਮਾਲਕ ਹੈ। ਸਗਲੇ ਜੀਅ ਕੀਏ ਦਇਆਲਾ, ਇਹ ਸਾਰੇ ਜੀਵ ਦਿਆਲਤਾ ਦੇ ਸਮੁੰਦਰ ਮਿਹਰਬਾਨ ਪ੍ਰਭੂ ਦੇ ਹੀ ਪੈਦਾ ਕੀਤੇ ਹੋਏ ਹਨ, ਉਹ ਅੰਤਰਜਾਮੀ ਪ੍ਰਭੂ ਸਭ ਦੇ ਦਿਲਾਂ ਦੀਆਂ ਜਾਣਨ ਵਾਲਾ ਹੈ।

ਮੇਰਾ ਗੁਰੁ ਹੋਆ ਆਪਿ ਸਹਾਈ॥
ਸੂਖ ਸਹਜ ਆਨੰਦ ਮੰਗਲ ਰਸ
ਅਚਰਜ ਭਈ ਬਡਾਈ॥ਰਹਾਉ॥

ਗੁਰਦੇਵ ਪਿਤਾ ਬਖ਼ਸ਼ਿਸ਼ ਕਰਦੇ ਹਨ- ਮੇਰਾ ਗੁਰ ਹੋਆ ਆਪਿ ਸਹਾਈ, ਭਾਵ ਹੇ ਭਾਈ! ਮੇਰਾ ਗੁਰੂ ਮਿਹਰਾਂ ਵਿਚ ਆ ਕੇ ਜਿਸ ਜੀਵ ਦਾ ਆਪ ਸਹਾਈ ਹੋ ਜਾਵੇ; ਸੂਖ ਸਹਜ ਆਨੰਦ ਮੰਗਲ ਰਸ, ਫਿਰ ਉਸ ਵਡਭਾਗੇ ਜੀਵ ਦੇ ਅੰਦਰ ਸੁਖਮਈ ਅਵਸਥਾ, ਖੁਸ਼ੀਆਂ ਦੇ ਰਸ ਆਪੇ ਹੀ ਬਣ ਜਾਂਦੇ ਹਨ ਅਤੇ ਉਸ ਦੀ ਆਤਮਾ ਵੀ ਅਡੋਲ ਹੋ ਜਾਂਦੀ ਹੈ। ਅਚਰਜ ਭਈ ਬਡਾਈ, ਫਿਰ ਉਸ ਵਡਭਾਗੇ ਜੀਵ ਨੂੰ ਇਸ ਲੋਕ ਅਤੇ ਅੱਗੇ ਪ੍ਰਲੋਕ 'ਚ ਵੀ ਬਹੁਤ ਸਤਿਕਾਰ ਮਿਲਦਾ ਹੈ।

ਗੁਰ ਕੀ ਸਰਣਿ ਪਏ ਭੈ ਨਾਸੇ
ਸਾਚੀ ਦਰਗਹ ਮਾਨੇ॥
ਗੁਣ ਗਾਵਤ ਆਰਾਧਿ ਨਾਮੁ ਹਰਿ
ਆਏ ਅਪੁਨੈ ਥਾਨੇ॥੨॥

ਗੁਰ ਕੀ ਸਰਣਿ ਪਏ ਭੈ ਨਾਸੇ, ਹੇ ਭਾਈ! ਜਿਹੜੇ ਜੀਵ ਗੁਰੂ ਦੀ ਸ਼ਰਨ ਵਿਚ ਆ ਪੈਂਦੇ ਹਨ, ਉਨ੍ਹਾਂ ਦੇ ਸਾਰੇ ਹੀ ਡਰ ਦੂਰ ਨੱਸ ਜਾਂਦੇ ਹਨ। ਸਾਚੀ ਦਰਗਹ ਮਾਨੇ, ਫਿਰ ਸਦਾ ਹੀ ਅਟੱਲ ਰਹਿਣ ਵਾਲੇ ਉਸ ਪ੍ਰਭੂ ਜੀ ਦੀ ਦਰਗਾਹ ਵਿਚ ਉਨ੍ਹਾਂ ਨੂੰ ਮਾਣ ਸਤਿਕਾਰ ਮਿਲਦਾ ਹੈ। ਗੁਣ ਗਾਵਤ ਆਰਾਧਿ ਨਾਮੁ ਹਰਿ, ਉਹ ਵਡਭਾਗੇ ਜੀਵ ਮਿਹਰਬਾਨ ਪ੍ਰਭੂ ਦੀ ਸਿਫਤ ਸਾਲਾਹ ਦੇ ਗੀਤ ਗਾ-ਗਾ ਕੇ, ਨਾਮ ਜਪ ਕੇ ਆਪਣੇ ਟਿਕਾਣੇ 'ਤੇ ਜਾ ਟਿਕਦੇ ਹਨ ਜਿਥੋਂ ਕੋਈ ਵੀ ਵਿਕਾਰ ਉਨ੍ਹਾਂ ਨੂੰ ਕਦੀ ਹਿਲਾ ਨਹੀਂ ਸਕਦਾ।

ਜੈ ਜੈ ਕਾਰੁ ਕਰੈ ਸਭ ਉਸਤਤਿ
ਸੰਗਤਿ ਸਾਧ ਪਿਆਰੀ॥
ਸਦ ਬਲਿਹਾਰਿ ਜਾਉ ਪ੍ਰਭ ਅਪੁਨੇ
ਜਿਨਿ ਪੂਰਨ ਪੈਜ ਸਵਾਰੀ॥੩॥

ਜੈ ਜੈ ਕਾਰੁ ਕਰੈ ਸਭ ਉਸਤਤਿ, ਹੇ ਭਾਈ! ਸਾਰੀ ਹੀ ਲੁਕਾਈ ਉਸ ਜੀਵ ਦੀ ਜੈ ਜੈ ਕਾਰ ਕਰਦੀ ਹੈ। ਸੰਗਤਿ ਸਾਧਿ ਪਿਆਰੀ, ਜਿਸ ਨੂੰ ਗੁਰੂ ਦੀ ਸੰਗਤ ਚੰਗੀ ਅਤੇ ਪਿਆਰੀ ਲੱਗਣ ਲੱਗ ਜਾਂਦੀ ਹੈ; ਸਦ ਬਲਿਹਾਰਿ ਜਾਉ ਪ੍ਰਭ ਅਪੁਨੇ, ਹੇ ਭਾਈ! ਮੈਂ ਵੀ ਉਸ ਮਿਹਰਬਾਨ ਪ੍ਰਭੂ ਤੋਂ ਸਦਾ-ਸਦਾ ਵਾਰੀ ਸਦਕੇ ਜਾਂਦਾ ਹਾਂ; ਜਿਨਿ ਪੂਰਨ ਪੈਜ ਸਵਾਰੀ, ਜਿਹਨੇ ਮੈਨੂੰ ਪੂਰੇ ਗੁਰੂ ਦੀ ਸ਼ਰਨ 'ਚ ਲਿਜਾ ਕੇ ਮੇਰੀ ਇੱਜ਼ਤ ਰੱਖ ਲਈ ਹੈ। ਆਉ! ਉਸ ਦੀ ਜੈ ਜੈ ਕਾਰ ਕਰੀਏ।

ਗੋਸਟਿ ਗਿਆਨੁ ਨਾਮੁ ਸੁਣਿ ਉਧਰੇ
ਜਿਨਿ ਜਿਨਿ ਦਰਸਨੁ ਪਾਇਆ॥
ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ
ਅਨਦ ਸੇਤੀ ਘਰਿ ਆਇਆ॥੪॥

ਗੋਸਟਿ ਗਿਆਨੁ ਨਾਮੁ ਸੁਣਿ ਉਧਰੇ, ਗੁਰੂ ਦੀ ਸੰਗਤ ਵਿਚ ਬੈਠ ਕੇ ਜਿਨ੍ਹਾਂ ਜੀਵਾਂ ਨੇ ਗਿਆਨ ਚਰਚਾ ਸਰਵਣ ਕੀਤੀ, ਉਨ੍ਹਾਂ ਦਾ ਉਧਾਰ ਵੀ ਹੋ ਗਿਆ। ਜਿਨਿ ਜਿਨਿ ਦਰਸਨੁ ਪਾਇਆ, ਕਿਨ੍ਹਾਂ ਦਾ ਉਧਾਰ ਹੋਇਆ ਜਿਨ੍ਹਾਂ ਨੇ ਗੁਰੂ ਦਾ ਦਰਸ਼ਨ ਕੀਤਾ, ਸਤਿਸੰਗ ਕੀਤਾ। ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ, ਹੇ ਨਾਨਕ! ਜਿਸ ਜੀਵ ਦੇ ਉਤੇ ਉਹ ਮਿਹਰਬਾਨ ਮਾਲਕ ਪ੍ਰਭੂ ਦਇਆਵਾਨ ਹੋ ਗਿਆ; ਅਨਦ ਸੇਤੀ ਘਰ ਆਇਆ, ਸਮਝੋ ਉਹ ਜੀਵ ਪ੍ਰਭੂ 'ਚ ਲੀਨ ਹੋ ਗਿਆ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਬੇਬੇ ਜੀ

*ਮਾਂ ਤੇ ਔਲਾਦ ਦਾ ਰਿਸ਼ਤਾ ਨਾ ਸਿਰਫ ਇਨਸਾਨਾਂ ਵਿਚ ਹੀ ਅਟੁਟ ਹੈ ਸਗੋਂ ਪਸ਼ੂ-ਪੰਛੀਆਂ ਅਤੇ ਜਾਨਵਰਾਂ ਵਿਚ ਵੀ। ਜਾਨਵਰਾਂ ਵਿਚ ਵੀ ਮਾਂ ਆਪਣੇ ਬੱਚਿਆਂ ਦੀ ਖਾਤਰ ਆਪਣੀ ਜਾਨ ਤੱਕ ਵਾਰ ਦਿੰਦੀ ਹੈ। ਇਨਸਾਨ ਤਾਂ ਫਿਰ ਕੁਦਰਤ ਦਾ ਸਮਝਦਾਰ ਜੀਅ ਹੈ। ਇਹ ਵੀ ਸੱਚ ਹੈ ਕਿ ਬਹੁਤੀ ਵਾਰ ਮਾਂ ਦਾ ਵਿਗੋਚਾ ਮਾਂ ਦੇ ਇਸ ਜਹਾਨੋਂ ਤੁਰ ਜਾਣ ਪਿਛੋਂ ਬਹੁਤ ਜ਼ਿਆਦਾ ਚੁਭਦਾ ਹੈ। ਪ੍ਰੋ. ਹਰਪਾਲ ਸਿੰਘ ਪੰਨੂ ਦੀਆਂ ਲਿਖਤਾਂ ਪਾਠਕ ਅਕਸਰ ਇਨ੍ਹਾਂ ਕਾਲਮਾਂ ਵਿਚ ਪੜ੍ਹਦੇ ਰਹਿੰਦੇ ਹਨ। ਇਸ ਲੇਖ ਲੜੀ ਵਿਚ ਉਨ੍ਹਾਂ ਆਪਣੀ ਮਾਂ ਨਾਲ ਜੁੜੀਆਂ ਯਾਦਾਂ ਦਾ ਬਿਆਨ ਲਫਜ਼ਾਂ ਵਿਚ ਉਕਰਿਆ ਹੈ। ਇਹ ਕੇਵਲ ਪ੍ਰੋ. ਪੰਨੂ ਦੀ ਆਪਣੀ ਮਾਂ ਪ੍ਰਤੀ ਹੀ ਸ਼ਰਧਾਂਜਲੀ ਨਹੀਂ ਸਗੋਂ ਸਾਡੇ ਜਿਹੇ ਬਹੁਤ ਉਨ੍ਹਾਂ ਲੋਕਾਂ ਦੀ ਵੀ ਆਪਣੀ ਮਾਂ ਨੂੰ ਸ਼ਰਧਾਂਜਲੀ ਹੈ ਜਿਨ੍ਹਾਂ ਦੀਆਂ ਮਾਂਵਾਂ ਇਸ ਜਹਾਨ 'ਤੇ ਨਹੀਂ ਰਹੀਆਂ। ਪ੍ਰੋ. ਪੰਨੂ ਨੇ ਨਾ ਸਿਰਫ ਆਪਣੀ ਮਾਂ ਨੂੰ ਹੀ ਚੇਤੇ ਕੀਤਾ ਹੈ ਸਗੋਂ ਪੁਰਾਣੇ ਵੇਲਿਆਂ ਦੇ ਸਮਾਜਿਕ ਰਿਸ਼ਤਿਆਂ ਦਾ ਚਿਤਰਣ ਵੀ ਇਸ ਲੇਖ ਲੜੀ ਵਿਚ ਕੀਤਾ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਅਣਜਾਣ ਉਮਰੇ ਅਸੀਂ ਕਦੀ ਕਦਾਈਂ ਸਿੱਖ ਇਤਿਹਾਸ ਜਾਂ ਸਾਖੀਆਂ ਦਾ ਮਜ਼ਾਕ ਉਡਾਉਂਦੇ। ਇਕ ਦਿਨ ਸਾਨੂੰ ਸਾਰਿਆਂ ਨੂੰ ਬੁਲਾ ਲਿਆ। ਫਿਰ ਬੋਲੀ, "ਜ਼ਰੂਰੀ ਗੱਲ ਹੈ। ਮੰਨਣੀ ਪਊ। ਤੁਹਾਨੂੰ ਇਕ ਰਿਆਇਤ ਦੇਣੀ ਹੈ, ਇਕ ਪਾਬੰਦੀ ਲਾਉਣੀ ਹੈ। ਰਿਆਇਤ ਇਹ ਕਿ ਰੱਬ ਬਾਰੇ ਤੁਹਾਡੇ ਮਨ ਵਿਚ ਜੋ ਊਲਜਲੂਲ ਗੱਲਾਂ ਆਉਂਦੀਆਂ ਹਨ ਕਰੀ ਚਲੋ। ਮੈਂ ਰੱਬ ਨੂੰ ਨਹੀਂ ਜਾਣਦੀ। ਕੀ ਪਤਾ ਉਹੋ ਜਿਹਾ ਹੀ ਹੋਵੇ ਜਿਹੋ ਜਿਹਾ ਤੁਹਾਡੇ ਮਨ ਵਿਚ ਹੈ। ਗੁਰੂ ਸਾਹਿਬਾਨ ਨੂੰ ਮੈਂ ਜਾਣਦੀ ਹਾਂ। ਉਨ੍ਹਾਂ ਬਾਬਤ ਹਲਕੀ ਗੱਲ ਜੇ ਕਦੀ ਹਾਸੇ ਵਿਚ ਵੀ ਕਰ ਦਿੱਤੀ ਤਾਂ ਮੈਥੋਂ ਬੁਰਾ ਕੋਈ ਨਹੀਂ ਹੋਰ। ਸਮਝ ਗਏ ਨਾ ਗੱਲ ਸਾਰੇ ਜਣੇ?" ਅਸੀਂ ਸਮਝ ਗਏ ਸਭ ਕੁਝ।

ਵੱਡੇ ਭਰਾ ਗੁਰਦਿਆਲ ਸਿੰਘ ਦੀ ਸੁਰ ਆਪਣੀ ਪਤਨੀ ਨਾਲ ਨਹੀਂ ਸੀ ਰਲਦੀ। ਉਸ ਦਾ ਇਕੋ ਇਕ ਬੇਟਾ, ਸੁਖਬੀਰ, ਸਕੂਲ ਵੇਲੇ ਤੋਂ ਤੀਖਣ-ਬੁੱਧ ਅਤੇ ਮਿਹਨਤੀ ਮੁੰਡਾ ਸੀ। ਭਰਾ-ਭਰਜਾਈ ਦਾ ਤਤਕਾਰ ਹੋ ਜਾਂਦਾ ਤਾਂ ਮਾਂ ਆਖਦੀ,

**ਹਰਪਾਲ ਸਿੰਘ ਪੰਨੂ**
ਫੋਨ: 91-94642-51454

"ਤੀਵੀਂ-ਮਰਦ ਦੇ ਝਗੜੇ ਹੁੰਦੇ ਈ ਰਹਿੰਦੇ ਨੇ, ਇਸ ਗੱਲ ਦੀ ਮੈਨੂੰ ਚਿੰਤਾ ਨਹੀਂ। ਚਿੰਤਾ ਇਹ ਹੈ ਕਿ ਮੇਰਾ ਇਹ ਵੱਡਾ ਪੁੱਤ ਅਖੀਰ ਇਕੱਲਾ ਰਹਿ ਜਾਊ। ਤਾਂ ਮੈਂ ਰੋਂਦੀ ਹਾਂ।" ਮੈਂ ਕਿਹਾ, "ਇਕੱਲਾ ਕਿਉਂ ਰਹੇਗਾ? ਸੁਖਬੀਰ ਹੈ ਤਾਂ। ਪੜ੍ਹੇਗਾ, ਵੱਡਾ ਹੋਏਗਾ, ਵਿਆਹਾਂਗੇ, ਸਭ ਠੀਕ ਹੋਵੇਗਾ।" ਬੇਬੇ ਬੋਲੀ, "ਤੈਨੂੰ ਪਤਾ ਨਹੀਂ। ਸੁਖਬੀਰ ਜਦੋਂ ਵੱਡਾ ਹੋਇਆ ਤਾਂ ਮਾਂ ਦੇ ਹੱਕ ਵਿਚ ਭੁਗਤੂ।" ਮੈਂ ਕਿਹਾ ਬਾਈ ਜੀ ਤਿੱਖੇ ਦਿਮਾਗ ਵਾਲੇ ਹਨ, ਉਹੋ ਜਿਹਾ ਤਿੱਖਾ ਸੁਖਬੀਰ ਹੈ। ਉਸ ਦੀ ਅਨਪੜ੍ਹ ਮਾਂ ਸਿੱਧਰੀ ਹੈ। ਉਹ ਆਪਣੇ ਪਾਪਾ ਦਾ ਨਿਰਾਦਰ ਕਿਵੇਂ ਕਰ ਸਕਦਾ ਹੈ? ਮਾਂ ਬੋਲੀ, "ਤੈਨੂੰ ਇਨ੍ਹਾਂ ਗੱਲਾਂ ਦਾ ਪਤਾ ਨਹੀਂ। ਵੱਛਰੂ ਗਾਂ ਵੱਲ ਦੌੜਦਾ ਹੈ। ਇਥੇ ਸਮਝ-ਬੇਸਮਝ ਦਾ ਕੋਈ ਅਰਥ ਨਹੀਂ। ਮਾਂ, ਨਾ ਕਦੀ ਸਿੱਧਰੀ ਹੁੰਦੀ ਹੈ ਨਾ ਕੁਸੁਹਣੀ। ਔਲਾਦ ਲਈ ਮਾਂ ਤੋਂ ਵੱਡੀ ਮਹਾਰਾਣੀ ਕੋਈ ਨਹੀਂ ਹੁੰਦੀ। ਦੇਖਦਾ ਜਾਈਂ ਤੂੰ। ਇਸ ਕਲੇਸ਼ ਵਿਚੋਂ ਆਪਣੀ ਮਾਂ ਨੂੰ ਕੱਢ ਕੇ ਲੈ ਜਾਏਗਾ ਤੇ ਤੇਰਾ ਵੱਡਾ ਸਿਆਣਾ ਭਰਾ ਆਪਣੀ ਸਿਆਣਪ ਨਾਲ ਇਕੱਲਾ ਰਹਿ ਜਾਊ, ਇਕਦਮ ਇਕੱਲਾ। ਅਸੀਂ, ਜਿੰਨਾ ਚਿਰ ਮਾਂ ਪਿਉ ਹਾਂ ਉਨਾਂ ਚਿਰ ਉਹ ਤੁਹਾਨੂੰ-ਸਾਨੂੰ ਮਿਲਣ ਆਉਂਦਾ ਹੈ। ਫਿਰ ਉਸ ਦਾ ਕੋਈ ਤੇ ਕਿਸੇ ਦਾ ਉਹ ਕੁਝ ਨਹੀਂ ਲੱਗੇਗਾ।" ਇਹ ਆਖਦਿਆਂ ਉਸ ਦੀਆਂ ਅੱਖਾਂ ਛਲਕ ਆਉਂਦੀਆਂ। ਅਸੀਂ ਸਾਰੇ ਹੱਸਣ ਲੱਗਦੇ, "ਬੇਬੇ ਕੋਲ ਜੇ ਰੋਣ ਧੋਣ ਦਾ ਕੋਈ ਹੋਰ ਬਹਾਨਾ ਨਾ ਵੀ ਹੋਵੇ ਤਾਂ ਉਹ ਫਰਜ਼ੀ ਕਹਾਣੀ ਆਪਣੇ ਰੋਣ ਲਈ ਜ਼ਰੂਰ ਘੜਦੀ ਹੈ।"

ਇਹ ਗੱਲਾਂ 25 ਸਾਲ ਪਹਿਲਾਂ ਦੀਆਂ ਹਨ। ਮਾਂ ਅਜੇ ਜਿਉਂਦੀ ਹੈ। ਉਵੇਂ ਹੋਇਆ ਜਿਵੇਂ ਉਹ ਦੱਸਦੀ ਹੁੰਦੀ ਸੀ। ਭਤੀਜਾ ਮਾਂ ਨੂੰ ਨਾਲ ਲੈ ਕੇ ਅਮਰੀਕਾ ਚਾਲ ਗਿਆ ਅਤੇ ਭਰਾ ਨੂੰ ਬਿਲਕੁਲ ਭੁੱਲ ਗਿਆ। ਮੇਰੇ ਇਸ ਭਰਾ ਕੋਲ ਹਰ ਸੁੱਖ ਤੇ ਮਾਣ-ਸਨਮਾਨ ਮੌਜੂਦ ਸੀ। ਇਕੱਲ ਦਾ ਸਦਮਾ ਬਰਦਾਸ਼ਤ ਨਾ ਕਰਦਿਆਂ ਦਿਮਾਗ ਦੀ ਨਾੜੀ ਫਟਣ ਨਾਲ ਉਹ ਇਸ ਸੰਸਾਰ ਤੋਂ ਕੂਚ ਕਰ ਗਿਆ। ਮੇਰਾ ਇਹ ਕੋਈ ਦਾਅਵਾ ਨਹੀਂ ਹੈ ਕਿ ਸਾਡੀਆਂ ਮਾਂਵਾਂ ਭਵਿੱਖਬਾਣੀਆਂ ਕਰ ਸਕਦੀਆਂ ਹਨ। ਜੀਵਨ ਨੂੰ ਉਨ੍ਹਾਂ ਨੇ ਏਨੀ ਨੇੜਿਉਂ ਦੇਖਿਆ ਹੁੰਦਾ ਹੈ ਕਿ ਉਨ੍ਹਾਂ ਨੂੰ ਪਤਾ ਲੱਗਦਾ ਰਹਿੰਦਾ ਹੈ, ਘਟਨਾਵਾਂ ਦੇ ਦਰਿਆ ਕਿਸ ਪਾਸੇ ਮੁੜਨਗੇ, ਕਿਸ ਕਿਸ ਨੂੰ ਡੋਬਣਗੇ, ਕਿਸ ਕਿਸ ਨੂੰ ਤਾਰਨਗੇ?

ਵੱਡੇ ਭਰਾ ਦੀ ਮੌਤ ਹੋਈ, ਰਿਸ਼ਤੇਦਾਰ ਆਉਂਦੇ, ਪੁਛਦੇ ਕੀ ਹੋਇਆ, ਤਾਂ ਬੇਬੇ ਆਖਦੀ, "ਹੋਣਾ ਕੀ ਸੀ? ਧੋਖਾ ਹੋ ਗਿਆ ਮੇਰੇ ਨਾਲ। ਕਿਵੇਂ ਜੀਵਾਂ ਉਸ ਬਗ਼ੈਰ? ਕਿਉਂ ਕੀਤਾ ਉਸ ਨੇ ਮੇਰੇ ਨਾਲ ਦਗ਼ਾ? ਕੋਈ ਪਤਾ ਨਹੀਂ। ਮੈਂ ਉਸ ਨਾਲ ਹਰ ਵੇਲੇ ਗੱਲਾਂ ਕਰਦੀ ਰਹਿੰਨੀ ਹਾਂ ਹੁਣ ਵੀ। ਫਰਕ ਇੰਨਾ ਕੁ ਹੈ ਕਿ ਮੇਰੀਆਂ ਜਿਹੜੀਆਂ ਗੱਲਾਂ ਦੇ ਜਵਾਬ ਉਸ ਨੇ ਦੇਣੇ ਹੁੰਦੇ, ਉਹ ਜਵਾਬ ਵੀ ਆਪ ਦਿੰਦੀ ਹਾਂ-ਉਸ ਦੀ ਥਾਂ। ਔਖਾ ਕੰਮ ਛੇੜ ਗਿਆ ਮੇਰੇ ਲਈ। ਉਸ ਦੀ ਥਾਂ ਕਿਵੇਂ ਤੇ ਕਿੰਨਾ ਕੁ ਚਿਰ ਦਿਆਂਗੀ ਉਸ ਦੇ ਜਵਾਬ?"

ਬਹੁਤ ਵਰ੍ਹੇ ਪਹਿਲਾਂ ਵਡੀ ਮਾਮੀ ਮੇਰੇ ਪਿੰਡ ਆਈ। ਬੇਬੇ ਦੇ ਚਰਨੀਂ ਹੱਥ ਲਾਏ। ਰਾਜੀ ਖੁਸ਼ੀ ਖੈਰ ਸੁੱਖ ਦੱਸੀ। ਕਹਿਣ ਲੱਗੀ, "ਨਣਦੇ ਕੰਮ ਆਈ ਹਾਂ ਇਕ। ਤੇਰਾ ਭਾਈ ਦੂਜਾ ਵਿਆਹ ਕਰੌਣ ਨੂੰ ਫਿਰਦੈ। ਉਹਨੂੰ ਰੋਕ।" ਉਸ ਦਾ ਆਪਣੀਆਂ ਅੱਖਾਂ ਉਪਰ ਵਸ ਨਾ ਰਿਹਾ। ਬੇਬੇ ਨੇ ਕਿਹਾ-ਚਲਦੀ ਹਾਂ। ਉਹਦੀ ਇਹ ਮਜਾਲ? ਦੋਵੇਂ ਜਣੀਆਂ ਨਾਨਕੇ ਚਲੀਆਂ ਗਈਆਂ। ਮਾਮਾ ਜੀ ਨੂੰ ਕਿਹਾ, "ਇਹ ਕੰਮ ਨਾ ਕਰੀਂ ਬਾਈ। ਤੇਰੇ ਮੇਰੇ ਬੱਚਿਆਂ ਵਿਚ ਕੀ ਫਰਕ? ਬਹੁਤ ਉਦਰੇਵਾਂ ਹੋਇਐ ਤਾਂ ਆਪਦੇ ਇਕ ਭਾਣਜੇ ਨੂੰ ਲੈ ਆ ਘੱਗੇ ਤੋਂ, ਚਾਹੇ ਬਾਲਦ ਤੋਂ।" ਉਹ ਚੁਪ ਕਰਕੇ ਖੇਤ ਚਲਾ ਗਿਆ।

ਬੇਬੇ ਕਈ ਦਿਨ ਨਾਨਕੇ ਬੈਠੀ ਰਹੀ। ਇਕ ਦਿਨ ਮਾਮਾ ਜੀ ਨੇ ਕਿਹਾ-ਬੇਬੇ ਤੇਰੇ ਨਿਆਣੇ ਬਾਹਲੇ ਓਦਰ ਜਾਂਦੇ ਨੇ ਤੇਰੇ ਬਿਨਾਂ। ਹੁਣ ਤੂੰ ਪਿੰਡ ਜਾਹ। ਬੇਬੇ ਨੇ ਕਿਹਾ-ਕਿਵੇਂ ਜਾਵਾਂ? ਤੇਰੇ ਤੋਂ ਹਾਂ ਨਾਂਹ ਲੈ ਕੇ ਜਾਊਂਗੀ। ਨਹੀਂ ਬੈਠੀ ਆਂ। ਮਾਮਾ ਜੀ ਹੱਸ ਪਏ-ਕੋਈ ਲਿਖਤ ਕਰਨੀ ਐ ਅਸ਼ਟਾਮ 'ਤੇ? ਬੇਬੇ ਨੇ ਕਿਹਾ-ਅਸ਼ਟਾਮਾਂ ਉਪਰ ਲਿਖੇ ਕਰਾਰ ਖੱਲਾਂ ਖੂੰਜਿਆਂ ਵਿਚ ਰੁਲਦੇ ਫਿਰਦੇ ਦੇਖੇ। ਤੇਰੀ ਮੇਰੀ ਗੱਲ ਜਬਾਨੀ ਠੀਕ ਐ। ਆਪਣੇ ਆਲੀ ਹੁੰਡੀ ਮੂੰਹ ਜਬਾਨੀ ਚਲਦੀ ਹੈ। ਬੇਬੇ ਖੁਸ਼ੀ ਖੁਸ਼ੀ ਵਾਪਸ ਪਿੰਡ ਆ ਗਈ। ਮਾਮਾ ਜੀ ਨੇ ਦੂਜੇ ਵਿਆਹ ਦਾ ਨਾਂ ਨਹੀਂ ਲਿਆ।

ਮਾਸੀ ਦੇ ਮੁੰਡੇ ਦਾ ਨਾਂ ਲਾਭ ਸਿੰਘ ਹੈ। ਬਸ ਵਿਚ ਸਫਰ ਕਰਦਿਆਂ ਉਸ ਨੇ ਦੇਖਿਆ ਕਿ ਨਾਲ ਦੀ ਸੀਟ ਉਪਰ ਬੈਠਾ ਜੁਆਨ ਕਦੀ-ਕਦੀ ਰੋਣ ਲੱਗ ਜਾਂਦਾ ਹੈ ਚੋਰੀ ਛੁਪੇ। ਲਾਭ ਸਿੰਘ ਨੇ ਪੁੱਛਿਆ-ਕੀ ਹੋਇਆ ਵੀਰ? ਕਿਉਂ ਦਲਗੀਰ ਹੋਇਐਂ? ਉਸ ਨੇ ਕਿਹਾ-ਮੈਂ ਫੌਜੀ ਹਾਂ। ਪਲਟਨ ਵਿਚ ਤਾਰ ਗਈ ਕਿ ਮਾਂ ਮਰ ਗਈ ਹੈ ਮੇਰੀ। ਪਿੰਡ ਜਾ ਰਿਹਾ ਹਾਂ। ਦਿਲ ਨੀ ਖੜ੍ਹਦਾ ਮੇਰਾ। ਲਾਭ ਸਿੰਘ ਨੇ ਕਿਹਾ-ਨਿੱਕਾ ਜਿਹਾ ਸੀ ਮੇਰਾ ਬਾਪੂ ਜਦੋਂ ਉਸ ਦੀ ਮਾਂ ਮਰੀ। ਰੁਲਦਾ-ਖੁਲਦਾ ਪਤਾ ਨੀ ਕਿਵੇਂ ਪਲ ਗਿਆ। ਮੈਂ ਤੇ ਮੇਰੇ ਭਾਈ-ਭੈਣ ਨਿੱਕੇ-ਨਿੱਕੇ ਸਾਂ ਜਦੋਂ ਮਾਂ ਸਾਨੂੰ ਸਤਿ ਸ੍ਰੀ ਅਕਾਲ ਕਹਿ ਕੇ ਤੁਰ ਗਈ। ਹੁਣ ਮੇਰੇ ਮੁੰਡੇ ਦੀ ਮਾਂ ਚੱਲ ਵਸੀ ਹੈ, ਨਿਕੇ ਜਿਹੇ ਨੂੰ ਛੱਡ ਕੇ। ਮੁੰਡਾ ਪਹਿਰ ਪਹਿਰ ਕੰਧਾਂ ਗੁਹਾਰਿਆਂ ਦਰਖਤਾਂ ਨਾਲ ਲੱਗਾ ਖੜਾ ਰਹਿੰਦੈ ਚੁਪਚਾਪ। ਕਈ ਬਾਰ ਕਿਹੈ, "ਬਈ ਹੁਣ ਕਿਸ ਦੇ ਆਉਣ ਦੇ ਕਦਮਾਂ ਦਾ ਖੜਾਕ ਸੁਣੇਂਗਾ ਮੁੰਡਿਆ? ਤੇਰਾ ਜਿਹੜਾ ਖਜ਼ਾਨਾ ਜੁਆਨ ਉਮਰੇ ਖੁੱਸਿਆ ਸਾਡੇ ਸਾਰੇ ਖਾਨਦਾਨ ਦੇ ਬਚਪਨ ਵਿਚ ਨਹੀਂ ਰਿਹਾ। ਫੇਰ ਮਰ ਗਏ ਅਸੀਂ? ਤੇਰੇ ਸਾਹਮਣੇ ਆਰਾਮ ਨਾਲ ਬੈਠਾ ਗੱਲਾਂ ਕਰ ਰਿਹਾ ਹਾਂ ਮੈਂ ਕਿ ਨਹੀਂ? ਰੱਬ ਦਾ ਨਾਉਂ ਲੈ ਵੀਰ।"

ਨਿਹੰਗ ਮਾਮੇ ਦੇ ਘਰ ਦੋ ਬੇਟੀਆਂ ਸਨ। ਇਕ ਦਿਨ ਕੋਈ ਔਰਤ ਕਹਿ ਬੈਠੀ-ਰੱਬਾ ਕੀ ਹੋਇਆ ਤੈਨੂੰ? ਚਾਹੇ ਕਾਣਾ ਲੰਗੜਾ ਜਾਂ ਟੁੰਡਾ ਦੇ ਦਿੰਦਾ, ਰਾਮ ਸੂੰ ਦੇ ਘਰ ਵੀ ਇਕ ਮੁੰਡਾ ਦੇ ਦਿੰਦਾ? ਮਾਮਾ ਜੀ ਗੁੱਸੇ ਹੋਏ-ਕਿਉਂ? ਰੱਬ ਦੀ ਦੁਕਾਨ ਵਿਚ ਸਪੇਅਰ ਪਾਰਟ ਮੁੱਕ ਗਏ? ਜੇ ਦੇਣਾ ਹੁੰਦਾ ਤਾਂ ਸਹੀ ਰਾਜਕੁਮਾਰ ਦੇ ਦਿੰਦਾ ਉਹ। ਉਸ ਦੀ ਮਰਜ਼ੀ ਨਹੀਂ ਹੈ ਤਾਂ ਠੀਕ ਹੈ ਫਿਰ। ਖ਼ਬਰਦਾਰ ਜੇ ਕਿਸੇ ਨੇ ਫਜ਼ੂਲ ਗੱਲ ਕੀਤੀ। ਮਾਮਾ-ਮਾਮੀ ਦੋਹੇਂ ਧੀਆਂ ਨੂੰ ਦੇਖ ਦੇਖ ਜਿਉਂਦੇ। ਵੱਡੀ ਨੂੰ ਘੋੜ ਸਵਾਰੀ ਸਿਖਾਈ। ਰਿਵਾਲਵਰ ਬੰਦੂਕ ਚਲਾਉਣੇ ਸਿਖਾਏ। ਉਸ ਦੇ ਅਗੋਂ ਪਲੇਠੀਆਂ ਦੋ ਧੀਆਂ ਹੋਈਆਂ ਤੇ ਪੁੱਤਰ ਦੇ ਜਨਮ ਪਿਛੋਂ ਚਲ ਵਸੀ। ਛੋਟੀ ਧੀ ਤਿੰਨ ਸਾਲ ਦੀ ਸੀ ਤੇ ਵੱਡੀ ਪੰਜ ਕੁ ਦੀ ਹੋਵੇਗੀ। ਮਾਮਾ-ਮਾਮੀ ਦੇ ਚਿਹਰਿਆਂ ਉਪਰ ਬੈਠਾ ਹਨੇਰਾ ਦੇਖ ਕੇ ਹੌਲ ਪੈਂਦਾ ਸੀ। ਨਿੱਕੀਆਂ ਕੁੜੀਆਂ ਹਰੇਕ ਨੂੰ ਪੁਛਦੀਆਂ ਫਿਰਦੀਆਂ ਸਨ-ਮੰਮੀ ਕਿਥੇ ਹੈ? ਉਨ੍ਹਾਂ ਨੂੰ ਟਾਲਿਆ ਜਾ ਰਿਹਾ ਸੀ। ਮਾਮੀ ਨੇ ਸੈਨਤ ਕਰਕੇ ਆਪਣੇ ਕੋਲ ਬੁਲਾਈਆਂ। ਸਾਹਮਣੇ ਬੈਠਣ ਲਈ ਇਸ਼ਾਰਾ ਕੀਤਾ। ਜਦੋਂ ਉਹ ਬੈਠ ਗਈਆਂ ਤਾਂ ਮਾਮੀ ਨੇ ਕਿਹਾ-ਕੁੜੀਓ ਤੁਹਾਡੀ ਮੰਮੀ ਮਰ ਗਈ। ਉਸ ਨੂੰ ਅੱਗ ਲਾ ਕੇ ਅਸੀਂ ਰਾਖ ਦਾ ਢੇਰ ਬਣਾ ਆਏ ਹਾਂ। ਹੁਣ ਨੀ ਆਉਂਦੀ ਉਹ ਆਪਣੇ ਘਰ ਕਦੇ।

ਕੁੜੀਆਂ ਰੌਣ ਲੱਗੀਆਂ। ਇਕ ਔਰਤ ਨੇ ਵਰਾਉਂਦਿਆਂ ਕਿਹਾ-ਬੇਬੇ ਕੀ ਲੋੜ ਸੀ ਤੈਨੂੰ ਹੁਣੇ ਇਹ ਗੱਲ ਕਰਨ ਦੀ? ਆਪੇ ਹੌਲੀ ਹੌਲੀ ਪਤਾ ਲਗਦਾ ਰਹਿੰਦਾ ਪਿਛੋਂ।

ਮਾਮੀ ਨੇ ਕਿਹਾ-ਕਿੰਨਾ ਕੁ ਚਿਰ ਝੂਠ ਬੋਲਾਂ? ਕਿਵੇਂ ਰੱਖਾਂ ਐਡਾ ਭੇਤ? ਟਿਕ ਜਾਣਗੀਆਂ ਆਪੇ ਰੋ ਧੋ ਕੇ। ਲੱਗ ਜਾਵੇ ਇਨ੍ਹਾਂ ਨੂੰ ਵੀ ਪਤਾ ਜ਼ਿੰਦਗੀ ਚੀਜ਼ ਕੀ ਹੋਇਆ ਕਰਦੀ ਐ। ਬੇਬੇ ਹਉਕਾ ਲੈ ਕੇ ਬੋਲੀ-ਰੰਭ ਰਹਿਣਗੇ ਵੱਛਰੂ, ਦੇਖ ਰਹਿਣਗੀਆਂ ਗਾਵਾਂ।

ਫਿਰ ਮਾਮੀ ਨੇ ਮਕਾਣ ਆਏ ਮਰਦਾਂ-ਔਰਤਾਂ ਨੂੰ ਕਿਹਾ, "ਹੁਣ ਭਾਈ ਖਾਉ ਰੋਟੀ ਤੇ ਜਾਓ ਆਪੋ-ਆਪਣੇ ਵਤਨਾਂ ਨੂੰ। ਲਿਆਊ ਵੀਰ ਵਰਤਾਉ ਰੋਟੀ।" ਕੁੱਝ ਤੀਵੀਆਂ ਕਹਿਣ ਲੱਗੀਆਂ, "ਅਸੀਂ ਨੀ ਖਾਣੀ ਰੋਟੀ। ਸਾਡੇ ਨੀ ਲੰਘਦੀ।"



*ਮਾਂ ਹੁੰਦੀ ਏ ਮਾਂ, ਓ ਦੁਨੀਆਂ ਵਾਲਿਓ, ਬੇਬੇ ਰਾਏ ਕੌਰ ਨਾਲ ਹਰਪਾਲ ਸਿੰਘ ਪੰਨੂ*

ਮਾਮੀ ਨੇ ਕਿਹਾ, "ਠੀਕ ਐ। ਜਿਨ੍ਹਾਂ ਨੇ ਹੋਟਲਾਂ ਤੇ ਜਾ ਕੇ ਖਾਣੀ ਹੈ ਉਹ ਜਾਣ। ਸਾਡੇ ਅੰਦਰ ਤਾਂ ਭਾਈ ਆਰਾਮ ਨਾਲ ਲੰਘੇਗਾ ਅੰਨ ਪਾਣੀ। ਹੇ ਸੱਚੇ ਪਾਤਸ਼ਾਹ ਤੂੰ ਧੰਨ ਐਂ।"

ਇਹ ਸਾਡੀ ਵੱਡੀ ਮਾਮੀ ਗੁਰਦੇਵ ਕੌਰ ਬਹੁਤਾ ਨਾ ਬੋਲਦੀ ਪਰ ਜਦੋਂ ਕੋਈ ਗੱਲ ਕਰਦੀ ਤਾਂ ਠੰਢ ਪੈ ਜਾਂਦੀ। ਵੱਡੇ ਦੁਖਾਂ ਦੇ ਬਾਵਜੂਦ ਹਸਮੁਖ। ਉਹਦੀ ਕੈਂਸਰ ਦਾ ਪਤਾ ਸਾਨੂੰ ਉਦੋਂ ਲਗਾ ਜਦੋਂ ਤੀਜੀ ਸਟੇਜ ਉਤੇ ਪੁੱਜ ਗਈ ਸੀ। ਇਲਾਜ ਵਾਸਤੇ ਪਟਿਆਲੇ ਲੈ ਆਇਆ ਤੇ ਸਾਰਿਆਂ ਨੂੰ ਸਖਤ ਤਾੜਨਾ ਕੀਤੀ ਕਿ ਬਿਮਾਰੀ ਬਾਰੇ ਦੱਸਣਾ ਨਹੀਂ ਮਾਮੀ ਨੂੰ। ਮਾਮੀ ਕਈ ਕਈ ਦਿਨ ਰਹਿੰਦੀ, ਦਵਾਈਆਂ ਖਾਂਦੀ ਰਹੀ-ਟੀਕੇ ਲਾਉਂਦੇ ਰਹੇ। ਮੈਨੂੰ ਕਹਿਣ ਲੱਗੀ-ਕੀ ਦੱਸਿਆ ਡਾਕਟਰ ਨੇ? ਮੈਂ ਕਿਹਾ-ਕੋਈ ਖਾਸ ਬਿਮਾਰੀ ਨਹੀਂ। ਮਹੀਨੇ ਡੇਢ ਮਹੀਨੇ ਵਿਚ ਠੀਕ ਹੋ ਜਾਏਂਗੀ ਮਾਮੀ। ਉਹ ਹੱਸ ਪਈ। ਕਹਿਣ ਲੱਗੀ-ਮੇਰੇ ਨਾਲ ਚਲਾਕੀਆਂ ਮਾਰਨ ਲਗ ਪਿਆ ਪ੍ਰੋਫੈਸਰ? ਊਂ ਗੱਲ ਤੇਰੀ ਵੀ ਠੀਕ ਐ। ਮਹੀਨਾ ਡੇਢ ਮਹੀਨਾ ਨਾ ਸਹੀ, ਤਿੰਨ ਚਾਰ ਮਹੀਨੇ ਲੱਗ ਜਾਣਗੇ। ਸਾਰੇ ਰੋਗ ਤਿਆਰ ਬੈਠੇ ਨੇ ਟੁੱਟਣ ਲਈ। ਚੰਗੈ ਹੁਣ ਟੰਟਾ ਮੁਕੇ। ਤੇਰੇ ਮਾਮੇ ਦਾ ਬਹੁਤ ਖਰਚ ਨਾ ਕਰਵਾਈਂ ਖਾਹਮਖਾਹ। ਮੈਨੂੰ ਪਿੰਡ ਛੱਡ ਆ।

ਟੈਲੀਵਿਜ਼ਨ ਦੇਖਦੀ ਹੋਈ ਉਹ ਉਚੀ ਉਚੀ ਹੱਸ ਪਈ। ਮੈਂ ਪੁੱਛਿਆ ਕੀ ਗੱਲ ਯਾਦ ਆ ਗਈ ਮਾਮੀ? ਉਸ ਨੇ ਕਿਹਾ-ਟੀ.ਵੀ. ਦੇਖ। ਮੈਂ ਟੀ.ਵੀ. ਦੇਖਣ ਲੱਗਾ। ਹੰਢੀ ਹੋਈ ਕਲਾਕਾਰ ਦੱਖਣੀ ਨਾਚ ਦਿਖਾ ਰਹੀ ਸੀ। ਮਾਮੀ ਨੇ ਕਿਹਾ-ਇਹਨੂੰ ਦੇਖਦਾ ਰਹਿ। ਸੁਹਣੀਐ, ਨੱਚਣਾ ਸਹੀ ਆਉਂਦੈ। ਪਰ ਵਿਚ ਵਿਚ ਐਂ ਕਰਨ ਲੱਗ ਜਾਂਦੀ ਐ ਜਿਵੇਂ ਇਹਦੇ ਭਰਿੰਡਾਂ ਲੜ ਗਈਆਂ ਹੋਣ।

ਮੈਨੂੰ ਧਰਵਾਸ ਮਿਲਦਾ ਹੈ ਕਿ ਇਸ ਮਾਮੀ ਦੀ ਸੰਭਾਲ ਅਤੇ ਸਸਕਾਰ ਆਪਣੇ ਹੱਥੀਂ ਕੀਤਾ। ਹਜ਼ਾਰਾਂ ਸਾਲ ਪਹਿਲਾਂ ਲਾਓ ਤਸੇ ਨੇ ਕਿਹਾ ਸੀ-ਆਪਣੇ ਪਿਆਰਿਆਂ ਨੂੰ ਕਬਰਿਸਤਾਨ ਵਿਚ ਆਪਣੇ ਹੱਥੀਂ ਦਫਨ ਕਰਕੇ ਜਦੋਂ ਖਾਲੀ ਹੱਥ ਘਰਾਂ ਨੂੰ ਮੁੜਦੇ ਹਾਂ ਤਾਂ ਪਤਾ ਲਗਦਾ ਹੈ-ਅਕਲ, ਧਨ ਅਤੇ ਤਾਕਤ ਕਿੰਨੀਆਂ ਕਮਜ਼ੋਰ ਚੀਜ਼ਾਂ ਹਨ।

ਭਾਈ ਨੰਦ ਲਾਲ ਨੇ ਲਿਖਿਆ ਹੈ,

ਅਸੀਂ ਮਿਲੇ, ਪਿਆਰ ਕੀਤਾ ਅਤੇ ਵਿਛੜ ਕੇ ਚੁੱਪ ਕਰਕੇ ਬੈਠ ਗਏ।

ਪਪੀਹਿਆਂ, ਬੁਲਬੁਲਾਂ ਅਤੇ ਕੋਇਲਾਂ ਵਾਂਗ ਅਸੀਂ ਚੀਕਾਂ ਨਹੀਂ ਮਾਰੀਆਂ।

ਇਕ ਦਿਨ ਮੈਂ ਕਿਹਾ, "ਬੇਬੇ ਮੈਂ ਜਿਵੇਂ ਚਾਹੁੰਦਾ ਹਾਂ ਨੂੰਹਾਂ ਤੁਹਾਡਾ ਆਦਰ ਕਰਨ, ਇਸ ਤਰ੍ਹਾਂ ਉਹ ਕਰਦੀਆਂ ਨਹੀਂ। ਇਸ ਸਭ ਦੇ ਬਾਵਜੂਦ ਕੇਵਲ ਵੱਡੀ ਭਰਜਾਈ ਬਾਰੇ ਤੁਸੀਂ ਬੁੜਬੁੜ ਕਰਦੇ ਰਹਿੰਦੇ ਹੋ। ਬਾਕੀ ਨੂੰਹਾਂ ਵਿਰੁੱਧ ਘੱਟ ਵੱਧ ਹੀ ਕੋਈ ਗੱਲ ਕਰਦੇ ਹੋ। ਅਜਿਹਾ ਕਿਉਂ?"

ਬੇਬੇ ਨੇ ਕਿਹਾ, "ਸੱਸਾਂ ਨੂੰ ਪਤਾ ਹੋਣਾ ਚਾਹੀਦੈ ਬਈ ਨੂੰਹਾਂ ਉਨ੍ਹਾਂ ਦਾ ਆਦਰ ਊਦਰ ਨਹੀਂ ਕਰਨਗੀਆਂ। ਕੌਣ ਮੇਰਾ ਆਦਰ ਕਰਦੀ ਹੈ ਕੌਣ ਨਿਰਾਦਰ, ਇਸ ਗੱਲ ਵੱਲ ਮੇਰਾ ਧਿਆਨ ਨਹੀਂ। ਮੈਂ ਇਹ ਦੇਖਦੀ ਆਂ ਕਿ ਮੇਰੀਆਂ ਨੂੰਹਾਂ ਮੇਰੇ ਮੁੰਡਿਆਂ ਨੂੰ ਪਿਆਰ ਕਰਦੀਆਂ ਹਨ ਕਿ ਨਾ। ਤੇਰੀ ਹਰਮਿੰਦਰ ਮੇਰੇ ਨਾਲ ਕਈ ਦਿਨ ਨਾ ਬੋਲੇ ਤਾਂ ਕੋਈ ਗੱਲ ਨਹੀਂ। ਮੈਂ ਦੇਖ ਰਹੀ ਹਾਂ ਕਿ ਉਹ ਤੈਨੂੰ ਪਿਆਰ ਕਰਦੀ ਹੈ। ਤੂੰ ਆਉਣ ਵਿਚ ਦੇਰ ਕਰ ਦਏਂ ਤਾਂ ਇਹ ਬੇਚੈਨ ਹੋ ਹੋ ਤੇਰਾ ਰਸਤਾ ਦੇਖਦੀ ਹੈ। ਹੋਰ ਮੈਨੂੰ ਕੀ ਚਾਹੀਦਾ ਹੈ? ਜਿਹੜਾ ਤੈਨੂੰ ਪਿਆਰ ਕਰਦਾ ਹੈ ਉਹ ਮੈਨੂੰ ਪਿਆਰ ਕਰਦਾ ਹੈ ਕਿਉਂਕਿ ਤੂੰ ਮੇਰਾ ਹੈਂ।"

ਸਕੂਲੋਂ ਪੜ੍ਹ ਕੇ ਘਰ ਆਇਆ ਤਾਂ ਬੇਬੇ ਨੇ ਕਿਹਾ, "ਕਿਹੋ ਜਿਹਾ ਜਮਾਨਾ ਆ ਗਿਆ। ਤੇਰੀ ਦਿਆਲੋ ਚਾਚੀ ਆਪਣੇ ਬੱਚਿਆਂ ਪਿੱਛੇ ਭਜੀ ਫਿਰਦੀ ਦੇਖੀ। ਸੰਗਤਰੇ ਉਨ੍ਹਾਂ ਤੋਂ ਖੋਹ ਕੇ ਖਾ ਰਹੀ। ਮੈਨੂੰ ਦਹਿਲ ਪੈ ਗਿਆ।" ਮੈਂ ਪੁੱਛਿਆ, "ਫੇਰ ਕੀ ਹੋ ਗਿਆ? ਬੱਚੇ ਵੀ ਤਾਂ ਖੋਹ ਲੈਂਦੇ ਹਨ ਮਾਂਵਾਂ ਹਥੋਂ ਚੀਜ਼ਾਂ?"

ਉਸ ਨੇ ਕਿਹਾ, "ਬੱਚੇ ਖੋਹਣ, ਉਨ੍ਹਾਂ ਦਾ ਹੱਕ ਹੈ। ਕੋਈ ਮਾਂ ਤੂੰ ਦੇਖੀ ਨਿਆਣਿਆਂ ਤੋਂ ਖੋਹ ਕੇ ਖਾਂਦੀ? ਇਸ ਘਰ ਵਿਚ ਕੋਈ ਭਾਣਾ ਵਰਤੇਗਾ। ਚਿੜੀਆਂ ਜਨੌਰ ਨੀ ਕਰਦੇ ਇਉਂ ਤਾਂ। ਮੈਨੂੰ ਡਰ ਲੱਗਿਆ। ਤੂੰ ਨਦੀ ਪਹਾੜ ਉਪਰ ਚੜ੍ਹਦੀ ਦੇਖੇਂ ਚਾਣਚੱਕ ਤਾਂ ਦੱਸ ਡਰ ਨੀ ਜਾਏਂਗਾ? ਇਸ ਘਰ ਦੇ ਲੱਛਣ ਹੋਣੀ ਨੂੰ ਸੱਦਾ ਦਿੰਦੇ ਦਿਸੇ। ਰੱਬ ਭਲੀ ਕਰੇ ਭਾਈ।" ਇਸ ਘਰ ਵਿਚ ਸਦਾ ਕਲੇਸ ਰਹਿੰਦਾ। ਚਾਚੇ ਦੀ ਜੁਆਨ ਕੁੜੀ ਨੇ ਖੂਹ ਵਿਚ ਛਾਲ ਮਾਰ ਕੇ ਤੇ ਚਾਚੀ ਨੇ ਸਲਫਾਸ ਦੀਆਂ ਗੋਲੀਆਂ ਖਾ ਕੇ ਆਤਮ ਹੱਤਿਆ ਕੀਤੀ।

ਬੇਬੇ ਨੂੰ ਖੁਸ਼ਖਬਰੀ ਦੇਣ ਵਾਸਤੇ ਗਿਆ ਕਿ ਵੱਡੇ ਨਿਹੰਗ ਸਿੰਘ ਮਾਮੇ ਘੋੜਾ ਖਰੀਦਿਆ ਹੈ। ਹੈ ਵੀ ਬੜਾ ਸੁਹਣਾ। ਉਹ ਖੁਸ਼ ਹੋਈ। ਭਰਾ ਨੂੰ ਅਤੇ ਉਸ ਦੇ ਘੋੜੇ ਨੂੰ ਅਸੀਸਾਂ ਦਿੱਤੀਆਂ, "ਸੁਖੀ ਰਹਿਣ। ਵਫਾ ਕਰਨ। ਹਰ ਬਲਾ ਦੋਵਾਂ ਤੋਂ ਦੂਰ ਰਹੇ।" ਮੈਂ ਕਿਹਾ, "ਜਲਦੀ ਆਪਾਂ ਨਾਨਕੇ ਚਲਾਂਗੇ। ਤੁਹਾਨੂੰ ਸਵਾਰੀ ਕਰਾਵਾਂਗੇ।" ਉਹ ਬੋਲੀ, "ਹੁਣ ਕਿਥੇ ਚੜ੍ਹਨ ਜੋਗੀ ਹਾਂ? ਕਦੀ ਹੁੰਦਾ ਸੀ ਸਮਾਂ। ਤੇਰੇ ਮਾਮਾ ਜੀ ਘੋੜੀ ਤੇ ਬਿਠਾ ਕੇ ਤੇਰੇ ਪਿੰਡ ਛੱਡ ਜਾਇਆ ਕਰਦੇ ਸਨ। ਆਪ ਪੈਦਲ ਤੁਰਦੇ। ਤੇਰੀ ਨਾਨੀ ਤਾਂ ਹਮੇਸ਼ਾਂ ਇਕੱਲੀ ਆਉਂਦੀ ਹੁੰਦੀ ਸੀ ਸਵਾਰੀ ਕਰ ਕੇ। ਇਕ ਵਾਰੀ ਮੈਨੂੰ ਮਿਲਣ ਉਹ ਤੇਰੇ ਪਿੰਡ ਘੱਗੇ ਵਿਚ ਘੋੜੇ ਉਪਰ ਸਵਾਰ ਹੋ ਕੇ ਆਈ। ਪਿੰਡ ਦੀ ਨਿਆਈਂ ਵਿਚ ਘੋੜੀਆਂ ਚਰ ਰਹੀਆਂ ਸਨ। ਤੇਰੀ ਨਾਨੀ ਦਾ ਘੋੜਾ ਬੇਕਾਬੂ ਹੋ ਕੇ ਉਧਰ ਦੌੜ ਪਿਆ ਵਾਹੋਦਾਹ। ਪਿੰਡ ਦੇ ਲੋਕ ਛੱਤਾਂ ਉਪਰ ਚੜ੍ਹ ਗਏ ਕਿ ਬੁੱਢੀ ਦੀ ਅੱਜ ਜਾਨ ਗਈ ਕਿ ਗਈ। ਤੇਰੀ ਨਾਨੀ ਨੇ ਇਕ ਹੱਥ ਨਾਲ ਲਗਾਮ ਫੜੀ, ਰਕਾਬਾਂ 'ਤੇ ਖੜ੍ਹੀ ਹੋ ਗਈ ਤੇ ਦੂਜੇ ਹੱਥ ਨਾਲ ਉਹ ਛਟੀ ਵਾਹੀ ਕਿ ਦਸ ਮਿੰਟ ਵਿਚ ਘੋੜਾ ਸਿੱਧਾ ਹੋ ਗਿਆ। ਫਿਰ ਉਹ ਸਿੱਧੀ ਘਰ ਨਹੀਂ ਆਈ। ਘੋੜੇ ਨੂੰ ਤੇਜ਼ ਦੁੜਾ ਕੇ ਪਿੰਡ ਦੇ ਦੋ ਚੱਕਰ ਲਾਏ। ਪਾਣੀ ਪਾਣੀ ਹੋਇਆ ਘੋੜਾ ਖੁਰਲੀ 'ਤੇ ਨੀਵੀਂ ਪਾ ਕੇ ਜਾ ਖਲੋਤਾ। ਉਤਰ ਕੇ ਘੋੜੇ ਨੂੰ ਥਾਪੀ ਦਿੱਤੀ, ਸਿਰ ਪਲੋਸਿਆ ਤੇ ਹੌਲੀ ਦੇ ਕੇ ਕੰਨ ਵਿਚ ਕਿਹਾ, ਮਾਰ ਪੈ ਗਈ ਤਾਂ ਕੀ ਹੋਇਆ। ਹੁਣ ਤੈਨੂੰ ਘਿਉ ਵੀ ਖੁਆਵਾਂਗੀ ਛੋਲੇ ਵੀ। ਸ਼ਾਬਾਸ਼ ਪੁੱਤਰਾ ਸ਼ੇਰ ਬੱਚਾ ਹੈਂ ਤੂੰ। ਤੇਰੀ ਸ਼ਾਨ ਕਾਇਮ ਰਹੇਗੀ।"

ਰੁਕ ਕੇ ਮਾਂ ਨੇ ਫਿਰ ਦੁਹਰਾਇਆ, "ਹਾਂ ਭਾਈ ਹੁਣ ਮੇਰੀ ਉਮਰ ਕਿਥੇ ਸਵਾਰੀ ਕਰਨ ਦੀ।" ਮੈਂ ਕਿਹਾ, "ਤੁਹਾਡੇ ਬੇਟੇ ਤੁਹਾਨੂੰ ਚੁੱਕ ਕੇ ਚੜ੍ਹਾ ਦੇਣਗੇ।" ਉਹ ਬੋਲੀ, "ਨਾ। ਹੁਣ ਮੈਂ ਕੱਚ ਦੀਆਂ ਉਨ੍ਹਾਂ ਚੂੜੀਆਂ ਵਰਗੀ ਹੋ ਗਈ ਹਾਂ ਜਿਹੜੀਆਂ ਚੜ੍ਹਾਉਂਦਿਆਂ ਚੜ੍ਹਾਉਂਦਿਆਂ ਟੁੱਟ ਜਾਂਦੀਆਂ ਹਨ।"

ਮੈਂ ਪੰਜਾਬੀ ਯੂਨੀਵਰਸਿਟੀ ਦੇ ਕੈਂਪਸ ਅੰਦਰ ਬੜੀ ਸੋਹਣੀ ਕੋਠੀ ਵਿਚ ਰਹਿ ਰਿਹਾ ਹਾਂ। ਮਾਮਾ ਜੀ ਮਿਲਣ ਆਏ। ਖੈਰ ਸੁਖ ਪੁੱਛੀ ਦੱਸੀ। ਪੁੱਛਿਆ, "ਭਾਣਜੇ ਗੁਰੂ ਮਹਾਰਾਜ ਦਾ ਨਾਮ ਲੈਨੈਂ? ਮੈਂ ਕਿਹਾ, "ਬਿਲਕੁਲ ਲੈਂਦਾ ਹਾਂ।" ਗੱਲਾਂ ਕਰਦੇ ਰਹੇ, ਰਾਤ ਪੈ ਗਈ। ਲੰਗਰ ਪ੍ਰਸ਼ਾਦਾ ਛਕ ਕੇ ਕਹਿਣ ਲੱਗੇ, "ਪਾਠ ਕਰਦਾ ਹੁੰਨੈ?" ਮੈਂ ਕਿਹਾ, "ਕਰਦਾ ਹਾਂ, ਕਰਦਾ ਹਾਂ।" ਫਿਰ ਗੱਲਾਂ ਹੁੰਦੀਆਂ ਰਹੀਆਂ। ਸੌਣ ਦਾ ਸਮਾਂ ਹੋ ਗਿਆ ਤਾਂ ਮੈਂ ਉਨ੍ਹਾਂ ਨੂੰ ਚੁਬਾਰੇ ਵਿਚ ਲੈ ਗਿਆ ਤੇ ਪੁੱਛਿਆ ਕਿ ਸਵੇਰੇ ਚਾਹ ਛਕਣੀ ਹੈ ਕਿ ਦੁੱਧ? ਕਿੰਨੇ ਵਜੇ? ਉਹ ਬੋਲੇ, "ਸਹੀ ਹੈ ਨਾ ਕਿ ਤੂੰ ਗੁਰੂ ਬਾਬੇ ਨੂੰ ਯਾਦ ਰਖਦੈਂ?" ਮੈਂ ਪੁੱਛਿਆ, "ਕਿਸੇ ਨੇ ਸ਼ਿਕਾਇਤ ਲਾਈ ਹੈ ਮੇਰੀ ਤੁਹਾਡੇ ਕੋਲ? ਕਿਸੇ ਨੇ ਕੋਈ ਵਹਿਮ ਪਾ ਦਿੱਤਾ ਲਗਦਾ ਹੈ ਤੁਹਾਨੂੰ।" ਮਾਮਾ ਜੀ ਨੇ ਕਿਹਾ, "ਨਹੀਂ ਸਕੈਤ ਸਕੂਤ ਕਿਸੇ ਨੇ ਕੀ ਲਾਣੀ, ਇਕ ਪੁਰਾਣੀ ਗੱਲ ਯਾਦ ਆ ਗਈ ਸੀ। ਤੀਹ ਪੈਂਤੀ ਸਾਲ ਹੋ ਗਏ। ਕੀ ਪਤਾ ਇਸ ਤੋਂ ਵੀ ਵੱਧ। ਜਦੋਂ ਕਦੇ ਬੱਸ ਵਿਚ ਬੈਠੇ ਲੰਘਦੇ ਤਾਂ ਤੇਰੀ ਯੂਨੀਵਰਸਿਟੀ ਬਣ ਰਹੀ, ਉਚੀ ਉਠ ਰਹੀ ਦੇਖਦੇ। ਵੱਡੀਆਂ ਵੱਡੀਆਂ ਬਿਲਡਿੰਗਾਂ। ਜੀ ਕਰਦਾ ਸੀ ਕਦੇ ਦੇਖੀਏ ਕਿ ਅੰਦਰ ਇਹ ਹੈ ਕੀ। ਪਰ ਬਸ ਵਿਚ ਬੈਠੇ ਲੰਘ ਜਾਂਦੇ। ਇਕ ਦਿਨ ਘੋੜੇ ਤੇ ਸਵਾਰ ਹੋ ਕੇ ਮੈਂ ਪਟਿਆਲੇ ਤੋਂ ਰਾਜਪੁਰੇ ਵੱਲ ਜਾ ਰਿਹਾ ਸਾਂ ਤਾਂ ਰਸਤੇ ਵਿਚ ਯੂਨੀਵਰਸਿਟੀ ਆ ਗਈ। ਮਨ ਖੁਸ਼ ਹੋ ਗਿਆ ਕਿ ਅੱਜ ਸਮਾਂ ਵੀ ਹੈ ਘੋੜਾ ਵੀ। ਅੱਜ ਦੇਖ ਕੇ ਜਾਵਾਂਗਾ। ਖੱਬੀ ਲਗਾਮ ਖਿੱਚ ਦਿੱਤੀ। ਗੇਟ ਤੇ ਪੁਲਿਸ ਵਾਲੇ ਖੜ੍ਹੇ ਸਨ। ਇਕ ਨੇ ਘੋੜੇ ਦੀ ਲਗਾਮ ਫੜ ਲਈ ਤੇ ਕਹਿਣ ਲੱਗਾ, "ਕੀ ਕੰਮ ਹੈ ਅੰਦਰ? ਮੈਂ ਕਿਹਾ-ਕੋਈ ਕੰਮ ਨਹੀਂ। ਉਸ ਨੇ ਫਿਰ ਪੁੱਛਿਆ, "ਕਿਸ ਨੂੰ ਮਿਲਣ ਜਾਣਾ ਹੈ ਅੰਦਰ?" ਮੈਂ ਕਿਹਾ "ਕਿਸੇ ਨੂੰ ਨਹੀਂ। ਮੈਂ ਤਾਂ ਬਸ ਦੇਖਣਾ ਸੀ ਅੰਦਰ ਜਾ ਕੇ, ਇਹ ਹੈ ਕੀ।" ਸਿਪਾਹੀ ਨੇ ਕਿਹਾ, "ਨਾ ਬਾਬਾ ਨਾ। ਐਊਂ ਦੇਖਣ ਦਾ ਹੁਕਮ ਨੀ।"

ਇਹ ਗੱਲ ਯਾਦ ਆਈ ਅੱਜ। ਜਿਨ੍ਹਾਂ ਕੋਠੀਆਂ ਨੂੰ ਦੇਖਣ ਦਾ ਹੁਕਮ ਨਹੀਂ ਸੀ, ਉਨ੍ਹਾਂ ਵਿਚ ਰਹਿਣ ਦਾ ਹੁਕਮ ਹੋ ਗਿਆ। ਬਾਦਸ਼ਾਹੀਆਂ ਦੇ ਦਿੱਤੀਆਂ ਆਪਾਂ ਨੂੰ ਗੁਰੂ ਬਾਬੇ ਨੇ। ਤਾਂ ਮੈਂ ਪੁੱਛਿਆ ਤੈਨੂੰ ਕਿ ਮਹਾਰਾਜ ਨੂੰ ਯਾਦ ਕਰਦਾ ਹੁੰਨੈ ਕਿ ਨਹੀਂ। ਜਿਸ ਨੇ ਸੋਨੇ ਦੀ ਬਾਰਸ਼ ਕਰ ਦਿੱਤੀ ਉਸ ਨੂੰ ਭੁੱਲ ਜਾਣ ਨਾਲ ਪਾਪ ਲਗਦਾ ਹੁੰਦੈ।"

ਹੌਲੀ ਹੌਲੀ ਮੈਨੂੰ ਸਮਝ ਆਏਗੀ ਇਨ੍ਹਾਂ ਗੱਲਾਂ ਦੀ। ਚਿੜੀ ਜਿੰਨੀ ਮਰਜ਼ੀ ਪਿਆਸੀ ਹੋਵੇ ਦਰਿਆ ਨੂੰ ਇਕ ਘੁੱਟ ਵਿਚ ਨਹੀਂ ਪੀ ਸਕਦੀ। ਮੈਂ ਇਸ ਗੱਲੋਂ ਸੰਤੁਸ਼ਟ ਹਾਂ ਕਿ ਗੁਰੂ ਬਾਬੇ ਦਾ ਵਿਦਿਆਰਥੀ ਹਾਂ। ਸਾਡੇ ਕਲਾਸਰੂਮ ਨਿਕੇ-ਨਿਕੇ, ਪੀਰੀਅਡ ਘੰਟੇ ਘੰਟੇ ਦੇ। ਬਾਬੇ ਦਾ ਕਲਾਸਰੂਮ ਸਾਰਾ ਬ੍ਰਹਿਮੰਡ ਅਤੇ ਪੀਰੀਅਡ ਅਨੰਤ ਕਾਲ ਤੱਕ। ਉਸ ਨੇ ਦਿਆਲੂ ਹੋ ਕੇ ਸਾਨੂੰ ਮੱਥਾ ਟੇਕਣ ਦਾ ਹੱਕ ਦਿੱਤਾ ਹੈ। ਇਸ ਹੱਕ ਬਾਬਤ ਹਫੀਜ਼ ਦਾ ਸ਼ਿਅਰ ਪਿਆਰਾ ਲੱਗਾ, "ਤੂੰ ਸਾਰੀ ਕਾਇਨਾਤ ਦਾ ਮਾਲਕ ਹੈਂ, ਸਭਨਾਂ ਧਰਤੀਆਂ ਦਾ। ਤੇਰੇ ਦਰ ਉਤੇ ਜਦੋਂ ਮੱਥਾ ਟੇਕਿਆ ਤਾਂ ਥੋੜੀ ਕੁ ਮਿੱਟੀ ਸਾਡੇ ਮੱਥੇ ਨੂੰ ਲੱਗੀ। ਮਿੱਟੀ ਦਾ ਇਹ ਦਾਗ ਸਾਡੇ ਲਈ ਕਾਫੀ ਜਾਇਦਾਦ ਹੈ।"

*(ਚਲਦਾ)*




# ਗਲੇ 'ਚ ਗੰਢ, ਕੰਨ ਵਿਚ ਤੇਲ

**ਮੁਮਤਾਜ਼ ਹੁਸੈਨ**


ਮੁਮਤਾਜ਼ ਹੁਸੈਨ

*ਨਿਊ ਯਾਰਕ ਵਿਚ ਵਸਦੇ ਮੁਮਤਾਜ਼ ਹੁਸੈਨ ਦਾ ਜਨਮ 1954 ਵਿਚ ਝੰਗ (ਪਾਕਿਸਤਾਨ) ਵਿਚ ਹੋਇਆ। ਉਸ ਦੇ ਉਰਦੂ ਅਫਸਾਨਿਆਂ ਦੇ ਦੋ ਸੰਗ੍ਰਹਿ 'ਗੋਲ ਐਨਕ ਕੇ ਪੀਛੇ', 'ਲਫਜ਼ੋਂ ਮੇਂ ਤਸਵੀਰੇਂ' (ਹਰੇਕ ਕਹਾਣੀ ਨਾਲ ਉਸ ਦੀ ਆਪਣੀ ਇਕ ਪੇਂਟਿੰਗ) ਪ੍ਰਕਾਸ਼ਿਤ ਹੋ ਚੁਕੇ ਹਨ। ਅੰਗਰੇਜ਼ੀ ਵਿਚ 'ਪੋਰਟਰੇਟ ਆਫ ਵਰਡਜ਼' (ਹਰੇਕ ਕਹਾਣੀ ਨਾਲ ਉਸ ਦੀ ਆਪਣੀ ਇਕ ਪੇਂਟਿੰਗ) ਕਹਾਣੀ ਸੰਗ੍ਰਹਿ ਛਪਿਆ। ਚਿੱਤਰਕਾਰ ਹੋਣ ਦੇ ਨਾਲ ਨਾਲ ਉਹ ਇਨਾਮ-ਯਾਫਤਾ ਫਿਲਮਸਾਜ਼ ਵੀ ਹੈ। ਉਸ ਨੇ 'ਬਟਰਫਲਾਈ ਸਕਰੀਮਜ਼' (ਲਘੂ ਫਿਲਮ), .ਗੁਲਾਮ ਅੱਬਾਸ ਦੀ ਕਹਾਣੀ 'ਓਵਰ ਕੋਟ' ਉਪਰ ਟੈਲੀ ਫਿਲਮ 'ਪੁਸ਼ ਬਟਨ ਫਾਰ', ਜਲਾਲੂਦੀਨ ਰੂਮੀ ਦੀ ਫਿਲਾਸਫੀ ਨੂੰ ਪੇਸ਼ ਕਰਦੀ ਟੈਲੀ ਫਿਲਮ 'ਇਨਸਾਈਡ ਯੂ' ਅਤੇ ਸਿੰਧੂ ਘਾਟੀ ਦੀ ਸਭਿਅਤਾ ਬਾਰੇ ਦਸਤਾਵੇਜ਼ੀ ਫਿਲਮ 'ਸੋਲ ਆਫ ਸਿਵਲਾਈਜ਼ੇਸ਼ਨ' ਦਾ ਨਿਰਮਾਣ ਅਤੇ ਨਿਰਦੇਸ਼ਨ ਕੀਤਾ। ਉਸ ਦੀ ਲਿਖੀ, ਨਿਰਦੇਸ਼ਿਤ ਅਤੇ ਨਿਰਮਿਤ ਇੰਗਲਿਸ਼ ਫੀਚਰ ਫਿਲਮ Art=(Love)2 ਕਈ ਮੁਲਕਾਂ ਦੇ ਫਿਲਮ-ਮੇਲਿਆਂ ਵਿਚ ਅਨੇਕ ਇਨਾਮ ਹਾਸਿਲ ਕਰ ਚੁੱਕੀ ਹੈ। ਵੱਖ ਵੱਖ ਸਮਿਆਂ ਵਿਚ ਵਾਪਰੇ ਤਿੰਨ ਵੱਡੇ ਦੁਖਾਂਤਾਂ ਨੂੰ ਸਮੇਂ ਦੇ ਇਕੋ ਛਿਣ ਵਿਚ ਦੀ ਪੇਸ਼ ਕਰਦੀ ਉਸ ਦੀ ਕਹਾਣੀ 'ਗਲੇ 'ਚ ਗੰਢ ਕੰਨ ਵਿਚ ਤੇਲ' ਫਿਲਮ ਵਾਂਗ ਹੀ ਪਰਦੇ 'ਤੇ ਚਲਦੀ ਪਾਠਕ ਨੂੰ ਦਰਸ਼ਕ ਵਾਂਗ ਦਿਖਾਈ ਦਿੰਦੀ ਹੈ।*

ਆਖਦੇ ਨੇ, ਮੈਨਹਟਨ ਅਜਿਹਾ ਟਾਪੂ ਹੈ, ਜਿਸ 'ਤੇ ਦੁਨੀਆਂ ਦੇ ਹਰ ਕੋਨੇ ਦਾ ਆਦਮੀ ਤੁਹਾਨੂੰ ਮਿਲ ਜਾਂਦਾ ਹੈ। ਇਸ ਛੋਟੇ ਜਿਹੇ ਟਾਪੂ ਨੂੰ ਪੁਲਾਂ ਅਤੇ ਸੁਰੰਗਾਂ ਨੇ ਸੂਬੇ ਦੇ ਬਾਕੀ ਸ਼ਹਿਰਾਂ ਨਾਲ ਜੋੜਿਆ ਹੋਇਆ ਹੈ।

ਸਵੇਰ ਵੇਲੇ ਤਾਂ ਬਸ ਇੰਜ ਹੁੰਦਾ ਹੈ ਕਿ ਟਾਪੂ ਦੀਆਂ ਸੜਕਾਂ ਉਤੇ ਪੀਲੀਆਂ ਗੱਡੀਆਂ ਦੀਆਂ ਕਤਾਰਾਂ ਲੱਗੀਆਂ ਹੁੰਦੀਆਂ ਹਨ, ਜਿਵੇਂ ਪੀਲੇ ਰੰਗ ਦੀਆਂ ਕੀੜੀਆਂ ਆਪਣੇ ਖਾਣ ਦੇ ਬੰਦੋਬਸਤ ਵਿਚ ਇਕ ਜਗ੍ਹਾ ਤੋਂ ਸਾਮਾਨ ਚੁੱਕ ਕੇ ਦੂਸਰੀ ਜਗ੍ਹਾ ਉਤਾਰ ਰਹੀਆਂ ਹੋਣ। ਸੜਕਾਂ ਦੇ ਕਿਨਾਰੇ ਛੋਟੇ ਚਾਹ-ਕੌਫੀ ਦੇ ਕਨੱਸਰੀ-ਨੁਮਾ ਝੌਂਪੜਿਆਂ 'ਤੇ ਲੱਗੀਆਂ ਲੰਬੀਆਂ ਕਤਾਰਾਂ। ਲੋਕ ਆਪਣੇ ਨਾਸ਼ਤੇ ਦੇ ਖ਼ਾਕੀ ਲਿਫਾਫਿਆਂ ਨੂੰ ਝਪਟਣ ਵਿਚ ਇੰਜ ਤੇਜ਼ੀ ਦਿਖਾ ਰਹੇ ਹੁੰਦੇ ਨੇ ਜਿਵੇਂ ਉਨ੍ਹਾਂ ਦੀ ਗੱਡੀ ਛੁੱਟਣ ਵਾਲੀ ਹੈ ਜਾਂ ਰਾਤੀਂ ਵਿਚਾਰਿਆਂ ਨੇ ਖਾਣਾ ਨਹੀਂ ਖਾਧਾ।

ਹਰ ਜਗ੍ਹਾ ਕੋਈ ਨਾ ਕੋਈ ਕਤਾਰ ਲੱਗੀ ਨਜ਼ਰ ਆਵੇਗੀ। ਟਰੇਨ ਸਟੇਸ਼ਨਾਂ 'ਤੇ ਟਿਕਟ ਖਰੀਦਣ ਵਾਲਿਆਂ ਦੀ, ਬੱਸਾਂ ਵਿਚ ਸਵਾਰ ਹੋਣ ਵਾਲਿਆਂ ਦੀ ਅਤੇ ਸਿਨਮਾਂ-ਘਰਾਂ ਤੇ ਥਿਏਟਰ ਕੰਪਨੀਆਂ ਦੇ ਬਾਹਰ ਫਿਲਮਾਂ ਤੇ ਨਾਟਕ ਦੇਖਣ ਵਾਲਿਆਂ ਦੀ।

ਇਸ ਤਰ੍ਹਾਂ ਟਾਪੂ 'ਤੇ ਵਿਛੇ ਸੜਕਾਂ ਦੇ ਜਾਲ ਦੀਆਂ ਕਤਾਰਾਂ ਤੋਂ ਇੰਜ ਲਗਦਾ ਹੈ ਜਿਵੇਂ ਕੋਈ ਜੁਲਾਹਾ ਖੱਡੀ 'ਤੇ ਬੈਠਾ ਇਨਸਾਨੀ ਧਾਗਿਆਂ ਦੀਆਂ ਤਾਰਾਂ ਦੀਆਂ ਕਤਾਰਾਂ ਨੂੰ ਦੂਸਰੀਆਂ ਕਤਾਰਾਂ ਵਿਚ ਜੋੜਦਾ ਜਾਂਦਾ ਹੈ। ਜਦ ਉਹ ਖੱਡੀ 'ਤੇ ਲੱਗੇ ਹੈਂਡਲ ਨੂੰ ਥੱਲੇ ਨੂੰ ਖਿੱਚਦਾ ਹੈ ਤਾਂ ਤਾਰਾਂ ਦੀਆਂ ਕਤਾਰਾਂ ਵਿਚ ਹਰ ਇਨਸਾਨ ਕਿਸੇ ਸ਼ਟਲ ਵਾਂਗ 'ਖਟ ਨਲੀ ਖਟ ਤਾਰ' ਦੀ ਆਵਾਜ਼ ਨਾਲ ਇਕ ਕਿਨਾਰੇ ਤੋਂ ਦੂਸਰੇ ਕਿਨਾਰੇ ਤੱਕ ਦੌੜਦਾ, ਜ਼ਿੰਦਗੀ ਦੀ ਚਾਦਰ ਬੁਣਨ ਦੀ ਕੋਸ਼ਿਸ਼ ਵਿਚ ਜੁਟਿਆ ਹੈ।

ਬਸ ਇਕ ਜਗ੍ਹਾ ਅਜਿਹੀ ਹੈ, ਜਿੱਥੇ ਬਾ-ਕਤਾਰ ਰੇਂਗਦੀਆਂ ਕੀੜੀਆਂ ਵਾਲਾ ਇਹ ਕਾਨੂੰਨ ਪਾਗਲ ਮੱਖੀਆਂ ਦੇ ਝੁੰਡ ਵਿਚ ਬਦਲ ਜਾਂਦਾ ਹੈ, ਉਹ ਹੈ ਰੇਲ-ਗੱਡੀ ਦਾ ਦਰਵਾਜ਼ਾ। ਜਦ ਇਹ ਆਟੋਮੈਟਿਕ ਦਰਵਾਜ਼ਾ 'ਟੂੰ...ਨ ਥੜੰਕ' ਦੀ ਆਵਾਜ਼ ਨਾਲ ਖੁੱਲ੍ਹਦਾ ਹੈ ਤਾਂ ਇਹ ਇਨਸਾਨੀ ਮੱਖੀਆਂ ਦਾ ਝੁੰਡ ਦਰਵਾਜ਼ੇ 'ਤੇ ਇੰਜ ਝਪਟਦਾ ਹੈ, ਜਿਵੇਂ ਹਲਵਾਈ ਨੇ ਗੁਲਾਬ ਜਾਮਣ ਨੂੰ ਸ਼ੀਰੇ ਵਿਚ ਡੁਬੋ ਕੇ ਕੱਢਿਆ ਹੋਵੇ। ਟਰੇਨ 'ਚੋਂ ਬਾਹਰ ਨਿਕਲਣ ਵਾਲੇ ਮੁਸਾਫਿਰਾਂ ਦੀ ਹਾਲਤ ਇੰਜ ਹੁੰਦੀ ਹੈ, ਜਿਵੇਂ ਲੋਕ ਸ਼ਾਦੀ ਵਿਚ ਮੁਰਗੇ ਦੀ ਲੱਤ ਨਾਲ ਲੱਗੇ ਮਾਸ ਨੂੰ ਚਰੂੰਡਣ ਮਗਰੋਂ ਹੱਡੀ ਵਗਾਹ ਕੇ ਪਰ੍ਹਾਂ ਮਾਰਦੇ ਹਨ। ਉਸ ਦਿਨ ਇਸੇ ਤਰ੍ਹਾਂ ਦੀ ਧੱਕੇ-ਮੁੱਕੀ ਵਿਚ ਦੋ ਦੇਸੀ ਇੰਜ ਟਰੇਨ ਦੇ ਦਰਵਾਜ਼ੇ ਵਿਚੋਂ ਬਾਹਰ ਡਿੱਗੇ, ਜਿਵੇਂ ਉਨ੍ਹਾਂ ਨੂੰ ਪਿੱਛਿਓਂ ਸਣੇ ਜੁੱਤੀ ਕਿਸੇ ਨੇ ਜ਼ੋਰ ਨਾਲ ਪੈਰ ਮਾਰਿਆ ਹੋਵੇ, ਜਿਵੇਂ ਮੋਟਾ ਸੇਠ ਕਿਸੇ ਗਰੀਬ ਨੂੰ ਨੌਕਰੀ ਤੋਂ ਕੱਢ ਕੇ ਬਾਹਰ ਮਾਰਦਾ ਹੈ।

ਇਨ੍ਹਾਂ ਵਿਚੋਂ ਇਕ ਵੱਡੀ ਉਮਰ ਦਾ ਬਜ਼ੁਰਗ ਸੀ, ਜਿਸ ਦੇ ਕੰਨਾਂ ਵਿਚ ਉਚਾ ਸੁਣਨ ਵਾਲੀ ਦਕੀਆਨੂਸ ਮਸ਼ੀਨ ਸੀ, ਜਿਸ ਦੀ ਤਾਰ ਉਸ ਦੀ ਜੈਕਟ ਅੰਦਰ ਕਮੀਜ਼ ਅਤੇ ਬੁਨੈਣ ਦੇ ਦਰਮਿਆਨ ਪਹਿਨੀ ਕੁੜਤੀ ਦੀ ਸੱਜੀ ਜੇਬ੍ਹ ਵਿਚ ਰੱਖੀ ਹੋਈ ਛੋਟੀ ਜਿਹੀ ਬੈਟਰੀ ਵਾਲੀ ਡੱਬੀ ਨਾਲ ਜੁੜੀ ਹੋਈ ਸੀ। ਉਹ ਬਜ਼ੁਰਗ ਡਿੱਗਿਆ। ਕੁਝ ਗ਼ਜ਼ਾਂ ਦੇ ਫਾਸਲੇ 'ਤੇ ਉਸ ਦੀ ਦਕੀਆਨੂਸ ਮਸ਼ੀਨ ਜਾ ਡਿੱਗੀ। ਉਸ ਦੇ ਬਰਾਬਰ ਇਕ ਦੇਸੀ ਜਵਾਨ, ਪਿੱਠ ਦੇ ਭਾਰ ਏਦਾਂ ਡਿੱਗਿਆ, ਜਿੱਦਾਂ ਆਰਾਮ ਨਾਲ ਹੈਲੀਕਾਪਟਰ 'ਲੈਂਡ' ਕਰਦਾ ਹੈ।

ਬਜ਼ੁਰਗ ਨੇ ਮੁੰਡੇ ਵੱਲ ਗੁੱਸੇ ਨਾਲ ਘੂਰ ਕੇ ਉਚੀ ਆਵਾਜ਼ ਵਿਚ ਇੰਜ ਕਿਹਾ ਜਿਵੇਂ ਉਸ ਵਾਂਗ ਮੁੰਡੇ ਨੂੰ ਵੀ ਉਚਾ ਜਾਂ ਬਿਲਕੁਲ ਹੀ ਨਾ ਸੁਣਦਾ ਹੋਵੇ। ਦੋ ਉਂਗਲੀਆਂ ਦਾ ਨਿਸ਼ਾਨਾ ਆਪਣੀਆਂ ਅੱਖਾਂ ਨੂੰ ਬਣਾ ਕੇ ਉਹ ਚੀਕਿਆ, 'ਦਿਖਾਈ ਨਈਂ ਦਿੰਦਾ?'

ਮੁੰਡੇ ਨੇ ਜਵਾਬ ਦੇਣ ਦੀ ਥਾਂ 'ਨਾਂਹ' ਵਿਚ ਸਿਰ ਹਿਲਾਇਆ।

ਬੁੱਢਾ ਹੋਰ ਨਾਰਾਜ਼ ਹੋ ਗਿਆ, 'ਬੜਾ ਢੀਠ ਐਂ।'

ਬਜ਼ੁਰਗ ਨੇ ਮਸ਼ੀਨ ਸੰਭਾਲੀ, ਮੁੰਡੇ ਨੇ ਆਪਣਾ ਹੱਥ ਅੱਗੇ ਵਧਾਇਆ। ਬਜ਼ੁਰਗ ਨੇ ਸਮਝਿਆ ਮੁੰਡਾ ਉਸ ਨੂੰ ਉਠਾਲਣ ਲਈ ਮਦਦ ਕਰਨੀ ਚਾਹੁੰਦਾ ਹੈ ਜਾਂ ਹੱਥ ਮਿਲਾਉਣਾ ਚਾਹੁੰਦਾ ਹੈ। ਬਜ਼ੁਰਗ ਦੇ ਰੌਂਅ ਵਿਚਲੀ ਤਲਖ਼ੀ ਕੁਝ ਘਟ ਗਈ, 'ਥੋੜੀ ਬਹੁਤ ਸ਼ਰਮ-ਹਯਾ ਤਾਂ ਹੈ ਇਹਦੇ ਵਿਚ। ਲਗਦੈ ਦੇਸੀ ਐ।'

ਉਸ ਨੇ ਵੀ ਮਿਲਾਉਣ ਲਈ ਹੱਥ ਅੱਗੇ ਵਧਾ ਦਿੱਤਾ। ਮੁੰਡੇ ਨੇ ਬਜਾਏ ਹੱਥ ਮਿਲਾਉਣ ਦੇ, ਉਸ ਦੀ ਬਾਂਹ ਫੜ੍ਹ ਲਈ। ਕਮੀਜ਼ ਦੇ ਕਫ ਨੂੰ ਲਪੇਟ ਕੇ ਬਾਂਹ ਨੰਗੀ ਕਰ ਦਿੱਤੀ ਅਤੇ ਆਪਣੀ ਉਂਗਲੀ ਨਾਲ ਬਾਂਹ 'ਤੇ ਹੌਲੀ ਲਿਖਣ ਦਾ ਯਤਨ ਕੀਤਾ-ਡੂ ਯੂ ਨੋ ਇੰਗਲਿਸ਼?

ਬਜ਼ੁਰਗ ਨੇ ਟੁੱਟੀ-ਫੁੱਟੀ ਅੰਗਰੇਜ਼ੀ ਵਿਚ ਕਿਹਾ, 'ਥੋੜ੍ਹੀ ਥੋੜ੍ਹੀ। ਪਰ ਉਰਦੂ-ਹਿੰਦੀ ਆਉਂਦੀ ਐ।'

ਮੁੰਡੇ ਨੇ ਫਿਰ ਬਾਂਹ 'ਤੇ ਲਿਖਿਆ, 'ਮੈਨੂੰ ਵੀ ਉਰਦੂ ਥੋੜ੍ਹੀ ਥੋੜ੍ਹੀ ਆਉਂਦੀ ਐ।'

ਬਜ਼ੁਰਗ ਖ਼ੁਸ਼ ਹੋ ਗਿਆ। ਬਾਂਹ ਛੁਡਾ ਕੇ ਗਰਮਜੋਸ਼ੀ ਨਾਲ ਹੱਥ ਮਿਲਾਇਆ ਤੇ ਕਿਹਾ, 'ਮੈਂ ਇੰਡੀਆ ਤੋਂ ਆਂ। ਉਰਦੂ-ਹਿੰਦੀ ਲਿਖ ਵੀ ਲੈਨਾਂ ਤੇ ਬੋਲ ਵੀ ਲੈਨਾਂ।'

ਜਵਾਨ ਨੇ ਫਿਰ ਉਸ ਦੀ ਬਾਂਹ 'ਤੇ ਲਿਖਿਆ, 'ਮੈਂ ਬੰਗਲਾ ਦੇਸ਼ ਤੋਂ ਹਾਂ।'

ਬਜ਼ੁਰਗ ਨੇ ਆਪਣੀ ਬਾਂਹ 'ਤੇ ਖਾਜ ਕੀਤੀ ਅਤੇ ਝੁਣਝੁਣੀ ਲਈ। ਉਸ ਨੂੰ ਕੁਤਕਤਾਰੀਆਂ ਨਿਕਲੀਆਂ ਸਨ। ਬੰਗਾਲੀ ਨੇ ਮੁਸਕਰਾ ਕੇ ਬਾਂਹ 'ਤੇ ਲਿਖਿਆ, 'ਮੈਂ ਬੋਲ ਨਹੀਂ ਸਕਦਾ।'

ਇਕਦਮ ਬਜ਼ੁਰਗ ਮੁੰਡੇ ਦੇ ਚਿਹਰੇ ਨੂੰ ਅੰਦਾਜ਼ਾ ਲਾਉਣ ਲਈ ਦੇਖਣ ਲੱਗ ਪਿਆ। ਬੰਗਾਲੀ ਨੇ ਆਪਣੇ ਬੁੱਲ੍ਹਾਂ 'ਤੇ ਉਂਗਲਾਂ ਰੱਖੀਆਂ ਅਤੇ ਹੱਥ ਨੂੰ ਡੁੱਗ-ਡੁੱਗੀ ਬਣਾ ਕੇ ਘੁੰਮਾਇਆ। ਬਜ਼ੁਰਗ ਬੁੜਬੜਾਇਆ, 'ਹਾਏ ਕਿੰਨਾ ਸੋਹਣਾ ਗੱਭਰੂ ਐ, ਵਿਚਾਰਾ ਗੂੰਗਾ ਐ।'

ਬੰਗਾਲੀ ਮੁੰਡਾ ਉਸੇ ਜਜ਼ਬੇ ਨਾਲ ਬਜ਼ੁਰਗ ਨੂੰ ਦੇਖਣ ਲੱਗ ਪਿਆ, ਬਜ਼ੁਰਗੀ ਨੇ ਉਸ ਤੋਂ ਸੁਣਨ ਦੀ ਤਾਕਤ ਖੋਹ ਲਈ ਹੈ।

ਦੋਹਾਂ ਦੇ ਦਿਲਾਂ ਵਿਚ ਇਕ ਦੂਸਰੇ ਲਈ ਹਮਦਰਦੀ ਪੈਦਾ ਹੋ ਗਈ। ਦੋਵੇਂ ਕੁਝ ਪਲ ਇਕ ਦੂਸਰੇ ਨੂੰ ਦੇਖਦੇ ਰਹੇ। ਬਜ਼ੁਰਗ ਨੂੰ ਖ਼ਿਆਲ ਹੀ ਨਾ ਰਿਹਾ ਕਿ ਉਸ ਨੇ ਕੰਨ ਵਿਚ ਮਸ਼ੀਨ ਲਾਉਣੀ ਹੈ। ਸਗੋਂ ਬੈਟਰੀ ਦਾ ਬਟਨ ਬੰਦ ਕਰਕੇ ਉਸ ਨੇ ਮਸ਼ੀਨ ਜੇਬ੍ਹ ਵਿਚ ਪਾ ਲਈ ਤੇ ਸੋਚਣ ਲੱਗਾ, ਇਹ ਕਿਹੋ ਜਿਹਾ ਮਿਲਾਪ ਹੈ? ਇਹ ਬੋਲ ਨਹੀਂ ਸਕਦਾ, ਮੈਂ ਸੁਣ ਨਹੀਂ ਸਕਦਾ।

ਦੋਹਾਂ ਨੇ ਹੀਣਤਾ ਦੇ ਅਹਿਸਾਸ ਦੇ ਦਰਵਾਜ਼ੇ ਬੰਦ ਕਰ ਲਏ। ਬੇਖ਼ੁਦੀ ਵਿਚ ਦੋਵੇਂ ਹੱਸਣ ਲੱਗ ਪਏ। ਹੱਸਦੇ ਹੋਏ ਮੁੰਡੇ ਨੇ 'ਸਲੋ ਮੋਸ਼ਨ' ਵਿਚ ਆਪਣੇ ਡਿੱਗਣ ਦੀ ਨਕਲ ਕਰਕੇ ਦਿਖਾਇਆ। ਦੋਵੇਂ ਟਰੇਨ ਸਟੇਸ਼ਨ ਤੋਂ ਨਿਕਲੇ। ਡਾਊਨ ਟਾਊਨ ਦੇ 'ਫਾਈਨੈਂਸ਼ਲ ਡਿਸਟ੍ਰਿਕਟ' ਦੇ ਇਕ ਬਗ਼ੀਚੇ ਵਿਚ ਬੈਠ ਕੇ 'ਗੱਲੀਂ ਜੁੱਟ' ਗਏ। ਜਿਵੇਂ ਦੋਵੇਂ ਇਕ ਦੂਜੇ ਦੀਆਂ ਜਜ਼ਬਾਤੀ, ਮਾਨਸਿਕ ਜ਼ਰੂਰਤਾਂ ਪੂਰੀਆਂ ਕਰ ਰਹੇ ਹੋਣ। ਦੋਹਾਂ ਨੇ ਆਪਣੀ ਜਾਣ-ਪਹਿਚਾਣ ਕਰਵਾਈ।

ਬਜ਼ੁਰਗ ਦਾ ਨਾਮ ਜਰਨੈਲ ਸਿੰਘ ਸੀ। ਉਹ ਹਿੰਦੋਸਤਾਨ ਦੇ ਲੁਧਿਆਣੇ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਦਾ ਕਿਸਾਨ ਸੀ। ਉਸ ਦੀ ਘਰਵਾਲੀ ਮਰ ਚੁੱਕੀ ਸੀ। ਉਹ ਆਪਣੇ ਪੁੱਤਰ ਤੇ ਨੂੰਹ ਨਾਲ ਇਕ ਬੈਡਰੂਮ ਦੇ ਅਪਾਰਟਮੈਂਟ ਵਿਚ ਬਰੁੱਕਲਿਨ ਰਹਿੰਦਾ ਸੀ।

ਨੂੰਹ-ਬੇਟਾ ਜੌਬ ਕਰਦੇ ਸਨ। ਜਰਨੈਲ ਸਿੰਘ ਸਾਰਾ ਦਿਨ ਇਕੱਲਾ ਗੁਜ਼ਾਰਦਾ ਸੀ। ਇਸੇ ਕਰਕੇ ਉਸ ਦਾ ਦਿਲ ਇਨਸਾਨਾਂ ਦੇ ਜੰਗਲ ਵਿਚ ਨਹੀਂ ਸੀ ਲਗਦਾ। ਉਹ ਆਪਣਾ ਪਿੰਡ ਯਾਦ ਕਰਦਾ। ਪਿੰਡ ਦੀਆਂ ਪੈਲੀਆਂ, ਲਹਿਲਹਾਉਂਦੇ ਖੇਤ-ਖਲਿਆਣ ਰੌਣਕੀਲੇ ਲੱਗਦੇ ਸਨ, ਬੰਦਿਆਂ ਨਾਲ ਭਰਿਆ ਇਹ ਸ਼ਹਿਰ ਵੀਰਾਨ ਜੰਗਲ। ਦਿਲ ਪਰਚਾਵੇ ਲਈ ਛੋਟੇ-ਮੋਟੇ ਕੰਮ ਦੀ ਤਲਾਸ਼ ਵਿਚ ਉਹ ਘਰੋਂ ਨਿਕਲਿਆ ਸੀ।

ਬੰਗਾਲੀ ਮੁੰਡੇ ਦਾ ਨਾਮ ਨਜ਼ਰੁਲ ਇਸਲਾਮ ਸੀ। ਉਹ ਸਿਲਟ ਦੇ ਪਿੰਡ ਤੋਂ ਸੀ। ਇਸ ਛੋਟੇ ਜਿਹੇ ਪਿੰਡ ਵਿਚ ਸਕੂਲ ਤਾਂ ਸੀ, ਪਰ ਕੋਈ ਅਜਿਹਾ ਅਦਾਰਾ ਨਹੀਂ ਸੀ, ਜਿਥੇ ਉਹ ਇਸ਼ਾਰਿਆਂ ਦੀ ਜ਼ੁਬਾਨ ਸਿੱਖ ਸਕੇ। ਸੁਣ ਤਾਂ ਲੈਂਦਾ ਸੀ, ਪਰ ਬੋਲ ਨਹੀਂ ਸੀ ਸਕਦਾ। ਲਿਖਣ-ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਉਹ ਵੀ ਕੰਮ ਲੱਭਣ ਲਈ ਹੀ ਘਰੋਂ ਨਿਕਲਿਆ ਸੀ।

ਪੀਲੀ ਟੈਕਸੀ ਚਲਾਉਣ ਦੀ ਨਜ਼ਰੁਲ ਇਸਲਾਮ ਦੀ ਬਹੁਤ ਤਮੰਨਾ ਸੀ ਕਿਉਂਕਿ ਉਸ ਦੇ ਸਾਰੇ ਵਾਕਿਫ ਟੈਕਸੀ ਚਲਾ ਕੇ ਚੰਗਾ ਗੁਜ਼ਾਰਾ ਕਰ ਰਹੇ ਸਨ। ਉਸ ਨੇ ਕਈ ਸਟੋਰਾਂ 'ਤੇ ਕੰਮ ਕੀਤਾ ਪਰ ਗੂੰਗੇਪਨ ਕਾਰਨ ਛੇਤੀ ਹੀ ਨੌਕਰੀ ਤੋਂ ਵਿਹਲਾ ਹੋ ਜਾਂਦਾ। ਉਹਦਾ ਵਿਚਾਰ ਫਲਾਂ ਦੀ ਰੇੜ੍ਹੀ ਲਾਉਣ ਦਾ ਸੀ ਪਰ ਸਿਟੀ ਦੇ ਹੈਲਥ ਡਿਪਾਰਟਮੈਂਟ ਤੇ ਮੈਂਟਲ ਹਾਈਜੀਅਨ ਤੋਂ ਫਲਾਂ ਦੀ ਰੇੜ੍ਹੀ ਦਾ ਲਾਈਸੈਂਸ ਮਿਲਣ ਦੀਆਂ ਸ਼ਰਤਾਂ ਦੇ ਰਾਹ ਵਿਚ ਨਕਾਰਾ ਜ਼ੁਬਾਨ ਰੋੜਾ ਬਣ ਰਹੀ ਸੀ।

ਜਰਨੈਲ ਸਿੰਘ ਨੇ ਸਲਾਹ ਦਿੱਤੀ, 'ਜੀਭ 'ਤੇ ਜੋਕਾਂ ਲਵਾ ਲੈ। ਜੀਭ ਵਿਚ ਜੋ ਬੁਰਾ ਕਹਿਣ ਦਾ ਬੁਰਾ ਖ਼ੂਨ ਹੈ, ਉਹ ਜੋਕਾਂ ਚੂਸ ਲੈਣਗੀਆਂ ਤੇ ਤੂੰ ਠੀਕ ਹੋ ਜਾਏਂਗਾ।'

ਨਜ਼ਰੁਲ ਇਸਲਾਮ ਨੇ ਵੀ ਬਾਂਹ 'ਤੇ ਲਿਖ ਕੇ ਮਸ਼ਵਰਾ ਦਿੱਤਾ, 'ਕੰਨਾਂ ਕੋਲ ਸੋਨੇ ਦੇ ਢੋਲ ਵਜਵਾ। ਕੰਨਾਂ ਵਿਚ ਜਿਹੜਾ ਕੰਨ-ਖਜੂਰਾ ਵੜਿਆ ਹੋਇਐ, ਬਾਹਰ ਨਿਕਲ ਆਵੇਗਾ ਤੇ ਤੂੰ ਸੁਣਨ ਲੱਗ ਪਵੇਂਗਾ।'

ਦੋਵੇਂ ਪਾਗਲਾਂ ਵਾਂਗ ਹੱਸਦੇ ਹੱਸਦੇ ਬੇਹਾਲ ਹੋ ਗਏ।

ਨਜ਼ਰੁਲ ਇਸਲਾਮ ਨੇ ਸਲਾਹ ਦਿੱਤੀ, 'ਨਾ ਤਾਂ ਏਥੇ ਜੋਕਾਂ ਲਾਉਣ ਵਾਲੇ ਵਸਦੇ ਐ, ਨਾ ਹੀ ਉਹ ਸੁਨਿਆਰੇ ਨੇ ਜਿਹੜੇ ਸੋਨੇ ਦਾ ਢੋਲ ਘੜਦੇ ਹੋਣ। ਇੰਜ ਕਰਦੇ ਆਂ ਦੋਵੇਂ ਮਿਲ ਕੇ ਕੋਹਲੂ ਖ਼ਰੀਦਦੇ ਆਂ।'

ਜਰਨੈਲ ਸਿੰਘ ਨੇ ਪੁੱਛਿਆ, 'ਕੋਹਲੂ? ਤੇਲ ਕੱਢਣ ਵਾਲਾ?' ਕੁਝ ਸੋਚ ਕੇ ਉਸ ਨੇ ਫਿਰ ਪੁੱਛਿਆ, 'ਕੋਹਲੂ ਨਾਲ ਮੇਰੇ ਕੰਨਾਂ ਵਿਚ ਤੇਲ ਪਾਵੇਂਗਾ?'

ਨਜ਼ਰੁਲ ਇਸਲਾਮ ਨੇ ਫਿਰ ਲਿਖਿਆ, 'ਨਹੀਂ ਨੌਂ ਮਣ ਤੇਲ ਇਕੱਠਾ ਕਰਾਂਗਾ।'

ਜਰਨੈਲ ਸਿੰਘ ਹੱਸ ਹੱਸ ਕੇ ਲੋਟ-ਪੋਟ ਹੋ ਗਿਆ, 'ਤਾਂ ਆਪਾਂ ਰਾਧਾ ਦਾ ਨਾਚ ਦੇਖਾਂਗੇ।'

ਹੱਸਦਾ ਹੱਸਦਾ ਜਰਨੈਲ ਸਿੰਘ ਇਕਦਮ ਚੁੱਪ ਹੋ ਗਿਆ। ਫਿਰ ਬੋਲਿਆ, 'ਰਾਧਾ ਦੇ ਨਾਚ ਲਈ ਨੌਂ ਮਣ ਤੇਲ ਅਤੇ ਤੇਲ ਲਈ ਕੋਹਲੂ।' ਕੁਝ ਚਿਰ ਚੁੱਪ ਰਹਿ ਕੇ ਫਿਰ ਬੋਲਿਆ, 'ਕੋਹਲੂ। ਗੱਲ ਤਾਂ ਪਤੇ ਦੀ ਐ। ਮੈਂ ਕੋਹਲੂ ਅੱਗੇ ਜੋਤਿਆ ਹੋਇਆ ਬਲਦ, ਤੂੰ ਮੇਰੇ ਪਿੱਛੇ ਬਲਦ ਹੱਕਣ ਵਾਲ਼ਾ।'

ਨਜ਼ਰੁਲ ਇਸਲਾਮ ਦੇ ਚਿਹਰੇ 'ਤੇ ਹੈਰਾਨੀ ਦੇ ਭਾਵ ਉਭਰੇ। ਉਸ ਦਾ ਜਵਾਬ ਜਰਨੈਲ ਸਿੰਘ ਨੇ ਦੇ ਦਿੱਤਾ ਅਤੇ ਸਮਝਾਇਆ, 'ਜਦੋਂ ਆਪਾਂ ਰੇੜ੍ਹੀ ਲਾਉਣ ਵਾਲੀ ਅਰਜ਼ੀ ਲਈ ਜਾਵਾਂਗੇ, ਤੂੰ ਮੇਰੇ ਪਿੱਛੇ ਖੜ੍ਹਾ ਹੋ ਜਾਵੀਂ। ਆਪਣੇ ਹੱਥ ਮੇਰੀ ਕਮੀਜ਼ ਅੰਦਰ। ਮੇਰੀ ਪਿੱਠ ਨੂੰ ਬਲਦ ਦੀ ਪਿੱਠ ਸਮਝ ਲੈਣਾ। ਆਪਣੀ ਉਂਗਲੀ ਨੂੰ ਪਰੈਣੀ ਬਣਾ ਕੇ ਜੋ ਕੁਝ ਸੁਣੇਂ ਲਿਖੀ ਜਾਈਂ। ਮੈਂ ਜਵਾਬ ਦੇਈ ਜਾਵਾਂਗਾ।'

ਨਜ਼ਰੁਲ ਸਲਾਮ ਨੇ ਐਤਕੀਂ ਬਾਂਹ ਦੀ ਥਾਂ ਜਰਨੈਲ ਸਿੰਘ ਦੇ ਲੱਕ ਕੋਲੋਂ ਕਮੀਜ਼ ਦੇ ਅੰਦਰ ਹੱਥ ਪਾ ਕੇ ਲਿਖਿਆ, 'ਤੇਰੇ ਕੋਲ ਜਿਹੜੀ ਕੰਨ ਦੀ ਮਸ਼ੀਨ ਐ, ਉਸ ਨਾਲ ਤੂੰ ਥੋੜ੍ਹਾ ਬਹੁਤ ਸੁਣ ਤਾਂ ਸਕਦਾ ਏਂ।'

ਜਰਨੈਲ ਸਿੰਘ ਹੱਸਣ ਲੱਗ ਪਿਆ, 'ਭਾਈ ਇਹ ਮਸ਼ੀਨ ਤਾਂ ਮੈਂ ਇਸ ਲਈ ਲਾਉਂਨਾ ਬਈ ਕੰਨਾਂ 'ਤੇ ਪਏ ਢੱਕਣ ਅਤੇ ਇਹ ਲਟਕੀ ਹੋਈ ਤਾਰ ਦੇਖ ਕੇ ਲੋਕ ਇਹ ਸਮਝਣ ਜਾਂ ਤਾਂ ਬੁੱਢਾ ਗਾਣੇ ਸੁਣ ਰਿਹੈ ਜਾਂ ਇਹ ਸਮਝਣ ਕਿ ਇਹਨੂੰ ਸੁਣਦਾ ਨਈਂ। ਤਦੇ ਉਹ ਮੈਨੂੰ ਕੁਝ ਨਹੀਂ ਕਹਿੰਦੇ। ਭਾਈ ਮੈਨੂੰ ਬਿਲਕੁਲ ਸੁਣਾਈ ਨਹੀਂ ਦਿੰਦਾ।'

ਨਜ਼ਰੁਲ ਇਸਲਾਮ ਨੇ ਕੁਝ ਇਸ਼ਾਰਿਆਂ ਨਾਲ ਅਤੇ ਕੁਝ ਬਾਂਹ 'ਤੇ ਲਿਖ ਕੇ ਕਿਹਾ, 'ਚਲੋ ਪਹਿਲਾਂ ਲਾਈਸੈਂਸ ਲੈਂਦੇ ਆਂ।'

ਦੋਵਾਂ ਨੇ ਆਸ ਭਰੀਆਂ ਨਜ਼ਰਾਂ ਨਾਲ ਇਕ ਦੂਜੇ ਨੂੰ ਦੇਖਿਆ। ਨਾ ਜਰਨੈਲ ਸਿੰਘ ਦੇ ਬੁੱਲ੍ਹ ਹਿੱਲੇ ਨਾ ਹੀ ਨਜ਼ਰੁਲ ਇਸਲਾਮ ਦੀਆਂ ਉਂਗਲਾਂ ਨੇ ਹਰਕਤ ਕੀਤੀ। ਪਰ ਦੋਹਾਂ ਦੀਆਂ ਅੱਖਾਂ ਵਿਚ ਠਾਠਾਂ ਮਾਰਦੇ ਹੰਝੂ ਕਹਿ ਰਹੇ ਸਨ, 'ਮੈਂ ਤੈਨੂੰ ਇਕ ਦਿਨ ਡਾਕਟਰ ਕੋਲ ਇਲਾਜ ਕਰਾਉਣ ਲਈ ਜ਼ਰੂਰ ਲੈ ਜਾਵਾਂਗਾ।'

ਦੋਹਾਂ ਦੀਆਂ ਜ਼ਰੂਰਤਾਂ ਨੇ ਉਹ ਮਾਂ ਲੱਭ ਹੀ ਲਈ, ਜਿਸ ਨੇ ਫਲਾਂ ਦੀ ਰੇੜ੍ਹੀ ਦਾ ਲਾਈਸੈਂਸ ਹਾਸਿਲ ਕਰਨ ਦੀ ਅਜੀਬੋ-ਗ਼ਰੀਬ ਤਰਕੀਬ ਦੀ ਖੋਜ ਕੀਤੀ। ਦੋਹਾਂ ਨੇ ਲਾਈਸੈਂਸ ਹਾਸਿਲ ਕਰ ਲਿਆ ਅਤੇ ਜ਼ਿੰਦਗੀ ਦੀ ਕਤਾਰ ਵਿਚ ਉਹ ਵੀ ਖੜ੍ਹੇ ਹੋ ਗਏ। ਜਰਨੈਲ ਸਿੰਘ ਦੀ ਚਾਲ ਵਿਚ ਵੱਕਾਰ ਆ ਗਿਆ। ਜਦੋਂ ਵੀ ਉਹ ਆਪਣੀ ਜਾਣ-ਪਹਿਚਾਣ ਕਰਵਾਉਂਦਾ, ਆਖਦਾ, 'ਜਰਨੈਲ ਸਿੰਘ ਫਰੌਮ ਲੁਧਿਆਣਾ ਲਾਈਸੈਂਸ ਹੋਲਡਰ ਬਿਜਨਸਮੈਨ।'

ਉਸ ਨੇ 'ਗੁੱਡ ਮੌਰਨਿੰਗ। ਹੌਅ ਆਰ ਜੂ। ਮੇਅ ਆਈ ਹੈਲਪ ਜੂ।' ਵਰਗੇ ਫਿਕਰੇ ਸਿੱਖ ਲਏ। ਹਿੰਦੋਸਤਾਨ ਤੋਂ ਆਪਣੇ ਗਵਾਂਢੀ ਰਾਮੀ ਦਰਜ਼ੀ ਦੇ ਹੱਥਾਂ ਦਾ ਸੀਤਾ ਹੋਇਆ ਸੂਟ ਵੀ ਉਸ ਨੇ ਆਉਂਦੇ ਜਾਂਦੇ ਤੋਂ ਮੰਗਵਾ ਲਿਆ।

ਦੋਵੇਂ ਏਨੀ ਮਿਹਨਤ ਅਤੇ ਲਗਨ ਨਾਲ ਕੰਮ ਨਾਲ ਕੰਮ ਹੋ ਗਏ ਕਿ ਇਕ ਦਿਨ ਵੀ ਨਾਗ਼ਾ ਨਾ ਪਾਉਂਦੇ। ਰੇੜ੍ਹੀ 'ਤੇ ਲੱਗੀਆਂ ਨਾਰੰਗੀਆਂ, ਸੇਬ, ਸੰਤਰਿਆਂ ਨੂੰ ਏਦਾਂ ਚਮਕਾਉਂਦੇ ਕਿ ਲੰਘ ਰਹੇ ਲੋਕਾਂ ਨੂੰ ਸ਼ੱਕ ਪੈਂਦੀ ਕਿ ਅਸਲੀ ਨੇ ਕਿ ਸੋਨੇ-ਚਾਂਦੀ ਦੇ ਗਹਿਣੇ ਰੇੜ੍ਹੀ 'ਤੇ ਵਿਕ ਰਹੇ ਨੇ। ਜਰਨੈਲ ਸਿੰਘ ਸੂਟ-ਟਾਈ ਪਹਿਨੀ ਅੱਗੇ ਜੁਟਿਆ ਬੈਲ ਅਤੇ ਨਜ਼ਰੁਲ ਇਸਲਾਮ ਉਸ ਦੀ ਕਮਰ ਨਾਲ ਚਿਪਕਿਆ ਬੈਲ ਹਿੱਕਣ ਵਾਲਾ ਤੇਲੀ। ਜ਼ਿੰਦਗੀ ਦੇ ਕੋਹਲੂ 'ਤੇ ਇਸ ਤਰ੍ਹਾਂ ਜੁੱਟ ਗਏ ਜਿਵੇਂ ਨੌਂ ਮਣ ਤੇਲ ਨਾਲ ਰਾਧਾ ਦਾ ਨਾਚ, ਜਿਵੇਂ ਦੋਹਾਂ ਦਾ ਕੰਨ ਅਤੇ ਗਲ ਦਾ ਇਲਾਜ ਹੋਵੇ।

ਦੋਵਾਂ ਦੀ ਰੇੜ੍ਹੀ ਫਾਈਨੈਂਸ਼ਲ ਡਿਸਟ੍ਰਿਕਟ ਵਿਚ ਏਨੀ ਹਰਮਨ-ਪਿਆਰੀ ਹੋ ਗਈ ਕਿ ਸਾਰੇ ਉਨ੍ਹਾਂ ਕੋਲੋਂ ਹੀ ਫਲ ਖ਼ਰੀਦਦੇ। ਪਰ ਜਰਨੈਲ ਸਿੰਘ ਦੇ ਅੰਗਰੇਜ਼ੀ ਸ਼ਬਦਕੋਸ਼ ਦਾ ਖ਼ਜ਼ਾਨਾ ਸਿਰਫ ਹੌਅ ਆਰ ਜੂ। ਮੇਅ ਆਈ ਹੈਲਪ ਜੂ। ਐਪਲ ਬਨ ਡਾਲਰ ਈਚ। ਔਰੇਂਜ ਨਾਈਨਟੀ ਨਾਈਨ ਸੈਂਟ ਦੇ ਟੂ... 'ਤੇ ਹੀ ਮੁੱਕ ਜਾਂਦਾ।

ਇਕ ਦਿਨ ਇਕ ਅੱਧ-ਖੜ੍ਹ ਉਮਰ ਦੀ ਔਰਤ ਰੇੜ੍ਹੀ ਕੋਲ ਦੀ ਲੰਘੀ। ਫਲਾਂ 'ਤੇ ਨਿਗਾਹ ਪਈ ਤਾਂ ਰੁਕ ਗਈ। ਔਰਤ ਨੇ ਸੰਤਰਿਆਂ ਦੀ ਕੀਮਤ ਅੰਗਰੇਜ਼ੀ ਵਿਚ ਪੁੱਛੀ ਤਾਂ ਜਰਨੈਲ ਸਿੰਘ ਦੇ ਮੂੰਹ 'ਚੋਂ 'ਡਾਲਰ' ਦੀ ਬਜਾਏ 'ਇਕ ਰੁਪਏ ਦੇ ਦੋ' ਨਿਕਲ ਗਿਆ। ਔਰਤ ਦਾ ਹਾਸਾ ਨਿਕਲ ਗਿਆ। ਉਸ ਨੇ ਉਰਦੂ ਵਿਚ ਜਰਨੈਲ ਸਿੰਘ ਨਾਲ ਗੱਲਬਾਤ ਸ਼ੁਰੂ ਕਰ ਲਈ। ਜਰਨੈਲ ਸਿੰਘ ਉਰਦੂ-ਪੰਜਾਬੀ ਦੇ ਮਿਲਗੋਭੇ ਨਾਲ ਗੱਲਬਾਤ ਵਿਚ ਫਲਾਂ ਦੇ ਰੰਗ ਅਤੇ ਮਿਠਾਸ ਦੇ ਰੰਗ ਘੋਲਣ ਲੱਗ ਪਿਆ।

ਅੱਧ-ਖੜ੍ਹ ਉਮਰ ਦੀ ਔਰਤ ਪਾਕਿਸਤਾਨ ਤੋਂ ਸੀ। ਉਸ ਦਾ ਨਾਮ ਜ਼ਾਹਿਦਾ ਸੀ। ਨੇੜੇ ਹੀ ਚਰਚ ਸਟਰੀਟ 'ਤੇ ਨਹੁੰ ਸੰਵਾਰਨ ਦੀ ਦੁਕਾਨ 'ਤੇ ਕੰਮ ਕਰਦੀ ਸੀ। ਉਸ ਇਕਲੌਤੇ ਪੁੱਤਰ ਦੀ ਮਾਂ, ਜਿਸ ਨੇ ਕੁਝ ਹੀ ਮਹੀਨੇ ਪਹਿਲਾਂ ਨਿਊ ਯਾਰਕ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਸੀ ਤੇ 'ਵਰਲਡ ਟਰੇਡ ਸੈਂਟਰ' ਦੀ ਇਕ ਇਮਾਰਤ ਵਿਚ ਨੌਕਰੀ ਲੱਭ ਲਈ ਸੀ।

ਜ਼ਾਹਿਦਾ ਦਾ ਹਰ ਪਲ ਆਪਣੇ ਬੇਟੇ ਦੀ ਜ਼ਿੰਦਗੀ ਵਾਸਤੇ ਹੀ ਸੀ। ਹਰ ਇਕ ਨਾਲ ਗੱਲਬਾਤ ਵਿਚ ਉਸ ਦਾ ਬੇਟਾ ਜਹਾਂਗੀਰ ਹਾਜ਼ਿਰ ਹੁੰਦਾ, 'ਮੇਰਾ ਹੈਂਡਸਮ ਜਹਾਂਗੀਰ।' ਉਹ ਹਰ ਰੋਜ਼ ਜਰਨੈਲ ਸਿੰਘ ਨਾਲ ਆਪਣੇ ਪੁੱਤਰ ਬਾਰੇ ਗੱਲਾਂ ਕਰਦੀ।

ਆਪਣੇ ਲਈ ਇਕ ਕੇਲਾ, ਇਕ ਸੰਤਰਾ ਅਤੇ ਕੁਝ ਅੰਗੂਰ ਖ਼ਰੀਦਣਾ, ਬਸ ਰੋਜ਼ ਦੀ ਗੱਲਬਾਤ ਦਾ ਬਹਾਨਾ। ਜਰਨੈਲ ਸਿੰਘ, ਜੇ ਨਜ਼ਰੁਲ ਇਸਲਾਮ ਪਿੱਛੇ ਖੜ੍ਹਾ ਹੁੰਦਾ ਤਾਂ ਸਿੱਧੇ ਜਵਾਬ ਦਿੰਦਾ। ਜੇ ਕਦੇ ਨਜ਼ਰੁਲ ਇਸਲਾਮ ਏਧਰ ਓਧਰ ਗਿਆ ਹੁੰਦਾ ਤਾਂ ਉਲਟੇ-ਪੁਲਟੇ ਜਵਾਬਾਂ ਨਾਲ ਜ਼ਾਹਿਦਾ ਨੂੰ ਹਸਾਉਂਦਾ। ਫਲਾਂ ਦੀ ਇਹ ਰੇੜ੍ਹੀ ਟਵਿਨ ਟਾਵਰਾਂ ਤੋਂ ਦੂਰ ਤਾਂ ਸੀ, ਪਰ ਰੇੜ੍ਹੀ ਤੋਂ ਇਹ ਚੰਗੀ ਤਰ੍ਹਾਂ ਨਜ਼ਰ ਆਉਂਦੇ ਸਨ। ਜ਼ਾਹਿਦਾ ਜਦ ਵੀ ਆਪਣੇ ਬੇਟੇ ਦਾ ਜ਼ਿਕਰ ਕਰਦੀ, ਮੂੰਹ ਉਸ ਇਮਾਰਤ ਵੱਲ ਹੁੰਦਾ, ਜਿਸ ਵਿਚ ਉਸ ਦਾ ਪੁੱਤਰ ਜਹਾਂਗੀਰ ਕੰਮ ਕਰਦਾ ਸੀ।

ਨਜ਼ਰੁਲ ਇਸਲਾਮ ਅਤੇ ਜਰਨੈਲ ਸਿੰਘ ਵੀ ਕਾਰੋਬਾਰ ਤੋਂ ਵਾਹਵਾ ਸੁਖੀ ਹੁੰਦੇ ਜਾ ਰਹੇ ਸਨ। ਦੋਵੇਂ ਬੱਚਤ ਅੱਧੀ ਅੱਧੀ ਵੰਡ ਲੈਂਦੇ। ਦੋਵਾਂ ਨੇ ਫੈਸਲਾ ਕੀਤਾ, ਕਿਉਂ ਨਾ ਆਪਣਾ ਇਲਾਜ ਕਰਵਾ ਲਿਆ ਜਾਵੇ। ਦੋਹਾਂ ਦੇ ਇਲਾਜ ਦੀ ਜਗ੍ਹਾ ਇਕ ਹੀ ਸੀ। ਗ਼ਲ ਅਤੇ ਕੰਨਾਂ ਦੀ ਕਲੀਨਿਕ। ਦੋਹਾਂ ਨੇ ਵਾਰੀ ਵਾਰੀ ਅੱਧੀ ਛੁੱਟੀ ਲੈ ਕੇ ਕਲੀਨਿਕ ਤੋਂ ਆਪਣੇ ਆਪਣੇ ਐਕਸਰੇ ਅਤੇ ਜਾਂਚ-ਪੜਤਾਲ ਦੇ ਕਾਗ਼ਜ਼-ਪੱਤਰ ਲੈ ਆਂਦੇ। ਦੋਹਾਂ ਨੂੰ 'ਅਵੈਲਯੂਏਸ਼ਨ' ਲਈ ਦਿਮਾਗ਼ੀ ਡਾਕਟਰਾਂ ਕੋਲ ਜਾਣ ਲਈ ਕਿਹਾ ਗਿਆ।

ਜਦ ਦੋਵੇਂ ਵਾਪਸ ਆਏ ਤਾਂ ਦੋਹਾਂ ਦੀਆਂ ਅੱਖਾਂ ਵਿਚ ਹੰਝੂ ਸਨ। ਜਰਨੈਲ ਸਿੰਘ ਦੇ ਥਿਰਕਦੇ ਹੋਏ ਬੁੱਲ੍ਹ ਨਜ਼ਰੁਲ ਇਸਲਾਮ ਨੂੰ ਪੁੱਛ ਰਹੇ ਸਨ, 'ਕੀ ਮੇਰੇ ਵਾਂਗੂੰ ਤੇਰੀ ਵੀ ਦਿਮਾਗ਼ੀ ਸਦਮਾ ਪਹੁੰਚਣ ਨਾਲ ਬੋਲਣ ਦੀ ਤਾਕਤ ਜਾਂਦੀ ਰਹੀ ਹੈ।'

ਨਜ਼ਰੁਲ ਇਸਲਾਮ ਨੇ ਜਦੋਂ ਰਿਪੋਰਟ ਪੜ੍ਹੀ ਤਾਂ ਸਮਝ ਗਿਆ ਕਿ 'ਕੌਂਡਲਿਨ ਨਰਵ' ਉਹ ਸਿਗਨਲ ਫੜ੍ਹਦੇ ਹਨ, ਜਿਹੜੇ ਦਿਮਾਗ਼ ਤੋਂ ਕੰਨ ਦੇ ਅੰਦਰੂਨੀ ਹਿੱਸੇ ਤੱਕ ਪਹੁੰਚਦੇ ਹਨ। ਤੰਤੂਆਂ ਨੂੰ ਅਚਾਨਕ ਲੱਗਣ ਵਾਲਾ ਝਟਕਾ, ਜਿਸ ਨੂੰ ਦਿਮਾਗ਼ ਬਰਦਾਸ਼ਤ ਨਾ ਕਰ ਸਕੇ, ਸਰੀਰ ਦੇ ਕਿਸੇ ਨਾ ਕਿਸੇ ਅੰਗ ਨੂੰ ਨਕਾਰਾ ਕਰ ਦਿੰਦਾ ਹੈ। ਇਹੀ ਵਜ੍ਹਾ ਨਜ਼ਰੁਲ ਇਸਲਾਮ ਦੇ ਗੂੰਗੇਪਨ ਦੀ ਸੀ। ਨਜ਼ਰੁਲ ਇਸਲਾਮ ਨੇ ਜਰਨੈਲ ਸਿੰਘ ਦੀ ਬਾਂਹ ਨੂੰ ਨੰਗਾ ਕਰਕੇ ਲਿਖ ਕੇ ਪੁੱਛਿਆ, 'ਕੀ

*(ਬਾਕੀ ਅਗਲੇ ਸਫੇ 'ਤੇ)*

ਹੋਇਆ ਸੀ?'

ਜਰਨੈਲ ਸਿੰਘ ਨੂੰ ਜਿਵੇਂ ਹਿਚਕੀ ਲੱਗ ਗਈ, 'ਮੈਂ ਨਿੱਕਾ ਜਿਹਾ ਸੀ। ਮੈਨੂੰ ਤਾਂ ਉਮਰ ਵੀ ਯਾਦ ਨਹੀਂ ਕਿ ਮੈਂ ਕਿੱਡਾ ਸੀ। ਉਦੋਂ ਹਿੰਦੋਸਤਾਨ ਦੀ ਵੰਡ ਹੋ ਰਹੀ ਸੀ। ਮੇਰਾ ਖ਼ਾਨਦਾਨ ਸਿਆਲਕੋਟ ਦੇ ਨੇੜੇ ਪਿੰਡ ਵਿਚ ਸਦੀਆਂ ਤੋਂ ਰਹਿ ਰਿਹਾ ਸੀ। ਅੰਗਰੇਜ਼ਾਂ ਨੇ ਹਿੰਦੋਸਤਾਨ ਤਾਂ ਛੱਡ ਦਿੱਤਾ। ਪਰ ਉਸ ਦੀ ਅਜਿਹੀ ਸਜ਼ਾ ਮਿਲੀ ਕਿ ਅੱਜ ਤੱਕ ਅਸੀਂ ਭੁਗਤ ਰਹੇ ਆਂ। ਮੇਰਾ ਪਿਉ ਪਿੰਡ ਨਹੀਂ ਸੀ ਛੱਡਣਾ ਚਾਹੁੰਦਾ।'

'ਜਦ ਮੁਸਲਮਾਨਾਂ ਦੀਆਂ ਲਾਸ਼ਾਂ ਦੀ ਭਰੀ ਗੱਡੀ ਪਾਕਿਸਤਾਨ ਪਹੁੰਚੀ ਤਾਂ ਮੁਸਲਮਾਨਾਂ ਨੇ ਸਾਡੇ ਘਰ ਨੂੰ ਅੱਗ ਲਾ ਦਿੱਤੀ। ਬਾਹਰ ਵੱਡੇ ਦਰਵਾਜ਼ੇ ਨੂੰ ਜਿੰਦਾ ਲਾ ਦਿੱਤਾ। ਮੈਂ ਛੋਟਾ ਜਿਹਾ ਸੀ। ਮੇਰੇ ਪਿਉ ਨੇ ਮੈਨੂੰ ਖਿੜਕੀ ਥਾਣੀਂ ਬਾਹਰ ਸਿੱਟ ਦਿੱਤਾ। ਮੈਂ ਆਪਣੇ ਮਾਂ-ਪਿਓ ਨੂੰ ਮੋਮ ਵਾਂਗ ਪਿਘਲਦੇ ਦੇਖਿਆ। ਪਰ ਉਨ੍ਹਾਂ ਦੀਆਂ ਚੀਕਾਂ ਸੁਣ ਨਾ ਸਕਿਆ। ਉਹ ਦਿਨ ਤੇ ਅੱਜ ਦਾ ਦਿਨ, ਜਦੋਂ ਕਿਸੇ ਦੇ ਬੁੱਲ੍ਹ ਹਿਲਦੇ ਆ ਤਾਂ ਮੂੰਹ ਖੁੱਲ੍ਹਦਾ ਦੀਹਦਾ ਪਰ ਹਿਲਦੇ ਬੁੱਲ੍ਹਾਂ 'ਚੋਂ ਆਵਾਜ਼ ਨਹੀਂ ਸੁਣਦੀ।'

ਨਜ਼ਰੁਲ ਇਸਲਾਮ ਵੀ ਆਪਣੀ ਰਿਪੋਰਟ ਨੂੰ ਦੇਖਣ ਲੱਗ ਪਿਆ। ਰਿਪੋਰਟ 'ਤੇ ਨਜ਼ਰੁਲ ਇਸਲਾਮ ਦੇ ਦੋ ਹੰਝੂ ਡਿੱਗੇ। ਜਰਨੈਲ ਸਿੰਘ ਹੰਝੂਆਂ ਦੀ ਟਿੱਪ ਟਿੱਪ ਤਾਂ ਨਾ ਸੁਣ ਸਕਿਆ, ਪਰ ਹੰਝੂਆਂ ਹੇਠਾਂ ਲਿਖੀ ਇਬਾਰਤ ਪੜ੍ਹ ਗਿਆ। ਦੋ ਸਤਰਾਂ ਸਨ, 'ਵੋਕਲ ਫੋਲਡ ਕੁਡ ਨਾਟ ਮੀਟ ਟੂ ਵਾਈਬਰੇਟ, ਸਾਊਂਡ ਵਿਲ ਨੌਟ ਬੀ ਪ੍ਰੋਡਿਊਸਡ, ਅਫੋਨੀਆ ਕੈਨ ਆਲਸੋ ਕਾਜ਼ਡ ਬਾਈ ਆਫਨ ਐਕੰਪਨੀਡ ਬਾਈ ਫੀਅਰ।' (ਆਵਾਜ਼ ਪੈਦਾ ਕਰਨ ਵਾਲੇ ਅੰਗਾਂ 'ਚ ਹਿਲਜੁਲ ਨਹੀਂ ਜਿਸ ਕਰਕੇ ਆਵਾਜ਼ ਨਹੀਂ ਨਿਕਲਦੀ, ਅਜਿਹਾ ਕਿਸੇ ਦਹਿਸ਼ਤ ਕਾਰਨ ਹੁੰਦਾ ਹੈ ਜਿਸ ਕਰਕੇ ਆਵਾਜ਼ ਨਹੀਂ ਨਿਕਲਦੀ)

ਜਰਨੈਲ ਸਿੰਘ ਦੀਆਂ ਅੱਖਾਂ ਨਜ਼ਰੁਲ ਇਸਲਾਮ ਨੂੰ ਪੁੱਛ ਰਹੀਆਂ ਸਨ। ਨਜ਼ਰੁਲ ਇਸਲਾਮ ਨੇ ਜਰਨੈਲ ਸਿੰਘ ਦੀ ਬਾਂਹ 'ਤੇ ਆਪਣੀ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ।

'ਸੰਨ 1971 ਵਿਚ, ਜਦ ਪੂਰਬੀ ਪਾਕਿਸਤਾਨ ਦੇ ਬੰਗਲਾ ਦੇਸ਼ ਬਣਨ ਦੀ ਲਹਿਰ ਸਿਖਰ 'ਤੇ ਪਹੁੰਚੀ ਤਾਂ ਭਰਾ ਨੇ ਭਰਾ ਨੂੰ ਵੱਢਣਾ ਸ਼ੁਰੂ ਕਰ ਦਿੱਤਾ। ਇਸ ਬਗ਼ਾਵਤ ਵਿਚ ਮੇਰਾ ਖ਼ਾਨਦਾਨ ਤਾਂ ਸ਼ਾਮਿਲ ਨਹੀਂ ਸੀ। ਪਰ ਮੇਰਾ ਮਾਮਾ 'ਮੁਕਤੀ ਵਾਹਿਨੀ' ਦਾ ਮੈਂਬਰ ਸੀ। ਪੱਛਮੀ ਪਾਕਿਸਤਾਨ ਦੀ ਫੌਜ ਨੂੰ ਕਿਸੇ ਇਕ ਬੰਦੇ 'ਤੇ ਸ਼ੱਕ ਹੁੰਦਾ ਤਾਂ ਉਹ ਪੂਰੇ ਪਿੰਡ ਨੂੰ ਅੱਗ ਲਾ ਦਿੰਦੇ। ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਮੇਰੇ ਮਾਮੇ ਨੇ ਮੈਨੂੰ ਇਕ ਗੱਠੜੀ ਦਿੱਤੀ ਤੇ ਆਪ ਭੱਜ ਗਿਆ। ਮੁਖ਼ਬਰ ਨੇ ਪਾਕਿਸਤਾਨੀ ਫੌਜ ਨੂੰ ਮੇਰੇ ਬਾਰੇ ਦੱਸਿਆ। ਮੈਂ ਬਹੁਤ ਹੀ ਛੋਟਾ ਸੀ। ਪਾਕਿਸਤਾਨੀ ਫੌਜੀ ਮੇਰੇ ਮਾਂ-ਬਾਪ ਨੂੰ ਮੇਰੇ ਸਾਹਮਣੇ ਬੰਨ੍ਹ ਕੇ ਮੈਨੂੰ ਪੁੱਛਣ ਲੱਗੇ। ਸਭ ਤੋਂ ਪਹਿਲਾਂ ਮੇਰੇ ਬਾਪ ਵੱਲ ਬੰਦੂਕ ਤਾਣੀ। ਮੈਂ ਦੱਸਣਾ ਚਾਹੁੰਦਾ ਸਾਂ, ਪਰ ਮੇਰੇ ਗ਼ਲੇ 'ਚੋਂ ਆਵਾਜ਼ ਨਹੀਂ ਨਿਕਲ ਰਹੀ ਸੀ। ਮੇਰੇ ਬਾਪ ਨੂੰ ਗੋਲੀ ਮਾਰਨ ਤੋਂ ਬਾਦ ਮੇਰੀ ਮਾਂ ਤੇ ਮੇਰੇ ਭਰਾ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਉਸ ਦਿਨ ਤੋਂ ਮੇਰੀ ਅਜਿਹੀ ਆਵਾਜ਼ ਬੰਦ ਹੋਈ, ਮੈਂ ਮੁੜ ਬੋਲ ਨਹੀਂ ਸਕਿਆ।'

ਦਿਨ ਗੁਜ਼ਰਦੇ ਗਏ। ਪਰ ਦੋਹਾਂ ਦੀ ਮੁਹੱਬਤ ਵਿਚ ਫਰਕ ਨਾ ਆਇਆ।

ਓਹੀ ਆਮ ਵਰਗੇ ਦਿਨ। ਓਹੀ ਜ਼ਾਹਿਦਾ ਬੇਗਮ ਅਤੇ ਉਸ ਦੇ ਜਹਾਂਗੀਰ ਦੀਆਂ ਗੱਲਾਂ।

ਦੋਵੇਂ ਸੱਤੇ ਦਿਨ ਕੰਮ ਕਰਦੇ। ਰੋਜ਼-ਮੱਰਾ ਦੇ ਰੁਝੇਵਿਆਂ ਨੇ ਉਨ੍ਹਾਂ ਦੀਆਂ ਸਾਰੀਆਂ ਤਲਖ਼ੀਆਂ ਭੁਲਾ ਦਿੱਤੀਆਂ ਸਨ। ਦੋਵੇਂ ਇਕ ਦੂਜੇ ਦੀ ਜ਼ਰੂਰਤ ਦਾ ਮਜ਼ਾ ਲੈਣ ਲੱਗੇ। ਸਗੋਂ ਸੁਣਨ ਅਤੇ ਬੋਲਣ ਦੀ ਕਮੀ, ਇਕ ਦੂਜੇ ਨੂੰ ਮਿਲਣ ਦੀ ਤਮੰਨਾ, ਚੰਗਿਆਈ ਬਣ ਕੇ ਮੋਹਣ ਲੱਗ ਪਈ। ਜ਼ਾਹਿਦਾ ਬੇਗਮ ਉਨ੍ਹਾਂ ਨਾਲ ਘੁਲ-ਮਿਲ ਗਈ।

ਨਜ਼ਰੁਲ ਇਸਲਾਮ ਅਤੇ ਜਰਨੈਲ ਸਿੰਘ ਨੇ ਤੈਅ ਕੀਤਾ, ਅੱਜ ਆਪਾਂ ਛੇਤੀ ਰੇੜ੍ਹੀ ਬੰਦ ਕਰਕੇ ਸਿੱਧੇ ਜ਼ਾਹਿਦਾ ਦੇ ਘਰ ਪਹੁੰਚਾਂਗੇ। ਰਾਤ ਦੀ ਰੋਟੀ ਉਥੇ ਹੀ ਖਾਵਾਂਗੇ। ਦੁਪਹਿਰ ਨੂੰ ਨਜ਼ਰੁਲ ਇਸਲਾਮ ਛੇਵੇਂ ਐਵਿਨਿਊ ਤੋਂ ਕੁਝ ਗਹਿਣੇ ਖ਼ਰੀਦ ਲਿਆਵੇਗਾ। ਜ਼ਾਹਿਦਾ ਬੇਗਮ ਦੇ ਪੁੱਤਰ ਜਹਾਂਗੀਰ ਦੀ ਸ਼ਾਦੀ ਪਾਕਿਸਤਾਨ ਵਿਚ ਉਸ ਦੀ ਮਾਸੀ ਦੀ ਬੇਟੀ ਨਾਲ ਪੱਕੀ ਹੋ ਗਈ ਸੀ। ਉਹ ਸੋਚ ਰਹੇ ਸਨ ਕਿ ਅੱਜ ਉਹ ਜਹਾਂਗੀਰ ਦੀ ਮੰਗਣੀ ਕਰ ਦੇਣਗੇ।

ਸਵੇਰੇ ਸਵੇਰੇ ਕੰਮ ਦਾ ਜ਼ੋਰ ਜ਼ਿਆਦਾ ਹੁੰਦਾ ਹੈ। ਲੋਕ ਕੰਮ 'ਤੇ ਜਾਣ ਤੋਂ ਪਹਿਲਾਂ ਕੁਝ ਫਲ ਖ਼ਰੀਦ ਲੈਂਦੇ ਹਨ। ਜ਼ਾਹਿਦਾ ਦੀ ਦੁਕਾਨ ਕੁਝ ਦੇਰ ਨਾਲ ਖੁੱਲ੍ਹਦੀ ਸੀ। ਪਰ ਉਹ ਦੁਕਾਨ 'ਤੇ ਨੌਂ ਵਜੇ ਪਹੁੰਚ ਜਾਂਦੀ ਸੀ।

ਅਜੇ ਸਵੇਰ ਦੇ ਨੌਂ ਵੱਜ ਕੇ ਦੋ ਮਿੰਟ ਹੀ ਹੋਏ ਸਨ ਕਿ ਫਾਈਨੈਂਸ਼ਲ ਡਿਸਟ੍ਰਿਕਟ ਵਿਚ ਭੱਜ-ਦੌੜ ਮਚ ਗਈ। ਜਰਨੈਲ ਸਿੰਘ ਨੇ ਦੇਖਿਆ ਕਿ ਵਲਰਡ ਟਰੇਡ ਸੈਂਟਰ ਦੀ ਇਕ ਇਮਾਰਤ ਦੇ ਉਪਰਲੇ ਹਿੱਸੇ ਵਿਚੋਂ ਅੱਗ ਵਰ੍ਹ ਰਹੀ ਸੀ। ਹਰ ਪਾਸੇ ਫਾਇਰ ਬ੍ਰਿਗੇਡ ਦੇ ਸਾਇਰਨ ਵੱਜ ਰਹੇ ਸਨ। ਦੋਹਾਂ ਨੇ ਜਲਦੀ ਨਾਲ ਰੇੜ੍ਹੀ ਤੱਪੜ ਨਾਲ ਢੱਕ ਕੇ ਬੰਨ੍ਹੀ। ਉਹ ਗਲੀ ਦੇ ਕੋਨੇ ਵਿਚ ਹੀ ਸਨ ਕਿ ਸੜਕ 'ਤੇ ਜ਼ਾਹਿਦਾ ਮੋਬਾਇਲ ਫੋਨ 'ਤੇ ਗੱਲ ਕਰਦੀ ਆ ਰਹੀ ਸੀ। ਉਹ ਭੱਜ ਕੇ ਜ਼ਾਹਿਦਾ ਕੋਲ ਪਹੁੰਚੇ। ਜ਼ਾਹਿਦਾ ਘਬਰਾਈ ਹੋਈ ਕਹਿ ਰਹੀ ਸੀ, 'ਬੇਟਾ ਨਾਲ ਵਾਲੀ ਉਸ ਬਿਲਡਿੰਗ ਵਿਚ ਐ। ਰੱਬ ਦਾ ਸ਼ੁਕਰ ਹੈ, ਉਹ ਠੀਕ-ਠਾਕ ਹੈ।'

ਨਜ਼ਰੁਲ ਇਸਲਾਮ ਨੇ ਫੋਨ ਜ਼ਾਹਿਦਾ ਦੇ ਹੱਥੋਂ ਫੜ੍ਹ ਕੇ ਕੰਨ ਨੂੰ ਲਾਇਆ। ਜ਼ਾਹਿਦਾ ਵਰਲਡ ਟਰੇਡ ਸੈਂਟਰ ਦੀ ਉਸ ਇਮਾਰਤ ਨੂੰ ਦੇਖਣ ਲੱਗੀ ਜਿਸ ਵਿਚ ਜਹਾਂਗੀਰ ਕੰਮ ਕਰਦਾ ਸੀ। ਫੋਨ ਦੇ ਮਾਊਥ ਪੀਸ ਨੂੰ ਮੂੰਹ ਕੋਲ ਕਰਕੇ ਜਰਨੈਲ ਸਿੰਘ ਨੇ ਕਿਹਾ, 'ਪੁੱਤਰਾ ਠੀਕ 'ਤੇ ਹੈਂ ਨਾ।'

ਨਜ਼ਰੁਲ ਇਸਲਾਮ ਨੇ ਸੁਣਿਆ, 'ਹਾਂ ਅੰਕਲ, ਬਿਲਡਿੰਗ ਖ਼ਾਲੀ ਕਰਨ ਨੂੰ ਕਹਿ ਰਹੇ ਨੇ। ਫਾਇਰਮੈਨ ਸਾਨੂੰ ਥੱਲੇ ਲਿਜਾ ਰਹੇ ਨੇ। ਮੈਂ ਬਿਲਕੁਲ ਠੀਕ ਆਂ। ਸ਼ਾਮ ਨੂੰ ਵੇਲੇ ਸਿਰ ਪਹੁੰਚ ਜਾਣਾ।'

ਉਸੇ ਪਲ-ਦੂਸਰਾ ਜਹਾਜ਼ ਜਹਾਂਗੀਰ ਵਾਲੀ ਬਿਲਡਿੰਗ ਵੱਲ ਵੱਧ ਰਿਹਾ ਸੀ। ਜਿਉਂ ਹੀ ਜਹਾਜ਼ ਜਹਾਂਗੀਰ ਵਾਲੀ ਬਿਲਡਿੰਗ ਨਾਲ ਟਕਰਾਇਆ, ਨਜ਼ਰੁਲ ਇਸਲਾਮ ਗੂੰਗੇ ਦੇ ਗਲੇ ਵਿਚੋਂ ਚੀਕ ਨਿਕਲ ਗਈ। ਜਰਨੈਲ ਸਿੰਘ ਬੋਲੇ ਨੇ ਦੋਹਾਂ ਹੱਥਾਂ ਨਾਲ ਆਪਣੇ ਕੰਨ ਢਕ ਲਏ ...।

***ਉਰਦੂ ਤੋਂ ਅਨੁਵਾਦ:ਸੁਰਿੰਦਰ ਸੋਹਲ***

---

## ਕਹਾਣੀ

# ਪਿਆਰ ਵਿਹੂਣਾ ਮਨੁੱਖ

***ਪਿਆਰ ਅਤੇ ਪਰਵਾਸ ਮਿਨਹਾਸ ਤਰਲੋਕ ਫਰਿਜ਼ਨੋ ਦੀ ਕਹਾਣੀ 'ਪਿਆਰ ਵਿਹੂਣਾ ਮਨੁੱਖ' ਦੀ ਮੁੱਖ ਚੂਲ ਹੈ। ਇਸ ਵਿਚ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਔਰਤ-ਮਰਦ ਦੀਆਂ ਨਜ਼ਦੀਕੀਆਂ ਦੀ ਬਾਤ ਬਹੁਤ ਸਹਿਜੇ ਜਿਹੇ ਸੁਣਾ ਦਿੱਤੀ ਗਈ ਹੈ। ਬੇਗਾਨੇ ਮੁਲਕ ਵਿਚ ਆਪਣੇ ਪੁੱਤ ਅਤੇ ਨੂੰਹ ਦੇ ਵਿਹਾਰ ਤੋਂ ਅੱਕਿਆ ਕਹਾਣੀ ਦਾ ਮੁੱਖ ਪਾਤਰ ਕੈਪਟਨ ਜਿਹੜਾ ਚੰਦ ਰੋਜ਼ ਪਹਿਲਾਂ ਇੰਡੀਆ ਜਾਣ ਦੀਆਂ ਸਕੀਮਾਂ ਬਣਾਉਂਦਾ ਸੀ, ਇਕ ਔਰਤ ਦੀ ਨਿੱਕੀ ਜਿਹੀ ਮਿਲਣੀ ਨਾਲ ਜੀਣ-ਜੋਗਾ ਹੋ ਜਾਂਦਾ ਹੈ। ਇਹ ਕਹਾਣੀ ਪਿਆਰ ਦੀ ਤਾਕਤ ਨੂੰ ਬੜੇ ਸਿਦਕ ਨਾਲ ਰੂਪਮਾਨ ਕਰਦੀ ਹੈ। -ਸੰਪਾਦਕ***

ਪੱਟੀ ਦੇ ਨੇੜੇ ਛੋਟਾ ਜਿਹਾ ਪਿੰਡ। ਪਿੰਡ ਵਿਚ ਦਸ ਕੁ ਵੱਡੇ ਘਰ ਤੇ ਉਨ੍ਹਾਂ ਵੱਡੇ ਘਰਾਂ ਵਿਚੋਂ ਇਕ ਘਰ ਸੀ ਕੈਪਟਨ ਰਤਨ ਸਿੰਘ ਬਰਾੜ ਦਾ।

ਛੇ ਫੁੱਟ ਕੱਦ। ਕਾਲੇ ਰੰਗ ਨਾਲ ਬੰਨ੍ਹੀ ਪੁੱਠੀ ਕਰ ਕੇ ਕਲਫ਼ੀ ਦਾੜ੍ਹੀ। ਪੈਂਠ ਸਾਲਾਂ ਦੀ ਉਮਰ ਪਹੁੰਚਿਆ ਉਹ ਜਵਾਨਾਂ ਤੋਂ ਵੀ ਕਿਤੇ ਵੱਧ ਪੈਂਠ ਵਾਲਾ ਸੀ। ਸੂਬੇਦਾਰੀ ਤੋਂ ਰਿਟਾਇਰ ਹੋਇਆ ਤੇ ਕੈਪਟਨ ਦੀ ਆਨਰੇਰੀ ਉਪਾਧੀ ਲੈ ਕੇ ਪਿੰਡ ਵਿਚ ਪਹਿਲਾ ਕੈਪਟਨ ਸੀ ਜਿਸ ਨੂੰ ਪਿੰਡ ਵਾਲੇ ਫ਼ੌਜੀ ਕਹਿੰਦੇ। ਹਰ ਸਾਲ 26 ਜਨਵਰੀ 'ਤੇ ਪਿੰਡ ਦੇ ਸਕੂਲ ਵਿਚ ਤਿਰੰਗਾ ਲਹਿਰਾਉਣ ਦੀ ਰਸਮ ਵੀ ਫੌਜੀ ਵਰਦੀ ਵਿਚ ਫੱਬੇ ਕੈਪਟਨ ਹੱਥੋਂ ਹੀ ਹੁੰਦੀ।

ਫ਼ੌਜ ਤੋਂ ਰਿਟਾਇਰ ਹੋ ਕੇ ਉਸ ਨੇ ਦੱਬ ਕੇ ਖੇਤੀ ਕੀਤੀ ਅਤੇ ਪੰਦਰਾਂ ਏਕੜਾਂ 'ਚ ਵੀਹ ਹੋਰ ਜੋੜ ਕੇ 'ਜੈ ਜਵਾਨ ਜੈ ਕਿਸਾਨ' ਦਾ ਨਾਅਰਾ ਸਫ਼ਲ ਕੀਤਾ। ਪੁਰਾਣੀ ਹਵੇਲੀ ਨੂੰ ਨਵੀਂ ਦਿੱਖ ਦੇ ਕੇ ਬਾਹਰ ਗੇਟ 'ਤੇ ਕੈਪਟਨ ਰਤਨ ਸਿੰਘ ਬਰਾੜ ਦੀ ਨੇਮ ਪਲੇਟ ਵਾਲਾ ਪਿੰਡ ਵਿਚ ਪਹਿਲਾ ਮਹਿਲਨੁਮਾ ਘਰ ਉਸੇ ਦਾ ਸੀ।



**ਮਿਨਹਾਸ ਤਰਲੋਕ ਫਰਿਜ਼ਨੋ**
**ਫੋਨ: 559-790-8863**

ਹਰ ਮਹੀਨੇ ਮਿਲਟਰੀ ਕੰਟੀਨ ਜਾਂਦਾ। ਰੰਮ ਦੀ ਬੋਤਲ ਵਿਚਕਾਰ ਰੱਖ ਮਿੱਤਰਾਂ ਦੀ ਮਹਿਫ਼ਲ ਜੋੜਦਾ। ਚੀਨ ਤੇ ਪਾਕਿਸਤਾਨ ਨਾਲ ਲੜਾਈਆਂ ਵਿਚ ਆਪਣੀ ਬਹਾਦਰੀ ਦੇ ਕਿੱਸੇ ਸੁਣਾਉਂਦਾ, ਮਹਿਫ਼ਲ ਦੀ ਜਾਨ ਬਣਿਆ ਰਹਿੰਦਾ।

ਬਥੇਰਾ ਕੰਮ ਕੀਤਾ ਸੀ ਸਾਰੀ ਉਮਰ। ਪੁਰਾਣੇ ਦੀ ਥਾਂ ਨਵਾਂ ਫ਼ੋਰਡ ਟਰੈਕਟਰ ਅਤੇ ਦੋ ਕਾਮੇ ਰੱਖ ਕੰਮ ਦੀ ਪੰਜਾਲੀ ਉਹ ਹੁਣ ਆਪਣੇ ਪੁੱਤਰ ਕਿਨਰਦੀਪ 'ਤੇ ਪਾਉਣਾ ਚਾਹੁੰਦਾ ਸੀ। ਬਾਪ ਦੀ ਗ਼ੈਰ-ਹਾਜ਼ਰੀ ਅਤੇ ਮਾਂ ਦੇ ਲਾਡ ਵਿਚ ਪਲਿਆ ਇਕਲੌਤਾ ਪੁੱਤਰ ਉਚਾ ਲੰਬਾ ਤਾਂ ਪਿਉ ਵਾਂਗ ਹੀ ਨਿਕਲਿਆ ਪਰ ਜਿੰਨਾ ਪੜ੍ਹਾਈ ਵਿਚ ਨਾਲਾਇਕ, ਉਨਾ ਹੀ ਕੰਮ-ਚੋਰ ਤੇ ਆਪ-ਹੁਦਰਾ। ਪੜ੍ਹਨੋਂ ਵੀ ਹਟਿਆ ਅਤੇ ਖੇਤ ਵੀ ਨਾ ਜਾਂਦਾ। ਉਧਰ ਰਤਨ ਸਿੰਘ ਦੀ ਘਰਵਾਲੀ ਦੀ ਸਿਹਤ ਵੀ ਬਹੁਤੀ ਠੀਕ ਨਾ ਰਹਿੰਦੀ। ਸੋ, ਹੋਰ ਕੋਈ ਚਾਰਾ ਨਾ ਚਲਦਾ ਵੇਖ ਉਸ ਨੇ ਕਿਰਨਦੀਪ ਦਾ ਵਿਆਹ ਆਪਣੀ ਰਿਸ਼ਤੇਦਾਰੀ ਵਿਚ ਕੈਨੇਡਾ ਰਹਿੰਦੀ ਕੁੜੀ ਨਾਲ ਕਰ ਦਿੱਤਾ ਅਤੇ ਕੁੱਝ ਮਹੀਨਿਆਂ ਵਿਚ ਹੀ ਕਿਰਨਦੀਪ ਕੈਨੇਡਾ ਪਹੁੰਚ ਗਿਆ।

ਪੈਲੀ ਠੇਕੇ ਉਤੇ ਚੜ੍ਹਾ ਵਿਹਲਾ ਹੋਇਆ ਰਤਨ ਸਿੰਘ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਚੁਣਿਆ ਗਿਆ। ਸਕੂਲ ਨੂੰ ਮਿਡਲ ਤੋਂ ਮੈਟ੍ਰਿਕ ਬਣਵਾ ਅਤੇ ਪਿੰਡ ਦੀ ਫਿਰਨੀ ਪੱਕੀ ਕਰਵਾ ਕੇ ਪਿੰਡ ਦੀ ਨੁਹਾਰ ਬਦਲਣ ਵਾਲਾ ਧੜੱਲੇਦਾਰ ਸਰਪੰਚ ਵੀ ਰਤਨ ਸਿੰਘ ਹੀ ਬਣਿਆ।

ਮੱਝਾਂ ਦੀ ਸਾਂਭ-ਸੰਭਾਈ ਭਈਆ ਕਰਦਾ ਅਤੇ ਲੱਸੀ ਸਾਰੇ ਮੁਹੱਲੇ ਵਿਚ ਜਾਂਦੀ। ਨੇਪਾਲੀ ਰਸੋਈ ਦਾ ਕੰਮ ਕਰਦਾ ਅਤੇ ਸਫ਼ਾਈ ਪਿੰਡ ਦੀ ਕੁੜੀ ਕਰ ਜਾਂਦੀ। ਰਤਨ ਸਿੰਘ ਦੀ ਸਰਪੰਚੀ ਪਿੰਡ ਦੇ ਕੰਮ ਸੰਵਾਰਦੀ। ਇਉਂ ਖੁਸ਼ੀਆਂ ਲੱਦੀ ਜ਼ਿੰਦਗੀ ਤੁਰ ਰਹੀ ਸੀ ਪਰ ਜੋ ਕੁਦਰਤ ਨੂੰ ਮਨਜ਼ੂਰ! ਘਰਵਾਲੀ ਦੀ ਸਿਹਤ ਵਿਗੜਦੀ ਗਈ ਅਤੇ ਇਕ ਦਿਨ ਦਿਲ ਫੇਲ੍ਹ ਹੋ ਜਾਣ ਨਾਲ ਰਤਨ ਸਿੰਘ ਨੂੰ ਉਹ ਇਕੱਲਿਆਂ ਛੱਡ ਗਈ।

ਏਡੀ ਵੱਡੀ ਕੋਠੀ। ਇਕੱਲਾ ਕਪਤਾਨ। ਕੋਠੀ ਵੱਢ ਖਾਣ ਨੂੰ ਪੈਂਦੀ। ਪਹਿਲਾਂ ਵਾਲੀਆਂ ਗੱਲਾਂ ਮੁੱਕ ਗਈਆਂ। ਦਾੜ੍ਹੀ ਰੰਗਣੀ ਬੰਦ ਹੋ ਗਈ। ਮਹਿਫ਼ਲਾਂ ਹਟ ਗਈਆਂ। ਇਕੱਲ ਉਦਾਸ ਕਰਨ ਲੱਗੀ। ਕਿਰਨਦੀਪ ਦੇ ਜ਼ੋਰ ਪਾਉਣ 'ਤੇ ਨਾ ਚਾਹੁੰਦੇ ਹੋਏ ਵੀ, ਕਿਸੇ ਰਿਸ਼ਤੇਦਾਰ ਨੂੰ ਕੋਠੀ ਵਿਚ ਬਿਠਾ ਉਹ ਆਪਣੇ ਪੁੱਤਰ ਕੋਲ ਕੈਨੇਡਾ ਚਲਾ ਗਿਆ।

ਸਫ਼ਾਈ ਤੇ ਕਾਨੂੰਨ ਪੱਖੋਂ ਤਾਂ ਦੇਸ਼ ਬਹੁਤ ਪਸੰਦ ਆਇਆ ਪਰ ਦਿਨ ਰਾਤ ਭੱਜ ਦੌੜ। ਨਾ ਅਮਨ, ਨਾ ਚੈਨ। ਸਿਰਫ਼ ਪੈਸੇ ਇਕੱਠੇ ਕਰਨ ਦੀ ਲਾਲਸਾ ਕਾਰਨ ਰਿਸ਼ਤਿਆਂ ਦੀ ਟੁੱਟ-ਭੱਜ ਦੇਖ ਉਸ ਨੂੰ ਆਪਣਾ ਪੰਜਾਬ ਯਾਦ ਆਉਣ ਲੱਗਾ।

ਨੂੰਹ-ਪੁੱਤ ਦੀ ਬਿਜ਼ੀ ਲਾਈਫ਼। ਪੁੱਤ ਦਿਨੇ ਕੰਮ ਕਰਦਾ ਅਤੇ ਨੂੰਹ ਰਾਤ ਨੂੰ। ਉਹ ਕਈ-ਕਈ ਦਿਨ ਇਕ-ਦੂਜੇ ਨੂੰ ਵੇਖ ਨਾ ਸਕਦੇ। ਨੂੰਹ ਜਦੋਂ ਵੀ ਘਰ ਹੁੰਦੀ, ਉਹ ਘਰ ਦੇ ਖ਼ਰਚਿਆਂ ਦੀਆਂ, ਬਿੱਲਾਂ ਦੀਆਂ, ਘਰ ਦੀ ਪੇਮੈਂਟ ਦੀਆਂ ਅਤੇ ਗੁਜ਼ਾਰੇ ਲਈ ਸਭ ਜੀਆਂ ਦੇ ਕੰਮ ਕਰਨ ਦੀਆਂ ਹੀ ਗੱਲਾਂ ਕਰਦੀ।

"ਬਾਪੂ ਜੀ, ਵਿਹਲੇ ਬੈਠਿਆਂ ਦਿਨ ਕੱਢਣਾ ਕਿਹੜਾ ਸੌਖਾ ਹੋਣੈ?" ਨੂੰਹ ਨੇ ਇਕ ਦਿਨ ਹਮਦਰਦੀ ਜਤਾਈ।

"ਪੁੱਤ ਟੀ.ਵੀ. ਵੇਖ ਲੈਨਾਂ। ਸੈਰ ਕਰ ਆਉਨਾਂ। ਬੱਸ, ਇਸੇ ਤਰ੍ਹਾਂ ਹੀ ਦਿਨ ਲੰਘ ਜਾਂਦੈ। ਹੋਰ ਹੁਣ ਇਸ ਉਮਰ ਵਿਚ ਕਰਨਾ ਵੀ ਕੀ ਹੁੰਦੈ!"

ਕੁੱਝ ਦਿਨ ਹੋਰ ਲੰਘੇ। ਉਸ ਦਿਨ ਦੀ ਹਮਦਰਦੀ ਵਿਚ ਛੁਪੀ ਗੱਲ ਸਾਹਮਣੇ ਆ ਗਈ ਜਦੋਂ ਨੂੰਹ ਨੇ ਸਿੱਧਾ ਫਰਮਾਨ ਹੀ ਜਾਰੀ ਕਰ ਦਿੱਤਾ, "ਬਾਪੂ ਜੀ, ਮੇਰਾ ਤਾਇਆ ਖੇਤਾਂ ਵਿਚ ਬੇਰੀ ਤੋੜਨ ਜਾਂਦਾ। ਉਹ ਤੁਹਾਨੂੰ ਸਵੇਰੇ ਚੁੱਕ ਲਿਆ ਕਰੂਗਾ। ਨਾਲੇ ਤਾਂ ਤੁਹਾਡਾ ਸਮਾਂ ਵਧੀਆ ਲੰਘੂਗਾ ਤੇ ਨਾਲ ਦੋ ਪੈਸੇ ਵੀ ਘਰ ਆਉਣਗੇ।"

ਰਤਨ ਸਿੰਘ ਬਹੁਤਾ ਘਬਰਾਇਆ ਨਹੀਂ। ਉਹਨੂੰ ਉਮੀਦ ਸੀ ਕਿ ਉਹਦੇ ਪੁੱਤ ਨੇ ਇਹ ਬਿਲਕੁਲ ਵੀ ਪਸੰਦ ਨਹੀਂ ਕਰਨਾ। ਮੌਕਾ ਪਾ ਕੇ ਉਸ ਨੇ ਕਿਰਨਦੀਪ ਨਾਲ ਗੱਲ ਤੋਰੀ।

"ਠੀਕ ਈ ਲਗਦੈ ਬਾਪੂ ਜੀ। ਕੰਮ ਕਰਨ ਵਿਚ ਕੀ ਹਰਜ਼ ਐ। ਇਥੇ ਤਾਂ ਸਭ ਬੁੱਢੇ ਕੰਮ ਕਰਦੇ ਨੇ", ਪੁੱਤਰ ਦਾ ਉਤਰ ਸੀ।

ਤੇ ਫਿਰ ਇਕ ਦਿਨ ਕਪਤਾਨ ਸਾਹਿਬ ਨੂੰ ਸਵੇਰੇ ਖੇਤਾਂ ਨੂੰ ਜਾਂਦੀ ਬੱਸ ਵਿਚ ਚੜ੍ਹਾ ਦਿੱਤਾ ਗਿਆ। ਇੰਡੀਆ ਵਿਚ ਅਫ਼ਸਰੀ ਕਰਦੇ ਡੀ.ਈ.ਓ, ਐਸ.ਡੀ.ਓ ਅਤੇ ਥਾਣੇਦਾਰਾਂ ਦੀ ਢਾਣੀ ਵਿਚ ਉਹ ਵੀ ਜਾ ਰਲਿਆ ਬੇਰੀ ਤੋੜਨ। ਕੰਮ ਔਖਾ ਸੀ। ਉਪਰੋਂ ਉਮਰ ਦਾ ਤਕਾਜ਼ਾ। ਉਹ ਨਵੀਂ ਰਾਹੇ ਪਈ



ਜ਼ਿੰਦਗੀ ਬਾਰੇ ਸੋਚਣ ਲੱਗਾ।

"ਫ਼ੌਜੀਆ! ਖਿੱਚ ਕੰਮ ਨੂੰ। ਹੰਭਲਾ ਮਾਰ। ਆਏਂ ਪਿੱਛੇ ਰਹੇ ਨਹੀਂ ਸਰਨਾ।" ਪਿੱਛੋਂ ਕਿਸੇ ਦੀ ਖਰਵੀਂ ਆਵਾਜ਼ ਨੇ ਸੋਚ ਨੂੰ ਰੋਕਿਆ।

"ਉਏ ਘੁੱਦਿਆ ਤੂੰ!" ਆਪਣੇ ਪਿੰਡ ਉਹਦੇ ਘਰ ਕੰਮ ਕਰਦੇ ਕੰਮੀ ਬੁੜ੍ਹੇ ਦੇ ਮੁੰਡੇ ਨੂੰ ਸਿਆਣਦੇ ਅਤੇ ਹੈਰਾਨ ਹੋਏ ਰਤਨ ਸਿੰਘ ਨੇ ਪੁੱਛਿਆ।

"ਮੈਂ ਇਥੇ ਘੁੱਦਾ ਨਹੀਂ, ਤੇਰਾ ਸੁਪਰਵਾਈਜ਼ਰ ਹਾਂ। ਹੈਰੀ।" ਘੁੱਦੇ ਤੋਂ ਹਰਨੇਕ ਅਤੇ ਹਰਨੇਕ ਤੋਂ ਬਣੇ ਹੈਰੀ ਦੀ ਆਵਾਜ਼ ਵਿਚ ਕਿਸੇ ਵੇਲੇ ਦੀ ਬਦਲੇ ਦੀ ਭਾਵਨਾ ਸਾਫ਼ ਉਜਾਗਰ ਹੋ ਰਹੀ ਸੀ।

ਬਹੁਤ ਮੁਸ਼ਕਿਲ ਨਾਲ ਦਿਨ ਮੁੱਕਿਆ। ਰਾਤੀਂ ਪਏ ਨੂੰ ਘੁੱਦੇ ਦੀ ਡਾਂਟ ਕੰਨਾਂ ਵਿਚ ਗੂੰਜਦੀ ਰਹੀ। ਆਖਿਰ ਸਵੈਮਾਣ ਜਾਗਿਆ ਤੇ ਅਗਲੀ ਸਵੇਰ ਉਹ ਕੰਮ ਜਾਣ ਤੋਂ ਇਨਕਾਰੀ ਹੋ ਗਿਆ।

ਕੁਝ ਦਿਨ ਘਰ ਵਿਚ ਚੁੱਪ-ਚਾਨ ਰਹੀ ਪਰ ਉਹੀ ਗੱਲ ਫੇਰ। ਨੂੰਹ ਦੇ ਸ਼ਬਦ ਹੌਲੀ-ਹੌਲੀ ਨਰਮ ਤੋਂ ਸਖ਼ਤ ਅਤੇ ਫਿਰ ਮਿਹਣਿਆਂ ਦਾ ਰੂਪ ਧਾਰ ਗਏ। ਦੂਜੇ ਬਜ਼ੁਰਗਾਂ ਦੀਆਂ ਉਦਾਹਰਣਾਂ ਦੇ ਕੇ ਉਸ ਜਿਉਣਾ ਦੁੱਭਰ ਕਰ ਦਿੱਤਾ। ਕੰਮ 'ਤੇ ਜਾਂਦੀ ਨੂੰਹ, ਰਤਨ ਸਿੰਘ ਦਾ ਖਾਣਾ ਵੀ ਪਾ ਕੇ ਨਾ ਜਾਂਦੀ। ਮੁੰਡਾ ਨਾ ਤਾਂ ਉਹਨੂੰ ਵਾਪਸ ਇੰਡੀਆ ਹੀ ਜਾਣ ਦਿੰਦਾ ਤੇ ਨਾ ਹੀ ਉਹ ਇਸ ਜੋਗਾ ਸੀ ਕਿ ਆਪਣੀ ਪਤਨੀ ਦੀ ਆਵਾਜ਼ ਬੰਦ ਕਰ ਸਕੇ। ਭੁੱਖਾ ਤਿਹਾਇਆ ਰਹਿ ਕੇ ਉਸ ਨੂੰ ਜੰਗ ਲੜਨ ਵਾਲੇ ਦਿਨਾਂ ਤੋਂ ਵੀ ਵੱਧ ਔਖ ਮਹਿਸੂਸ ਹੋਣ ਲੱਗੀ। ਬਾਰਡਰ 'ਤੇ ਬਹਾਦਰ ਕਪਤਾਨ, ਆਖ਼ਿਰ ਪੁੱਤ-ਨੂੰਹ ਅੱਗੇ ਹਥਿਆਰ ਸੁੱਟ ਗਿਆ। ਇਕ ਦਿਨ ਨੂੰਹ-ਪੁੱਤ ਨੇ ਗੁਆਂਢੀ ਕਰਮ ਸਿੰਘ ਨਾਲ ਉਸ ਦੀ ਕਾਰ ਵਾਸ਼ 'ਤੇ ਭੇਜ ਦਿੱਤਾ, ਇਹ ਕਹਿ ਕੇ ਕਿ ਇਹ ਕੰਮ ਖੇਤਾਂ ਦੇ ਕੰਮ ਤੋਂ ਕਿਤੇ ਸੌਖਾ ਹੈ।

ਕਾਰ ਵਾਸ਼ 'ਤੇ ਪਹੁੰਚ 'ਗੋਲਡਨ ਕਾਰ ਵਾਸ਼' ਲਿਖੇ ਅੱਖਰਾਂ ਵਾਲਾ ਝੱਗਾ ਪਾ ਅਤੇ ਰਬੜ ਦੇ ਬੂਟ ਪਹਿਨ ਕੇ ਉਹ ਕਾਰ ਵਾਸ਼ ਦਾ ਕਾਰਿੰਦਾ ਬਣ ਗਿਆ। ਪਹਿਲੀ ਆਈ ਕਾਰ ਨੂੰ ਕਰਮ ਨੇ ਉਸ ਨਾਲ ਲੱਗ ਕੇ ਕਾਰ ਧੋਣ ਦੀਆਂ ਬਰੀਕੀਆਂ ਸਮਝਾ ਦਿੱਤੀਆਂ।

ਕਪਤਾਨੀ, ਸਫ਼ਲ ਕਿਸਾਨੀ ਅਤੇ ਫਿਰ ਸਰਪੰਚੀ ਦੇ ਕਈ ਰੰਗ ਹੰਢਾ ਚੁੱਕਿਆ ਰਤਨ ਸਿੰਘ ਬੁਢਾਪੇ ਵਿਚ ਇਸ ਰੰਗ ਤੋਂ ਘਬਰਾ ਗਿਆ। ਮੱਥੇ ਉਤੇ ਦੋਵੇਂ ਹੱਥ ਟਿਕਾ ਉਹ ਸੋਚੀਂ ਪੈ ਗਿਆ ਤੇ ਆਖਰ ਪੱਕਾ ਮਨ ਬਣਾ ਲਿਆ ਕਿ ਕੱਲ੍ਹ ਨੂੰ ਉਹ ਇਥੇ ਨਹੀਂ ਆਵੇਗਾ ਅਤੇ ਹਰ ਹਾਲਤ ਵਿਚ ਇੰਡੀਆ ਵਾਪਸ ਚਲਾ ਜਾਵੇਗਾ।

"ਅੰਕਲ, ਕਸਟਮਰ ਤੋਂ ਕਾਰ ਦੀ ਚਾਬੀ ਫੜ ਕੇ ਕਾਰ ਵਾਸ਼ ਕਰਨੀ ਸ਼ੁਰੂ ਕਰ ਦਿਉ।" ਕਰਮ ਦੀ ਆਵਾਜ਼ ਸੀ।

ਇਕ ਦਮ ਸੋਚਾਂ ਵਿਚੋਂ ਨਿਕਲ, ਚਾਬੀ ਲੈਣ ਲਈ ਉਤਾਂਹ ਮੂੰਹ ਚੁੱਕਿਆ ਤਾਂ ਸਾਹਮਣੇ ਪਰੀਆਂ ਵਰਗੀ ਲੰਬੀ-ਲੰਝੀ, ਸੋਹਣੀ-ਸੁਨੱਖੀ ਗੋਰੀ ਕੁੜੀ ਖੜ੍ਹੀ ਵੇਖ ਕੇ ਇਕ ਦਮ ਦੁਬਕ ਗਿਆ। ਉਹਨੇ ਮੋਨਾਲਿਜ਼ਾ ਬਾਰੇ ਸੁਣਿਆ ਸੀ, ਉਸ ਦੀ ਪੇਂਟਿੰਗ ਵੀ ਵੇਖੀ ਸੀ ਪਰ ਇਹ ਉਸ ਤੋਂ ਵੀ ਕਿਤੇ ਵੱਧ ਦਿਸੀ। ਘਬਰਾਹਟ ਵਿਚ ਚਾਬੀ ਫੜਦੇ ਸਮੇਂ ਉਂਗਲਾਂ ਦੀ ਸਪਰਸ਼ ਨੇ ਤਾਂ ਉਹਦੇ ਸਰੀਰ ਵਿਚ ਝਰਨਾਹਟ ਹੀ ਛੇੜ ਦਿੱਤੀ। ਉਹ ਕਾਰ ਧੋਣ ਲੱਗਾ। ਕਾਰ ਧੋਂਦੇ ਸਮੇਂ ਉਹਦੀ ਨਿਗ੍ਹਾ ਕਈ ਵਾਰ ਉਸ ਵੱਲ ਗਈ। ਬਾਹਰੋਂ ਕੰਮ ਮੁਕਾ, ਅੰਦਰ ਡਰਾਈਵਰ ਵਾਲੀ ਸੀਟ 'ਤੇ ਬੈਠ ਸਟੇਅਰਿੰਗ ਸਾਫ਼ ਕਰਦੇ ਸਮੇਂ ਉਹ ਉਸੇ ਤਰ੍ਹਾਂ ਦਾ ਸਪਰਸ਼ ਅਤੇ ਅਨੰਦ ਅਨੁਭਵ ਕਰਨ ਲੱਗਾ ਜਿਹੜਾ ਸਕੂਲ ਪੜ੍ਹਦੇ ਸਮੇਂ ਲੰਬੜਾਂ ਦੀ ਦੀਪੋ ਦੇ ਸਾਈਕਲ ਨੂੰ ਪੈਂਚਰ ਲੁਆ, ਵਾਪਸੀ 'ਤੇ ਚਲਾਉਣ ਵੇਲੇ ਕਾਠੀ ਉਤੇ ਬੈਠ ਅਤੇ ਹੈਂਡਲ ਦੇ ਮੁੱਠਿਆਂ ਨੂੰ ਫੜ ਕੇ ਹੋਇਆ ਸੀ।

"ਹੋ ਗਿਆ ਅੰਕਲ?" ਗੁਆਚਿਆ ਹੀ ਰਹਿੰਦਾ ਜੇ ਕਰਮੇ ਦੀ ਆਵਾਜ਼ ਨੇ ਉਸ ਨੂੰ ਇਸ ਅਨੰਦਮਈ ਅਵਸਥਾ ਵਿਚੋਂ ਨਾ ਕੱਢਿਆ ਹੁੰਦਾ।

ਇਕ ਦਮ ਉਪਰ ਵੇਖਿਆ। ਕਰਮ ਅਤੇ ਕੁੜੀ ਆਪਸ ਵਿਚ ਗੱਲਾਂ ਕਰ ਰਹੇ ਸਨ। ਗੋਰੀ ਰਤਨ ਸਿੰਘ ਵੱਲ ਵੇਖ ਕੇ ਮੁਸਕਰਾਈ। ਉਹ ਕੱਚਾ ਹੋਇਆ ਮਹਿਸੂਸ ਕਰ ਰਿਹਾ ਸੀ; ਜਿਵੇਂ ਸੰਨ੍ਹ ਵਿਚੋਂ ਫੜਿਆ ਗਿਆ ਹੋਵੇ। 'ਪਤਾ ਨਹੀਂ ਕੀ ਕਿਹਾ ਹੋਣਾ ਕਰਮੇ ਨੂੰ ਗੋਰੀ ਨੇ', ਇਹ ਸੋਚਦਾ ਉਹ ਕਾਰ ਦੀ ਬਾਰੀ ਖੋਲ੍ਹ ਕੇ ਬਾਹਰ ਨਿਕਲਿਆ। ਗੋਰੀ ਨੂੰ ਚਾਬੀ ਫੜਾਉਣ ਗਿਆ। ਉਸ ਚਾਬੀ ਫੜ ਲਈ ਅਤੇ ਫ਼ੌਜੀ ਵਾਂਗ ਸਲੂਟ ਮਾਰਦੀ ਹੋਈ ਅੰਗਰੇਜ਼ੀ 'ਚ ਬੋਲੀ, "ਤੁਸੀਂ ਆਪਣੀ ਜੌਬ ਬਹੁਤ ਵਧੀਆ ਕੀਤੀ ਹੈ, ਮੈਂ ਰੀਅਲੀ ਐਪਰੀਸ਼ੀਏਟ ਕਰਦੀ ਹਾਂ। ਥੈਂਕ ਯੂ।" ਰਤਨ ਸਿੰਘ ਥੋੜ੍ਹਾ ਸ਼ਰਮਾ ਗਿਆ।

"ਬਾਈ ਦੀ ਵੇਅ ਮੇਰਾ ਨਾਂ ਬਰਿਆਨਾ ਹੈ। ਤੁਹਾਡਾ ਨਾਂ ਰਤਨ ਸਿੰਘ ਹੈ...ਮੈਨੂੰ ਪਤਾ ਹੈ, ਕਰਮ ਨੇ ਮੈਨੂੰ ਸਭ ਦੱਸ ਦਿੱਤਾ ਹੈ ਪਰ ਮੈਂ ਤੁਹਾਨੂੰ ਕੈਪਟਨ ਕਹਿ ਕੇ ਹੀ ਬੁਲਾਇਆ ਕਰਾਂਗੀ", ਕਹਿੰਦੀ ਨੇ ਮਿਲਾਉਣ ਲਈ ਆਪਣਾ ਹੱਥ ਅੱਗੇ ਵਧਾਇਆ।

"ਮੈਨੂੰ ਵੀ ਬਹੁਤ ਖ਼ੁਸ਼ੀ ਹੋਈ ਮਿਲ ਕੇ", ਕੈਪਟਨ ਦੇ ਭਾਰੇ ਹੱਥ ਨਾਲ ਮਲੂਕੜੇ ਜਿਹੇ ਹੱਥ ਨੂੰ ਘੁੱਟਦਿਆਂ ਕਿਹਾ।

"ਤੁਸੀਂ ਬਹੁਤ ਕਿਊਟ ਅਤੇ ਸਮਾਰਟ ਹੋ।" ਉਹਨੇ ਦੇਣ ਲਈ ਪਰਸ ਵਿਚੋਂ ਦਸ ਡਾਲਰ ਦਾ ਨੋਟ ਕੱਢਿਆ।

"ਨਹੀਂ, ਮੈਂ ਟਿੱਪ ਨਹੀਂ ਲੈਣੀ।" ਟਿੱਪ ਲੈਣੀ ਰਤਨ ਸਿੰਘ ਨੂੰ ਹੋਰ ਹੀ ਤਰ੍ਹਾਂ ਲੱਗ ਰਹੀ ਸੀ।

"ਇਹ ਟਿੱਪ ਨਹੀਂ ਇਨਾਮ ਹੈ, ਤੁਹਾਡੇ ਵਧੀਆ ਕੰਮ ਦਾ।" ਰਤਨ ਸਿੰਘ ਦੇ ਪਿੱਛੋਂ ਦੀ ਆਪਣੀ ਬਾਂਹ ਵਲ ਕੇ ਆਪਣੇ ਨਾਲ ਥੋੜ੍ਹਾ ਘੁੱਟਦੀ ਨੇ ਕਿਹਾ।

"ਥੈਂਕ ਯੂ ਅਗੇਨ।"

... ਤੇ ਹੁਣ ਰਤਨ ਸਿੰਘ ਨਾਂਹ ਨਾ ਕਰ ਸਕਿਆ।

"ਮੇਰਾ ਪੰਜਾਬੀਆਂ ਨਾਲ ਬਹੁਤ ਮੋਹ ਹੈ। ਉਨ੍ਹਾਂ ਬਾਰੇ ਮੈਂ ਬਹੁਤ ਜਾਣਦੀ ਹਾਂ। ਇਕ ਪੰਜਾਬੀ ਦੀ ਪੱਕਾ ਹੋਣਾ ਵਿਚ ਮਦਦ ਕੀਤੀ ਸੀ ਇਸ ਲਈ। ਫ਼ੌਜੀ ਕੈਂਟ ਵਿਚ ਫ਼ਰੂਟ ਡਿਸਟਰੀਬਿਊਟ ਕਰਨ ਦੀ ਮੇਰੀ ਜੌਬ ਹੈ। ਸੋ, ਫ਼ੌਜੀਆਂ ਨਾਲ ਮੇਰਾ ਖਾਸ ਲਗਾਉ ਹੈ। ਤੁਸੀਂ ਪੰਜਾਬੀ ਵੀ ਹੋ, ਫ਼ੌਜੀ ਵੀ ਅਤੇ ਤੀਜਾ ਸਵੀਟ ਵੀ। ਥਰੀ-ਇਨ-ਵੰਨ ਹੋ। ਤੁਹਾਨੂੰ ਮਿਲਦੀ ਰਿਹਾ ਕਰਾਂਗੀ। ਓ ਕੇ... ਸੀ ਯੂ ਅਗੇਨ।" ਕਹਿੰਦੀ ਹੋਈ ਉਹ ਚਲੀ ਗਈ।

ਅਗਲੀ ਸਵੇਰ ਦਾੜ੍ਹੀ ਨੂੰ ਕਲਫ਼ ਲਾ, ਪੁੱਠੀ ਕਰ ਕੇ ਚੰਗੀ ਤਰ੍ਹਾਂ ਬੰਨ੍ਹ ਪੂਰੀ ਫਬਤ ਵਿਚ ਹੋ ਕੇ ਰਤਨ ਸਿੰਘ ਕਾਰ ਵਾਸ਼ 'ਤੇ ਜਾਣ ਲਈ ਸਮੇਂ ਤੋਂ ਪਹਿਲਾਂ ਹੀ ਘਰ ਦੇ ਬਾਹਰ ਖੜ੍ਹਾ ਕਰਮ ਸਿੰਘ ਨੂੰ ਉਡੀਕਣ ਲੱਗਾ। ਡਰਦਾ ਸੀ ਕਿਤੇ ਕੰਮ 'ਤੇ ਪਹੁੰਚਣ ਲਈ ਉਹ ਲੇਟ ਨਾ ਹੋ ਜਾਵੇ।

#

# ਸਾਨੂੰ ਕੀ?

ਰੋਜ਼ ਵਾਂਗ ਇਕ ਸਵੇਰ ਕਿਸੇ ਦੋਸਤ ਦਾ ਫੋਨ ਆਇਆ। ਮੈਂ ਪੁੱਛਿਆ, "ਇਹ ਸ਼ੱਟ ਡਾਊਨ ਕਿਸ ਬਲਾ ਦਾ ਨਾਂ ਹੈ?" ਆਦਤ ਅਨੁਸਾਰ ਉਹ ਕਹਿਣ ਲੱਗਾ, "ਸਾਨੂੰ ਕੀ! ਅਸੀਂ ਕਿਹੜਾ ਕਿਸੇ ਨੌਕਰੀ 'ਤੇ ਜਾਣੈ ਅਤੇ ਤਨਖਾਹ ਲੈਣੀ ਐ। ਅਹੀ-ਤਹੀ ਮਰਾਵੇ ਸ਼ੱਟ ਡਾਊਨ।"

ਅਮਰੀਕਾ ਵਿਚ ਕਾਨੂੰਨੀ ਭਾਸ਼ਾ ਗੁੰਝਲਦਾਰ ਹੋਣ ਕਰ ਕੇ ਗੱਲਾਂ ਪੂਰੀ ਤਰ੍ਹਾਂ ਸਮਝ ਨਹੀਂ ਆਉਂਦੀਆਂ। ਖਾਲਸ ਅੰਗਰੇਜ਼ੀ ਦੀ ਥਾਂ ਸਲੈਂਗ ਦੀ ਵਰਤੋਂ ਜ਼ਿਆਦਾ ਹੈ। ਜੇ ਇਹੀ ਰੁਝਾਨ ਵਧਦਾ ਗਿਆ



ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ
ਫੋਨ: 925-683-1982

ਤਾਂ ਅੰਗਰੇਜ਼ੀ ਜ਼ੁਬਾਨ ਦੀ ਸਾਹਿਤਕ ਸੁੰਦਰਤਾ ਵਿਗੜ ਜਾਵੇਗੀ। ਇੰਗਲਿਸਤਾਨ ਦੀ ਅੰਗਰੇਜ਼ੀ ਅਤੇ ਅਮਰੀਕਾ ਦੀ ਅੰਗਰੇਜ਼ੀ ਵੱਖ-ਵੱਖ ਨਜ਼ਰ ਆਏਗੀ। ਮੈਂ ਕਈ ਵਾਰ ਪਾਰਕ 'ਚ ਸੈਰ ਕਰਦਿਆਂ ਗੋਰਿਆਂ ਨਾਲ ਇਸ ਵਿਸ਼ੇ 'ਤੇ ਗੱਲ ਕੀਤੀ ਹੈ ਪਰ ਮੇਰੇ ਨਾਲ ਸਹਿਮਤ ਹੋਣ ਦੇ ਬਾਵਜੂਦ ਉਨ੍ਹਾਂ ਦੇ ਚਿਹਰੇ ਦੱਸਦੇ ਹਨ ਕਿ ਸਾਨੂੰ ਕੀ?

'ਐਡੀ ਵੀ ਕਿਹੜੀ ਗੱਲ ਹੈ', 'ਤੇ ਕਿਆ' ਅਤੇ 'ਸਾਨੂੰ ਕੀ' ਜਿਹੇ ਸ਼ਬਦਾਂ ਨਾਲ ਜੁੜੀਆਂ ਬਹੁਤ ਦਿਲਚਸਪ ਘਟਨਾਵਾਂ ਯਾਦ ਆ ਗਈਆਂ। ਇਹ ਦੋਸਤ ਜਿਸ ਦਾ ਉਪਰ ਜ਼ਿਕਰ ਆਇਆ ਹੈ, ਦਸ-ਬਾਰਾਂ ਸਾਲ ਪਹਿਲਾਂ ਅੱਖਾਂ ਦੀ ਰੋਸ਼ਨੀ ਖੋ ਬੈਠਾ! ਮੈਂ ਪੁੱਛਿਆ, "ਤੇਰੀ ਨਜ਼ਰ ਚਲੇ ਜਾਣ 'ਤੇ ਮੈਨੂੰ ਬਹੁਤ ਮਹਿਸੂਸ ਹੁੰਦਾ ਹੈ। ਤੇਰਾ ਦੁੱਖ ਤਾਂ ਤੂੰ ਹੀ ਬਿਹਤਰ ਜਾਣਦਾ ਹੋਵੇਂਗਾ।" ਉਸ ਨੇ ਜਵਾਬ ਦਿੱਤਾ, "ਐਡੀ ਵੀ ਕਿਹੜੀ ਗੱਲ ਹੈ? ਦੋ ਅੱਖਾਂ ਤਾਂ ਚਲੀਆਂ ਗਈਆਂ, ਪਰ ਤੀਜੀ ਅੱਖ ਖੁੱਲ੍ਹ ਗਈ।"

ਮੈਂ ਕਿਹਾ, "ਉਹ ਕਿਵੇਂ?" ਕਹਿੰਦਾ, "ਮੇਰਾ ਜੀਵਨ ਬਾਰੇ ਨਜ਼ਰੀਆ ਹੀ ਬਦਲ ਗਿਆ। ਜਦੋਂ ਕਦੀ ਕੋਈ ਪੁਰਾਣਾ ਵਾਕਫ ਮਿਲਦਾ ਹੈ, ਮੈਨੂੰ ਉਹਦਾ ਦਸ-ਪੰਦਰਾਂ ਸਾਲ ਪਹਿਲਾਂ ਵਾਲਾ ਚਿਹਰਾ ਹੀ ਮਹਿਸੂਸ ਹੁੰਦਾ ਹੈ। ਉਹ ਬੁੱਢਾ ਹੋਣ 'ਤੇ ਵੀ ਮੈਨੂੰ ਜੁਆਨ ਲਗਦਾ ਹੈ। ਗੁਰਦੁਆਰੇ ਜਾਂਦਾ ਹਾਂ ਤਾਂ ਕੇਵਲ ਕੀਰਤਨ ਵੱਲ ਹੀ ਧਿਆਨ ਰਹਿੰਦਾ ਹੈ। ਕੋਈ ਆਵੇ, ਕੋਈ ਜਾਵੇ, ਸਾਨੂੰ ਕੀ! ਅਰਦਾਸ ਪਿਛੋਂ ਦੇਗ ਦਾ ਕਿਣਕਾ ਲੈ ਕੇ ਘਰ ਆ ਜਾਂਦਾ ਹਾਂ। ਲੰਗਰ ਇਸ ਲਈ ਨਹੀਂ ਛਕਦਾ ਕਿ ਗਰਾਹੀ ਇਧਰ-ਉਧਰ ਨਾ ਡਿਗ ਪਵੇ, ਦੇਖਣ ਵਾਲੇ ਹੱਸਣਗੇ। ਵੈਸੇ ਵੀ ਸ਼ੂਗਰ ਦਾ ਮਰੀਜ਼ ਆਂ, ਬਹੁਤੇ ਘੀ ਅਤੇ ਲੂਣ-ਮਿੱਠੇ ਵਾਲੀ ਖੁਰਾਕ ਮੇਰੇ ਵਾਸਤੇ ਠੀਕ ਨਹੀਂ। ਘਰ ਫਰਿਜ਼ ਵਿਚ ਕੀ ਕੁਝ ਪਿਆ ਹੈ, ਮੈਨੂੰ ਨਜ਼ਰ ਨਹੀਂ ਆਉਂਦਾ। ਜੋ ਕੁਝ ਪਤਨੀ ਠੀਕ ਸਮਝ ਕੇ ਦੇ ਦਿੰਦੀ ਹੈ, ਖਾ ਲੈਂਦਾ ਹਾਂ। ਕੋਈ ਬਦ-ਪਰਹੇਜ਼ੀ ਨਹੀਂ ਹੁੰਦੀ। ਸਿਹਤ ਠੀਕ ਰਹਿੰਦੀ ਹੈ। ਕੋਈ ਸ਼ਿਕਵਾ ਨਹੀਂ, ਸ਼ਿਕਾਇਤ ਨਹੀਂ।...ਜਦ ਕਦੀ ਕਿਸੇ ਸੱਜਣ ਮੇਲੀ ਦੇ ਘਰ ਜਾਣ ਦਾ ਮੌਕਾ ਮਿਲਦਾ ਹੈ ਤਾਂ ਮੇਜ਼ ਉਤੇ ਮਿੱਟੀ ਜਾਂ ਉਗੜ-ਦੁਗੜੀਆਂ ਚੀਜ਼ਾਂ ਨਜ਼ਰ ਨਹੀਂ ਆਉਂਦੀਆਂ। ਸਭ ਕੁਝ ਚੰਗਾ-ਚੰਗਾ ਹੀ ਲਗਦਾ ਹੈ। ਯਾਦਾਸ਼ਤ ਪਹਿਲਾਂ ਨਾਲੋਂ ਚੰਗੀ ਹੋ ਗਈ ਹੈ। ਸਭ ਦੇ ਟੈਲੀਫੋਨ ਯਾਦ ਹਨ। ਨਜ਼ਰ ਚਲੀ ਗਈ, ਤੋ ਕਿਆ ਹੂਆ; ਹੁਣ ਮੌਜਾਂ ਹੀ ਮੌਜਾਂ। ਸੁਣਿਆਂ, ਅੱਜਕੱਲ੍ਹ ਬੱਚੇ ਤੇ ਔਰਤਾਂ ਅੱਧ-ਨੰਗੇ ਫਿਰਦੇ ਹਨ; ਮੈਂ ਸੋਚਦਾਂ, ਸਾਨੂੰ ਕੀ ਫਰਕ ਪੈਂਦੈ! ਪਿਆਰੇ ਦੋਸਤ, ਮੈਨੂੰ ਤਾਂ ਅਨੰਦ ਹੀ ਅਨੰਦ ਹੈ। ਸਤਿਗੁਰੂ ਕੀ ਰਹਿਮਤਾਂ ਕਾ ਤੂਫਾਨ ਆ ਗਿਆ।"

ਕਈ ਵਾਰ 'ਸਾਨੂੰ ਕੀ' ਚੁਸਤੀ ਨਾਲ ਵੀ ਵਰਤਿਆ ਜਾਂਦਾ ਹੈ। ਚੰਡੀਗੜ੍ਹ ਸਰਕਾਰੀ ਕਾਲਜ ਵਿਚ ਪ੍ਰੈਕਟੀਕਲਾਂ ਦੇ ਇਮਤਿਹਾਨਾਂ ਦਾ ਵੇਲਾ ਯਾਦ ਆ ਗਿਆ। ਕਈ ਵਿਦਿਆਰਥੀਆਂ ਦੇ ਬਾਪ ਇਮਤਿਹਾਨ ਲੈਣ ਵਾਲਿਆਂ ਦਾ ਪਤਾ ਕਰਨ ਲੱਗ ਜਾਂਦੇ ਹਨ। ਇਕ ਵਾਕਿਫਕਾਰ ਮੈਨੂੰ ਕਹਿਣ ਲੱਗਾ, "ਐਗਜ਼ਾਮੀਨਰ ਲੁਧਿਆਣੇ ਤੋਂ ਆਵੇਗਾ?" ਮੈਂ ਕਿਹਾ, "ਪਤਾ ਨਹੀਂ।" ਉਹ ਕਹਿੰਦਾ, "ਚਲੋ ਜੀ! ਸਾਨੂੰ ਕੀ!" ਫੇਰ ਕਹਿਣ ਲੱਗਾ, "ਮੈਂ ਸੁਣਿਆ ਹੈ, ਬੜਾ ਸਖਤ ਆਦਮੀ ਹੈ।" ਮੈਂ ਕਿਹਾ, "ਮੈਂ ਨਹੀਂ ਜਾਣਦਾ।" ਉਹ ਕਹਿੰਦਾ, "ਜੀ ਸਾਨੂੰ ਕੀ!" ਉਹ ਅਸਲ ਵਿਚ ਪੂਰਾ ਪਤਾ ਕਰੀ ਬੈਠਾ ਸੀ, ਮੇਰੇ ਕੋਲੋਂ ਤਾਂ ਬੱਸ ਪੱਕਾ ਕਰਨਾ ਚਾਹੁੰਦਾ ਸੀ ਅਤੇ ਆਪਣੇ ਬੇਟੇ ਲਈ ਵੱਧ ਤੋਂ ਵੱਧ ਨੰਬਰ ਚਾਹੁੰਦਾ ਸੀ। 'ਸਾਨੂੰ ਕੀ' ਤਾਂ ਐਵੇਂ ਢੌਂਗ ਸੀ।

ਜੀਵਨ ਨੂੰ ਬਹੁਤ ਨਜ਼ਦੀਕ ਹੋ ਕੇ ਤੱਕਣ ਨਾਲ ਮਹਿਸੂਸ ਹੁੰਦਾ ਹੈ ਕਿ 'ਸਾਨੂੰ ਕੀ' ਜਾਂ 'ਐਡੀ ਵੀ ਕਿਹੜੀ ਗੱਲ ਹੈ' ਦੇ ਨਜ਼ਰੀਏ ਨੇ ਇਨਸਾਨ ਨੂੰ ਬਹੁਤ ਖੁਦਗਰਜ਼ ਬਣਾ ਦਿੱਤਾ ਹੈ। ਕਈ ਵਾਰ ਰੇਲ ਗੱਡੀ ਜਾਂ ਬੱਸ ਵਿਚ ਕਿਸੇ ਲੜਕੀ ਨਾਲ ਕੁਝ ਮੁਸ਼ਟੰਡਿਆਂ ਨੂੰ ਬਦਤਮੀਜ਼ੀ ਕਰਦਿਆਂ ਅਸੀਂ ਦੇਖਦੇ ਹੋਏ ਵੀ ਕਹਿ ਦਿੰਦੇ ਹਾਂ, 'ਸਾਨੂੰ ਕੀ! ਜੋ ਕਰੂ ਸੋ ਭਰੂ।'

ਇਕ ਦੋਸਤ ਕਾਫੀ ਬਜ਼ੁਰਗ ਹੋ ਗਿਆ ਹੈ। ਉਹਨੇ ਸਕੂਟਰ ਅਤੇ ਕਾਰ ਚਲਾਉਣਾ ਬੰਦ ਕਰ ਦਿੱਤਾ ਹੈ। ਇਕ ਦਿਨ ਮੈਂ ਕਿਹਾ, "ਪੈਟਰੋਲ ਬਹੁਤ ਮਹਿੰਗਾ ਹੋ ਗਿਆ ਹੈ, ਆਮ ਲੋਕਾਂ ਨੂੰ ਬਹੁਤ ਮੁਸ਼ਕਿਲ ਆ ਰਹੀ ਹੈ।" ਉਹ ਕਹਿਣ ਲੱਗਾ, "ਸਾਨੂੰ ਕੀ! ਅਸੀਂ ਕਿਹੜਾ ਕਾਰ ਚਲਾਉਣੀ ਹੈ।"

ਸਮਾਜ ਦੇ ਬਹੁਤ ਮਸਲੇ ਐਸੇ ਹਨ ਜਿਨ੍ਹਾਂ ਬਾਬਤ 'ਸਾਨੂੰ ਕੀ' ਵਾਲਾ ਰਵੱਈਆ ਠੀਕ ਨਹੀਂ। ਮਸਲਿਆਂ ਦਾ ਹੱਲ ਸਹੀ ਸੋਚ ਨਾਲ ਸਭ ਨੂੰ ਮਿਲ ਕੇ ਕੱਢਣਾ ਚਾਹੀਦਾ ਹੈ; ਨਾ ਕਿ ਇਹ ਕਹਿ ਕੇ ਪੱਲਾ ਝਾੜ ਲੈਣਾ ਕਿ 'ਸਾਨੂੰ ਕੀ!'

ਰਿਸ਼ਵਤ ਲੈਣ-ਦੇਣ ਦਾ ਧੰਦਾ ਹੱਦਾਂ ਪਾਰ ਕਰ ਗਿਆ ਹੈ। ਜਾਇਜ਼ ਅਤੇ ਨਾਜਾਇਜ਼ ਕੰਮ ਕਰਵਾਉਣ ਲਈ ਰਿਸ਼ਵਤ ਹੀ ਕੰਮ ਆਉਂਦੀ ਹੈ। ਜੇ ਕੋਈ ਇਕ-ਅੱਧ ਬੰਦਾ ਇਸ ਦੇ ਖਿਲਾਫ ਬੋਲਦਾ ਹੈ ਤਾਂ ਉਸ ਨੂੰ ਇਹ ਕਹਿ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ, 'ਐਡੀ ਵੀ ਕਿਹੜੀ ਗੱਲ ਹੈ?' ਇਸ ਦਾ ਭਿਆਨਕ ਨਤੀਜਾ ਇਹ ਹੈ ਕਿ ਰਿਸ਼ਵਤ ਸਾਡੇ ਹੱਡਾਂ ਵਿਚ ਰਚ ਗਈ ਹੈ; ਈਮਾਨਦਾਰੀ ਨਾਲ ਕੰਮ ਕਰਨ ਦਾ ਭੋਗ ਪੈ ਰਿਹਾ ਹੈ।

ਸਮਾਜ ਦੀ ਲੰਮੀ ਸੋਚ ਮਗਰੋਂ ਸ਼ਾਦੀ ਦਾ ਬੰਧਨ ਹੋਂਦ ਵਿਚ ਆਇਆ। ਮੌਜ ਮੇਲੇ ਵਿਚ ਗਲਤਾਨ ਆਦਮੀ ਕਈ-ਕਈ ਸ਼ਾਦੀਆਂ ਕਰਨ ਲੱਗ ਪਿਆ। ਮਤਰੇਈ ਮਾਂ ਦੇ ਕਿੱਸੇ ਸੁਣਨ ਵਿਚ ਆਉਣ ਲੱਗੇ ਪਰ ਸਮਾਜ ਨੇ ਬੱਚਿਆਂ ਦੀ ਇਸ ਮੁਸ਼ਕਿਲ ਵੱਲ ਲੋੜੀਂਦਾ ਧਿਆਨ ਨਾ ਦਿੱਤਾ; ਬਲਕਿ ਅੱਜ ਮਤਰੇਏ ਬਾਪ ਵੀ ਖੁੰਬਾਂ ਦੀ ਤਰ੍ਹਾਂ ਵਧ ਰਹੇ ਹਨ। ਕਾਫੀ ਘਰਾਂ 'ਚ ਤਿੰਨ ਕਿਸਮ ਦੇ ਬੱਚੇ ਇਕ-ਦੂਜੇ ਨਾਲ ਅਜਨਬੀਆਂ ਵਾਂਗ ਰਹਿ ਰਹੇ ਹਨ। ਇਹੋ ਜਿਹੇ ਘਰ ਖੂਬਸੂਰਤ ਬਗੀਚੇ ਨਹੀਂ, ਵਣ-ਵਣ ਦੀ ਲੱਕੜੀ ਵਾਲੇ ਜੰਗਲ ਹਨ। ਇਹ ਸਭ ਕੁਝ ਸਮਾਜ ਦਾ 'ਸਾਨੂੰ ਕੀ' ਦਾ ਹੀ ਸਿੱਟਾ ਹੈ।

ਸਮਲਿੰਗੀ ਸਬੰਧਾਂ ਬਾਬਤ ਜਨਤਾ ਚੁੱਪ ਧਾਰੀ ਬੈਠੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਰੁਝਾਨ ਗ਼ੈਰ-ਕੁਦਰਤੀ ਹੈ। ਜਾਨਵਰਾਂ ਦੀ ਦੁਨੀਆਂ ਇਸ ਰੁਚੀ ਤੋਂ ਮੁਕਤ ਹੈ। ਬੰਦਿਆਂ ਦੀ ਬੰਦਿਆਂ ਨਾਲ ਦੋਸਤੀ ਅਤੇ ਔਰਤਾਂ ਦੀ ਔਰਤਾਂ ਨਾਲ ਮਿੱਤਰਤਾ ਬਹੁਤ ਚੰਗੀ ਗੱਲ ਹੈ ਪਰ ਜਿਨਸੀ ਸਬੰਧ ਅਤੇ ਆਪਸ ਵਿਚ ਸ਼ਾਦੀਆਂ ਕਿਹੋ ਜਿਹਾ ਦਸਤੂਰ ਹੈ? ਕੁਝ ਵੀ ਸਮਝ ਵਿਚ ਨਹੀਂ ਆਉਂਦਾ। ਹਾਂ! ਕੁਦਰਤ ਦੇ ਅਸੂਲ ਦੇ ਉਲਟ ਜ਼ਰੂਰ ਨਜ਼ਰ ਆਉਂਦਾ ਹੈ। ਜੇ ਇਹ ਸਿਲਸਿਲਾ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਸਾਡੇ ਸਮਾਜ ਦੀ ਬਣਤਰ ਕਿਹੋ ਜਿਹੀ ਹੋ ਜਾਵੇਗੀ? ਕਿਹੋ ਜਿਹੀ ਪ੍ਰੇਮ ਭਾਵਨਾ ਦੀ ਉਪਜ ਸਾਡੇ ਆਉਣ ਵਾਲੇ ਬੱਚੇ ਹੋਣਗੇ? ਕਿਹੋ ਜਿਹੀਆਂ ਰੰਗੀਨ ਮਹਿਫਲਾਂ ਨਜ਼ਰ ਆਉਣਗੀਆਂ?

ਮੰਨਣ ਵਾਲੀ ਗੱਲ ਹੈ ਕਿ ਇਹ ਰੁਚੀ ਰੱਖਣ ਵਾਲਿਆਂ ਦਾ ਕੋਈ ਕਸੂਰ ਨਹੀਂ। ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਪਰ ਇਹ ਮੁਸ਼ਕਿਲ ਉਜਾਗਰ ਹੋਣ ਤੋਂ ਪਹਿਲਾਂ ਹੀ ਦਬਾਉਣ ਵਾਸਤੇ ਡਾਕਟਰੀ ਵਿੱਦਿਆ ਉਹ ਕੁਝ ਨਹੀਂ ਕਰ ਰਹੀ, ਜੋ ਦੂਜੀਆਂ ਤਕਲੀਫਾਂ-ਸ਼ੂਗਰ, ਕੈਂਸਰ ਅਤੇ ਹੋਰ ਖਤਰਨਾਕ ਬਿਮਾਰੀਆਂ ਲਈ ਕਰ ਰਹੀ ਹੈ। ਲਗਭਗ ਸਾਰੇ ਸਮਾਜਕ ਅੰਗ ਸੋਚਦੇ ਹਨ, 'ਸਾਨੂੰ ਕੀ!'

ਜੱਜ ਸਾਹਿਬਾਨ ਇਸ ਮਸਲੇ ਦਾ ਹੱਲ ਢੂੰਡਣ ਦੀ ਥਾਂ ਇਹੋ ਜਿਹੇ ਸਬੰਧਾਂ ਅਤੇ ਸ਼ਾਦੀਆਂ ਨੂੰ ਜਾਇਜ਼ ਕਰਾਰ ਦੇ ਰਹੇ ਹਨ। ਹੋਰ ਤਾਂ ਹੋਰ, ਪੋਪ ਜਿਸ ਦੇ ਵਡੇਰੇ ਗਲੀਲੀਓ ਨੂੰ ਕੈਦ ਕਰਨ ਤੱਕ ਗਏ; ਜਿਸ ਦਾ ਕਸੂਰ ਇਹ ਸੀ ਕਿ ਉਸ ਨੇ ਇਹ ਕਿਉਂ ਕਹਿ ਦਿੱਤਾ ਕਿ ਜ਼ਮੀਨ ਗੋਲ ਹੈ! ਓਹੀ ਪੋਪ ਹੁਣ ਇਹ ਕਹਿ ਕੇ ਸੁਰਖਰੂ ਹੋ ਗਿਆ ਕਿ 'ਮੈਂ ਕੌਣ ਹਾਂ ਇਨ੍ਹਾਂ ਸਬੰਧਾਂ ਬਾਰੇ ਜੱਜਮੈਂਟ ਦੇਣ ਵਾਲਾ?' ਹੈ ਨਾ 'ਸਾਨੂੰ ਕੀ' ਦੀ ਜ਼ਬਰਦਸਤ ਮਿਸਾਲ!

ਜਾਤੀ ਤੌਰ 'ਤੇ ਮੈਨੂੰ ਇਨ੍ਹਾਂ ਵੀਰਾਂ ਅਤੇ ਭੈਣਾਂ ਨਾਲ ਦਿਲੀ ਹਮਦਰਦੀ ਹੈ। ਪਰਮਾਤਮਾ ਮਿਹਰ ਕਰੇ! ਸਟੈਮ ਸੈਲ ਵਾਲੇ ਜਾਂ ਹੋਰ ਖੋਜੀ ਡਾਕਟਰ ਐਸਾ ਟੀਕਾ ਲੱਭਣ ਜੋ ਹਰ ਬੱਚੇ ਦੇ ਜਨਮ ਪਿਛੋਂ ਡਿਪਥੀਰੀਆ, ਕਾਲੀ ਖਾਂਸੀ ਅਤੇ ਟੈਟਨਸ ਵਾਂਗ ਲੱਗਣਾ ਜ਼ਰੂਰੀ ਹੋਵੇ ਅਤੇ ਬੱਚੇ ਇਨ੍ਹਾਂ ਤਿੰਨੇ ਨਾਮੁਰਾਦ ਬਿਮਾਰੀਆਂ ਦੇ ਨਾਲ-ਨਾਲ ਸਮਲਿੰਗੀ ਰੁਝਾਨ ਤੋਂ ਵੀ ਨਿਜ਼ਾਤ ਪਾ ਜਾਣ।

ਗੁਰਬਾਣੀ ਵਿਚ ਸਿੱਧੇ ਤੌਰ 'ਤੇ ਇਸ ਰੁਝਾਨ ਦਾ ਜ਼ਿਕਰ ਤਾਂ ਸ਼ਾਇਦ ਨਾ ਹੋਵੇ ਪਰ ਮੇਰੀ ਤੁੱਛ ਜਿਹੀ ਬੁੱਧੀ ਅਨੁਸਾਰ ਮਹਿਸੂਸ ਕਰਦਾ ਹਾਂ ਕਿ ਪ੍ਰਭੂ ਮਿਲਾਪ ਜੋ ਜੀਵਨ ਦਾ ਅਸਲ ਮਨੋਰਥ ਹੈ, ਵਿਚ ਵੀ ਪ੍ਰਭੂ ਪਤੀ ਅਤੇ ਜੀਵ ਇਸਤਰੀ ਸਬੰਧ

## ਚਲਦੇ ਚਲਦੇ

ਹੀ ਦਰਸਾਇਆ ਹੈ। ਸਮਲਿੰਗ ਸਬੰਧ ਦੀ ਕੋਈ ਥਾਂ ਨਹੀਂ।

ਆਓ, ਹੁਣ 'ਐਡੀ ਵੀ ਕਿਹੜੀ ਗੱਲ ਹੈ' ਦੀ ਪਿਆਰੀ ਜਿਹੀ ਘਟਨਾ ਦਾ ਜ਼ਿਕਰ ਕਰ ਲਈਏ। ਮੈਂ ਅਤੇ ਮੇਰਾ ਛੋਟਾ ਭਾਈ ਚੰਡੀਗੜ੍ਹ ਤੋਂ ਆਪਣੇ ਪਿੰਡ ਰਾਮਪੁਰਾ ਵੱਲ ਜਾ ਰਹੇ ਸਾਂ। ਰਸਤੇ ਵਿਚ ਪਟਿਆਲੇ ਕਾਫੀ ਦੇਰ ਰੁਕਣਾ ਪਿਆ। ਸੰਗਰੂਰ ਪਹੁੰਚਣ ਤੱਕ ਦਿਨ ਛਿਪ ਗਿਆ। ਇਕ ਵਾਕਫ ਕੋਲੋਂ ਚਾਹ ਪੀ ਕੇ ਚੱਲਣ ਹੀ ਲੱਗੇ ਸੀ ਕਿ ਉਸ ਨੇ ਪਿਆਰ ਭਰੇ ਤਰਲੇ ਨਾਲ ਸਾਨੂੰ ਰਾਤ ਠਹਿਰਨ ਲਈ ਕਿਹਾ। ਉਸ ਦੀ ਬਹੁਤ ਮਿਹਰਬਾਨੀ। ਉਸ ਦੀ ਘਰਵਾਲੀ ਨੇ ਸਾਨੂੰ ਬੜੇ ਪ੍ਰੇਮ ਨਾਲ ਖਾਣਾ ਖੁਆਇਆ। ਸਵੇਰੇ ਰੁਖਸਤ ਹੋਣ ਵੇਲੇ ਮੈਂ ਕਿਹਾ, "ਬੀਬੀ, ਤੇਰੀ ਬਹੁਤ ਮਿਹਰਬਾਨੀ। ਤੂੰ ਬਹੁਤ ਖੇਚਲ ਕੀਤੀ।" ਉਹ ਮਾਸੂਮ ਜਿਹਾ ਮੂੰਹ ਬਣਾ ਕੇ ਕਹਿਣ ਲੱਗੀ, "ਐਡੀ ਵੀ ਕਿਹੜੀ ਗੱਲ ਹੈ ਵੀਰ ਜੀ! ਵੇਲੇ-ਕੁਵੇਲੇ ਜੇ ਕੋਈ ਮੰਗਤਾ ਵੀ ਆ ਜਾਵੇ, ਉਹਨੂੰ ਵੀ ਦੋ ਰੋਟੀਆਂ ਦੇ ਹੀ ਦਿੰਦੇ ਹਾਂ।" ਮੈਂ ਤੇ ਮੇਰਾ ਭਾਈ ਸਾਰੇ ਰਸਤੇ ਕਦੀ ਹੱਸ ਪੈਂਦੇ, ਕਦੀ ਪਛਤਾਉਣ ਲੱਗ ਜਾਂਦੇ। 'ਐਡੀ ਵੀ ਕਿਹੜੀ ਗੱਲ ਹੈ' ਦੀ ਵਰਤੋਂ ਦਾ ਕਮਾਲ ਸਾਡੀ ਅਭੁੱਲ ਯਾਦ ਬਣ ਗਈ।

**ਅੰਤਿਕਾ:** ਵੈਸੇ ਤਾਂ ਅੱਜਕੱਲ੍ਹ ਗੁਰਪੁਰਬ ਵੇਲੇ ਪਿੰਡਾਂ ਅਤੇ ਸ਼ਹਿਰਾਂ ਵਿਚ ਨਗਰ ਕੀਰਤਨ ਦਾ ਰਿਵਾਜ਼ ਹੈ ਪਰ ਪਾਕਿਸਤਾਨ ਬਣਨ ਪਿਛੋਂ ਵੀ ਪਿੰਡਾਂ ਵਿਚ 1980 ਤੱਕ ਵੀ ਨਗਰ ਕੀਰਤਨ ਨੂੰ ਜਲੂਸ ਹੀ ਕਹਿੰਦੇ ਸਨ। ਇਕ ਵਾਰ ਇਹੋ ਜਿਹੇ ਜਲੂਸ ਵਿਚ ਛੋਟੇ ਬੱਚੇ ਨੇ ਬਹੁਤ ਪਿਆਰ ਅਤੇ ਜੋਸ਼ ਨਾਲ ਕਵਿਤਾ ਪੜ੍ਹੀ। ਨਨਕਾਣਾ ਸਾਹਿਬ ਦੇ ਖੁੱਸ ਜਾਣ ਦਾ ਜ਼ਿਕਰ ਉਸ ਨੇ ਬਹੁਤ ਉਚੀ ਆਵਾਜ਼ ਵਿਚ ਕੀਤਾ। ਘਰ ਆਏ ਨੂੰ ਉਸ ਦਾ ਬਾਪ ਕਹਿਣ ਲੱਗਿਆ, "ਸੁਣ ਓਏ ਬੇਵਕੂਫਾ! ਪਾਕਿਸਤਾਨ ਬਣਨ ਨਾਲ ਆਪਣਾ ਕੀ ਖੁੱਸ ਗਿਆ? ਅੱਗੇ ਕੀ ਅਸੀਂ ਨਨਕਾਣੇ ਰੋਜ਼ ਜਾਂਦੇ ਸੀ? ਐਵੇਂ ਨਾ ਸੰਘ ਪਾੜੀਂ ਅੱਗੇ ਤੋਂ? ਜਿਹੜੇ ਦੋ ਛਿੱਲੜ ਤੈਨੂੰ ਜਲੂਸ ਵਿਚ ਮਿਲੇ ਨੇ, ਮੈਥੋਂ ਲੈ ਲਈਂ। ਪਾਕਿਸਤਾਨ ਬਣਿਆ ਜਾਂ ਨਾ ਬਣਦਾ, ਸਾਨੂੰ ਕੀ!" ਇਹ ਵਾਰਤਾਲਾਪ ਸੁਣ ਕੇ ਉਸ ਮਾਸੂਮ ਦੀ ਕਵਿਤਾ ਸੁਣਾਉਣ ਦੀ ਰੀਝ ਸਦਾ ਲਈ ਖ਼ਤਮ ਹੋ ਗਈ। ਪਾਕਿਸਤਾਨ ਦੇ ਦੁਖਾਂਤ ਦਾ ਜਜ਼ਬਾ ਗਹਿਰੀ ਨੀਂਦ ਸੌਂ ਗਿਆ।

---

ਛਾਤੀ ਅੰਦਰਲੇ ਥੇਹ (11)

# ਗੁਆਚ ਗਿਆ ਮੇਰਾ ਪਿਆਰਾ ਰਾਮੇਸ਼ਵਰ

*ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ। -ਸੰਪਾਦਕ*

ਆਗਰੇ ਬੀ.ਐਸਸੀ. ਕਰਦਿਆਂ ਇਕ ਦਿਨ ਕੈਮਿਸਟਰੀ ਲੈਬ ਵਿਚ ਮੇਰੇ ਸਾਹਮਣੇ ਵਾਲੇ ਸ਼ੈਲਫ ਤੋਂ ਤੇਜ਼ਾਬ ਦੀ ਵੱਡੀ ਬੋਤਲ ਡਿੱਗੀ ਤੇ ਟੁੱਟ ਗਈ। ਮੇਰਾ ਕਮੀਜ਼ ਅਤੇ ਪੈਂਟ ਬੁਰੀ ਤਰ੍ਹਾਂ ਝੁਲਸੇ ਗਏ ਤੇ ਕਈ ਥਾਂਵਾਂ ਤੋਂ ਮਾਸ ਵੀ ਸੜ ਗਿਆ। ਮੇਰਾ ਹਾਲ ਦੇਖ ਕੇ ਮੁੰਡੇ ਕੁੜੀਆਂ ਵਿਚ ਹਾਸਾ ਮਚ ਗਿਆ ਤੇ ਮੇਰਾ ਮਜ਼ਾਕ ਉਡਾਇਆ ਜਾਣ ਲੱਗਾ ਜਿਵੇਂ ਮੇਰੇ 'ਸਰਦਾਰ' ਹੋਣ ਕਰ ਕੇ ਹੀ ਇਹ ਘਟਨਾ ਵਾਪਰੀ



ਗੁਰਦਿਆਲ ਦਲਾਲ
ਫੋਨ: 91-98141-85363

ਹੋਵੇ। ਰਾਮੇਸ਼ਵਰ ਦੀਕਸ਼ਿਤ ਨਾਂ ਦੇ ਸਹਿਪਾਠੀ ਨੇ ਤੁਰੰਤ ਪਾਣੀ ਦੀ ਮਦਦ ਨਾਲ ਮੈਨੂੰ ਸੜਨੋਂ ਬਚਾਇਆ ਤੇ ਗਿੱਲੀ ਬੋਰੀ ਮੇਰੇ ਲੱਕ ਦੁਆਲੇ ਲਪੇਟ ਦਿੱਤੀ। ਜਲਣ ਅਤੇ ਨਮੋਸ਼ੀ ਨਾਲ ਮੇਰਾ ਬੁਰਾ ਹਾਲ ਹੋ ਰਿਹਾ ਸੀ। ਮੈਂ ਬੇਵਸ ਸਾਂ, ਉਥੇ ਹੀ ਬੈਠ ਗਿਆ। ਪ੍ਰੋਫੈਸਰ ਸ਼ਸ਼ੋਦੀਆ ਨੇ ਮਜ਼ਾਕ ਉਡਾਉਂਦੇ ਵਿਦਿਆਰਥੀਆਂ ਨੂੰ ਡਾਂਟਿਆ ਤੇ ਮੈਨੂੰ ਆਪਣੀ ਕੈਬਿਨ ਵਿਚ ਲੈ ਗਿਆ। ਰਾਮੇਸ਼ਵਰ ਨੇ ਪ੍ਰੋਫੈਸਰ ਤੋਂ ਛੁੱਟੀ ਲਈ ਤੇ ਆਪਣਾ ਸਾਇਕਲ ਚੁੱਕ ਘੰਟੇ ਵਿਚ ਹੀ ਮੇਰੇ ਲਈ ਆਪਣੀ ਪੈਂਟ ਅਤੇ ਕਮੀਜ਼ ਲੈ ਆਇਆ। ਉਸ ਦਾ ਸ਼ੁਕਰਾਨਾ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ ਸਨ। ਬੱਸ, ਮੇਰਾ ਸਿਰ ਝੁਕ ਗਿਆ ਤੇ ਮੇਰੇ ਦਿਲ ਵਿਚ ਖਾਹਿਸ਼ ਹੋਈ ਕਿ ਉਸ ਨਾਲ ਗੂੜ੍ਹੀ ਦੋਸਤੀ ਕਰਾਂ।

ਇਹ ਜਾਣ ਕੇ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਕਿ ਉਹ ਤਾਂ ਬਲਕੇਸ਼ਵਰ ਕਲੋਨੀ ਦਾ ਹੀ ਵਾਸੀ ਸੀ। ਉਹ ਇਕੱਲਾ ਹੀ 60/11 ਅਤੇ ਮੈਂ ਭਰਾ-ਭਰਜਾਈ ਨਾਲ 104/11 ਵਿਚ ਰਹਿੰਦਾ ਸਾਂ। ਉਥੇ ਹੀ 89 ਬਲਾਕ ਵਿਚ ਮੇਰੀ ਇਕ ਹੋਰ ਕਾਲਜ ਫੈਲੋ ਰਹਿੰਦੀ ਸੀ ਜਿਹੜੀ ਮੈਥੋਂ ਇਕ ਸਾਲ ਜੂਨੀਅਰ ਸੀ ਤੇ ਪੰਜਾਬੀ ਸਿੱਖ ਹੋਣ ਕਰ ਕੇ ਮੇਰਾ ਤਿਉ ਕਰਦੀ ਸੀ। ਪਹਿਲਾਂ ਅਸੀਂ ਦੋਵੇਂ ਹੀ ਆਪਣੇ ਸਾਇਕਲਾਂ ਉਤੇ ਕਾਲਜ ਜਾਂਦੇ ਸਾਂ; ਹੁਣ ਤਿੰਨ ਹੋ ਗਏ। ਰਾਮੇਸ਼ਵਰ ਸਾਡੇ ਘਰ ਆਇਆ ਤਾਂ ਘਰ ਵਾਲਿਆਂ ਨੇ ਉਹਨੂੰ ਬੜਾ ਪਿਆਰ ਦਿੱਤਾ। ਅਸੀਂ ਦੋਵੇਂ ਉਸ ਕੁੜੀ ਚੰਨੀ ਦੇ ਘਰ ਗਏ ਤਾਂ ਉਨ੍ਹਾਂ ਨੇ ਸਾਨੂੰ ਪਕੌੜੇ ਖੁਆਏ। ਉਹਦਾ ਪਿਉ ਸਾਡੇ ਕਾਲਜ ਵਿਚ ਹੀ ਐਨ.ਸੀ.ਸੀ.(ਆਰ) ਵਿੰਗ ਵਿਚ ਸੁਪਰਡੈਂਟ ਲੱਗ ਕੇ ਆ ਗਿਆ ਤਾਂ ਸਾਡੀ ਨੇੜਤਾ ਹੋਰ ਵਧ ਗਈ। ਕੁਝ ਦਿਨਾਂ ਮਗਰੋਂ ਮੈਂ ਆਪਣਾ ਮੰਜਾ, ਬਿਸਤਰਾ, ਕਿਤਾਬਾਂ ਤੇ ਟਰੰਕ ਰਮੇਸ਼ਵਰ ਦੇ ਕਮਰੇ ਵਿਚ ਲੈ ਗਿਆ।

ਰਾਮੇਸ਼ਵਰ ਸ਼ਹਿਰ ਦੇ ਬਿਜਲੀ ਘਰ ਵਿਚ ਬੁਆਇਲਰ-ਅਟੈਂਡੈਂਟ ਦੀ ਨੌਕਰੀ ਵੀ ਕਰਦਾ ਸੀ। ਅੱਠ ਘੰਟੇ ਰਾਤ ਦੀ ਡਿਊਟੀ ਮਗਰੋਂ ਉਹ ਸਵੇਰੇ ਕਾਲਜ ਪੜ੍ਹਨ ਜਾਂਦਾ। ਨਿੱਤ ਬਾਰਾਂ-ਇਕ ਵਜੇ ਰਾਤ ਨੂੰ ਆ ਕੇ ਦਰਵਾਜ਼ਾ ਖੜਕਾਉਂਦਾ। ਸਾਇਕਲ ਚੁੱਕ ਕੇ ਪੌੜੀਆਂ ਚੜ੍ਹ ਆਉਂਦਾ। ਮੈਂ ਉਹਦੇ ਆਉਣ ਤੱਕ ਪੜ੍ਹਦਾ ਰਹਿੰਦਾ। ਅਸੀਂ ਤਿੰਨ-ਚਾਰ ਘੰਟੇ ਦੀ ਨੀਂਦ ਮਸਾਂ ਹੀ ਲੈਂਦੇ ਕਿ ਨਾਲ ਦੇ ਬਲਾਕ ਵਿਚ ਬਣੇ ਮੰਦਰ ਦੇ ਲਾਊਡ ਸਪੀਕਰ 'ਚੋਂ ਘੜਿਆਲ ਵੱਜਣ ਦਾ ਸ਼ੋਰ ਸ਼ੁਰੂ ਹੋ ਜਾਂਦਾ। ਰਾਮੇਸ਼ਵਰ ਅੱਖਾਂ ਮਲਦਾ ਉਠ ਬਹਿੰਦਾ ਤੇ ਪੰਡਤ ਜੀ ਨੂੰ ਬੁਰਾ ਭਲਾ ਆਖ ਕੇ ਮੈਨੂੰ ਕਹਿੰਦਾ, "ਸਰਦਾਰ ਜੀ, ਤੁਮ ਤੋ ਬਹਾਦਰ ਲੋਗ ਹੋ। ਇਸ ਪੰਡਤ ਕਾ ਕਤਲ ਕਰ ਦੋ। ਮੈਂ ਦੋ ਮਹੀਨੇ ਕੀ ਤਨਖਾਹ ਆਪ ਕੋ ਦੇ ਦੂੰਗਾ।" ਮੈਂ ਹੱਸ ਕੇ ਉਤਰ ਦਿੰਦਾ, "ਪਰ ਪੰਡਤ ਤਾਂ ਭਰਾਵਾ ਅਗਲੇ ਦਿਨ ਹੋਰ ਆਜੂ...ਕਿੰਨੇ ਕੁ ਕਤਲ ਕਰਵਾਏਂਗਾ?"

ਉਹ ਰੋਟੀ ਦਾ ਆਹਰ ਖੁਦ ਕਰਦਾ ਸੀ ਪਰ ਉਹਦਾ ਸਟੋਵ ਖਰਾਬ ਹੀ ਹੋਇਆ ਰਹਿੰਦਾ। ਕਈ ਵਾਰ ਗੁੱਸੇ ਵਿਚ ਆ ਕੇ ਉਹ ਸਟੋਵ ਧਰਤੀ 'ਤੇ ਪਟਕਾ ਮਾਰਦਾ ਤਾਂ ਸਟੋਵ ਆਪਣੇ-ਆਪ ਹੀ ਚੱਲਣ ਲੱਗ ਪੈਂਦਾ। ਉਹ ਮੈਨੂੰ ਵੀ ਆਪਣੇ ਨਾਲ ਰੋਟੀ ਖੁਆਉਣ ਦੀ ਜ਼ਿਦ ਕਰਦਾ ਪਰ ਮੈਨੂੰ ਹਿੰਗ ਦੇ ਤੁੜਕੇ ਵਾਲੀ ਦਾਲ-ਸਬਜ਼ੀ ਖਾਣੀ ਬਹੁਤ ਔਖੀ ਲੱਗਦੀ। ਮੈਂ ਆਪਣੇ ਘਰ ਜਾ ਕੇ ਹੀ ਰੋਟੀ ਖਾਂਦਾ। ਜਦੋਂ ਉਹ ਮੇਰੇ ਘਰ ਆਉਂਦਾ ਤਾਂ ਖਾਣ ਵਾਲੀ ਹਰ ਚੀਜ਼ ਵਿਚੋਂ ਉਹਨੂੰ ਪਿਆਜ਼ਾਂ ਦੀ ਬੋਅ ਆਉਂਦੀ। ਮੈਂ ਉਹਦਾ ਸਾਬਣ ਤੇਲ ਅਤੇ ਕਮਰਾ ਫਰੀ ਵਿਚ ਵਰਤਦਾ ਸਾਂ। ਅੱਠ-ਅੱਠ ਘੰਟੇ ਨਿੱਤ ਪੜ੍ਹਦਿਆਂ ਬਿਜਲੀ ਫੂਕਦਾ ਸਾਂ। ਇਕ ਦਿਨ ਉਸ ਨੂੰ ਕਿਹਾ, "ਯਾਰ ਰਾਮੇਸ਼ਵਰ! ਤੂੰ ਹਰ ਮਹੀਨੇ ਥੋੜ੍ਹੇ ਪੈਸੇ ਮੈਥੋਂ ਵੀ ਲੈ ਲਿਆ ਕਰ", ਤਾਂ ਉਹ ਹੱਸ ਕੇ ਕਹਿਣ ਲੱਗਾ, "ਤੁਮਹੇਂ ਤੋ ਸਰਦਾਰ ਜੀ ਹਮ ਨੇ ਅਪਨਾ ਬਾਡੀਗਾਰਡ ਰੱਖਾ ਹੂਆ ਹੈ। ਬਾਡੀਗਾਰਡ ਕੋ ਪੈਸੇ ਦੇਤੇ ਹੈਂ ਕਿ ਉਸ ਸੇ ਲੇਤੇ ਹੈਂ?" ਪੈਸੇ ਮੇਰੇ ਕੋਲ ਹੁੰਦੇ ਹੀ ਕਿੱਥੇ ਸਨ, ਪਰ ਹਾਂ! ਸੁਲ੍ਹਾ ਮਾਰ ਕੇ ਮੇਰੇ ਮਨ ਨੂੰ ਚੈਨ ਜ਼ਰੂਰ ਮਿਲ ਗਿਆ।

ਸਾਡੇ ਗੁਆਂਢੀ ਨਾਈ ਦੀ ਮੌਤ ਹੋ ਗਈ। ਉਹ ਬੱਸ ਅੱਡੇ ਦੇ ਬਾਹਰ ਬੜ੍ਹੇ 'ਤੇ ਸ਼ੀਸ਼ਾ ਰੱਖ ਕੇ ਹਜਾਮਤ ਕਰਦਾ ਹੁੰਦਾ ਸੀ। ਉਹਦੇ ਕੋਈ ਔਲਾਦ ਨਹੀਂ ਸੀ। ਔਰਤ ਵਿਧਵਾ ਹੋਈ ਤਾਂ ਦਿਨਾਂ ਵਿਚ ਹੀ ਘਰ 'ਚ ਭੰਗ ਭੁੱਜਣ ਲੱਗੀ। ਵੀਰ ਜੀ ਨੇ ਉਹਨੂੰ ਰਾਮੇਸ਼ਵਰ ਦੇ ਘਰ ਦੀ ਸਫਾਈ ਕਰਨ, ਕੱਪੜੇ ਧੋਣ ਅਤੇ ਰੋਟੀ-ਟੁੱਕ ਕਰਨ ਦਾ ਪੰਦਰਾਂ ਰੁਪਏ ਮਹੀਨੇ ਦੇ ਹਿਸਾਬ ਨਾਲ ਕੰਮ ਦਿਵਾ ਦਿੱਤਾ। ਰਾਮੇਸ਼ਵਰ ਕਾਫੀ ਸੌਖਾ ਹੋ ਗਿਆ ਤੇ ਪੜ੍ਹਾਈ ਲਈ ਵੱਧ ਸਮਾਂ ਕੱਢਣ ਲੱਗਾ। ਉਹਨੇ ਨਾਈ ਦੀ ਵਿਧਵਾ ਨੂੰ ਕਹਿ ਦਿੱਤਾ ਕਿ ਉਹ ਰੋਟੀ ਉਸ ਕੋਲ ਹੀ ਖਾ ਜਾਇਆ ਕਰੇ।

ਅਸੀਂ ਦੋਵੇਂ ਆਪਸ ਵਿਚ ਹਰ ਗੱਲ ਸਾਂਝੀ ਕਰ ਲੈਂਦੇ ਸਾਂ। ਉਹਨੇ ਦੱਸਿਆ ਕਿ ਉਹ ਕਾਨਪੁਰੋਂ ਆਪਣੇ ਵਿਆਹ ਮੰਡਪ ਵਿਚੋਂ ਉਦੋਂ ਦੌੜ ਆਇਆ ਸੀ, ਜਦੋਂ ਦਾਜ ਦੇ ਲੋਭ ਵਿਚ ਉਸ ਦੇ ਪਿਉ ਨੇ ਗੁੰਗੀ ਤੇ ਬੋਲੀ (ਬਹਿਰੀ) ਕੁੜੀ ਨਾਲ ਉਸ ਨੂੰ ਨੂੜ ਦੇਣਾ ਚਾਹਿਆ ਸੀ। ਮਗਰੋਂ ਉਹ ਆਗਰੇ ਆ ਟਿਕਿਆ ਤੇ ਬਿਜਲੀ ਘਰ ਵਿਚ ਨੌਕਰੀ ਕਰ ਲਈ। ਹੁਣ ਉਹ ਬੀ.ਐਸਸੀ. ਕਰ ਕੇ ਸੁਪਰਵਾਈਜ਼ਰ ਬਣਨਾ ਚਾਹੁੰਦਾ ਸੀ। ਰਾਮੇਸ਼ਵਰ ਕਾਲਜ ਦੀ ਕਿਸੇ ਕੁੜੀ ਨਾਲ ਕਦੀ ਕੋਈ ਗੱਲ ਨਹੀਂ ਸੀ ਕਰਦਾ। ਬਿਲਕੁਲ ਕਾਲੀਆਂ ਐਨਕਾਂ ਲਾ ਕੇ ਉਹ ਜਿੱਧਰ ਦੇਖਦਾ, ਦੇਖੀ ਜਾਂਦਾ। ਮੁੰਡੇ ਕੁੜੀਆਂ ਨੇ ਉਹਦਾ ਨਾਂ ਰਾਜੇਸ਼ ਖੰਨਾ ਧਰ ਲਿਆ। ਹਰ ਸ਼ਨਿਚਰਵਾਰ ਸ਼ਾਮ ਨੂੰ ਉਹ ਵਧੀਆ ਕੱਪੜੇ ਪਾਉਂਦਾ, ਸੈਂਟ ਲਾਉਂਦਾ, ਬੂਟ ਚਮਕਾਉਂਦਾ ਤੇ ਮੈਨੂੰ ਕਹਿੰਦਾ, "ਅਬੇ ਸਰਦਾਰ ਜੀ! ਤੁਮ ਕਿਤਾਬੀ ਕੀੜੇ ਐਸੇ ਹੀ ਮਰ ਜਾਉਗੇ...ਚਲਤੇ ਹੋ ਆਜ ਫੁਰਸਤ ਕੇ ਪਲ ਬਿਤਾਨੇ?"

ਕਈ ਵਾਰੀ ਅਸੀਂ ਲੜ-ਭਿੜ ਵੀ ਪੈਂਦੇ। ਥੋੜ੍ਹੇ ਚਿਰ ਮਗਰੋਂ ਹੀ ਉਹ ਕਾਲੀਆਂ ਐਨਕਾਂ ਲਾ ਕੇ, ਮੂੰਹ ਬਣਾ ਕੇ ਰਾਜੇਸ਼ ਖੰਨੇ ਦਾ ਕੋਈ ਪਾਪੂਲਰ ਡਾਇਲਾਗ ਬੋਲਦਾ ਜਿਸ ਵਿਚ ਉਹ ਐਵੇਂ ਹੀ 'ਸਰਦਾਰ ਜੀ' ਸ਼ਾਮਿਲ ਕਰ ਲੈਂਦਾ ਤੇ ਅੰਤ ਵਿਚ ਕਹਿੰਦਾ, "ਉਹੀ ਬੜਾ ਹੋਂਦਾ ਸਰਦਾਰ ਜੀ, ਜੋ

(ਬਾਕੀ ਅਗਲੇ ਸਫੇ 'ਤੇ)

# ਜਦੋਂ ਮੈਕਾਲਿਫ ਮੇਰੇ ਪਿੰਡ ਰਿਹਾ

**ਮੈਕਾਲਿਫ ਦੀ ਸੌਵੀਂ ਬਰਸੀ 'ਤੇ ਵਿਸ਼ੇਸ਼-1**



***ਫ਼ਰਵਰੀ 1864 'ਚ ਅਧਿਕਾਰੀ ਵਜੋਂ ਪੰਜਾਬ ਪੁੱਜਣ ਤੋਂ ਛੇਤੀ ਮਗਰੋਂ ਉਹਨੂੰ ਅੰਮ੍ਰਿਤਸਰ ਦੀ ਦੀਵਾਲੀ ਦੇਖਣ ਦਾ ਮੌਕਾ ਮਿਲਿਆ। ਉਥੋਂ ਦੇ ਸ਼ਾਂਤ ਮਾਹੌਲ ਨੇ ਅਤੇ ਸਮਝ ਵਿਚ ਨਾ ਆਈ ਹੋਣ ਦੇ ਬਾਵਜੂਦ ਸੰਗੀਤ ਨਾਲ ਗਾਈ ਜਾ ਰਹੀ ਬਾਣੀ ਨੇ ਉਹਨੂੰ ਪ੍ਰਭਾਵਿਤ ਕੀਤਾ। ਮਗਰੋਂ ਉਹਨੇ ਕਿਸੇ ਤੋਂ ਉਥੇ ਗਾਏ ਗਏ ਸ਼ਬਦਾਂ ਦੇ ਅਰਥ ਅੰਗਰੇਜ਼ੀ ਵਿਚ ਸਮਝੇ ਤਾਂ ਉਹ ਰਚਨਾ ਦੀ ਦਾਰਸ਼ਨਿਕ ਬੁਲੰਦੀ ਤੇ ਅਧਿਆਤਮਕ ਗਹਿਰਾਈ ਮਹਿਸੂਸ ਕਰ ਕੇ ਧੰਨ ਹੀ ਹੋ ਗਿਆ। ਇਸ ਘਟਨਾ ਨੇ ਪੰਜਾਬ ਦੇ ਲੋਕਾਂ ਅਤੇ ਉਨ੍ਹਾਂ ਦੀਆਂ ਧਾਰਮਿਕ ਰਵਾਇਤਾਂ ਵਿਚ ਉਹਦੀ ਤਿੱਖੀ ਦਿਲਚਸਪੀ ਜਗਾ ਦਿੱਤੀ। ਸਿੱਟੇ ਵਜੋਂ ਉਹਨੇ ਪੰਜਾਬੀ ਸਭਿਆਚਾਰ ਅਤੇ ਸਿੱਖ ਧਰਮ ਸਬੰਧੀ ਲੇਖ ਲਿਖਣੇ ਸ਼ੁਰੂ ਕੀਤੇ ਜੋ 1875-81 ਦੇ ਸਮੇਂ ਵਿਚ 'ਕੈਲਕਟਾ ਰੀਵਿਊ' ਨਾਂ ਦੇ ਰਸਾਲੇ ਵਿਚ ਛਪਦੇ ਰਹੇ। ਇਸ ਦੌਰਾਨ ਉਹਨੇ ਪੰਜਾਬੀ ਅਤੇ ਕੁਛ ਹੋਰ ਭਾਰਤੀ ਭਾਸ਼ਾਵਾਂ ਦੀ ਕੰਮਕਾਜੀ ਜਾਣਕਾਰੀ ਵੀ ਪ੍ਰਾਪਤ ਕੀਤੀ। ਜਿਉਂ ਜਿਉਂ ਸਿੱਖ ਧਰਮ ਅਤੇ ਬਾਣੀ ਵਿਚ ਉਹਦੀ ਦਿਲਚਸਪੀ ਵਧਦੀ ਗਈ, ਉਹ ਇਸ ਸਿੱਟੇ ਉਤੇ ਪੁਜਦਾ ਗਿਆ ਕਿ ਉਹਦਾ ਅਸਲ ਟੀਚਾ ਅਤੇ ਮਿਸ਼ਨ ਗੁਰੂ ਗ੍ਰੰਥ ਸਾਹਿਬ ਨੂੰ ਅੰਗਰੇਜ਼ੀ ਵਿਚ ਅਨੁਵਾਦਣਾ ਹੈ।***

ਮੇਰੇ ਪਿੰਡ ਪਿੱਥੋ ਤੋਂ ਕੋਈ ਇਕ ਕੋਹ ਵਾਟ ਦੂਰ ਖੇਤਾਂ ਵਿਚ ਭਾਈ ਕਾਨ੍ਹ ਸਿੰਘ ਦੀ ਕੋਠੀ ਸੀ। ਉਹ ਆਪ ਤਾਂ ਉਦੋਂ ਗੁਜ਼ਰ ਗਏ ਸਨ ਜਦੋਂ ਮੈਂ ਅਜੇ ਸਿਰਫ਼ ਇਕ ਸਾਲ, ਅੱਠ ਮਹੀਨੇ ਤੇ ਪੰਜ ਦਿਨਾਂ ਦਾ ਸੀ ਪਰ ਮੇਰੀ ਚੜ੍ਹਦੀ ਉਮਰ ਵਿਚ ਉਨ੍ਹਾਂ ਦੀ ਕੋਠੀ ਤੇ ਬਾਗ਼ ਪੂਰੇ ਜਲੌਅ ਨਾਲ ਕਾਇਮ ਸਨ। ਉਥੇ ਜਾਣ ਦਾ ਮੌਕਾ ਮਿਲਦਾ ਤਾਂ ਮੇਰੇ ਬਾਪੂ ਜੀ ਇਹ ਗੱਲ ਜ਼ਰੂਰ ਯਾਦ ਕਰਦੇ ਕਿ ਜਦੋਂ ਉਹ ਸੋਲਾਂ-ਸਤਾਰਾਂ ਸਾਲ ਦੇ ਸਨ, ਮੈਕਾਲਿਫ਼ ਨਾਂ ਦਾ ਇਕ ਅੰਗਰੇਜ਼ ਵਿਦਵਾਨ



**ਗੁਰਬਚਨ ਸਿੰਘ ਭੁੱਲਰ**
ਫੋਨ: 91-11-65736868
bhullargs@gmail.com

ਸਿਆਲਾਂ ਵਿਚ ਕਈ ਮਹੀਨੇ ਇਸ ਕੋਠੀ ਵਿਚ ਰਹਿ ਕੇ ਗਿਆ ਸੀ। ਇਮਾਰਤ ਦੇ ਚੁਫੇਰੇ ਦੇ ਬਾਗ਼ 'ਚ ਛਾਂਦਾਰ ਤੇ ਫਲਦਾਰ ਰੁੱਖਾਂ ਤੋਂ ਬਿਨਾ ਭਾਂਤ ਸੁਭਾਂਤੇ ਚਿਰਕਾਲੀ ਤੇ ਮੌਸਮੀ ਫੁੱਲ ਖਿੜੇ ਰਹਿੰਦੇ ਸਨ। ਸਾਡੇ ਇਲਾਕੇ 'ਚ ਉਸ ਸਮੇਂ ਅਜਿਹੇ ਬਿਰਛ ਬੂਟੇ ਤੇ ਫੁੱਲ-ਫਲ ਕੋਈ ਆਮ ਗੱਲ ਨਹੀਂ ਸੀ। ਉਥੇ ਖਿੜਦੇ ਗੁਲਾਬ ਦੇ ਵੱਡੇ ਵੱਡੇ ਫੁੱਲ ਅੱਜ ਵੀ ਜਿਵੇਂ ਮੇਰੀਆਂ ਅੱਖਾਂ ਸਾਹਮਣੇ ਟਹਿਕ ਰਹੇ ਹਨ। ਪੇਸ਼ਾਵਰ ਗ਼ੈਰ-ਪੰਜਾਬੀ ਮਾਲੀ ਹਮੇਸ਼ਾ ਹੀ ਹੱਥਾਂ ਵਿਚ ਖੁਰਪੀਆਂ ਫੜੀ ਕੰਮ ਵਿਚ ਰੁੱਝੇ ਦਿਖਾਈ ਦਿੰਦੇ। ਕਈ ਦਿਨਾਂ ਮਗਰੋਂ ਵਾਰੀ-ਸਿਰ ਆਉਂਦੇ ਨਹਿਰੀ ਪਾਣੀ ਨਾਲ ਸਿੰਜਾਈ ਕਰਨ ਤੋਂ ਇਲਾਵਾ ਪੱਕੀ ਡੱਗੀ ਭਰ ਲਈ ਜਾਂਦੀ ਸੀ ਜੋ ਬਾਕੀ ਦਿਨਾਂ ਨੂੰ ਬੂਟੇ ਸਿੰਜਣ ਦੇ ਕੰਮ ਆਉਂਦੀ। ਪਰਿਵਾਰ ਦਾ ਇਕ ਪੱਕਾ ਘਰ ਪਿੰਡ ਵਿਚ ਵੀ ਸੀ। ਸਮੇਂ ਸਮੇਂ ਜਦੋਂ ਕੋਈ ਨਾਭੇ ਤੋਂ ਆਉਂਦਾ, ਦੋਵੇਂ ਥਾਂ ਰੌਣਕ ਹੋ ਜਾਂਦੀ। ਪੱਕਾ ਵਸਨੀਕ ਤਾਂ ਸਿਰਫ਼ ਹਰਸ਼ਾ ਸਿੰਘ ਸੀ ਜੋ ਸਾਰੇ ਕੰਮਕਾਜ ਦਾ ਮੁਖ਼ਤਿਆਰ ਸੀ।

ਮੈਨੂੰ ਇਹ ਕੋਠੀ ਤੇ ਬਾਗ਼ ਦੇਖਣ ਦਾ ਮੌਕਾ ਕਈ ਵਾਰ ਮਿਲਿਆ। ਇਹਦਾ ਇਕ ਵੱਖਰਾ ਹੀ ਕਾਰਨ ਸੀ। ਫ਼ੌਜ ਵਿਚੋਂ ਸੇਵਾਮੁਕਤ ਹੋ ਕੇ ਆਏ ਬਾਪੂ ਜੀ ਸ਼ੌਕੀਆ ਵੈਦਗੀ ਕਰਦੇ ਸਨ। ਆਂਢ-ਗੁਆਂਢ ਤੋਂ ਇਲਾਵਾ ਖਾਸ ਕਰਕੇ ਉਹ ਸਾਡੇ ਘਰ ਤੋਂ ਕੁਛ ਹੀ ਦੂਰ ਵਸੇ ਰਵਿਦਾਸੀਆਂ ਤੇ ਮਜ਼ਹਬੀਆਂ ਦੇ ਵਿਹੜਿਆਂ ਦੇ ਰੋਗੀਆਂ ਨੂੰ ਮੁਫ਼ਤ ਦਵਾਈ ਦਿੰਦੇ ਸਨ। ਬਹੁਤ ਸਾਰੀਆਂ ਦਵਾਈਆਂ ਉਹ ਪ੍ਰਸਿੱਧ ਸੰਸਥਾ, ਭਾਈ ਮੋਹਨ ਸਿੰਘ ਵੈਦ ਤੋਂ ਤਰਨਤਾਰਨੋਂ ਮੰਗਵਾਉਂਦੇ ਅਤੇ ਕੁਛ ਦਵਾਈਆਂ ਉਹ ਆਪ ਵੀ ਬਣਾਉਂਦੇ। ਉਨ੍ਹਾਂ ਨੇ ਭਾਈ ਮੋਹਨ ਸਿੰਘ ਵੈਦ ਦੀਆਂ ਇਲਾਜੀ ਪੁਸਤਕਾਂ ਤੋਂ ਇਲਾਵਾ ਮੇਘ ਮੁਨੀ ਲਿਖਿਤ, ਮਹੰਤ ਗਣੇਸ਼ਾ ਸਿੰਘ ਦੇ ਅਨੁਵਾਦਿਤ ਤੇ ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ ਅੰਮ੍ਰਿਤਸਰ ਵੱਲੋਂ ਸੰਮਤ 1989 ਵਿਚ ਪ੍ਰਕਾਸ਼ਿਤ ਗ੍ਰੰਥ 'ਮੇਘ ਬਿਨੋਦ' ਸਮੇਤ ਹਿੰਦੀ-ਸੰਸਕ੍ਰਿਤ ਦੇ ਕਈ ਪੁਰਾਣੇ ਵੈਦਕ ਗ੍ਰੰਥਾਂ ਦੇ ਪੰਜਾਬੀ ਅਨੁਵਾਦ ਵੀ ਰੱਖੇ ਹੋਏ ਸਨ। ਉਹ ਪੇਟ ਦੇ ਕੇੜੇ ਤੇ ਸੂਲ ਦੀ ਇਕ ਬਹੁਤ ਹੀ ਕਾਰਗਰ ਦਵਾਈ ਬਣਾਇਆ ਕਰਦੇ ਸਨ ਜਿਸ ਦਾ ਆਧਾਰ ਬਿਲਕੁਲ ਨੇਂਬੂ ਦੀ ਸ਼ਕਲ ਦੀ ਪਰ ਦੋ ਸੰਤਰਿਆਂ ਜਿੱਡੀ ਵੱਡੀ ਸੂਈਖਾਰ ਗਲਗਲ ਦਾ ਰਸ ਹੁੰਦਾ ਸੀ। ਸਾਡੇ ਨੇੜੇ-ਤੇੜੇ ਉਹਦਾ ਇਕੋ-ਇਕ ਬੂਟਾ ਭਾਈ ਕਾਨ੍ਹ ਸਿੰਘ ਦੀ ਕੋਠੀ ਵਾਲੇ ਬਾਗ਼ ਵਿਚ ਹੀ ਸੀ। ਹਰਸ਼ਾ ਸਿੰਘ ਨਾਲ ਪਿਤਾ ਜੀ ਦੇ ਬੜੇ ਚੰਗੇ ਸਬੰਧ ਸਨ ਅਤੇ ਉਹ, ਸ਼ਾਇਦ ਮੁਫ਼ਤ ਦਿੱਤੀ ਜਾਣ ਵਾਲੀ ਦਵਾਈ ਬਣਦੀ ਹੋਣ ਕਾਰਨ, ਇਹ ਗਲਗਲਾਂ ਵੀ ਖ਼ੁਸ਼ੀ ਖ਼ੁਸ਼ੀ ਮੁਫ਼ਤ ਹੀ ਦੇ ਦਿੰਦਾ; ਸਗੋਂ ਉਹਦੀ ਖੁੱਲ੍ਹਦਿਲੀ ਦੇਖ ਕੇ ਇਉਂ ਲਗਦਾ ਜਿਵੇਂ ਉਹਨੇ ਸਾਨੂੰ ਦੇਣ ਲਈ ਹੀ ਉਹ ਸਾਂਭ ਸਾਂਭ ਕੇ ਰੱਖੀਆਂ ਹੋਈਆਂ ਹੋਣ। ਬਾਪੂ ਜੀ ਦਸਦੇ, ਇਹ ਨਾਂ ਇਸ ਕਰਕੇ ਪਿਆ ਹੈ ਕਿ ਜੇ ਇਸ ਵਿਚ ਸੂਈ ਖੋਭ ਦਿੱਤੀ ਜਾਵੇ, ਉਹ ਇਹਦੇ ਅੰਦਰਲੇ ਰਸ ਵਿਚ ਪੂਰੀ ਤਰ੍ਹਾਂ ਖੁਰ ਜਾਂਦੀ ਹੈ।

ਬਾਪੂ ਜੀ ਇਹ ਵੀ ਦਸਦੇ ਕਿ ਅੰਗਰੇਜ਼ ਹੋਣ ਦੇ ਬਾਵਜੂਦ ਮੈਕਾਲਿਫ਼ ਪੂਰੀ ਸ਼ਰਧਾ ਨਾਲ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਅੰਗਰੇਜ਼ੀ ਵਿਚ ਕਰਨ ਲਗਿਆ ਹੋਇਆ ਸੀ। ਇਸੇ ਸਬੰਧ ਵਿਚ ਉਹ ਸਾਡੇ ਪਿੰਡ ਆਇਆ ਸੀ। ਉਹਦੇ ਨਾਲ ਦੋ ਸਿੱਖ ਵਿਦਵਾਨ ਸਨ ਜੋ ਉਹਨੇ ਤਨਖ਼ਾਹ ਦੇ ਕੇ ਰੱਖੇ ਹੋਏ ਸਨ। ਇਕ ਬਾਣੀ ਦਾ ਗੁਣੀ ਗਿਆਤਾ ਤੇ ਅਰਥਕਾਰ ਸੀ ਪਰ ਉਹਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ। ਦੂਜਾ ਬਾਣੀ ਦੇ ਅਰਥਾਂ ਦੀ ਸਮਝ ਦੇ ਪੱਖੋਂ ਤਾਂ ਓਨਾ ਸੰਪੂਰਨ ਨਹੀਂ ਸੀ ਪਰ ਪਹਿਲੇ ਦੇ ਦੱਸੇ ਅਰਥਾਂ ਨੂੰ ਵਧੀਆ ਅੰਗਰੇਜ਼ੀ ਵਿਚ ਮੈਕਾਲਿਫ਼ ਨੂੰ ਸਮਝਾ ਸਕਣ ਦੇ ਸਮਰੱਥ ਸੀ। ਉਹ ਆਮ ਕਰਕੇ ਗਰਮੀਆਂ ਵਿਚ ਕਿਸੇ ਪਹਾੜੀ ਨਗਰ ਚਲਿਆ ਜਾਂਦਾ ਅਤੇ ਸਰਦੀਆਂ ਵਿਚ ਅੰਮ੍ਰਿਤਸਰ ਜਾਂ ਨਾਭੇ ਰਹਿੰਦਾ। ਉਹਦੇ ਘਰ ਸਿੱਖ ਵਿਦਵਾਨ ਅਕਸਰ ਹੀ ਵਿਚਾਰ-ਚਰਚਾ ਲਈ ਆਏ ਰਹਿੰਦੇ। ਇਕ ਵਾਰ ਉਹਨੇ ਇਕਾਂਤ ਤੇ ਸੁਖ-ਸ਼ਾਂਤੀ ਦੀ ਇੱਛਾ ਦੱਸੀ ਤਾਂ ਭਾਈ ਸਾਹਿਬ ਨੇ ਅਮਲੇ-ਫ਼ੈਲੇ ਸਮੇਤ ਉਹਦੇ ਰਹਿਣ ਦਾ ਪ੍ਰਬੰਧ ਆਪਣੀ ਪਿੱਥੋ ਦੀ ਖੇਤਾਂ ਵਾਲੀ ਕੋਠੀ ਵਿਚ ਕਰ ਦਿੱਤਾ। ਠੀਕ ਹੀ ਉਹ ਜਿਹੜਾ ਕੰਮ ਨੇਪਰੇ ਚਾੜ੍ਹਨ ਆਇਆ ਸੀ, ਉਹਦੇ ਲਈ ਇਸ ਤੋਂ ਵਧੀਆ ਥਾਂ ਕੋਈ ਨਹੀਂ ਸੀ ਹੋ ਸਕਦੀ।



*ਮੈਕਾਲਿਫ਼ ਦੀ ਹੱਥ-ਲਿਖਤ।*

ਬਾਪੂ ਜੀ ਦੀ ਉਮਰ ਦੇ ਲਿਹਾਜ਼ ਉਹ ਸਮਾਂ 20ਵੀਂ ਸਦੀ ਦੇ ਸ਼ੁਰੂ ਦਾ ਬਣਦਾ ਹੈ। ਪਹਿਲੇ ਦਹਾਕੇ ਦੇ ਪਿਛਲੇ ਅੱਧ ਵਿਚ ਤਾਂ ਅੰਗਰੇਜ਼ੀ ਅਨੁਵਾਦ ਦੀ ਛਪਾਈ ਦਾ ਕੰਮ ਇੰਗਲੈਂਡ ਦੇ ਆਕਸਫ਼ੋਰਡ ਯੂਨੀਵਰਸਿਟੀ ਪ੍ਰੈਸ ਵਿਚ ਸ਼ੁਰੂ ਹੋ ਗਿਆ ਸੀ। ਇਹ ਕਹਿਣਾ ਤੱਥਾਂ ਤੋਂ ਦੂਰ ਦੀ ਗੱਲ ਬਿਲਕੁਲ ਨਹੀਂ ਹੋਵੇਗੀ ਕਿ ਉਸ ਸਮੇਂ ਮੈਕਾਲਿਫ਼ ਅਨੁਵਾਦ ਦਾ ਕੰਮ ਪੂਰਾ ਕਰ ਚੁਕਾ ਹੋਵੇਗਾ ਅਤੇ ਪੂਰੇ ਖਰੜੇ 'ਤੇ ਆਖ਼ਰੀ ਨਜ਼ਰ ਮਾਰਨ ਲਈ ਮੁਕੰਮਲ ਇਕਾਂਤ ਤੇ ਸ਼ਾਂਤੀ ਲਭਦਾ ਸਾਡੇ ਪਿੰਡ ਆਇਆ ਹੋਵੇਗਾ। ਇਉਂ ਉਸ ਦੇ ਕੀਤੇ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਵਿਚ ਮੇਰੇ ਪਿੰਡ ਦਾ ਵੀ ਗਿਣਨਜੋਗ ਸੀਰ ਰਿਹਾ।

ਮੈਕਸ ਆਰਥਰ ਮੈਕਾਲਿਫ਼ ਦਾ ਜਨਮ 10 ਸਤੰਬਰ 1841 ਨੂੰ ਆਇਰਲੈਂਡ ਵਿਚ ਹੋਇਆ ਸੀ। ਭਾਸ਼ਾ ਅਤੇ ਸਾਹਿਤ ਨਾਲ ਉਹਨੂੰ ਸ਼ੁਰੂ ਤੋਂ ਹੀ ਲਗਾਉ ਸੀ। ਕਾਲਜ ਵਿਚ ਪੜ੍ਹਦਿਆਂ ਪਹਿਲੀ ਵਾਰ 1857-58 ਦੇ ਸਾਲ ਲਈ ਉਹਨੇ ਸਾਹਿਤਕ ਵਿਭਾਗ ਦਾ ਜੂਨੀਅਰ ਵਜ਼ੀਫ਼ਾ ਪ੍ਰਾਪਤ ਕੀਤਾ ਅਤੇ ਅਗਲੇ ਦੋ ਸਾਲਾਂ ਲਈ ਇਹ ਵਜ਼ੀਫ਼ਾ ਉਹਦੀ ਹੀ ਪ੍ਰਾਪਤੀ ਬਣਿਆ ਰਿਹਾ। 1860 ਵਿਚ ਬੀ.ਏ. ਦੀ ਡਿਗਰੀ ਉਹਨੇ ਆਧੁਨਿਕ ਭਾਸ਼ਾਵਾਂ ਉਤੇ ਫ਼ਸਟ ਕਲਾਸ ਆਨਰਜ਼ ਨਾਲ ਪ੍ਰਾਪਤ ਕੀਤੀ। ਉਸੇ ਸਾਲ ਉਹ ਪੁਰਾਤਨ ਕਲਾਸਿਕ ਸਾਹਿਤ ਸਬੰਧੀ ਸੀਨੀਅਰ ਵਜ਼ੀਫ਼ਾ ਪ੍ਰਾਪਤ ਕਰਨ ਵਿਚ ਸਫਲ ਰਿਹਾ ਅਤੇ ਕਾਲਜ ਦੀ ਸਾਹਿਤ ਅਤੇ ਸੰਵਾਦ ਸਭਾ ਦਾ ਵੀ ਸਕੱਤਰ ਚੁਣਿਆ ਗਿਆ। ਅਗਲੇ ਸਾਲ ਉਹਨੂੰ ਆਧੁਨਿਕ ਭਾਸ਼ਾਵਾਂ ਤੇ ਇਤਿਹਾਸ ਸਬੰਧੀ ਸੀਨੀਅਰ ਵਜ਼ੀਫ਼ਾ ਦਿੱਤਾ ਗਿਆ। ਉਹਨੇ ਯੂਨਾਨੀ ਤੇ ਲਾਤੀਨੀ ਕਲਾਸਿਕ ਮੂਲ ਭਾਸ਼ਾਵਾਂ ਵਿਚ ਪੜ੍ਹੇ ਹੋਏ ਸਨ ਅਤੇ ਉਹ ਫ਼ਰਾਂਸੀਸੀ ਤੇ ਇਤਾਲਵੀ ਭਾਸ਼ਾਵਾਂ ਵੀ ਪੜ੍ਹ ਲੈਂਦਾ ਸੀ। 1862 ਵਿਚ ਉਹ ਆਈ.ਸੀ.ਐਸ. ਬਣਿਆ।

ਫ਼ਰਵਰੀ 1864 ਵਿਚ ਅਧਿਕਾਰੀ ਵਜੋਂ ਪੰਜਾਬ ਪੁੱਜਣ ਤੋਂ ਛੇਤੀ ਹੀ ਮਗਰੋਂ ਉਹਨੂੰ ਅੰਮ੍ਰਿਤਸਰ ਦੀ ਦੀਵਾਲੀ ਦੇਖਣ ਦਾ ਮੌਕਾ ਮਿਲਿਆ। ਉਥੋਂ ਦੇ ਸ਼ਾਂਤ ਮਾਹੌਲ ਨੇ ਅਤੇ ਸਮਝ ਵਿਚ ਨਾ ਆਈ ਹੋਣ ਦੇ ਬਾਵਜੂਦ ਸੰਗੀਤ ਨਾਲ ਗਾਈ ਜਾ ਰਹੀ ਬਾਣੀ ਨੇ ਉਹਨੂੰ ਬੇਹੱਦ ਪ੍ਰਭਾਵਿਤ ਕੀਤਾ। ਮਗਰੋਂ ਉਹਨੇ ਕਿਸੇ ਤੋਂ ਉਥੇ ਗਾਏ ਗਏ ਸ਼ਬਦਾਂ ਦੇ ਅਰਥ ਅੰਗਰੇਜ਼ੀ ਵਿਚ ਸਮਝੇ ਤਾਂ ਉਹ ਰਚਨਾ ਦੀ ਦਾਰਸ਼ਨਿਕ ਬੁਲੰਦੀ ਤੇ ਅਧਿਆਤਮਕ ਗਹਿਰਾਈ ਮਹਿਸੂਸ ਕਰ ਕੇ ਧੰਨ ਹੀ ਹੋ ਗਿਆ। ਇਸ ਘਟਨਾ ਨੇ ਪੰਜਾਬ ਦੇ ਲੋਕਾਂ ਅਤੇ ਉਨ੍ਹਾਂ ਦੀਆਂ ਧਾਰਮਿਕ ਰਵਾਇਤਾਂ ਵਿਚ ਉਹਦੀ ਤਿੱਖੀ ਦਿਲਚਸਪੀ ਜਗਾ ਦਿੱਤੀ। ਸਿੱਟੇ ਵਜੋਂ ਉਹਨੇ ਪੰਜਾਬੀ ਸਭਿਆਚਾਰ ਅਤੇ ਸਿੱਖ ਧਰਮ ਸਬੰਧੀ ਲੇਖ ਲਿਖਣੇ ਸ਼ੁਰੂ ਕੀਤੇ ਜੋ 1875-81 ਦੇ ਸਮੇਂ ਵਿਚ 'ਕੈਲਕਟਾ ਰੀਵਿਊ' ਨਾਂ ਦੇ ਰਸਾਲੇ ਵਿਚ ਛਪਦੇ ਰਹੇ। ਇਸ ਦੌਰਾਨ ਉਹਨੇ ਪੰਜਾਬੀ ਅਤੇ ਕੁਛ ਹੋਰ ਭਾਰਤੀ ਭਾਸ਼ਾਵਾਂ ਦੀ ਕੰਮਕਾਜੀ ਜਾਣਕਾਰੀ ਵੀ ਪ੍ਰਾਪਤ ਕੀਤੀ। ਜਿਉਂ ਜਿਉਂ ਸਿੱਖ ਧਰਮ ਅਤੇ ਬਾਣੀ ਵਿਚ ਉਹਦੀ ਦਿਲਚਸਪੀ ਵਧਦੀ ਗਈ, ਉਹ ਇਸ ਸਿੱਟੇ ਉਤੇ ਪੁਜਦਾ ਗਿਆ ਕਿ ਉਹਦਾ ਅਸਲ ਟੀਚਾ ਅਤੇ ਮਿਸ਼ਨ ਗੁਰੂ ਗ੍ਰੰਥ ਸਾਹਿਬ ਨੂੰ ਅੰਗਰੇਜ਼ੀ ਵਿਚ ਅਨੁਵਾਦਣਾ ਹੈ।

ਸਿੱਖ ਵਿਦਵਾਨਾਂ ਨਾਲ ਇਸ ਸਬੰਧ ਵਿਚ ਕੀਤੇ ਗਏ ਸਲਾਹ-ਮਸ਼ਵਰਿਆਂ ਨੇ ਉਹਦਾ ਉਤਸਾਹ ਹੋਰ ਵੀ ਵਧਾ ਦਿੱਤਾ। ਇਸ ਦਾ ਇਕ ਵੱਡਾ ਕਾਰਨ ਡਾ. ਅਰਨੈਸਟ ਟਰੰਪ ਦੇ ਕੀਤੇ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਨਾਲ ਸਿੱਖਾਂ ਨੂੰ ਲੱਗੀ ਠੇਸ ਸੀ। ਇਹ ਅਨੁਵਾਦ ਇੰਡੀਆ ਆਫ਼ਿਸ ਨੇ ਕਰਵਾਇਆ ਸੀ ਅਤੇ 1877 ਵਿਚ ਪ੍ਰਕਾਸ਼ਿਤ ਹੋਇਆ ਸੀ। ਸਿੱਖ ਵਿਦਵਾਨਾਂ ਨੇ ਇਹਨੂੰ ਗ਼ਲਤੀਆਂ ਤੇ ਤਰੁਟੀਆਂ ਨਾਲ ਭਰਿਆ ਆਖ ਕੇ ਰੱਦ ਕਰ ਦਿੱਤਾ ਸੀ। ਜਿਥੇ ਟਰੰਪ ਦੇ ਕੰਮ ਵਿਚੋਂ ਉਹਦੀ ਸਾਮਰਾਜੀ ਮਾਨਸਿਕਤਾ ਅਤੇ ਆਪਣੇ ਅਧੀਨ ਲੋਕਾਂ ਤੇ ਉਨ੍ਹਾਂ ਦੇ ਸਭਿਆਚਾਰਾਂ ਲਈ ਘਿਰਣਾ ਝਲਕਦੀ ਸੀ, ਮੈਕਾਲਿਫ਼ ਨੇ ਇਹ ਕਾਰਜ ਆਪਣੀ ਅੰਦਰਲੀ ਆਵਾਜ਼ ਸਦਕਾ ਤੇ ਨਿਰੋਲ ਸ਼ਰਧਾ ਭਾਵਨਾ ਨਾਲ ਹੱਥ ਲਿਆ ਸੀ। ਇਸੇ ਕਰਕੇ ਸਿੱਖ ਵਿਦਵਾਨ ਉਸ ਨਾਲ ਲਗਾਤਾਰ ਵਿਚਾਰ-ਚਰਚਾ ਕਰਦੇ ਰਹਿੰਦੇ ਸਨ ਤੇ ਅਨੁਵਾਦ ਦਾ ਕਾਰਜ ਨੇਪਰੇ ਚਾੜ੍ਹਨ ਲਈ ਹੱਲਾਸ਼ੇਰੀ ਦਿੰਦੇ ਰਹਿੰਦੇ ਸਨ।



*ਭਾਈ ਕਾਨ੍ਹ ਸਿੰਘ ਨਾਭਾ*

ਸਿੱਖ ਵਿਦਵਾਨਾਂ ਨਾਲ ਨਿਰੰਤਰ ਵਾਹ ਸਦਕਾ ਉਹ ਭਾਈ ਕਾਨ੍ਹ ਸਿੰਘ ਦੇ ਨਾਂ ਤੋਂ ਤਾਂ ਜਾਣੂ ਸੀ ਪਰ ਅਜੇ ਉਨ੍ਹਾਂ ਦੇ ਮੇਲ ਦਾ ਕੋਈ ਸਬੱਬ ਨਹੀਂ ਸੀ ਬਣਿਆ। 1885 ਵਿਚ ਰਾਵਲਪਿੰਡੀ ਵਿਚ ਹਿੰਦੁਸਤਾਨ ਦੇ ਗਵਰਨਰ ਜਨਰਲ ਅਤੇ ਅਫ਼ਗਾਨਿਸਤਾਨ ਦੇ ਬਾਦਸ਼ਾਹ ਦੀ ਮੁਲਾਕਾਤ ਹੋਈ। ਮੈਕਾਲਿਫ਼ ਵੀ ਉਸ ਸਮੇਂ ਰਾਵਲਪਿੰਡੀ 'ਚ ਹੀ ਅਫਸਰ ਲੱਗਾ ਹੋਇਆ ਸੀ। ਗਵਰਨਰ ਜਨਰਲ ਦੇ ਆਉਣ ਸਮੇਂ ਸੂਬੇ ਦੇ ਰਾਜਿਆਂ ਦਾ ਉਥੇ ਹਾਜ਼ਰੀ ਭਰਨਾ ਰੀਤ ਸੀ। ਇਸ ਕਾਰਨ ਮਹਾਰਾਜਾ ਹੀਰਾ ਸਿੰਘ ਨਾਭਾ ਉਥੇ ਪਹੁੰਚਿਆ ਹੋਇਆ ਸੀ ਤੇ ਉਸ ਦੇ ਅਮਲੇ-ਫ਼ੈਲੇ ਵਿਚ ਭਾਈ ਕਾਨ੍ਹ ਸਿੰਘ ਵੀ ਸ਼ਾਮਲ ਸੀ। ਮੈਕਾਲਿਫ਼ ਦੀ ਉਹਨੂੰ ਮਿਲਣ ਦੀ ਚਿਰ-ਪੁਰਾਣੀ ਚਾਹ ਪੂਰੀ ਹੋ ਗਈ। ਉਹ ਭਾਈ ਸਾਹਿਬ ਤੋਂ ਏਨਾ ਪ੍ਰਭਾਵਿਤ ਹੋਇਆ ਜਿੰਨਾ ਹੋਰ ਕਿਸੇ ਸਿੱਖ ਵਿਦਵਾਨ ਤੋਂ ਨਹੀਂ ਸੀ ਹੋਇਆ। ਭਾਈ ਸਾਹਿਬ ਇਕ ਪਾਸੇ ਸਿੱਖ ਸਿਧਾਂਤਾਂ ਤੇ ਗੁਰਬਾਣੀ ਦੇ ਗਿਆਤਾ ਸਨ, ਦੂਜੇ ਪਾਸੇ ਅੰਗਰੇਜ਼ੀ ਭਾਸ਼ਾ ਤੇ ਪੱਛਮੀ ਵਿਦਵਤਾ ਦੇ ਚੰਗੇ ਜਾਣੂ ਸਨ। ਸਿੱਖ ਵਿਦਵਾਨਾਂ 'ਚੋਂ ਅਜਿਹਾ ਸੁਮੇਲ ਮੈਕਾਲਿਫ਼ ਨੂੰ ਹੋਰ ਕਿਸੇ ਵਿਚ ਨਜ਼ਰ ਨਹੀਂ ਸੀ ਆਇਆ। ਭਾਈ ਸਾਹਿਬ ਤੋਂ ਪੁੱਛ ਕੇ ਉਹਨੇ ਹੀਰਾ ਸਿੰਘ ਅੱਗੇ ਉਨ੍ਹਾਂ ਦੀਆਂ ਸੇਵਾਵਾਂ ਲੈਣ ਲਈ ਬੇਨਤੀ ਕੀਤੀ। ਉਹ ਮੈਕਾਲਿਫ਼ ਦੇ ਵਿੱਢੇ ਕੰਮ ਦੀ ਮਹੱਤਤਾ ਪਛਾਣਦਿਆਂ ਝੱਟ ਰਾਜ਼ੀ ਹੋ ਗਿਆ। ਭਾਈ ਸਾਹਿਬ ਚਾਰ ਮਹੀਨੇ ਰਾਵਲਪਿੰਡੀ ਰਹੇ ਅਤੇ ਉਹਨੂੰ ਬਾਣੀ ਦੀਆਂ ਬਰੀਕੀਆਂ ਤੋਂ ਇਲਾਵਾ ਸਿੱਖ ਧਰਮ, ਇਤਿਹਾਸ, ਸਿਧਾਂਤ, ਪਰੰਪਰਾਵਾਂ ਤੇ ਰੀਤਾਂ ਬਾਰੇ ਜਾਣਕਾਰੀ ਦਿੰਦੇ ਰਹੇ। ਉਸ ਪਿੱਛੋਂ ਰਾਜੇ ਦਾ ਬੁਲਾਵਾ ਆਉਣ ਕਾਰਨ ਉਹ ਭਾਵੇਂ ਨਾਭੇ ਚਲੇ ਗਏ ਪਰ ਉਨ੍ਹਾਂ ਦੋਵਾਂ ਦਾ ਸੰਪਰਕ ਨਿਰੰਤਰ ਬਣਿਆ ਰਿਹਾ।

ਮੈਕਾਲਿਫ਼ ਲਈ ਅੰਮ੍ਰਿਤਸਰ ਤੋਂ ਪਿੱਛੋਂ ਨਾਭਾ ਇਕ ਕਿਸਮ ਦਾ ਦੂਜਾ ਘਰ ਹੀ ਬਣ ਗਿਆ। ਪ੍ਰਿੰਸੀਪਲ ਤੇਜਾ ਸਿੰਘ ਦੇ ਸ਼ਬਦਾਂ ਵਿਚ ਭਾਈ ਕਾਨ੍ਹ ਸਿੰਘ ਉਹਦੇ ਲਈ ਰਾਹ-ਦਿਖਾਵੇ, ਦਾਰਸ਼ਨਿਕ ਅਤੇ ਮਿੱਤਰ ਸਨ। ਉਹਦਾ ਸਾਡੇ ਪਿੰਡ ਆ ਕੇ ਠਹਿਰਨਾ ਵੀ ਉਨ੍ਹਾਂ ਦੋਵਾਂ ਦੇ ਅਜਿਹੇ ਗੂੜ੍ਹੇ ਨਾਤੇ ਦਾ ਹੀ ਸਿੱਟਾ ਸੀ।

ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਦਿਆਂ ਮੈਕਾਲਿਫ਼ ਨੂੰ ਕਿਹੜੇ ਕਿਹੜੇ ਰਾਹਾਂ ਉਤੇ ਤੁਰਨਾ ਪਿਆ, ਕਿਹੜੀਆਂ ਕਿਹੜੀਆਂ ਹਾਲਤਾਂ, ਮੁਸ਼ਕਿਲਾਂ ਤੇ ਪਰਖਾਂ ਵਿਚੋਂ ਲੰਘਣਾ ਪਿਆ ਤੇ ਕੀ ਕੀ ਕੁਰਬਾਨੀਆਂ ਦੇਣੀਆਂ ਪਈਆਂ, ਇਹ ਆਪਣੇ ਆਪ ਵਿਚ ਵੱਖਰੀ ਕਹਾਣੀ ਹੈ!

**(ਚਲਦਾ)**

---

## ਛਾਤੀ ਅੰਦਰਲੇ ਥੇਹ

*(ਸਫਾ 26 ਦੀ ਬਾਕੀ)*

ਲੜਾਈ ਕਰ ਕੇ ਪਹਲੇ ਬੁਲੰਦਾ।" ਮੈਨੂੰ ਵੀ ਹਾਸਾ ਆ ਜਾਂਦਾ। ਉਹ ਕਹਿੰਦਾ, "ਚੱਲ ਬੇ ਚੁਕੜੀਆ ਕੇ ਆਸ਼ਕ! ਤੁਮਹੇਂ ਫ਼ਿਲਮ ਦਿਖਾਊਂ।" ਚੁਕੜੀਆ ਉਹ ਚੰਨੀ ਨੂੰ ਕਹਿੰਦਾ ਸੀ। ਚੰਨੀ ਹਮੇਸ਼ਾ ਉਹਨੂੰ 'ਬੜੇ ਭਾਈ ਸਾਹਿਬ' ਕਹਿੰਦੀ ਤੇ ਮੈਨੂੰ 'ਭਾਅ ਜੀ।'

ਬੀ.ਐਸਸੀ. ਫਾਈਨਲ ਦੇ ਪੇਪਰਾਂ ਮਗਰੋਂ ਵੀ ਅਸੀਂ ਇਕੱਠੇ ਹੀ ਰਹਿੰਦੇ ਰਹੇ। ਇਕ ਦਿਨ ਅਚਾਨਕ ਉਹਦੇ ਬਿਰਧ ਮਾਂ-ਬਾਪ ਆ ਗਏ। ਉਹਦੀ ਮਾਂ ਤਾਂ ਉਹਨੂੰ ਲਿਪਟ ਕੇ ਬਹੁਤ ਰੋਈ ਤੇ ਪਿਉ ਪਰਨੇ ਨਾਲ ਅੱਖਾਂ ਪੂੰਝਦਾ ਰਿਹਾ। ਰਾਮੇਸ਼ਵਰ ਵੀ ਪੰਘਰ ਗਿਆ ਤੇ ਰੋਂਦਾ ਰਿਹਾ। ਉਹ ਕੁਝ ਦਿਨਾਂ ਦੀ ਛੁੱਟੀ ਲੈ ਕੇ ਉਨ੍ਹਾਂ ਨਾਲ ਚਲਾ ਗਿਆ ਤੇ ਮਕਾਨ ਮੈਨੂੰ ਸੰਭਾਲ ਗਿਆ।

ਦੋ ਹਫ਼ਤੇ ਮਗਰੋਂ ਫੋਰ ਵ੍ਹੀਲਰ ਸੱਠ ਬਲਾਕ ਦੇ ਸਾਹਮਣੇ ਆ ਕੇ ਰੁਕਿਆ। ਮੈਂ ਇਕੱਲ ਦਾ ਮਾਰਿਆ ਬਾਰੀ 'ਚ ਖੜ੍ਹਾ ਬਾਹਰ ਦੇਖ ਰਿਹਾ ਸਾਂ। ਰਾਮੇਸ਼ਵਰ ਦੇ ਨਾਲ ਸਾੜ੍ਹੀ 'ਚ ਲਿਪਟੀ ਇਕ ਔਰਤ ਵੀ ਟੈਂਪੂ 'ਚੋਂ ਉਤਰੀ। ਮੈਂ ਦੌੜ ਕੇ ਉਨ੍ਹਾਂ ਕੋਲ ਪੁੱਜਾ ਤੇ ਰਾਮੇਸ਼ਵਰ ਨੂੰ ਲਿਪਟ ਗਿਆ। ਉਹ ਬੋਲਿਆ, "ਦੇਖ, ਤੇਰੀ ਭਾਬੀ ਲਾਇਆ ਹੂੰ...ਕੈਸੀ ਲਗਤੀ ਹੈ? ਹੈ ਨਾ ਚਾਂਦ ਕਾ ਟੁਕੜਾ...ਬਸ ਅਬ ਬੱਤੀ ਬੰਦ ਕਰ ਕੇ ਇਸੀ ਕੀ ਰੌਸ਼ਨੀ ਮੇਂ ਪੜ੍ਹਨਾ।" ਮੈਂ ਉਹਦੀ ਘਰਵਾਲੀ ਵੱਲ ਦੇਖਿਆ। ਸਚਮੁੱਚ ਮੇਰੀਆਂ ਅੱਖਾਂ ਚੁੰਧਿਆ ਗਈਆਂ। ਉਹ ਨਿਰਾ ਨੂਰ ਸੀ। ਐਨੀ ਖੂਬਸੂਰਤ! ਮੈਂ ਦੇਖਦਾ ਹੀ ਰਹਿ ਗਿਆ। ਮੈਂ ਹੱਸ ਕੇ ਕਿਹਾ, "ਵਾਹ! ਵਾਹ!! ਇਨ੍ਹੇ ਕਹਾਂ ਸੇ ਉਡਾ ਲਾਇਆ?"

ਉਹਦਾ ਦਾਜ ਦਾ ਸਾਰਾ ਸਮਾਨ ਕਵਾਰਟਰ ਵਿਚ ਚੜ੍ਹਾ ਕੇ ਮੈਂ ਆਪਣਾ ਮੰਜਾ ਬਾਹਰ ਕੱਢਣ ਲੱਗਾ ਤਾਂ ਉਹਨੇ ਮੇਰਾ ਹੱਥ ਫੜ ਲਿਆ, "ਯੇ ਕਿਆ?"

"ਮੈਂ ਆਪਣਾ ਸਾਮਾਨ 104 ਵਿਚ ਲੈ ਜਾਂਦਾ ਹਾਂ।" ਉਪਰੋਂ ਖੁਸ਼ ਤੇ ਅੰਦਰੋਂ ਟੁੱਟ ਕੇ ਮੈਂ ਕਿਹਾ। ਉਹਨੇ ਮੇਰੀ ਪਿੱਠ 'ਤੇ ਧੱਫ਼ਾ ਮਾਰਿਆ ਤੇ ਬੋਲਿਆ, "ਦੋ ਕਮਰੇ ਅਪਨੇ ਪਾਸ ਹੈਂ; ਤੁਮ ਕਹੀਂ ਨਹੀਂ ਜਾਓਗੇ। ਮੈਂ ਤੁਮ੍ਹਾਰਾ ਬੜਾ ਭਾਈ ਹੂੰ। ਯੇ ਤੁਮ੍ਹਾਰੀ ਭਾਬੀ ਹੈ। ਤੁਮ ਇਸ ਕੇ ਦੇਵਰ ਹੋ। ਸਮਝੇ? ਕਿਆ ਹੋ ਗਯਾ ਹੈ ਤੁਮ੍ਹੇਂ ਮੇਰੇ ਪਿਆਰੇ ਬਾਡੀਗਾਰਡ?" ਉਹਦਾ ਪਿਆਰ ਦੇਖ ਕੇ ਮੇਰੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ।

ਪਰ ਉਸ ਕੋਲ ਰਹਿਣਾ ਹੁਣ ਸੰਭਵ ਨਹੀਂ ਸੀ। ਮੈਂ ਘਰ ਜਾ ਕੇ ਵੀਰ ਜੀ ਨੂੰ ਦੱਸਿਆ ਤਾਂ ਉਹ ਬਹੁਤ ਖੁਸ਼ ਹੋਏ। ਉਨ੍ਹਾਂ ਨੂੰ ਘਰ ਬੁਲਾ ਕੇ ਰੋਟੀ ਕੀਤੀ। ਪਿਆਜ ਦੀ ਥਾਂ ਹਿੰਗ ਵਰਤੀ। ਉਹ ਬਹੁਤ ਖੁਸ਼ ਹੋਏ। ਵੀਰ ਜੀ ਅਤੇ ਭਾਬੀ ਨੇ ਉਨ੍ਹਾਂ ਨੂੰ ਸ਼ਗਨ ਦਿੱਤਾ। ਮਗਰੋਂ ਮੈਂ ਉਹਨੂੰ ਬਹੁਤ ਜ਼ੋਰ ਲਾਇਆ ਕਿ ਉਹ ਮੇਰੇ ਨਾਲ ਹੀ ਆਰ.ਬੀ.ਐਸ. ਕਾਲਜ ਵਿਚ ਐਮ.ਐਸਸੀ. ਕਰੇ ਪਰ ਉਹ ਹੱਸ ਕੇ ਟਾਲ ਗਿਆ। ਸੰਨ 1969 ਤੱਕ ਅਸੀਂ ਉਸੇ ਤਰ੍ਹਾਂ ਮਿਲਦੇ-ਵਰਤਦੇ ਰਹੇ। ਉਹਦੀ ਪਤਨੀ ਮਦਾਲਸਾ ਨੇ ਉਹਦਾ ਘਰ ਖੁਸ਼ੀਆਂ ਨਾਲ ਭਰ ਦਿੱਤਾ। ਉਹਦੇ ਦੋ ਬੱਚੇ ਹੋ ਗਏ ਸਨ। ਉਹ ਸੁਪਰਵਾਈਜ਼ਰ ਬਣ ਗਿਆ ਸੀ। ਮੈਂ ਹਿਸਾਰ ਜਾ ਕੇ ਸੀ.ਆਰ. ਕਾਲਜ ਆਫ ਐਜੂਕੇਸ਼ਨ ਵਿਚ ਨੌਕਰੀ ਕਰਨ ਲੱਗਾ। ਕੁਝ ਸਮੇਂ ਮਗਰੋਂ ਉਹਨੂੰ ਖ਼ਤ ਲਿਖਿਆ ਪਰ ਖ਼ਤ ਵਾਪਸ ਆ ਗਿਆ। ਬਿਜਲੀ ਘਰ ਤੋਂ ਨੌਕਰੀ ਛੱਡ ਕੇ ਉਹ ਕੋਟੇ (ਰਾਜਸਥਾਨ) ਕਿਸੇ ਉਚੇ ਅਹੁਦੇ 'ਤੇ ਜਾ ਲੱਗਾ ਸੀ। ਇਹ ਗੱਲ ਮੈਨੂੰ ਵੀਰ ਜੀ ਤੋਂ ਪਤਾ ਲੱਗੀ। ਮੈਂ ਕਿੰਨਾ ਮੂਰਖ ਹਾਂ, ਉਸ ਕੋਲੋਂ ਕਾਨਪੁਰ ਦਾ ਜੱਦੀ ਪਤਾ ਵੀ ਨਾ ਲੈ ਸਕਿਆ ਤੇ ਹੁਣ ਤੱਕ ਉਹਨੂੰ ਲੱਭ ਵੀ ਨਾ ਸਕਿਆ।

ਹੁਣ ਜਦੋਂ ਮਿੱਤਰਾਂ ਤੋਂ ਨਿਰਾਸ਼ਾ ਹੁੰਦੀ ਹੈ ਤਾਂ ਉਹ ਬਹੁਤ ਯਾਦ ਆਉਂਦਾ ਹੈ। ਮੈਂ ਥੋੜ੍ਹਾ ਜਿਹਾ ਰੋਂਦਾ ਹਾਂ ਤੇ ਫਿਰ ਉਹਨੂੰ ਯਾਦ ਕਰ ਕੇ ਮੁਸਕਰਾਉਂਦਾ ਹਾਂ।

**(ਚਲਦਾ)**

# ਅਮਰੀਕੀ ਫੌਜ ਦਾ ਪਹਿਲਾ ਸਿੱਖ ਕਰਨਲ ਡਾ. ਅਰਜਿੰਦਰਪਾਲ ਸਿੰਘ ਸੇਖੋਂ

ਕੈਲੀਫੋਰਨੀਆ ਦੇ ਸੰਘਣੀ ਸਿੱਖ ਤੇ ਪੰਜਾਬੀ ਵਸੋਂ ਵਾਲੇ ਸ਼ਹਿਰ ਯੂਬਾ ਸਿਟੀ ਦਾ ਵਾਸੀ ਡਾ. ਅਰਜਿੰਦਰਪਾਲ ਸਿੰਘ ਸੇਖੋਂ, 1982 ਵਿਚ ਅਮਰੀਕੀ ਫ਼ੌਜ ਵਿਚ ਭਰਤੀ ਹੋਇਆ। ਉਹ ਪਹਿਲਾ ਭਾਰਤੀ ਡਾਕਟਰ ਸਿੱਖ ਹੈ ਜੋ ਅਮਰੀਕੀ ਫੌਜ ਵਿਚ ਕਰਨਲ ਰੈਂਕ ਤੀਕ ਅਪੜਿਆ ਤੇ 25 ਸਾਲ ਦੀ ਨੌਕਰੀ ਪਿੱਛੋਂ 30 ਜਨਵਰੀ 2009 ਨੂੰ

ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ: 937-573-9812

ਸੇਵਾ ਮੁਕਤ ਹੋਇਆ। ਉਹ ਪਹਿਲਾ ਭਾਰਤੀ ਸਿੱਖ ਹੈ ਜਿਸ ਨੂੰ 6 ਵਾਰ ਵੱਖ-ਵੱਖ 5 ਬਟਾਲੀਅਨਾਂ ਅਤੇ ਇਕ ਵਿਸ਼ੇਸ਼ ਆਪਰੇਸ਼ਨ ਬ੍ਰਿਗੇਡ ਦੀ ਕਮਾਂਡ ਕਰਨ ਲਈ ਚੁਣਿਆ ਗਿਆ।

ਡਾ. ਸੇਖੋਂ ਨੇ 1991 ਵਿਚ ਫਾਰਸ ਦੀ ਖਾੜੀ ਦੀ ਜੰਗ ਅਤੇ ਬਾਅਦ ਵਿਚ 2003 ਵਿਚ ਇਰਾਕ ਤੇ ਅਫਗਾਨਿਸਤਾਨ ਦੀ ਜੰਗ ਵਿਚ ਹਿੱਸਾ ਲਿਆ। ਉਸ ਨੂੰ ਰਾਸ਼ਟਰਪਤੀ ਪ੍ਰਸ਼ੰਸਾ ਪੱਤਰ (Presidential Unit Citation), ਜੁਆਇੰਟ ਮੈਰੀਟੋਰੀਅਸ ਯੂਨਿਟ ਪੁਰਸਕਾਰ (Joint Meritorious Unit award), ਆਰਮੀ ਫਲਾਈਟ ਸਰਜਨ ਬੈਜ, 6 ਆਰਮੀ ਕਮੈਂਡੇਸ਼ਨ ਮੈਡਲ, 2 ਨੈਸ਼ਨਲ ਡੀਫੈਂਸ ਮੈਡਲ, 2 ਆਰਮੀ ਅਚੀਵਮੈਂਟ ਮੈਡਲ ਅਤੇ ਇਕ ਗਲੋਬਲ ਵਾਰ ਅਗੇਂਸਟ ਟੈਰਰਿਜ਼ਮ ਮੈਡਲ ਨਾਲ ਨਿਵਾਜਿਆ ਜਾ ਚੁਕਾ ਹੈ। ਸੁਰੱਖਿਆ ਵਿਭਾਗ ਦੇ ਸੈਕਟਰੀ ਨੇ ਕੋਲਡ ਵਾਰ ਵਿਚ ਭਾਗ ਲੈਣ ਲਈ ਉਸ ਨੂੰ ਸਰਟੀਫ਼ਿਕੇਟ ਆਫ ਅਚੀਵਮੈਂਟ ਪ੍ਰਦਾਨ ਕੀਤਾ। 1998 ਵਿਚ ਉਨ੍ਹਾਂ ਦੀ ਬਟਾਲੀਅਨ ਹੀ ਇਕ ਐਸੀ ਬਟਾਲੀਅਨ ਸੀ ਜਿਸ ਨੇ ਉਨ੍ਹਾਂ ਦੀ ਨਿਗਰਾਨੀ ਹੇਠ ਐਕਸਰਸਾਇਜ਼ ਔਪਟੀਮਮ ਫੋਕਸ ਪਾਸ ਕੀਤਾ। ਬਤੌਰ ਪਾਇਲਟ ਉਨ੍ਹਾਂ ਨੇ ਸਿੰਗਲ ਇੰਜਨ ਜਹਾਜ਼, ਮਲਟੀ ਇੰਜਨ ਜਹਾਜ਼ ਤੇ ਜੰਗ ਵਿਚ ਵਰਤੇ ਜਾਂਦੇ ਹੈਲੀਕਾਪਟਰ ਉਡਾਏ ਹਨ।

ਰਈਆ (ਅੰਮ੍ਰਿਤਸਰ) ਦੇ ਲਾਗਲੇ ਪਿੰਡ ਵਡਾਲਾ ਕਲਾਂ ਵਿਚ 20 ਜਨਵਰੀ 1949 ਨੂੰ ਜਨਮੇਂ ਡਾ. ਸੇਖੋਂ ਨੇ ਮੁਢਲੀ ਵਿੱਦਿਆ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਅਤੇ 1964 ਵਿਚ ਹਾਇਰ ਸੈਕੰਡਰੀ ਕਰਨ ਪਿੱਛੋਂ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰੀ-ਮੈਡੀਕਲ ਕਰਕੇ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ 1971 ਵਿਚ ਐਮ. ਬੀ. ਬੀ. ਐਸ. ਕੀਤੀ। 1973 ਵਿਚ ਡਾਕਟਰੀ ਪੜ੍ਹਾਈ ਲਈ ਅਮਰੀਕਾ ਆ ਗਏ। ਉਨ੍ਹਾਂ ਦੇ ਪਿਤਾ ਸ. ਅਜਾਇਬ ਸਿੰਘ ਸੇਖੋਂ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਡੀ. ਪੀ. ਈ. ਸਨ ਤੇ ਜਾਣੀ ਪਛਾਣੀ ਸ਼ਖ਼ਸੀਅਤ ਸਨ।

ਅਮਰੀਕਾ ਆ ਕੇ ਡਾ. ਸੇਖੋਂ ਨੇ ਉਚੇਰੀ ਪੜ੍ਹਾਈ ਕਰਕੇ ਇੰਟਰਨਲ ਪਲਮੋਨਰੀ ਮੈਡੀਸਨ ਸਪੈਸ਼ਲਿਸਟ ਭਾਵ ਫੇਫੜਿਆਂ ਦਾ ਮਾਹਰ ਡਾਕਟਰ ਹੋਣ ਦਾ ਮਾਣ ਪ੍ਰਾਪਤ ਕੀਤਾ। ਉਨ੍ਹਾਂ ਦੀ ਯੋਗਤਾ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਅਮੈਰਿਕਨ ਕਾਲਜ ਆਫ ਫਿਜ਼ਿਸ਼ੀਅਨਜ਼, ਅਮੈਰਿਕਨ ਕਾਲਜ ਆਫ ਚੈਸਟ ਫਿਜ਼ਿਸ਼ੀਅਨਜ਼ ਅਤੇ ਅਮੈਰਿਕਨ ਕਾਲਜ ਆਫ ਐਨਜੀਓਲੋਜੀ ਦੀ ਫੈਲੋਸ਼ਿਪ ਦਿਤੀ ਗਈ। ਉਨ੍ਹਾਂ ਨੇ ਯੂਨੀਵਰਸਿਟੀ ਆਫ ਨਾਰਦਰਨ ਕੈਲੀਫੋਰਨੀਆ ਲਾਅ ਸਕੂਲ ਤੋਂ ਜੂਰਿਸਟ ਡਿਗਰੀ ਅਤੇ ਯੂ ਐਸ ਆਰਮੀ ਵਾਰ ਕਾਲਜ ਐਂਡ ਸਟਰੈਟਿਕ ਸਟਡੀਜ਼ ਤੋਂ ਮਾਸਟਰ ਦੀ ਡਿਗਰੀ ਪ੍ਰਾਪਤ ਕੀਤੀ।

ਫੌਜ ਵਿਚ ਵੀ ਡਾ. ਸੇਖੋਂ ਨੇ ਆਪਣੀ ਪੜ੍ਹਾਈ ਜਾਰੀ ਰੱਖੀ ਤੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਿਆ। ਉਨ੍ਹਾਂ ਨੇ ਫਲਾਇਟ ਸਰਜਨ ਦੀ ਗ੍ਰੈਜੂਏਸ਼ਨ ਦੀ ਡਿਗਰੀ ਯੂ ਐਸ ਆਰਮੀ ਕਾਲਜ ਆਫ ਏਵੀਏਸ਼ਨ ਮੈਡੀਸਨ ਤੋਂ ਪ੍ਰਾਪਤ ਕੀਤੀ ਅਤੇ ਨੈਸ਼ਨਲ ਸਿਕਿਉਰਿਟੀ ਸਟਰੈਟਜੀ ਕੋਰਸ ਦੀ ਗਰੈਜੂਏਸ਼ਨ ਨੈਸ਼ਨਲ ਡੀਫੈਂਸ ਯੂਨੀਵਰਸਿਟੀ ਤੋਂ ਕੀਤੀ। ਇਸੇ ਤਰ੍ਹਾਂ ਨੈਸ਼ਨਲ ਡੀਫੈਂਸ ਸਟਰੈਟਜੀ ਕੋਰਸ ਦੀ ਗਰੈਜੂਏਸ਼ਨ ਆਰਮੀ ਵਾਰ ਕਾਲਜ ਤੋਂ ਕੀਤੀ। ਉਨ੍ਹਾਂ ਨੇ ਸਾਈਕੋਲੌਜੀਕਲ ਵਾਰਫੇਅਰ ਅਫਸਰ, ਸਿਵਲ-ਮਿਲਟਰੀ ਅਪਰੇਸ਼ਨ ਅਫਸਰ ਬਣਨ ਤੇ ਹੋਰ ਖੇਤਰਾਂ ਵਿਚ ਮੁਹਾਰਤ ਹਾਸਲ ਕਰਨ ਲਈ ਵਖ ਵਖ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਪੜ੍ਹਾਈ ਕੀਤੀ, ਜਿਨ੍ਹਾਂ ਵਿਚ ਜੌਹਨ ਐਫ ਕੈਨੇਡੀ ਸਕੂਲ ਆਫ ਸਪੈਸ਼ਲ ਵਾਰਫੇਅਰ ਸੈਂਟਰ, ਯੂ ਐਸ ਮੈਰੀਨ ਕਾਰਪਸ ਕਮਾਂਡ ਐਂਡ ਸਟਾਫ ਕਾਲਜ, ਯੂ ਐਸ ਆਰਮੀ ਕਮਾਂਡ ਐਂਡ ਜਨਰਲ ਸਟਾਫ ਕਾਲਜ, ਯੂ ਐਸ ਏਅਰ ਫੋਰਸ ਏਅਰ ਵਾਰ ਕਾਲਜ ਆਦਿ ਸ਼ਾਮਲ ਹਨ। ਇਸ ਤਰ੍ਹਾਂ ਉਹ ਅਮਰੀਕੀ ਫੌਜ ਵਿਚ ਆਪਣੇ ਸਮੇਂ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਵਿਅਕਤੀ ਸਨ।



ਡਾ. ਅਰਜਿੰਦਰਪਾਲ ਸਿੰਘ ਸੇਖੋਂ ਲੇਖਕ ਨਾਲ

ਡਾ. ਸੇਖੋਂ 2006 ਵਿਚ ਅਮਰੀਕੀ ਸਿਆਸਤ ਵਿਚ ਸਰਗਰਮ ਹੋਏ ਅਤੇ ਅਮਰੀਕੀ ਕਾਂਗਰਸ ਲਈ ਡੈਮੋਕਰੈਟ ਪਾਰਟੀ ਦੀ ਨਾਮਜ਼ਦਗੀ ਪ੍ਰਾਪਤ ਕੀਤੀ। ਉਹ ਪਹਿਲੇ ਭਾਰਤੀ ਡਾਕਟਰ ਸਨ ਜਿਨ੍ਹਾਂ ਨੇ ਅਮਰੀਕਾ ਦੇ ਜੰਮਪਲ ਆਪਣੇ ਵਿਰੋਧੀ ਡੈਮੋਕਰੈਟ ਪਾਰਟੀ ਦੇ ਉਮੀਦਵਾਰ ਨੂੰ ਪ੍ਰਾਇਮਰੀ ਚੋਣਾਂ ਵਿਚ 5000 ਤੋਂ ਵੱਧ ਵੋਟਾਂ ਨਾਲ ਹਰਾਇਆ। ਇਹ ਵੀ ਉਨ੍ਹਾਂ ਦੀ ਵੱਡੀ ਪ੍ਰਾਪਤੀ ਹੈ ਕਿ ਉਹ ਪਹਿਲੇ ਸਿੱਖ ਕਰਨਲ ਹਨ ਜਿਨ੍ਹਾਂ ਦਾ ਨਾਂ ਯੂ ਐਸ ਕਾਂਗਰਸ ਲਾਇਬਰੇਰੀ ਵਿਚ ਬਤੌਰ ਬਟਾਲੀਅਨ ਕਮਾਂਡਰ ਦਰਜ ਕੀਤਾ ਗਿਆ ਹੈ।

ਡਾ. ਸੇਖੋਂ ਨੇ ਪੰਜ ਸਾਲ ਦੀ ਉਮਰ ਵਿਚ ਜਦੋਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਗੁਰਦੁਆਰੇ ਵਿਚ ਸੰਗਤ ਨੂੰ ਅੰਮ੍ਰਿਤ ਪਾਨ ਕਰਦਿਆਂ ਵੇਖਿਆ ਤਾਂ ਉਹ ਏਨਾ ਪ੍ਰਭਾਵਿਤ ਹੋਏ ਕਿ ਉਹ ਵੀ ਅੰਮ੍ਰਿਤ ਪਾਨ ਕਰਨ ਵਾਲਿਆਂ ਦੀ ਕਤਾਰ ਵਿਚ ਲੱਗ ਗਏ। ਉਨ੍ਹਾਂ ਦੇ ਪਿਤਾ ਉਸ ਸਮੇਂ ਕਾਲਜ ਵਿਚ ਸਨ। ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਉਨ੍ਹਾਂ ਨੇ ਜ਼ਿਦ ਕਰਕੇ ਅੰਮ੍ਰਿਤ ਪਾਨ ਕੀਤਾ ਜਿਸ ਨੂੰ ਉਹ ਅੱਜ ਤੀਕ ਨਿਭਾ ਰਹੇ ਹਨ। ਇਸ ਲੇਖਕ ਨੂੰ ਛੇਵੀਂ ਜਮਾਤ ਤੋਂ ਪ੍ਰੀ-ਮੈਡੀਕਲ ਤੀਕ ਉਸ ਦਾ ਜਮਾਤੀ ਹੋਣ ਦਾ ਮਾਣ ਹੈ। ਉਨ੍ਹਾਂ ਨੂੰ 2002 ਵਿਚ ਲੰਬੇ ਸਮੇਂ ਬਾਦ ਅਮਰੀਕਾ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਉਸ ਤੋਂ ਪਿੱਛੋਂ ਅਮਰੀਕਾ ਵਿਚ ਹੀ 2004, 2007, 2009 ਤੇ 2011 ਵਿਚ ਮਿਲਣ ਦਾ



ਫੌਜੀ ਵਰਦੀ ਵਿਚ ਡਾਕਟਰ ਸੇਖੋਂ

ਮੌਕਾ ਮਿਲਿਆ। ਡਾ. ਸੇਖੋਂ ਬਹੁਤ ਹੀ ਮਿਲਾਪੜੇ ਸੁਭਾਅ ਦੇ ਹਨ।

ਡਾ. ਸੇਖੋਂ ਦੀ ਸੁਪਤਨੀ ਡਾ. ਦਲਜੀਤ ਕੌਰ ਦੰਦਾਂ ਦੇ ਡਾਕਟਰ ਹਨ। ਉਨ੍ਹਾਂ ਨੇ ਸਰਕਾਰੀ ਡੈਂਟਲ ਕਾਲਜ, ਅੰਮ੍ਰਿਤਸਰ ਤੋਂ 1972 ਵਿਚ ਬੀ ਡੀ ਐਸ ਕੀਤੀ। ਸੇਖੋਂ ਜੋੜੇ ਦੇ ਤਿੰਨ ਲੜਕੇ ਤੇ ਦੋ ਲੜਕੀਆਂ ਹਨ। ਵੱਡੀ ਲੜਕੀ ਡਾ. ਅਰਦੀਪ ਕੌਰ ਨਿਊਰੋਲੌਜੀ ਦੀ ਮਾਹਿਰ ਹੈ। ਛੋਟੀ ਅਰਸ਼ਦੀਪ ਕੌਰ ਅਟਾਰਨੀ ਹੈ। ਸਭ ਤੋਂ ਵਡਾ ਲੜਕਾ ਅਜੈਪਾਲ ਸਿੰਘ ਦੰਦਾ ਦਾ ਡਾਕਟਰ ਹੈ, ਉਸ ਤੋਂ ਛੋਟਾ ਤੇਜਪਾਲ ਸਿੰਘ ਮਕੈਨੀਕਲ ਇੰਜੀਨੀਅਰ ਹੈ ਤੇ ਸਭ ਤੋਂ ਛੋਟਾ ਜਰਨੈਲ ਅਮਰੀਕ ਸ਼ੁਬੇਗ ਸਿੰਘ ਅਜੇ ਵਿਦਿਆਰਥੀ ਹੈ।

ਅੱਜਕਲ੍ਹ ਡਾ. ਸੇਖੋਂ ਬੀਮਾਰ ਹੋਣ ਕਰਕੇ ਹਸਪਤਾਲ ਦਾਖਲ ਹਨ। ਉਨ੍ਹਾਂ ਦੀ ਸਿਹਤ ਬਾਰੇ ਜਾਣਨ ਲਈ ਉਨ੍ਹਾਂ ਦੀ ਸਪਤਨੀ ਡਾ. ਦਲਜੀਤ ਕੌਰ ਸੇਖੋਂ ਨਾਲ ਉਨ੍ਹਾਂ ਦੀ ਈ-ਮੇਲ daljitsekhondmd@gmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

---

## ਮਾਲਵੇ ਦੀਆਂ ਬਾਤਾਂ

**ਨਵਦੀਪ**

# ਸੁੱਤੇ ਕਰਮ

ਇਕ ਵਾਰੀ ਦੋ ਭਰਾ ਸੀਗੇ। ਉਹੋ ਆਪਸ 'ਚ ਅੱਡ ਹੋਗੇ। ਜਦੋਂ ਅੱਡ ਹੋਏ ਤਾਂ ਇਕ ਦੇ ਫਸਲ ਹੋਣ ਲੱਗ'ਗੀ ਤੇ ਦੂਜੇ ਦੇ ਹੋਣੋਂ ਹੱਟ'ਗੀ। ਉਹਦੀ ਘਰ ਆਲੀ ਉਹਨੂੰ ਕਹਿੰਦੀ, "ਤੇਰੇ ਭਰਾ ਦੀ ਫਸਲ ਤਾਂ ਕਿੰਨੀ ਕਿੰਨੀ ਹੋਈ ਜਾਂਦੀ ਐ ਆਪਣੀ ਕਾਹਤੋਂ ਨੀ ਹੁੰਦੀ।" ਫੇਰ ਕਹਿੰਦੀ, "ਜਾਹ ਤੇਰਾ ਭਰਾ ਤਾਂ ਘਰੇ ਆ, ਜਾ ਤੂੰ ਉਹਦੇ ਖੇਤੋਂ ਬੱਲੀਆਂ ਈ ਤੋੜ ਲਿਆ।"

ਜਦੋਂ ਉਹ ਖੇਤ ਗਿਆ ਤਾਂ ਗਾਹਾਂ ਉਹਦੇ ਭਰਾ ਦੇ ਕਰਮ ਜਮਾਂ ਉਹਦੇ ਭਰਾ ਵੰਗੂ ਬਣ ਕੇ ਖੜ੍ਹੇ ਆ। ਉਹ ਜਾ ਕੇ ਬੱਲੀਆਂ ਡੁੰਗਣ ਲੱਗ ਗਿਆ। ਉਹਦੇ ਭਰਾ ਦੇ ਕਰਮ ਉਹਨੂੰ ਕਹਿੰਦੇ, "ਤੂੰ ਕਿਮੇਂ ਬੱਲੀਆਂ ਡੁੰਗਣ ਲੱਗ ਗਿਆ।" ਉਹ ਉਹਦੇ ਬੰਨੀ ਦੇਖ ਕੇ ਕਹਿੰਦਾ, "ਤੂੰ ਤਾਂ ਘਰੇ ਸੀ ਐਥੇ ਕਿਵੇਂ ਆ ਗਿਆ?"

ਉਹ ਕਹਿੰਦਾ, "ਮੈਂ ਤਾਂ ਉਹਦੇ ਕਰਮ ਆਂ।" ਉਹ ਕਹਿੰਦਾ, "ਫੇਰੇ ਮੇਰੇ ਕਰਮ ਕਿਥੇ ਆ?" ਉਹ ਕਹਿੰਦਾ, "ਤੇਰੇ ਕਰਮ ਤਾਂ ਦਰਿਆਉਂ ਪਾਰ ਸੁੱਤੇ ਪਏ ਆ, ਉਹ ਨੀ ਹੁਣ ਉਠਦੇ ਬਾਰਾਂ ਸਾਲ।" ਉਹ ਕਹਿੰਦਾ ਉਹ ਕਿਮੇਂ ਉਠਣ'ਗੇ, ਉਹ ਕਰਮ ਆਂਹਦੇ, "ਤੂੰ ਆਪ ਜਾਹ ਤੇ ਜਾ ਕੇ ਉਨ੍ਹਾਂ ਨੂੰ ਜਗਾ ਫੇਰ ਉਠਣਗੇ ਉਹੋ।"

ਉਹ ਘਰੇ ਆ ਕੇ ਘਰ ਆਲੀ ਨੂੰ ਕਹਿੰਦਾ, "ਲੈ ਤੂੰ ਤਾਂ ਨਮਾਂ ਈ ਪੰਗਾ ਖੜ੍ਹਾ ਕਰ'ਤਾ। ਲੈ ਕਿਸੇ ਦਿਉਂ ਆਟਾ ਫੜ ਕੇ ਲਿਆ ਤੇ ਮੈਨੂੰ ਰੋਟੀ ਪਕਾ ਦੇ, ਮੈਂ ਤਾਂ ਦਰਿਆਉਂ ਪਾਰ ਜਾਣਾ ਆਵਦੇ ਕਰਮਾਂ ਨੂੰ ਜਗਾਉਣ ਵਾਸਤੇ।" ਉਹ ਜਦੋਂ ਘਰੋਂ ਤੁਰ ਪਿਆ ਤਾਂ ਰਾਹ 'ਚ ਉਹਨੂੰ ਇਕ ਸੁੱਕਿਆ ਵਾ ਪਿੱਪਲ ਆ ਗਿਆ ਤੇ ਉਹਨੂੰ ਪੈ'ਗੀ ਰਾਤ, ਉਹ ਉਥੇ ਈ ਸੌਂ ਗਿਆ। ਅੱਗੇ ਜਨੌਰ ਭਾਖਿਆ ਦਿੰਦੇ ਹੁੰਦੇ ਸੀਗੇ। ਪਿੱਪਲ ਉਤੇ ਬੈਠੇ ਚਕਵਾ ਚਕਵੀ ਬੋਲਦੇ ਐ। ਚਕਵੀ ਕਹਿੰਦੀ ਇਹ ਰਾਹੀ ਕਿਮੇਂ ਪਿਆ? ਚਕਵਾ ਕਹਿੰਦਾ, "ਇਹਦੇ ਜਵਾਕ ਭੁੱਖੇ ਮਰਦੇ ਆ, ਇਹ ਤਾਂ ਆਇਆ।" ਚਕਵੀ ਕਹਿੰਦੀ, "ਇਹਦੇ ਜਵਾਕਾਂ ਨੂੰ ਕਿਥੋਂ ਮਿਲੂ ਰੋਟੀ।" ਚਕਵਾ ਕਹਿੰਦਾ, "ਇਸ ਪਿੱਪਲ ਹੇਠਾਂ ਬਹੁਤ ਬੱਡਾ ਖਜ਼ਾਨਾ ਪਿਆ ਜਦੋਂ ਉਹੋ ਕਿਸੇ ਨੇ ਪੱਟ ਲਿਆ ਤਾਂ ਪਿੱਪਲ ਹਰਾ ਹੋ ਜੂਗਾ।"

ਉਹ ਭਾਈ ਜਦੋਂ ਤੜਕੇ ਉਠਿਆ ਤਾਂ ਉਹ ਪਿੱਪਲ ਨੂੰ ਉਹਨੂੰ ਕਹਿੰਦਾ, "ਭਰਾਵਾ ਤੂੰ ਕਿੱਥੇ ਚੱਲਿਆਂ?"

ਉਹ ਰਾਹੀਂ ਉਹਨੂੰ ਕਹਿੰਦਾ ਮੈਂ ਆਵਦੇ ਸੁੱਤੇ ਪਏ ਕਰਮ ਜਗਾਉਣ ਚੱਲਿਆਂ। ਉਹ ਪਿੱਪਲ ਕਹਿੰਦਾ, "ਤਾਂ ਫੇਰ ਤੂੰ ਮੇਰੇ ਬਾਰੇ ਵੀ ਪਤਾ ਕਰਕੇ ਆਮੀਂ ਬਈ ਮੈਂ ਹਰਾ ਕਿਮੇਂ ਹੋਊਂਗਾ।" ਉਹ ਕਹਿੰਦਾ, "ਚੰਗਾ ਫੇਰ ਮੈਂ ਤੈਨੂੰ ਮੁੜਦਾ ਹੋਇਆ ਦੱਸ ਕੇ ਜਾਊਂਗਾ।"

ਗਹਾਂ ਜਾ ਕੇ ਦਰਿਆ ਆ ਗਿਆ। ਉਹ ਸੋਚੀ ਜਾਂਦਾ ਬਈ ਹੁਣ ਮੈਂ ਦਰਿਆ ਕਿਮੇਂ ਪਾਰ ਕਰੂੰਗਾ। ਐਨੇ ਨੂੰ ਇਕ ਬਹੁਤ ਬੱਡੀ ਮੱਛੀ ਬਾਹਰ ਨਿਕਲ ਆਈ। ਉਹ ਕਹਿੰਦੀ ਭਾਈ ਤੂੰ ਕਿਥੇ ਚੱਲਿਆਂ। ਉਹ ਕਹਿੰਦਾ, "ਮੈਂ ਤਾਂ ਦਰਿਆਉਂ ਪਾਰ ਆਬਦੇ ਕਰਮ ਜਗਾਉਣ ਚੱਲਿਆਂ।"

ਉਹ ਮੱਛੀ ਕਹਿੰਦੀ, "ਤਾਂ ਫੇਰ ਤੂੰ ਮੇਰਾ ਵੀ ਪਤਾ ਕਰਕੇ ਆਈਂ ਮੇਰਾ ਸੱਜਾ ਪੈਰ ਮਚਦਾ ਰਹਿੰਦਾ, ਬਖਤ ਲੱਗੀ ਰਹਿੰਦੀ ਐ ਇਹਨੂੰ।" ਉਹ ਆਂਹਦਾ, "ਤੈਨੂੰ ਬੀ ਪਤਾ ਲਿਆ ਦੂੰਗਾ।" ਉਹ ਮੱਛੀ ਕਹਿੰਦੀ, "ਮੈਂ ਤੈਨੂੰ ਦੂਜੇ ਕਿਨਾਰੇ ਉਤੇ ਲੈ ਚਲਦੀ ਆਂ, ਤੂੰ ਮੇਰੀ ਢੂਹੀ ਉਤੇ ਬੈਠ ਜਾ।"

ਉਹ ਭਾਈ ਮੱਛੀ ਉਤੇ ਬਹਿ ਗਿਆ ਤੇ ਮੱਛੀ ਉਹਨੂੰ ਕਿਨਾਰੇ ਉਤੇ ਲੈਗੀ। ਉਹ ਮੱਛੀ ਉਹਨੂੰ ਕਹਿੰਦੀ, "ਜਦੋਂ ਤੂੰ ਮੁੜ ਕੇ ਆਇਆ ਤਾਂ ਤੈਨੂੰ ਐਸ ਕਿਨਾਰੇ ਤੋਂ ਉਧਰਲੇ ਕਿਨਾਰੇ ਉਤੇ ਛੱਡ ਆਊਂਗੀ।"

ਉਹ ਭਾਈ ਉਥੋਂ ਤੁਰ ਪਿਆ। ਗਾਹਾਂ ਜਾ ਕੇ ਉਹਨੇ ਦੇਖਿਆ ਬਈ ਉਹਦੇ ਕਰਮ ਸੁੱਤੇ ਪਏ ਸੀਗੇ। ਉਹ ਆਬਦੇ ਕਰਮਾਂ ਦੀਆਂ ਲੱਤਾਂ ਘੁੱਟਣ ਲੱਗ ਗਿਆ। ਉਹਦੇ ਕਰਮ ਉਠ ਖੜ੍ਹੇ, "ਉਹ ਕਹਿੰਦਾ ਬਈ ਤੂੰ ਮੈਨੂੰ ਕਿਉਂ ਜਗਾਇਆ। ਉਹ ਕਹਿੰਦਾ, "ਮੈਨੂੰ ਮੇਰੇ ਭਰਾ ਦੇ ਕਰਮਾਂ ਨੇ ਦੱਸਿਆ ਬਈ ਤੇਰੇ ਕਰਮ ਦਰਿਆਉਂ ਪਾਰ ਸੁੱਤੇ ਆ ਤੇ ਮੇਰੇ ਜਵਾਕ ਤਾਂ ਭੁੱਖੇ ਮਰਦੇ ਆ ਤੇ ਮੇਰੇ ਭਰਾ ਹੁਣੀ ਮੌਜਾਂ ਕਰਦੇ ਆ।"

"ਮੇਰੀ ਘਰਵਾਲੀ ਨੇ ਮੈਨੂੰ ਘਰੇ ਟਿਕਣ ਨਾ ਦਿੱਤਾ ਤਾਂ ਹਾਨੀਸਾਰ ਨੂੰ ਮੈਂ ਘਰੋਂ ਤੁਰ ਪਿਆ।" ਉਹਦੇ ਕਰਮ ਕਹਿੰਦੇ, "ਜਾਹ ਤੇਰੀਆਂ ਨੌਂ ਨਿਧਾਂ ਤੇ ਬਾਰਾਂ ਸਿੱਧਾ ਜਾਗ ਪੀਆਂ।"

ਉਹ ਕਹਿੰਦਾ ਤੇ ਮੱਛੀ ਦਾ ਪੈਰ ਕਾਹਤੋਂ ਮਚਦਾ ਰਹਿੰਦਾ। ਉਹ ਕਹਿੰਦਾ ਮੱਛੀ ਦੇ ਪੈਰ 'ਚ ਸੱਤ ਪਾਤਸ਼ਾਹੀਆਂ ਦਾ ਲਾਲ ਐ, ਜਦੋਂ ਉਹ ਕੱਢਤਾ ਤਾਂ ਮੱਛੀ ਦਾ ਪੈਰ ਠੀਕ ਹੋਜੂਗਾ। ਪਿੱਪਲ ਬਾਰੇ ਤਾਂ ਉਹਨੂੰ ਚਕਵੇ ਤੇ ਚਕਵੀ ਨੇ ਪਹਿਲਾਂ ਹੀ ਦੱਸਤਾ ਸੀਗਾ। ਜਦੋਂ ਮੁੜਕੇ ਦਰਿਆ ਤੇ ਆਇਆ ਤਾਂ ਮੂਹਰੇ ਮੱਛੀ ਖੜ੍ਹੀ ਸੀਗੀ। ਉਹ ਕਹਿੰਦੀ ਮੇਰੇ ਬਾਰੇ ਪਤਾ ਕਰ ਆਇਆਂ, ਉਹਦੇ ਚਿੱਤ 'ਚ ਆਇਆ ਬਈ ਜੇ ਮੈਨੂੰ ਇਹਨੂੰ ਏਥੇ ਈ ਗੱਲ ਦਸਤੀ ਤਾਂ ਇਹ ਮੈਨੂੰ ਏਥੇ ਈ ਨਾ ਛੱਡਦੇ, ਤੈਨੂੰ ਪਤਾ ਈ ਐ ਜੱਟ ਸਿੱਧੇ ਹੁੰਦੇ ਆ। ਮੈਨੂੰ ਪੁੱਛ ਆਇਆਂ। ਉਹ ਕਹਿੰਦੀ ਕੀ ਦੱਸਿਆ ਮੇਰੇ ਬਾਰੇ?

ਉਹ ਕਹਿੰਦਾ ਦੂਜੇ ਪਾਸੇ ਜਾ ਕੇ ਦੱਸੂੰਗਾ। ਜਦੋਂ ਉਹ ਦੂਜੇ ਪਾਸੇ ਜਾ ਵੜਿਆ ਤਾਂ ਉਹ ਮੱਛੀ ਨੂੰ ਕਹਿੰਦੀ ਬਈ ਤੇਰੇ ਸੱਜੇ ਪੈਰ 'ਚ ਸੱਤ ਪਾਤਸ਼ਾਹੀਆਂ ਦਾ ਲਾਲ ਐ, ਜਦੋਂ ਉਹ ਕੱਢਤਾ ਤਾਂ ਤੂੰ ਠੀਕ ਹੋਜੇਂਗੀ।

ਉਹ ਉਹਨੂੰ ਕਹਿੰਦੀ, "ਹੇ ਰੱਬ ਦੇ ਬੰਦੇ ਮੈਨੂੰ ਤੇਰੇ ਨਾਲੋਂ ਕੌਣ ਚੰਗਾ, ਜਦੋਂ ਤੂੰ ਹੈਗਾਂ, ਮੈਂ ਹੋਰ ਨੂੰ ਕਿਉਂ ਦੇਵਾਂ।"

"ਤੂੰ ਹੀ ਲੈਜਾ ਕੱਢਕੇ।"

ਉਹ ਕਹਿੰਦਾ, "ਚੰਗਾ ਮੈਂ ਲੈ ਜਾਨਾਂ, ਉਹ ਲਾਲ ਲੈ ਕੇ ਤੁਰ ਪਿਆ। ਗਾਹਾਂ ਪਿੱਪਲ ਆ ਗਿਆ, ਪਿੱਪਲ ਬਾਰੇ ਤਾਂ ਉਹਨੂੰ ਚਕਵੇ ਚਕਵੀ ਨੇ ਪਹਿਲਾਂ ਹੀ ਦੱਸਤਾ ਸੀਗਾ। ਪਿੱਪਲ ਕਹਿੰਦਾ ਮੇਰੇ ਬਾਰੇ ਕੀ ਪਤਾ ਕੀਤਾ। ਉਹ ਕਹਿੰਦਾ ਤੇਰੇ ਹੇਠਾਂ ਧਨ ਦੇ ਕੜਾਹੇ ਨੇ, ਉਹਨੂੰ ਕਢਾ ਦੇ ਤੇਰਾ ਪੱਤਾ ਪੱਤਾ ਹਰਾ ਹੋਜੂਗਾ। ਪਿੱਪਲ ਕਹਿੰਦਾ ਚੰਗਾ ਫੇਰ ਗੱਲ ਆਏ ਆ ਬਈ ਤੈਥੋਂ ਬਿਨਾਂ ਮੈਨੂੰ ਹੋਰ ਕੋਈ ਚੰਗਾ ਨਹੀਂ, ਜਦੋਂ ਤੇਰਾ ਚਿੱਤ ਮੰਨਿਆਂ ਤੂੰ ਹੀ ਕੱਢ ਕੇ ਲੈ ਜਾਵੀਂ।"

ਉਹ ਜਦੋਂ ਘਰੇ ਆ ਗਿਆ ਤਾਂ ਲਾਲ ਵੇਚਣ ਗਿਆ ਤਾਂ ਹਰੇਕ ਈ ਉਹਨੂੰ ਕਹੇ ਬਈ ਤੇਰਾ ਲਾਲ ਖਰੀਦਣ ਜੋਗੇ ਸਾਡੇ ਕੋਲ ਤਾਂ ਪੈਸੇ ਹੈਨੀਂਗੇ, ਤੂੰ ਲਾਲ ਐਥੇ ਰੱਖ ਜਾ ਜਦੋ ਸਾਡੇ ਕੋਲ ਪੈਸੇ ਹੋਏ, ਤੈਨੂੰ ਦੇ ਦਿਆਂਗੇ।

ਹਾਨੀਸਾਰ ਨੂੰ ਉਹਨੇ ਉਹ ਲਾਲ ਘੁਮਿਆਰ ਨੂੰ ਦੇਤਾ। ਘੁਮਿਆਰ ਨੇ ਉਹ ਲਾਲ ਗਧੇ ਦੇ ਗਲ 'ਚ ਪਾਤਾ। ਕਿਸੇ ਨੇ ਪਰਖਣ ਆਲੇ ਨੇ ਜਦੋਂ ਲਾਲ ਗਧੇ ਦੇ ਗਲ 'ਚ ਪਾਇਆ ਵਾ; ਦੇਖਿਆ, ਉਹਨੇ ਭਾਈ ਰਾਜੇ ਨੂੰ ਦਸਤਾ। ਰਾਜਾ ਘੁਮਿਆਰ ਨੂੰ ਕਹਿੰਦਾ ਸੱਚੋ ਸੱਚ ਦਸਦੇ ਲਾਲ ਕਿਥੋਂ ਲਿਆ, ਨਹੀਂ ਸਣੇ ਬੱਚੇ ਸਾਰੇ ਟੱਬਰ ਨੂੰ ਘਾਣੀ 'ਚ ਪੀੜ ਦੂੰਗਾ।

ਉਹ ਕਹਿੰਦਾ ਮੈਂ ਫਲਾਣੇ ਤੋਂ ਲਿਆ। ਰਾਜੇ ਨੇ ਭਾਈ ਉਹਨੂੰ ਸੱਦ ਲਿਆ। ਉਹਨੇ ਰਾਜੇ ਨੂੰ ਸਾਰੀ ਗੱਲ ਦਸਤੀ ਬਈ ਮੈਂ ਤਾਂ ਮੱਛੀ ਦੇ ਪੈਰ ਵਿਚੋਂ ਕੱਢਿਆ। ਰਾਜਾ ਕਹਿੰਦਾ ਦੱਸਦੇ ਇਹਦੇ ਕਿੰਨੇ ਪੈਸੇ ਲੈਣੇ ਆ।

ਰਾਜਾ ਕਹਿੰਦਾ ਤੂੰ ਮੇਰਾ ਪੂਰਾ ਰਾਜ ਲੈ ਲਾ। ਉਹ ਕਹਿੰਦਾ ਮੈਨੂੰ ਤਾਂ ਅੱਧਾ ਈ ਬਥੇਰਾ ਐ, ਸਾਰਾ ਤਾਂ ਨੀ ਮੈਂ ਲੈਂਦਾ, ਮੈਂ ਤੈਥੋਂ ਕਾਹਤੋਂ ਭੀਖ ਮੰਗਾਮਾਂ। ਅੱਧਾ ਰਾਜ ਲੈਣ ਮਗਰੋਂ ਉਹਨੇ ਸੋਚਿਆ ਬਈ ਹੁਣ ਪਿੱਪਲ ਹੇਠੋਂ ਬੀ ਹੁਣ ਧਨ ਦੇ ਕੜਾਹੇ ਕੱਢੀਏ। ਉਹ ਆਵਦੀ ਘਰ ਆਲੀ ਨੂੰ ਕਹਿੰਦਾ ਅੱਜ ਆਪਾਂ ਧਨ ਲੈ ਕੇ ਆਵਾਂਗੇ ਤੂੰ ਕਿਸੇ ਕੋਲ ਗੱਲ ਨਾ ਕਰੀਂ।

ਫੇਰ ਉਹਨੇ ਸੋਚਿਆ ਬਈ ਤੀਮੀਆਂ ਦੇ ਢਿੱਡ 'ਚ ਤਾਂ ਕੋਈ ਗੱਲ ਰਹਿੰਦੀ ਨੀਂ ਹੁੰਦੀ। ਉਹਨੇ ਆਬਦੀ ਘਰਆਲੀ ਤੋਂ ਚੋਰੀਉਂ ਵਾਹਵਾ ਮੱਛੀਆਂ ਲਿਆ ਕੇ ਭੁੰਨ ਲਈਆਂ ਨਾਲ ਬਹੁਤ ਸਾਰੇ ਸਮੋਸੇ ਬਣਾ ਲਏ। ਗਾਹਾਂ ਮੀਂਹ ਪੈ ਕੇ ਚਿੱਕੜ ਹੋਇਆ ਵਾ ਸੀਗਾ। ਉਹ ਆਵਦੀ ਘਰ ਆਲੀ ਨੂੰ ਕਹਿੰਦਾ ਦੇਖੀਂ ਬਚਕੇ ਆਵੀਂ, ਇਥੇ ਪਾਣੀ ਬਹੁਤ ਡੂੰਘਾ। ਉਹਨੇ ਭੁੱਜੀਆਂ ਵੀਆਂ ਮੱਛੀਆਂ ਪਾਣੀ 'ਚ ਸਿਟਤੀਆਂ ਤੇ ਆਵਦੀ ਘਰਆਲੀ ਨੂੰ ਕਹਿੰਦਾ ਦੇਖ ਪਾਣੀ 'ਚ ਮੱਛੀਆਂ ਫਿਰਦੀਆਂ। ਉਹ ਦੋਮੇਂ ਉਥੋਂ ਚੱਕ ਚੱਕ ਕੇ ਮੱਛੀਆਂ ਖਾਣ ਲੱਗਗੇ। ਫੇਰ ਜਦੋਂ ਉਹ ਗਹਾਂ ਗਏ ਤਾ ਉਹਦੇ ਘਰ ਆਲੇ ਨੇ ਥਾਂ ਪੱਟ ਕੇ ਚੋਰੀਉਂ ਕੜਾਹੇ 'ਚ ਸਮੋਸੇ ਪਾਤੇ।

ਉਹ ਉਹਨੂੰ ਕਹਿੰਦਾ ਲੈ ਸਮੋਸੇ ਖਾ ਲੈ, ਆਹ ਦੇਖ ਸਮੋਸੇ ਕੜਾਹੇ 'ਚ ਪਏ ਆ। ਉਥੇ ਕਿਤੇ ਨੇੜੇ ਈ ਭੇਡਾਂ ਦਾ ਵਾੜਾ ਸੀਗਾ, ਤੇ ਭੇਡਾਂ ਬਾਂ, ਬਾਂ ਕਰਦੀਆਂ ਸੀਗੀਆਂ। ਉਹ ਆਵਦੇ ਘਰ ਆਲੇ ਨੂੰ ਕਹਿੰਦੀ ਆਹ ਕੀ ਬੋਲਦੇ ਆ? ਉਹ ਐਵੇਂ ਕਹਿੰਦਾ ਇਹ ਤਾਂ ਯਾਗੀਰਦਾਰ ਬੋਲਦੇ ਆ। ਸਾਰੀ ਰਾਤ ਉਹ ਧਨ ਢੋਈ ਗਏ। ਆਂਢ ਗੁਆਂਢ ਨੂੰ ਪਤਾ ਲੱਗ ਗਿਆ ਬਈ ਇਨ੍ਹਾਂ ਨੇ ਸਾਰੀ ਰਾਤ ਧਨ ਢੋਇਆ। ਜਦੋਂ ਉਹ ਗਈ ਖੂਹ ਉਤੇ ਪਾਣੀ ਭਰਨ ਤਾਂ ਗੁਆਂਢਣਾਂ ਉਹਨੂੰ ਕਹਿਣ ਪੁੱਛਣ ਲੱਗੀਆਂ।

ਗੱਲ ਹੁੰਦੀ ਹਵਾਉਂਦੀ ਰਾਜੇ ਕੋਲ ਪਹੁੰਚਗੀ। ਰਾਜੇ ਨੇ ਭਾਈ ਉਹ ਆਬਦੇ ਦਰਬਾਰ 'ਚ ਸੱਦ ਲੀ। ਰਾਜਾ ਉਹਨੂੰ ਕਹਿੰਦਾ ਸਾਰਾ ਕੁਸ਼ ਸੱਚੇ ਸੱਚ ਦੱਸਦੇ ਨਹੀਂ ਸਣੇ ਬੱਚੇ ਘਾਣੀ 'ਚ ਪੀੜ ਦੂੰ। ਕਿਥੋਂ ਲਿਆਂਦਾ ਐਨਾ ਧਨ। ਉਹ ਕਹਿੰਦੀ ਕਿਥੋਂ ਆਉਂਣਾ ਸੀ, ਅਸੀਂ ਦੋਮੋਂ ਰਾਤ ਨੂੰ ਗਏ ਜੰਗਲ 'ਚ ਉਥੋਂ ਧਨ ਢੋਈ ਗਏ ਰਾਜਾ ਕਹਿੰਦਾ ਜੰਗਲ 'ਚ ਤੁਸੀਂ ਕਦੋਂ ਕੁ ਗਏ ਸੀਗੇ।

ਉਹ ਕਹਿੰਦੀ ਜਦੋਂ ਰਾਤ ਨੂੰ ਜੰਗਲ 'ਚ ਯਗੀਰਦਾਰ ਬਾਂ ਬਾਂ ਕਰਦੇ ਸੀਗੇ, ਭੇਡਾਂ ਮਾਂਗੂੰ। ਰਾਜਾ ਹੈਰਾਨ ਬਈ ਬੰਦੇ ਕਿਮੇਂ ਭੇਡਾਂ ਮਾਂਗੂ ਬੋਲਣ ਲੱਗਗੇ। ਉਹ ਕਹਿੰਦਾ ਫੇਰ ਕੀ ਹੋਇਆ ਸੀ। ਉਹ ਕਹਿੰਦੀ ਜੀ ਅਸੀਂ ਪਾਣੀ 'ਚੋਂ ਕੱਢ ਕੇ ਭੁੱਜੀਆਂ ਵੀਆਂ ਮੱਛੀਆਂ ਖਾਧੀਆਂ ਸੀਗੀਆਂ। ਫੇਰ ਧਨ ਪੱਟਿਆ ਤਾਂ ਕੜਾਹੇ 'ਚੋਂ ਸਮੋਸੇ ਨਿਕਲੇ। ਫੇਰ ਅਸੀਂ ਸਮੋਸੇ ਖਾਧੇ। ਫੇਰ ਜਦੋਂ ਅਸੀਂ ਧਨ ਢੋਣ ਲੱਗੇਗਾ ਤਾਂ ਸੁਕਿਆ ਵਾ ਪਿੱਪਲ ਹਰਾ ਹੋਣ ਲੱਗ ਪਿਆ। ਰਾਜਾ ਕਹਿੰਦਾ ਭੱਜ ਜਾ ਏਥੋਂ, ਕਿਥੋਂ ਆਗੀ ਬੇਵਕੂਫ ਕਿਤੋਂ ਦੀ। ਪਾਣੀ 'ਚ ਵੀ ਕਦੇ ਭੁੱਜੀਆਂ ਵੀਆਂ ਮੱਛੀਆਂ ਨਿਕਲੀਆਂ ਤੇ ਫੇਰ ਕਿਤੇ ਬੰਦੇ ਵੀ ਭੇਡਾਂ ਮਾਂਗੂ ਬੋਲੇ ਆ ਕਦੇ। ਉਹਦੇ ਘਰ ਆਲੇ ਨੇ ਸਿਆਣਪ ਨਾਲ ਸਾਰਾ ਧਨ ਬਚਾ ਲਿਆ। ਜੇ ਉਹ ਸਿਆਣਾਪ ਨਾਂ ਕਰਦਾ ਤਾਂ ਸਾਰਾ ਧਨ ਰੁੜ ਜਾਣਾ ਸੀਗਾ।

# ਸਾਰੰਗ ਦੇ ਰੰਗ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਸਾਡੇ ਸਭਿਆਚਾਰ ਵਿਚ ਪਪੀਹੇ ਦਾ ਬਹੁਤ ਬੋਲਬਾਲਾ ਹੈ। ਇਹ ਪੰਛੀ ਮੇਘ ਤੋਂ ਹਮੇਸ਼ਾ ਪਾਣੀ ਮੰਗਦਾ ਮੰਨਿਆ ਜਾਂਦਾ ਹੈ। ਜੀਅ ਤਾਂ ਕਰਦਾ ਹੈ ਕਿ ਪਪੀਹਾ ਸ਼ਬਦ ਬਾਰੇ ਹੀ ਲਿਖਾਂ ਪਰ ਜ਼ਰੂਰੀ ਫਰਮਾਇਸ਼ ਹੋਰ ਸ਼ਬਦ ਬਾਰੇ ਆ ਗਈ। ਇਸ ਹੋਰ ਸ਼ਬਦ ਦੀ ਧੁਨੀ ਵੀ ਘਟ ਸੁਖਾਵੀਂ ਨਹੀਂ ਤੇ ਇਸ ਦਾ ਅਰਥ ਵੀ ਪਪੀਹਾ ਹੀ ਹੈ। ਇਹ ਸ਼ਬਦ ਹੈ ਸਾਰੰਗ। ਲਗਦੇ ਹੱਥ ਪਪੀਹੇ ਦੇ ਕੁਝ ਹੋਰ ਨਾਮ ਗਿਣ ਲਈਏ, ਚਾਤ੍ਰਿਕ, ਬੰਬੀਹਾ, ਤੋਕਕ ਆਦਿ। ਗੁਰੂ ਨਾਨਕ ਦੇਵ ਜੀ ਨੇ ਸਾਰੰਗ ਸ਼ਬਦ ਦੀ ਵਰਤੋਂ ਕੀਤੀ ਹੈ, "ਕ੍ਰਿਪਾ ਜਲ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੇ ਨਾਇ ਵਾਸਾ॥" ਅਰਥਾਤ ਮੈਨੂੰ ਪਪੀਹੇ ਨੂੰ ਆਪਣੀ ਮਿਹਰ ਦਾ ਜਲ ਦੇਹ ਤਾਂ ਕਿ ਮੇਰੇ ਅੰਦਰ ਤੇਰੇ ਨਾਮ ਦਾ ਵਾਸਾ ਹੋ ਸਕੇ।



ਪਸ਼ੂ, ਪੰਛੀਆਂ, ਕੀਟਾਂ, ਸਮੁੰਦਰੀ ਜੀਵਾਂ ਆਦਿ ਦੇ ਨਾਂਵਾਂ ਦੀਆਂ ਬਹੁਤ ਹੀ ਅਦਭੁਤ ਅਤੇ ਦਿਲਚਸਪ ਕਹਾਣੀਆਂ ਹਨ। ਅਜਿਹਾ ਵੀ ਦੇਖਣ ਵਿਚ ਆਇਆ ਹੈ ਕਿ ਨਾਮਕਰਣ ਦੇ ਪ੍ਰਸੰਗ ਵਿਚ ਜਾਨਵਰਾਂ ਦੀਆਂ ਕਿਸਮਾਂ ਵਿਚ ਭੇਦਭਾਵ ਹੀ ਖਤਮ ਹੋ ਜਾਂਦਾ ਹੈ। ਕਹਿਣ ਦਾ ਭਾਵ ਹੈ, ਜੋ ਨਾਂ ਇਕ ਪੰਛੀ ਦਾ ਹੈ ਉਹੋ ਜਾਂ ਉਹੋ ਜਿਹਾ ਹੀ ਕਿਸੇ ਚੌਪਾਏ ਜਾਨਵਰ ਦਾ ਹੋ ਸਕਦਾ ਹੈ। ਇਨ੍ਹਾਂ ਵਿਚ ਕਿਸੇ ਨਾ ਕਿਸੇ ਗੁਣ ਦੀ ਸਾਂਝ ਅਵੱਸ਼ ਹੁੰਦੀ ਹੈ। ਮਿਸਾਲ ਵਜੋਂ ਮੁਰਗਾ ਅਤੇ ਮਿਰਗ ਆਪਣੇ ਨਾਂਵਾਂ ਲਈ ਇਕੋ ਸ੍ਰੋਤ ਦੇ ਰਿਣੀ ਹਨ ਤੇ ਉਹ ਹੈ ਮਾਰਗ। ਇਹ ਕਿਵੇਂ ਹੈ, ਇਸ ਦੀ ਬਾਤ ਉਦੋਂ ਪਾਵਾਂਗੇ ਜਦ ਇਸ ਮਾਰਗ 'ਤੇ ਤੁਰਾਂਗੇ। ਇਹ ਵੀ ਇਕ ਸਬੱਬ ਹੀ ਹੈ ਕਿ ਪਪੀਹੇ ਵਾਲੇ ਸ਼ਬਦ ਸਾਰੰਗ ਦਾ ਇਕ ਅਰਥ ਮਿਰਗ ਵੀ ਹੈ। ਦਿਲਚਸਪ ਗੱਲ ਹੈ ਕਿ ਗੁਰੂ ਨਾਨਕ ਦੇਵ ਨੇ ਜਿਸ ਤੁਕ ਵਿਚ ਸਾਰਿੰਗ ਸ਼ਬਦ ਮਿਰਗ ਲਈ ਵਰਤਿਆ ਹੈ, ਨਾਲ ਹੀ ਪਪੀਹੇ ਲਈ ਚਾਤ੍ਰਿਕ ਸ਼ਬਦ ਦੀ ਵਰਤੋਂ ਕੀਤੀ ਹੈ, "ਚਾਤ੍ਰਿਕ ਮੀਨ ਜਲ ਹੀ ਤੇ ਸੁਖ ਪਾਵਹਿ ਸਾਰਿੰਗ ਸਬਦਿ ਸੁਹਾਈ॥" ਅਰਥਾਤ ਪਪੀਹਾ ਤੇ ਮੱਛੀ ਪਾਣੀ ਤੋਂ ਹੀ ਸੁੱਖ ਪਾਉਂਦੇ ਹਨ, ਮਿਰਗ ਵੀ ਸ਼ਬਦ ਤੋਂ ਹੀ ਸੁਖ ਪਾਉਂਦਾ ਹੈ। ਕੀ ਸਾਂਝ ਹੈ ਮਿਰਗ ਤੇ ਪਪੀਹੇ ਦੀ ਕਿ ਦੋਨਾਂ ਲਈ ਸਾਰੰਗ ਸ਼ਬਦ ਵਰਤਿਆ ਗਿਆ ਹੈ?

ਪਹਿਲਾਂ ਇਸ ਸ਼ਬਦ ਦੀ ਚੀਰ-ਫਾੜ ਕਰ ਲਈਏ। ਸੰਸਕ੍ਰਿਤ ਵਿਚ ਸਾਰੰਗ ਦਾ ਮੁਢਲਾ ਅਰਥ ਹੈ, ਚਿਤਰ-ਮਿਤਰੇ ਅੰਗਾਂ ਵਾਲਾ, ਰੰਗ-ਬਰੰਗਾ, ਵੰਨ-ਸਵੰਨਾ, ਡੱਬ-ਖੜੱਬਾ। ਇਸ ਸ਼ਬਦ ਵਿਚ ਆਏ ਜੁਜ਼ 'ਸ਼ਾਰ' ਜਾਂ 'ਸਾਰ' ਦਾ ਸੰਸਕ੍ਰਿਤ ਵਿਚ ਅਰਥ ਹੈ ਰੰਗ-ਬਰੰਗਾ, ਵੰਨ-ਸਵੰਨਾ, ਚਿੱਤਰ-ਮਿਤਰਾ। ਇਸ ਕਰਕੇ 'ਸਾਰ' ਸ਼ਬਦ ਦਾ ਇਕ ਅਰਥ ਸ਼ਤਰੰਜ ਦਾ ਖਾਨਾ, ਪਾਸਾ ਜਾਂ ਮੁਹਰਾ ਵੀ ਬਣ ਗਿਆ ਕਿਉਂਕਿ ਇਹ ਵੀ ਰੰਗ-ਬਰੰਗੇ ਖਾਸ ਤੌਰ 'ਤੇ ਦੋ ਰੰਗੇ ਹੁੰਦੇ ਹਨ। ਅੱਜ ਕਲ੍ਹ ਭਾਵੇਂ ਪੰਜਾਬੀ ਵਿਚ ਇਹ ਸ਼ਬਦ ਆਮ ਤੌਰ 'ਤੇ ਇਨ੍ਹਾਂ ਅਰਥਾਂ ਵਿਚ ਜਾਣਿਆ ਨਹੀਂ ਜਾਂਦਾ ਪਰ ਭਟ ਗਯੰਦ ਦੇ ਸਵੱਈਆਂ ਵਿਚ ਸਾਰਿ ਸ਼ਬਦ ਚੌਪੜ ਦੇ ਰੰਗ-ਬਰੰਗੇ ਬਸਾਤ ਲਈ ਵਰਤਿਆ ਮਿਲਦਾ ਹੈ, "ਆਪੇ ਨਰ ਆਪੇ ਫੁਨਿ ਨਾਰੀ, ਆਪੇ ਸਾਰਿ ਆਪੇ ਹੀ ਪਾਸਾ।" ਅਰਥਾਤ ਪਰਮਾਤਮਾ ਆਪ ਹੀ ਪੁਰਖ ਹੈ ਤੇ ਆਪ ਹੀ ਇਸਤਰੀ ਹੈ, ਆਪ ਹੀ ਨਰਦ ਹੈ ਤੇ ਆਪ ਹੀ ਚੌਪੜ ਹੈ। ਦਰਅਸਲ ਇਥੇ ਪ੍ਰਭੂ ਸਰੂਪ ਚੌਥੇ ਗੁਰੂ ਵੱਲ ਇਸ਼ਾਰਾ ਹੈ। ਦਿਲਚਸਪ ਗੱਲ ਹੈ ਕਿ ਗੁਰੂ ਨਾਨਕ ਦੇਵ ਨੇ ਇਹੀ ਭਾਵ ਪਰਮਾਤਮਾ ਲਈ ਪ੍ਰਗਟਾਏ ਹਨ, "ਆਪੇ ਪੁਰਖੁ ਆਪੇ ਹੀ ਨਾਰੀ॥ ਆਪੇ ਪਾਸਾ ਆਪੇ ਸਾਰੀ॥" ਹੋਰ ਦੇਖੋ, "ਕਰਮ ਧਰਮ ਤੁਮ ਚਉਪੜ ਸਾਜਹੁ ਸਤਿ ਕਰਹੁ ਤੁਮ ਸਾਰੀ॥" -ਗੁਰੂ ਅਰਜਨ ਦੇਵ। ਸਾਰੀ ਦਾ ਅਰਥ ਖੇਲ ਵੀ ਹੋ ਗਿਆ ਹੈ, "ਸਾਰੀ ਸਿਰਜਨਹਾਰ ਕੀ" -ਭਗਤ ਕਬੀਰ। ਇਸ ਸ਼ਬਦ ਨੇ ਗੇਂਦ ਦੇ ਅਰਥ ਵੀ ਧਾਰ ਲਏ ਕਿਉਂਕਿ ਇਹ ਵੀ ਰੰਗ-ਬਰੰਗੀ ਹੁੰਦੀ ਹੈ। ਪਰ ਇਸ ਸ਼ਬਦ ਦਾ ਇਕ ਹੋਰ ਅਹਿਮ ਅਰਥ ਹੈ, ਮੈਨਾ ਜਾਂ ਗੁਟਾਰ। ਅਸੀਂ ਇਸ ਦੀ ਪਛਾਣ ਆਮ ਤੌਰ 'ਤੇ 'ਸਾਰ' ਤੋਂ ਬਣੇ 'ਸਾਰਖ' ਦੇ ਤੌਰ 'ਤੇ ਕਰ ਸਕਦੇ ਹਾਂ। ਦੁਆਬੇ ਵਿਚ ਇਹ ਸ਼ਬਦ ਗੁਟਾਰ ਲਈ ਆਮ ਹੀ ਬੋਲਿਆ ਜਾਂਦਾ ਹੈ ਤੇ ਮੇਰਾ ਖਿਆਲ ਹੈ ਹੋਰ ਪੰਜਾਬੀ ਵੀ ਜ਼ਰੂਰ ਜਾਣਦੇ ਹੋਣਗੇ।

ਸਾਰਖ ਦਾ ਸਰੀਰ ਮੁਖ ਤੌਰ 'ਤੇ ਦੋ ਰੰਗਾਂ ਦਾ ਹੁੰਦਾ ਹੈ, ਚਿੱਟਾ ਅਤੇ ਭੂਸਲਾ ਜਾਂ ਕਾਲਾ। ਸਾਰਖ ਦਾ ਮੁਢਲਾ ਰੂਪ ਸ਼ਾਰਕ ਜਾਂ ਸ਼ਾਰਿਕਾ ਹੈ। ਸਾਰ ਸ਼ਬਦ ਫਾਰਸੀ ਵਿਚ ਵੀ ਹੈ ਤੇ ਇਸ ਦਾ ਅਰਥ ਗਾਉਣ ਵਾਲਾ ਪੰਛੀ ਹੈ। ਫਾਰਸੀ ਵਿਚ ਸਾਰ ਦਾ ਮਤਲਬ ਊਠ ਵੀ ਹੈ, ਖਾਸ ਤੌਰ ਤੇ ਸਾਰਬਾਨ ਦੇ ਰੂਪ ਵਿਚ। ਮਾਰੂਥਲ ਦੇ ਦੇਸ਼ਾਂ ਵਿਚ ਊਠ ਹੀ ਜ਼ਿੰਦਗੀ ਵਿਚ ਰੰਗ ਭਰਦਾ ਹੈ। ਰੂਸੀ ਵਿਚ ਇਕ ਕਾਲੇ ਤੇ ਚਿੱਟੇ ਰੰਗ ਦੇ ਪੰਛੀ ਦਾ ਨਾਂ ਸੋਰੋਕਾ ਹੈ ਜੋ ਮਧ ਸਇਬੇਰੀਆ ਵਿਚ ਮਿਲਦਾ ਹੈ। ਬਹੁਤ ਸਾਰੀਆਂ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਇਸ ਨਾਂ ਨਾਲ ਮਿਲਦੇ ਜੁਲਦੇ ਰੰਗ-ਬਰੰਗੇ ਪੰਛੀਆਂ ਦੇ ਨਾਂ ਹਨ। ਇਕ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਰੰਗ ਅਤੇ ਗਾਉਣ ਦੇ ਸੰਕਲਪ ਕਈ ਥਾਂਵਾਂ 'ਤੇ ਇਕ ਮਿੱਕ ਹੋ ਜਾਂਦੇ ਹਨ। ਸੰਕੇਤ ਦਿੰਦਾ ਹਾਂ, ਅਸੀਂ ਰਾਗ-ਰੰਗ ਸ਼ਬਦ ਜੁੱਟ ਵਰਤਦੇ ਹਾਂ, ਗਾਉਣ-ਪਾਣੀ ਦਾ ਵਧੀਆ ਮਨੋਰੰਜਨ ਹੋਵੇ ਤਾਂ ਅਸੀਂ ਕਹਿ ਦਿੰਦੇ ਹਾਂ, "ਬਹੁਤ ਰੰਗ ਬੱਝਾ।" ਇਸ ਤਰ੍ਹਾਂ ਕਈ ਗਾਉਣ ਵਾਲੇ ਪੰਛੀਆਂ ਦਾ ਨਾਂ ਵੀ ਜੇ ਸਾਰੰਗ ਜਿਹਾ ਹੈ ਤਾਂ ਇਥੇ ਭਾਵ ਪੰਛੀ ਦੀ ਵੰਨ-ਸਵੰਨੀ ਆਵਾਜ਼ ਵੱਲ ਹੈ। ਤੁਸੀਂ ਨੋਟ ਕੀਤਾ ਹੋਵੇਗਾ, ਸਾਰਖ ਬਹੁਤ ਸਾਰੀਆਂ ਆਵਾਜ਼ਾਂ ਕੱਢ ਲੈਂਦੀ ਹੈ।

ਜਿਵੇਂ ਪਹਿਲਾਂ ਜ਼ਿਕਰ ਕੀਤਾ ਹੈ, ਸਾਰੰਗ ਇਕ ਪ੍ਰਕਾਰ ਦੇ ਹਿਰਨ ਨੂੰ ਵੀ ਆਖਦੇ ਹਨ। ਸਪਸ਼ਟ ਹੈ ਕਿ ਇਸ ਹਿਰਨ ਲਈ ਇਹ ਸ਼ਬਦ ਵੀ ਇਸ ਲਈ ਵਰਤਿਆ ਜਾਂਦਾ ਹੈ ਕਿ ਇਹ ਦੁਰੰਗਾ ਜਾਂ ਚਿਤਰ-ਮਿਤਰਾ ਹੁੰਦਾ ਹੈ। ਬਹੁਤੇ ਹਿਰਨ ਹੁੰਦੇ ਹੀ ਚਿਤਰ-ਮਿਤਰੇ ਹਨ। ਬਨਾਰਸ ਲਾਗੇ ਇਕ ਸਤੂਪ ਦਾ ਨਾਂ 'ਸਾਰਨਾਥ' ਹੈ। ਇਹ ਸ਼ਬਦ 'ਸਾਰੰਗ-ਨਾਥ' ਦਾ ਸੰਕੁਚਿਤ ਰੂਪ ਹੈ। ਇਸ ਸ਼ਬਦ ਦਾ ਅਰਥ ਹੋਇਆ, ਹਿਰਨਾਂ ਦਾ ਸਵਾਮੀ ਜਾਂ ਹਿਰਨਪਤੀ ਤੇ ਇਹ ਮਹਾਤਮਾ ਬੁਧ ਦੀ ਇਕ ਉਪਾਧੀ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬੁਧ ਨੇ ਅੱਠ ਵਾਰੀ ਹਿਰਨ ਦਾ ਜਨਮ ਧਾਰਨ ਕੀਤਾ ਸੀ। ਕਿਹਾ ਜਾਂਦਾ ਹੈ ਕਿ ਸਾਰਨਾਥ ਦੇ ਸਥਾਨ 'ਤੇ ਬੁਧ ਹਿਰਨ ਪਿਛੇ ਘੁੰਮਦੇ ਫਿਰਦੇ ਸਨ। ਕੁਝ ਲੋਕ ਇਸ ਸਥਾਨ ਨੂੰ ਸ਼ਿਵ ਨਾਲ ਵੀ ਜੋੜਦੇ ਹਨ ਪਰ ਇਸ ਪ੍ਰਸੰਗ ਵਿਚ ਵੀ ਅਰਥ ਇਹੋ ਹੀ ਹੈ।

ਚਿਤਰ-ਮਿਤਰੇ ਜਾਂ ਡੱਬ-ਖੜੱਬੇ ਦੇ ਸੰਕਲਪ ਤੋਂ ਹੋਰ ਭਾਸ਼ਾਵਾਂ ਵਿਚ ਵੀ ਜਨੌਰਾਂ ਜਾਂ ਪੰਛੀਆਂ ਦੇ ਨਾਂ ਪਏ ਹਨ। ਮਿਸਾਲ ਵਜੋਂ ਕਾਲਚਿੱਟੇ ਜਾਨਵਰਾਂ ਨੂੰ ਅੰਗਰੇਜ਼ੀ ਵਿਚ piebald ਆਖਦੇ ਹਨ ਖਾਸ ਤੌਰ 'ਤੇ ਘੋੜੇ, ਸੱਪ ਜਾਂ ਹਿਰਨ ਨੂੰ। ਇਸ ਵਿਚ pie ਸ਼ਬਦ ਦਾ ਅਰਥ ਮੈਗਪਾਈ magpie (ਗੁਟਾਰ) ਤੋਂ ਲਿਆ ਗਿਆ ਹੈ ਜੋ ਕਾਲੇ ਦਾ ਅਰਥ ਦਿੰਦਾ ਹੈ ਅਤੇ bald ਦਾ ਅਰਥ ਗੰਜੇ ਤੋਂ ਬਿਨਾ ਚਿੱਟਾ ਵੀ ਹੁੰਦਾ ਹੈ। ਸਾਡੀਆਂ ਭਾਸ਼ਾਵਾਂ ਵਿਚ ਚੀਤਾ ਜਾਂ ਚਿੱਤੀਆਂ ਵਾਲਾ ਸੱਪ ਦਾ ਅਰਥ ਵੀ ਚਿਤਰ-ਮਿਤਰੇ ਹੋਣ ਤੋਂ ਪਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਾਰੰਗ ਸ਼ਬਦ ਹਾਥੀ ਲਈ ਵੀ ਵਰਤਿਆ ਗਿਆ ਹੈ, "ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ॥" (ਗੁਰੂ ਨਾਨਕ) ਅਰਥਾਤ ਤੇਰੀ ਠੁਮਕ ਚਾਲ ਮਸਤ ਹਾਥੀ ਵਰਗੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਸੰਸਕ੍ਰਿਤ ਵਿਚ ਬੇਸ਼ੁਮਾਰ ਜਾਨਵਰਾਂ ਖਾਸ ਤੌਰ 'ਤੇ ਪੰਛੀਆਂ ਨੂੰ ਸਾਰੰਗ ਆਖਦੇ ਹਨ ਜਿਸ ਦਾ ਕਾਰਨ ਇਹ ਹੈ ਕਿ ਬਹੁਤ ਸਾਰੇ ਜਾਨਵਰ ਡੱਬ-ਖੜੱਬੀ ਕਿਸਮ ਦੇ ਹੁੰਦੇ ਹਨ।



ਪਾਠਕਾਂ ਦੀ ਜਾਣਕਾਰੀ ਲਈ ਅਸੀਂ ਉਨ੍ਹਾਂ ਜਾਨਵਰਾਂ ਦੇ ਨਾਂ ਗਿਣਾਉਂਦੇ ਹਾਂ ਜਿਨ੍ਹਾਂ ਲਈ ਸਾਰੰਗ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ, ਮਿਰਗ, ਕੋਇਲ, ਸ਼ੇਰ, ਹੰਸ, ਮੋਰ, ਹਾਥੀ, ਪਪੀਹਾ, ਘੋੜਾ, ਭੌਰਾ, ਮਧੂਮੱਖੀ, ਕਬੂਤਰ, ਕੋਇਲ, ਡੱਡੂ, ਕਾਂ, ਚਿੜੀ, ਬਗਲਾ। ਇਸ ਤੋਂ ਬਿਨਾ ਬਹੁਤ ਸਾਰੀਆਂ ਪ੍ਰਾਕ੍ਰਿਤਕ ਜਾਂ ਹੋਰ ਵਸਤੂਆਂ ਦਾ ਨਾਂ ਵੀ ਸਾਰੰਗ ਹੈ ਜਿਵੇਂ ਬੱਦਲ, ਵਾਲ, ਛੱਤਰੀ, ਸੰਖ, ਫੁੱਲ, ਸੂਰਜ, ਇਕ ਸਾਜ਼ ਦਾ ਨਾਂ, ਇਕ ਰਾਗ ਦਾ ਨਾਂ, ਇਸਤਰੀ, ਵਸਤਰ, ਦੀਵਾ, ਸੋਨਾ, ਧਨੁਖ, ਰਾਤ, ਵਿਸ਼ਣੂ ਦਾ ਧਨੁਸ਼, ਧਰਤੀ। ਢਲਦੀ ਉਮਰ ਵਿਚ ਵਾਲ ਸਫੈਦ ਹੋਣ ਲਗਦੇ ਹਨ, ਇਸ ਲਈ ਅਜਿਹੇ ਦੁਰੰਗੇ ਵਾਲਾਂ ਲਈ ਸਾਰੰਗ ਢੁਕਵਾਂ ਸ਼ਬਦ ਹੈ। ਅੰਗਰੇਜ਼ੀ ਵਿਚ ਇਸ ਭਾਵ ਲਈ salt & pepper ਉਕਤੀ ਵਰਤੀ ਜਾਂਦੀ ਹੈ।

ਗੁਰਬਾਣੀ ਵਿਚ ਇਹ ਸ਼ਬਦ ਧਰਤੀ ਦੇ ਅਰਥਾਂ ਵਿਚ ਵੀ ਆਉਂਦਾ ਹੈ। ਅਸੀਂ ਇਸ ਦੀ ਵਿਆਖਿਆ ਕਰਦੇ ਹਾਂ। ਅਸਲ ਵਿਚ ਧਰਤੀ ਨੂੰ ਬਨਸਪਤੀ, ਜੀਆ-ਜੰਤੂ ਤੇ ਹੋਰ ਵੰਨ-ਸਵੰਨੇ ਪਦਾਰਥਾਂ ਨਾਲ ਭਰਪੂਰ ਹੋਣ ਕਾਰਨ ਰੰਗ-ਬਰੰਗੀ ਜਾਂ ਚਿੱਤਰ-ਮਿਤਰੀ ਦੇ ਰੂਪ ਵਿਚ ਕਲਪਿਆ ਗਿਆ ਹੈ। ਇਸ ਨੂੰ ਵਿਚਿੱਤਰ ਵੀ ਕਿਹਾ ਜਾ ਸਕਦਾ ਹੈ ਜਾਂ ਕਹਿ ਲਵੋ ਕਿ ਸਾਰੰਗ ਦੇ ਲੱਖਣਾਤਮਕ ਅਰਥ 9ਵਚਿਤਰ, ਅਜੀਬੋ-ਗਰੀਬ ਬਣ ਜਾਂਦੇ ਹਨ। ਉਂਜ ਵਿਚਿੱਤਰ ਸ਼ਬਦ ਵਿਚ ਵੀ ਚਿੱਤਰ ਝਲਕ ਰਿਹਾ ਹੈ। ਸ਼ਾਇਦ ਹਾਥੀ ਤੇ ਕੁਝ ਹੋਰ ਜਾਨਵਰਾਂ ਦਾ ਵੀ ਉਨ੍ਹਾਂ ਦੇ ਵਿਚਿੱਤਰ ਹੋਣ ਕਰਕੇ ਇਹ ਨਾਂ ਪਿਆ ਹੋਵੇ। ਗੁਰੂ ਗ੍ਰੰਥ ਸਾਹਿਬ ਵਿਚ ਸਾਰੰਗਪਾਣੀ ਜਿਹਾ ਸ਼ਬਦ ਕਈ ਸ਼ਬਦ-ਜੋੜਾਂ ਵਿਚ ਮਿਲਦਾ ਹੈ, ਜਿਵੇਂ ਸਾਰਿੰਗਪਾਣਿ, ਸਾਰਿਗਪਾਣਿ, ਸਾਰਿੰਗਪਾਣੀ, ਸਾਰਿਗਪਾਣੇ, ਸਾਰਿੰਗਪਾਨੀ ਸਾਰਿਗਪਾਨੇ। ਕੁਝ ਮਿਸਾਲਾਂ ਹਾਜ਼ਿਰ ਹਨ, "ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ॥" -ਗੁਰੂ ਨਾਨਕ; "ਕਰਿ ਕਿਰਪਾ ਮੋਹਿ ਸਾਰਿੰਗਪਾਣਿ॥" -ਗੁਰੂ ਅਰਜਨ; "ਜਹ ਦੇਖਉ ਤਹ ਸਾਰਿਗਪਾਣਿ॥" -ਗੁਰੂ ਨਾਨਕ; "ਚਾਖਿ ਅਘਾਣੇ ਸਾਰਿਗਪਾਣੇ ਜਿਨ ਕੈ ਭਾਗ ਮਥਾਨਾ॥" -ਗੁਰੂ ਅਰਜਨ ਦੇਵ; "ਨਟ ਵਟ ਖੇਲੈ ਸਾਰਿਗਪਾਨਿ॥" -ਭਗਤ ਕਬੀਰ।

ਸਰਿੰਗਪਾਣੀ ਦਾ ਅਰਥ ਹੈ ਪ੍ਰਿਥਵੀ ਨੂੰ ਧਾਰਨ ਕਰਨ ਵਾਲਾ। ਉਂਜ ਤਾਂ ਇਹ ਵਿਸ਼ਨੂੰ ਦੀ ਇਕ ਉਪਾਧੀ ਹੈ ਪਰ ਗੁਰਬਾਣੀ ਵਿਚ ਇਸ ਨੂੰ ਪਰਮਾਤਮਾ ਲਈ ਵਰਤਿਆ ਗਿਆ ਹੈ। ਸੰਸਕ੍ਰਿਤ ਵਿਚ ਪਾਨੀ ਦਾ ਅਰਥ ਹੱਥ ਹੁੰਦਾ ਹੈ। ਗੁਰਬਾਣੀ ਵਿਚ ਇਨ੍ਹਾਂ ਹੀ ਅਰਥਾਂ ਵਿਚ ਪਰਮਾਤਮਾ ਲਈ 'ਸਾਰਿੰਗਧਰ' ਸ਼ਬਦ ਵੀ ਇਸਤੇਮਾਲ ਕੀਤਾ ਗਿਆ ਹੈ, "ਸਾਰਿੰਗਧਰ ਭਗਵਾਨ ਬੀਠੁਲਾ ਮੈ ਗਣਤ ਨ ਆਵੈ ਸਰਬੰਗਾ॥" (ਗੁਰੂ ਅਰਜਨ ਦੇਵ) ਅਰਥਾਤ, ਹੇ ਧਨੁਖ-ਧਾਰੀ! ਹੇ ਭਗਵਾਨ! ਹੇ ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲੇ! ਮੈਥੋਂ ਤੇਰੇ ਸਾਰੇ ਗੁਣ ਬਿਆਨ ਨਹੀਂ ਹੋ ਸਕਦੇ। ਸਾਰਿੰਗਧਰ ਦਾ ਅਰਥ ਵੀ ਪ੍ਰਿਥਵੀ ਨੂੰ ਧਾਰਨ ਕਰਨ ਵਾਲਾ ਯਾਨਿ ਜੋ ਪ੍ਰਿਥਵੀ ਦੇ ਜੀਆ-ਜੰਤ ਦਾ ਮਾਲਕ ਹੈ। ਇਥੇ ਇਹ ਦੱਸ ਦੇਣਾ ਵੀ ਮੈਂ ਜ਼ਰੂਰੀ ਸਮਝਦਾ ਹਾਂ ਕਿ ਸਾਰੰਗ ਦਾ ਇਕ ਅਰਥ ਧਨੁਖ ਵੀ ਹੁੰਦਾ ਹੈ। ਇਸ ਲਈ ਵਿਸ਼ਨੂੰ ਦੀ ਇਸ ਉਪਾਧੀ ਦਾ ਅਰਥ ਧਨੁਖਧਾਰੀ ਵੀ ਲਿਆ ਜਾਂਦਾ ਹੈ। ਵਿਸ਼ਨੂੰ ਦੇ ਹੱਥ ਵਿਚ ਗਦਾ, ਸੁਦਰਸ਼ਨ ਚੱਕਰ, ਸੰਖ ਆਦਿ ਹੁੰਦੇ ਹਨ।

# ਗੁਰਬਾਣੀ ਅਨੁਸਾਰ ਰਸ

ਜਦੋਂ ਵੀ ਕੋਈ ਪ੍ਰਚਾਰਕ ਸੰਗਤਾਂ ਵਿਚ ਬੈਠ ਕੇ ਵਿਚਾਰ ਚਰਚਾ ਕਰਦਾ ਹੈ ਤਾਂ ਸਭ ਤੋਂ ਪਹਿਲਾ ਸਵਾਲ ਅਕਸਰ ਮਾਸ ਬਾਰੇ ਹੁੰਦਾ ਹੈ ਕਿ ਖਾਣਾ ਚਾਹੀਦਾ ਹੈ ਕਿ ਨਹੀਂ। ਗੁਰਬਾਣੀ ਵਿਚ ਆਏ ਰਸਾਂ ਦੇ ਵਰਣਨ ਤੋਂ ਪਤਾ ਲਗਦਾ ਹੈ ਕਿ ਮਾਸ ਸਭ ਤੋ ਅਖੀਰਲਾ ਰਸ ਹੈ। ਮਾਸ ਬਾਰੇ ਸਵਾਲ ਪੁੱਛਣ ਵਾਲੇ ਅਤੇ ਸੰਗਤਾਂ ਨੂੰ ਉਲਝਾਉਣ ਵਾਲੇ ਕੀ ਦੂਜੇ ਰਸਾਂ ਤੋ ਮੁਕਤ ਹੋ ਗਏ ਹਨ



ਦਲਜੀਤ ਸਿੰਘ ਇੰਡੀਆਨਾ
ਫੋਨ: 317-590-7448

ਕਿ ਸਭ ਦਾ ਧਿਆਨ ਸਿਰਫ ਮਾਸ ਉਪਰ ਹੀ ਆ ਕੇ ਟਿਕਦਾ ਹੈ। ਆਓ ਗੁਰਬਾਣੀ ਅਨੁਸਾਰ ਸਾਰੇ ਰਸਾਂ ਬਾਰੇ ਥੋੜੀ ਵਿਚਾਰ ਕਰੀਏ।

ਗੁਰਬਾਣੀ ਵਿਚ ਆਏ ਰਸਾਂ ਬਾਰੇ ਸਿਰੀਰਾਗ ਮਹਲਾ ਪਹਿਲਾ ਵਿਚ ਲਿਖਿਆ ਹੈ,

ਰਸੁ ਸੁਇਨਾ ਰਸੁ ਰੁਪਾ ਕਾਮਣਿ
ਰਸੁ ਪਰਮਲ ਕੀ ਵਾਸੁ॥

ਅਰਥਾਤ ਸੋਨਾ ਚਾਂਦੀ (ਇਕੱਠਾ ਕਰਨ) ਦਾ ਚਸਕਾ, ਇਸਤਰੀ (ਭਾਵ ਕਾਮ) ਦਾ ਚਸਕਾ, ਸੁਗੰਧੀਆਂ ਦੀ ਲਗਨ।

ਰਸੁ ਘੋੜੇ ਰਸੁ ਸੇਜਾ ਮੰਦਰ
ਰਸੁ ਮੀਠਾ ਰਸੁ ਮਾਸੁ॥

ਘੋੜਿਆਂ (ਦੀ ਸਵਾਰੀ) ਦਾ ਸ਼ੌਂਕ, (ਨਰਮ ਨਰਮ) ਸੇਜਾਂ ਤੇ (ਸੋਹਣੇ) ਮਹਿਲ-ਮਾੜੀਆਂ ਦੀ ਲਾਲਸਾ, (ਸੁਆਦਲੇ) ਮਿੱਠੇ ਪਦਾਰਥ, ਤੇ ਮਾਸ (ਖਾਣ) ਦਾ ਚਸਕਾ।

**ਰਸੁ ਸੁਇਨਾ:** ਗੁਰਬਾਣੀ ਵਿਚ ਸਭ ਤੋਂ ਪਹਿਲਾ ਰਸ ਸੋਨੇ ਦਾ ਹੈ ਪਰ ਹੁਣ ਦੇਖੋ ਜਿਹੜੇ ਸਾਧ ਸੰਤ ਡੇਰਿਆਂ ਵਾਲੇ ਹਨ ਜਾਂ ਅਸੀਂ ਆਪ ਕਿੰਨੇ ਕੁ ਇਸ ਰਸ ਤੋਂ ਬਚੇ ਹੋਏ ਹਾਂ। ਅਜ ਬਹੁਤੇ ਡੇਰਿਆਂ ਅਤੇ ਗੁਰਦੁਆਰਿਆਂ ਵਿਚ ਸਿਰਫ ਸੋਨਾ ਲਾਉਣ 'ਤੇ ਜੋਰ ਦਿੱਤਾ ਜਾ ਰਿਹਾ ਹੈ। ਕੀ ਇਹ ਲੋਕ ਸੋਨੇ ਨੂੰ ਅਹਿਮੀਅਤ ਦੇ ਕੇ ਗੁਰਬਾਣੀ ਦੇ ਉਲਟ ਕੰਮ ਨਹੀਂ ਰਹੇ? ਜਾਂ ਇਨ੍ਹਾਂ ਨੂੰ ਗੁਰਬਾਣੀ ਦੀ ਸੋਝੀ ਹੀ ਨਹੀਂ। ਬੀਬੀਆਂ ਇਸ ਰਸ ਵਿਚ ਸਭ ਤੋਂ ਵੱਧ ਗਲਤਾਨ ਹਨ। ਕਿਉਂ ਉਨ੍ਹਾਂ ਨੂੰ ਗਹਿਣਿਆਂ ਭਾਵ ਸੋਨੇ ਦਾ ਚਸਕਾ ਹੁੰਦਾ ਹੈ?

**ਰਸੁ ਰੁਪਾ ਕਾਮਣਿ ਰਸੁ:** ਦੂਸਰਾ ਰਸ ਯਾਨਿ ਕਾਮ ਦਾ ਰਸ ਹੈ। ਕਈ ਸਾਧ ਸੰਤ ਵਿਆਹ ਨਹੀਂ ਕਰਵਾਉਂਦੇ ਅਤੇ ਬਾਅਦ ਵਿਚ ਉਨ੍ਹਾਂ 'ਤੇ ਬਲਾਤਕਾਰ ਦੇ ਕੇਸ ਚਲਦੇ ਹਨ। ਕਿਉਂ? ਕਿਉਂਕਿ ਇਹ ਕਾਮੀ ਹਨ। ਇਸ ਦੀ ਤਾਜ਼ਾ ਮਿਸਾਲ ਮਾਨ ਸਿੰਘ ਪਿਹੋਵੇ ਵਾਲੇ, ਸੰਤ ਧਨਵੰਤ ਸਿੰਘ, ਸਰਸੇ ਵਾਲੇ ਸਾਧ ਤੇ ਆਸਾ ਰਾਮ ਉਪਰ ਬਲਾਤਕਾਰ ਦੇ ਦੋਸ਼ ਲੱਗਣ ਤੋਂ ਮਿਲਦੀ ਹੈ।

**ਪਰਮਲ ਕੀ ਵਾਸੁ:** ਤੀਜਾ ਰਸ ਗੁਰਬਾਣੀ ਅਨੁਸਾਰ ਸੁਗੰਧੀਆਂ ਦਾ ਹੈ। ਅਸੀਂ ਆਪਣੀ ਚਮੜੀ ਦੀ ਰੱਖਿਆ ਵਾਸਤੇ ਕਰੀਮ ਲੋਸ਼ਨ ਲਾਉਂਦੇ ਹਾਂ ਪਰ ਕਈ ਸਾਧ ਤਾਂ ਗੁਰੂ ਗ੍ਰੰਥ ਸਾਹਿਬ ਉਪਰ ਵੀ ਇਤਰਾਂ ਦੀ ਸਪਰੇ ਕਰਦੇ ਹਨ ਹਾਲਾਂਕਿ ਇਸ ਵਿਚ ਅਲਕੋਹਲ ਹੁੰਦੀ ਹੈ ਪਰ ਉਨ੍ਹਾਂ ਨੂੰ ਕਿਹੜਾ ਸਮਝਾਵੇ ਕਿ ਗੁਰਬਾਣੀ ਤਾਂ ਇਨ੍ਹਾਂ ਰਸਾ ਤੋਂ ਦੂਰ ਰਹਿਣ ਦਾ ਆਦੇਸ਼ ਦਿੰਦੀ ਹੈ।

**ਰਸੁ ਘੋੜੇ:** ਹੁਣ ਗੱਲ ਕਰਦੇ ਹਾ ਚੌਥੇ ਰਸ ਯਾਨਿ ਮਹਿੰਗੇ ਮਹਿੰਗੇ ਘੋੜਿਆਂ ਦੀ ਸਵਾਰੀ ਦੀ। ਮਹਿੰਗੀਆਂ ਕਾਰਾਂ ਦਾ ਚਸਕਾ। ਲੋੜ ਅਨੁਸਾਰ ਸਵਾਰੀ ਵਾਸਤੇ ਗੱਡੀ ਦੀ ਵਰਤੋਂ ਕਰਨੀ ਹੀ ਪੈਂਦੀ ਹੈ ਪਰ ਦਿਖਾਵੇ ਵਾਸਤੇ ਮਹਿੰਗੀਆਂ ਮਹਿੰਗੀਆਂ ਕਾਰਾਂ ਦੇ ਚਸਕੇ ਨੂੰ ਵੀ ਗੁਰਬਾਣੀ ਰਸ ਆਖਦੀ ਹੈ। ਪਰ ਸਟੇਜਾਂ ਉਪਰ ਲੋਕਾਂ ਨੂੰ ਮਾਇਆ ਤੋਂ ਪਰਹੇਜ ਕਰਨ ਦਾ ਉਪਦੇਸ਼ ਦੇਣ ਵਾਲੇ ਸੰਤਾਂ ਨੂੰ ਖੁਦ ਹੀ ਮਹਿੰਗੀਆਂ ਗੱਡੀਆਂ ਦਾ ਚਸਕਾ ਹੈ। ਪਿਛੇ ਜਿਹੇ ਇਕ ਗਾਇਕ ਨੇ ਇਕ ਸੰਤ ਦੀਆਂ ਮਹਿੰਗੀਆਂ ਗੱਡੀਆਂ ਦੇ ਸੌਂਕ ਬਾਰੇ ਗੀਤ ਗਾ ਦਿਤਾ ਸੀ। ਲੋਕਾਂ ਨੂੰ ਸ਼ਾਂਤੀ ਦਾ ਉਪਦੇਸ਼ ਦੇਣ ਵਾਲਾ ਸੰਤ ਆਪ ਹੀ ਅੱਗ ਉਪਰ ਲਿਟਦਾ ਫਿਰਦਾ ਸੀ ਕਿਉਂਕਿ ਉਸ ਨੂੰ ਗੱਡੀਆਂ ਦਾ ਰਸ ਹੈ। ਆਮ ਲੋਕ ਵੀ ਇਸ ਰਸ ਦੇ ਸ਼ਿਕਾਰ ਹਨ।

**ਰਸੁ ਸੇਜਾ ਮੰਦਰ:** ਹੁਣ ਗੱਲ ਕਰਦੇ ਹਾਂ ਪੰਜਵੇਂ ਰਸ ਦੀ। ਗੁਰੂ ਸਾਹਿਬ ਆਖਦੇ ਹਨ ਕਿ ਵੱਡੇ ਵੱਡੇ ਮਹਿਲਨੁਮਾ ਘਰ ਬਣਾਉਣੇ ਵੀ ਇਕ ਰਸ ਹੈ। ਲੋੜ ਅਨੁਸਾਰ ਰਹਿਣ ਵਾਸਤੇ ਘਰ ਦੀ ਹਰ ਇਕ ਇਨਸਾਨ ਨੂੰ ਲੋੜ ਹੈ ਪਰ ਕਈ ਵਾਰ ਜਦੋਂ ਕਿਸੇ ਕੋਲ ਚਾਰ ਪੈਸੇ ਜਿਆਦਾ ਹੋਣ (ਭਾਵੇਂ ਇਹ ਹਰਾਮ ਦੀ ਹੀ ਕਮਾਈ ਹੋਵੇ) ਤਾਂ ਉਸ ਨੂੰ ਪਹਿਲਾਂ ਵਾਲਾ ਘਰ ਚੰਗਾ ਨਹੀਂ ਲਗਦਾ ਅਤੇ ਉਹ ਹੋਰ ਵੱਡਾ ਘਰ ਬਣਾਉਣ ਬਾਰੇ ਲੋਚਦਾ ਹੈ। ਅੱਜ ਲੋਕਾਂ ਨੂੰ ਸਾਦਾ ਰਹਿਣ ਦਾ ਉਪਦੇਸ਼ ਦੇਣ ਵਾਲੇ ਸਾਧ ਸੰਤ ਵੀ ਇਸ ਰਸ ਵਿਚ ਲਿਪਤ ਨੇ, ਉਹ ਵੀ ਨਿੱਤ ਨਵੇਂ ਮਹਿਲਨੁਮਾ ਡੇਰੇ ਬਣਾ ਰਹੇ ਹਨ। ਕਈ ਤਾਂ ਡੇਰਿਆਂ ਨੂੰ ਠਾਠ ਵੀ ਆਖਦੇ ਹਨ। ਇਹ ਵੀ ਇਕ ਰਸ ਹੈ ਜਿਸ ਵਿਚ ਆਮ ਇਨਸਾਨ ਦੇ ਨਾਲ ਨਾਲ ਸਾਧ ਲਾਣਾ ਵੀ ਲਿਪਤ ਹੈ।

**ਰਸੁ ਮੀਠਾ:** ਛੇਵਾਂ ਰਸ ਭਾਂਤ ਭਾਂਤ ਦੇ ਖਾਣੇ ਖਾਣ ਦਾ ਚਸਕਾ ਹੈ। ਪੇਟ ਭਰਨ ਵਾਸਤੇ ਭਾਵੇਂ ਖਾਣਾ ਜਰੂਰੀ ਹੈ ਪਰ ਜੀਭ ਦੇ ਸਵਾਦ ਵਾਸਤੇ ਵਖ ਵਖ ਤਰ੍ਹਾਂ ਦੇ ਸਵਾਦਲੇ ਭੋਜਨ ਸਿਹਤ ਵਾਸਤੇ ਵੀ ਹਾਨੀਕਾਰਨ ਹਨ, ਜਿਵੇਂ ਕਿ ਮਠਿਆਈਆਂ, ਪੀਜੇ, ਤਲੇ ਹੋਏ ਭੋਜਨ। ਅੱਜਕਲ੍ਹ ਤਾਂ ਗੁਰਦੁਆਰਿਆਂ ਅਤੇ ਡੇਰਿਆਂ ਵਿਚ ਲੰਗਰ ਦਾਲ-ਫੁਲਕਾ ਨਾ ਰਹਿ ਕੇ ਇਕ ਦੂਜੇ ਤੋਂ ਵੱਧ ਚੜ੍ਹ ਕੇ ਖਾਣੇ ਪਰੋਸਣ ਦਾ ਮੁਕਾਬਲਾ ਹੀ ਬਣ ਗਿਆ ਹੈ। ਬਹੁਤੇ ਗੁਰਦੁਆਰਿਆਂ ਅਤੇ ਡੇਰਿਆਂ ਵਿਚ ਇਹੋ ਹਾਲ ਹੈ।

**ਰਸੁ ਮਾਸੁ:** ਜਿਥੋਂ ਤੱਕ ਸੱਤਵੇਂ ਰਸ ਭਾਵ ਮਾਸ ਖਾਣ ਦੇ ਚਸਕੇ ਦੀ ਗੱਲ ਹੈ, ਇਹ ਚਸਕਾ

## ਪਾਠਕਾਂ ਦੀ ਰਾਏ

ਗੁਰਬਾਣੀ ਵਿਚ ਸਭ ਤੋਂ ਥੱਲੇ ਹੈ ਪਰ ਅੱਜ ਕਲ੍ਹ ਸਭ ਤੋਂ ਪਹਿਲਾਂ ਇਸੇ ਚਸਕੇ ਦਾ ਸਵਾਲ ਉਠਦਾ ਹੈ। ਸਾਧ ਸੰਤ ਜਾਂ ਪ੍ਰਚਾਰਕ ਲੋਕਾਂ ਨੂੰ ਉਪਦੇਸ਼ ਦਿੰਦੇ ਹਨ ਕਿ ਮਾਸ ਨਹੀਂ ਖਾਣਾ ਪਰ ਖੁਦ ਮਾਸ ਤੋਂ ਮਨ੍ਹਾਂ ਕਰਨ ਵਾਲੇ ਇਹ ਲੋਕ ਉਪਰ ਲਿਖੇ ਸਾਰੇ ਰਸਾਂ ਵਿਚ ਗਲਤਾਨ ਹੁੰਦੇ ਹਨ। ਇਹ ਕਦੇ ਉਪਰ ਦੱਸੇ ਰਸਾਂ ਦੀ ਗੱਲ ਨਹੀਂ ਕਰਦੇ। ਇਨ੍ਹਾਂ ਧਾਰਮਿਕ ਪ੍ਰਚਾਰਕ ਅਖਵਾਉਣ ਵਾਲਿਆਂ ਦੀ ਸੂਈ ਮਾਸ 'ਤੇ ਆ ਕੇ ਟਿਕ ਜਾਂਦੀ ਹੈ। ਦੁਨੀਆਂ ਵਿਚ ਕੋਈ ਇਹੋ ਜਿਹਾ ਬੰਦਾ ਨਹੀਂ ਜਿਹੜਾ ਮਾਸ ਨਹੀਂ ਖਾਂਦਾ। ਗੁਰਬਾਣੀ ਵਿਚ ਲਿਖਿਆ ਹੈ, 'ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥' ਅਰਥਾਤ ਕੋਈ ਸਾਗ ਦਾ ਮਾਸ ਖਾ ਰਿਹਾ ਹੈ, ਕੋਈ ਕਣਕ ਦਾ ਮਾਸ ਖਾ ਰਿਹਾ ਹੈ। ਇਕੱਲੇ ਜੀਵ ਵਿਚ ਹੀ ਨਹੀਂ, ਬਨਸਪਤੀ ਵਿਚ ਵੀ ਜਾਨ ਹੈ। ਜਿਹੜੇ ਦਹੀਂ ਖਾਂਦੇ ਹਨ, ਉਹ ਵੀ ਇਕ ਤਰ੍ਹਾਂ ਨਾਲ ਮਾਸ ਖਾ ਰਹੇ ਹਨ ਕਿਉਂਕਿ ਜੇਕਰ ਖੁਰਦਬੀਨ ਨਾਲ ਦੇਖਿਆ ਜਾਵੇ ਤਾਂ ਦਹੀਂ ਦੀ ਕੌਲੀ ਵਿਚ ਵੀ ਅਣਗਿਣਤ ਜੀਵ ਹਨ ਜੋ ਅਸੀਂ ਖਾ ਜਾਂਦੇ ਹਾਂ। ਮਾਸ ਖਾਣਾ ਜਾਂ ਨਾ ਖਾਣਾ ਅਲੱਗ ਵਿਸ਼ਾ ਹੈ ਪਰ ਇਹ ਵੀ ਇਕ ਰਸ ਹੈ।

ਜੋ ਲੋਕ ਮਾਸ ਵਾਲੇ ਰਸ 'ਤੇ ਆ ਕੇ ਝਗੜਾ ਕਰਦੇ ਹਨ, ਉਹ ਸਭ ਤੋਂ ਪਹਿਲਾਂ ਇਹ ਦੇਖਣ ਕਿ ਕੀ ਉਹ ਇਸ ਮਾਸ ਵਾਲੇ ਰਸ ਤੋਂ ਬਚਣ ਤੋਂ ਪਹਿਲਾਂ ਉਹ ਹੋਰ ਰਸਾਂ ਤੋ ਮੁਕਤ ਹਨ। ਇਹ ਮੈਂ ਨਹੀਂ, ਗੁਰਬਾਣੀ ਆਖਦੀ ਹੈ।

# ਫ਼ਿਲਮ ਕਲਾ ਦੀ 'ਪੰਧ' ਵੰਨਗੀ




ਵਾਲਟਰ ਸੈਲੇਸ ਦੀ ਫ਼ਿਲਮ 'ਮੋਟਰਸਾਈਕਲ ਡਾਇਰੀਜ਼' ਦਾ ਪੋਸਟਰ।




ਜਤਿੰਦਰ ਮੌਹਰ
+91-97799-34747

ਪੰਧ ਦਾ ਮੁੱਢ ਤਾਂ ਸ਼ਾਇਦ ਮਨੁੱਖ ਦੇ ਜਨਮ ਨਾਲ ਹੀ ਬੱਝ ਗਿਆ ਸੀ। ਉਹ ਭੋਜਨ ਅਤੇ ਨਵੇਂ ਟਿਕਾਣਿਆਂ ਦੀ ਭਾਲ 'ਚ ਘੁਮੱਕੜ ਬਣ ਗਿਆ। ਬੇਰਹਿਮ ਮੌਸਮ ਤੋਂ ਬਚਣ ਲਈ ਅਤੇ ਨਵੀਆਂ ਧਰਤੀਆਂ ਲੱਭਣ ਦੀ ਜਗਿਆਸਾ ਨਾਲ ਉਹ ਘੁਮੱਕੜ ਕਬੀਲਿਆਂ ਦੇ ਰੂਪ 'ਚ ਪਰਵਾਸ ਕਰਨ ਲੱਗਾ। ਪੰਧ ਮਨੁੱਖ ਦੀ ਜਗਿਆਸਾ ਦਾ ਬਿੰਬ ਬਣਿਆ। ਪੰਧ ਨੇ ਮਨੁੱਖ ਨੂੰ ਮਨੁੱਖ ਦੇ ਨੇੜੇ ਲਿਆਉਣ ਦਾ ਕੰਮ ਕੀਤਾ। ਮਨੁੱਖ ਦੇ ਪੰਧ ਨੇ ਸੱਭਿਅਤਾ ਨੂੰ ਚਲਾਇਮਾਨ ਰੱਖਿਆ। ਪੰਧ ਦੇ ਇਤਿਹਾਸ ਅਤੇ ਲੋੜ ਨੂੰ ਕਰਤਿਆਂ ਨੇ ਸਾਹਿਤਕ ਕਿਰਤਾਂ 'ਚ ਥਾਂ ਦਿੱਤੀ।

ਫ਼ਿਲਮ ਕਲਾ ਦੀਆਂ ਵੰਨ-ਸੁਵੰਨੀਆਂ ਵੰਨਗੀਆਂ ਵਿਚੋਂ ਇੱਕ 'ਪੰਧ' ਵੰਨਗੀ ਹੈ ਜਿਹਨੂੰ ਅੰਗਰੇਜ਼ੀ ਵਿਚ 'ਰੋਡ ਮੂਵੀ' ਕਿਹਾ ਜਾਂਦਾ ਹੈ। ਇਸ ਵੰਨਗੀ ਦੀਆਂ ਫ਼ਿਲਮਾਂ ਦੇ ਪਿਤਾਮਾ ਰੌਬਰਟ ਫਲਾਹਰਟੀ (16 ਫਰਵਰੀ 1884-23 ਜੁਲਾਈ 1951) ਨੂੰ ਮੰਨਿਆ ਜਾਂਦਾ ਹੈ ਜਿਨ੍ਹਾਂ ਨੇ 1922 ਵਿਚ ਫ਼ਿਲਮ 'ਨਾਨੂਕ ਔਫ ਦਿ ਨੌਰਥ' ਬਣਾਈ ਸੀ। ਇਹ ਉੱਤਰੀ ਕੈਨੇਡਾ ਦੇ ਬਰਫ਼ੀਲੇ ਖਿੱਤੇ 'ਚ ਰਹਿਣ ਵਾਲੇ ਐਸਕੀਮੋ ਪਰਿਵਾਰ ਬਾਬਤ ਦਸਤਾਵੇਜ਼ੀ ਫ਼ਿਲਮ ਸੀ। ਇਸ ਕੜੀ ਵਿਚ ਦੂਜੇ ਅਹਿਮ ਫ਼ਿਲਮਸਾਜ਼ ਦਾ ਨਾਮ ਬਾਸਲ ਵਰਾਈਟ ਹੈ ਜੋ 1934 ਦੀ 'ਸੌਂਗਜ਼ ਔਫ ਸੀਲੌਨ' ਲਈ ਜਾਣੇ ਜਾਂਦੇ ਹਨ। ਇਹ ਫ਼ਿਲਮ ਸ੍ਰੀ ਲੰਕਨ ਲੋਕਾਂ ਦੇ ਸੱਭਿਆਚਾਰ ਬਾਰੇ ਸੀ।

ਪੰਧ ਵੰਨਗੀ ਪੱਛਮ 'ਚ ਫ਼ਿਲਮ ਕਲਾ ਦੀ ਮਸ਼ਹੂਰ ਵੰਨਗੀ ਹੈ ਪਰ ਭਾਰਤ ਵਿਚ ਇਸ ਵੰਨਗੀ ਨਾਲ ਸੰਬੰਧਤ ਬਹੁਤੀਆਂ ਫ਼ਿਲਮਾਂ ਨਹੀਂ ਬਣਦੀਆਂ। ਗਿਣੀਆਂ ਚੁਣੀਆਂ ਫ਼ਿਲਮਾਂ ਦੇ ਨਾਮ ਹੀ ਗਿਣਾਏ ਜਾ ਸਕਦੇ ਹਨ ਜਿਵੇਂ ਰਜਤ ਮੁਕਰਜੀ ਦੀ 'ਰੋਡ', ਗੁਜਰਾਤੀ ਫ਼ਿਲਮ 'ਦਿ ਗੁੱਡ ਰੋਡ', ਦੇਵ ਬੈਨੇਗਲ ਦੀ 'ਰੋਡ ਮੂਵੀ' ਆਦਿ। ਇਸ ਵੰਨਗੀ ਵਿਚ ਇੱਕ ਜਾਂ ਕੁਝ ਕਿਰਦਾਰ ਸਫ਼ਰ 'ਚ ਹੁੰਦੇ ਹਨ ਜਾਂ ਇਹ ਕਿਰਦਾਰਾਂ ਦਾ ਸਫ਼ਰ ਹੁੰਦਾ ਹੈ। ਸਫ਼ਰ ਦੌਰਾਨ ਉਨ੍ਹਾਂ ਨੂੰ ਅਨੇਕਾਂ ਕਿਰਦਾਰ ਅਤੇ ਥਾਵਾਂ ਮਿਲਦੀਆਂ ਹਨ। ਥਾਵਾਂ ਖ਼ਾਸ ਕਿਰਦਾਰ ਦੇ ਸਫ਼ਰ ਦਾ ਪੜਾਅ ਹੁੰਦੀਆਂ ਹਨ ਪਰ ਆਖ਼ਰੀ ਮੰਜ਼ਿਲ ਨਹੀਂ ਹੁੰਦੀਆਂ। ਮੂਲ ਰੂਪ ਵਿਚ ਇਹ ਸਫ਼ਰ ਬਾਰੇ ਹੈ, ਰਸਤੇ 'ਚ ਆਉਂਦੀਆਂ ਥਾਵਾਂ ਬਾਰੇ ਨਹੀਂ। ਜ਼ਰੂਰੀ ਨਹੀਂ ਕਿ ਸਫ਼ਰ ਕਿਸੇ ਵਹੀਕਲ 'ਤੇ ਹੀ ਕੀਤਾ ਜਾਵੇ। ਇਹ ਕਥਾ ਦੀ ਮੰਗ 'ਤੇ ਨਿਰਭਰ ਕਰਦਾ ਹੈ। ਮੁੱਖ ਕਿਰਦਾਰ ਵੱਖਰੀਆਂ ਥਾਵਾਂ ਰਾਹੀਂ ਗੁਜ਼ਰਦੇ ਹੋਏ ਸਵੈ ਅਤੇ ਢਾਂਚਾਗਤ ਧਾਰਨਾਵਾਂ ਬਾਰੇ ਨਵੇਂ ਸਿਰਿਉਂ ਸੋਚਦਾ ਹੈ। ਉਹਨੂੰ ਇਨ੍ਹਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਇਹ ਸੰਵਾਦ ਦਾ ਮਾਧਿਅਮ ਅਤੇ ਧਿਰ ਬਣਦੇ ਹਨ। ਪੰਧ ਵੰਨਗੀ ਦੀਆਂ ਫ਼ਿਲਮਾਂ ਦਾ ਕੇਂਦਰੀ ਤੱਤ ਇਹ ਹੈ ਕਿ ਕਿਸੇ ਵੀ ਪਲ ਅਣਕਿਆਸਿਆ ਮਿਲ ਜਾਂ ਵਾਪਰ ਸਕਦਾ ਹੈ। ਅਣਕਿਆਸੇ ਦੇ ਖ਼ਦਸ਼ੇ ਅਤੇ ਤਜਰਬੇ 'ਚੋਂ ਪਾਂਧੀ ਦੇ ਅੰਦਰੋਂ ਨਵਾਂ ਮਨੁੱਖ ਜਨਮ ਲੈਂਦਾ ਹੈ।

ਸਫ਼ਰ ਉਨ੍ਹਾਂ ਥਾਵਾਂ ਦਾ ਵੀ ਹੁੰਦਾ ਹੈ ਜਿਨ੍ਹਾਂ ਤੋਂ ਅਸੀਂ ਹਰ ਰੋਜ਼ ਨਿਕਲਦੇ ਹਾਂ। ਪੰਧ ਵੰਨਗੀ 'ਚ ਇਨ੍ਹਾਂ ਰਾਹਾਂ ਵਿਚੋਂ ਨਿਕਲਦੇ ਕਿਰਦਾਰ ਕੁਝ ਨਵਾਂ ਮਹਿਸੂਸ ਕਰਦੇ ਹਨ ਜਾਂ ਫ਼ਿਲਮ ਸਾਨੂੰ ਨਿਤ ਦਿਨ ਦੇ ਰਸਤਿਆਂ ਅਤੇ ਕਿਰਦਾਰਾਂ ਦੇ ਨਵੇਂ ਸਿਰਿਉਂ ਰੂਬਰੂ ਕਰਵਾਉਂਦੀ ਹੈ।

ਪੰਧ ਨੂੰ ਪੰਜਾਬੀ ਮਾਨਸਿਕਤਾ ਵਿਚ ਬਾਬਾ ਨਾਨਕ ਅਤੇ ਬਾਬਾ ਮਰਦਾਨਾ ਦੇ ਮਾਰੇ ਪੈਂਡੇ ਦੇ ਹਵਾਲੇ ਨਾਲ ਵੀ ਸਮਝਿਆ ਜਾ ਸਕਦਾ ਹੈ। ਇਹ ਪੰਜਾਬੀ ਮਾਨਸਿਕਤਾ ਵਿਚ ਮੋਹਰੀ ਪਾਂਧੀ ਰਹੇ ਹਨ। ਜਿਨ੍ਹਾਂ ਨੇ ਦੂਰ-ਦੁਰੇਡੇ ਦੀਆਂ ਧਰਤੀਆਂ ਦਾ



'ਪੰਧ' ਵੰਨਗੀ (ਰੋਡ ਮੂਵੀ) ਫ਼ਿਲਮਾਂ ਦਾ ਪਿਤਾਮਾ ਰੌਬਰਟ ਫਲਾਹਰਟੀ।

ਸਫ਼ਰ ਕੀਤਾ ਅਤੇ ਵੱਖਰੇ ਸੱਭਿਆਚਾਰਾਂ ਨਾਲ ਸੰਵਾਦ ਰਚਾਇਆ। ਸਿੱਖਣ-ਸਿਖਾਉਣ ਦੀ ਰਵਾਇਤ 'ਆਪੇ ਗੁਰੂ ਆਪੇ ਚੇਲਾ' ਤੱਕ ਜਾ ਪਹੁੰਚਦੀ ਹੈ।

ਅੱਜ ਸੰਚਾਰ ਮਾਧਿਅਮਾਂ ਨੇ ਧਰਤੀਆਂ ਨੂੰ ਨੇੜੇ ਲਿਆਂਦਾ ਹੈ। ਟੀ.ਵੀ. ਜਾਂ ਇੰਟਰਨੈੱਟ ਨਾਲ ਅਸੀਂ ਘਰ ਬੈਠੇ ਅਣਜਾਣ ਥਾਵਾਂ ਦੇਖ ਸਕਦੇ ਹਾਂ। ਉਂਝ ਅੱਜ ਸ਼ਾਇਦ ਹੀ ਕੋਈ ਥਾਂ ਅਣਜਾਣ ਰਹੀ ਹੋਵੇ। ਅਣਜਾਣ ਧਰਤੀਆਂ ਅਤੇ ਉੱਥੋਂ ਦੇ ਵਾਸੀਆਂ ਬਾਰੇ ਜਾਣਨ ਦੀ ਜਗਿਆਸਾ ਸੰਚਾਰ ਸਾਧਨਾਂ ਨੇ ਘੱਟ ਕਰ ਦਿੱਤੀ ਹੈ। ਅਜਿਹੇ ਮਾਹੌਲ 'ਚ ਪੰਧ ਵੰਨਗੀ ਦੀ ਅਹਿਮੀਅਤ ਬਣਦੀ ਹੈ। ਇਹ ਨਵੀਆਂ ਥਾਵਾਂ ਦੇ ਰੂਬਰੂ ਹੀ ਨਹੀਂ ਕਰਵਾਉਂਦੀ ਸਗੋਂ ਅਜਨਬੀ ਮਨੁੱਖਾਂ ਨਾਲ ਸਾਂਝੀ ਤੰਦ ਵੀ ਜੋੜਦੀ ਹੈ। ਮਨੁੱਖਤਾ ਦੀ ਸਾਂਝੀ ਨਸਲ ਅਤੇ ਵਿਰਾਸਤ ਦਾ ਅਹਿਸਾਸ ਆਲਮ ਨੂੰ ਖੁੱਲ੍ਹਦਿਲਾ ਅਤੇ ਦੂਜਿਆਂ ਦੇ ਸੱਭਿਆਚਾਰਾਂ ਦੀ ਇੱਜ਼ਤ ਕਰਨੀ ਸਿਖਾਉਂਦਾ ਹੈ। ਪੰਧ ਵੰਨਗੀ ਲੈਂਡਸਕੇਪ ਤੋਂ ਮਾਈਂਡਸਕੇਪ ਦੇ ਸਫ਼ਰ ਦਾ ਸਬੱਬ ਬਣਦੀ ਹੈ। ਜਿੱਥੇ ਅਸੀਂ ਸੋਚਦੇ ਹਾਂ ਕਿ ਅਸੀਂ ਕਿਥੋਂ ਆਏ ਹਾਂ ... ਕਿੱਥੇ ਹਾਂ ਅਤੇ ਕਿੱਥੇ ਜਾ ਰਹੇ ਹਾਂ; ਇਹੀ ਮਨੁੱਖਤਾ ਸਾਹਮਣੇ ਵੱਡਾ ਸਵਾਲ ਖੜ੍ਹਾ ਕਰਦਾ ਹੈ। ਅਸੀਂ ਪਿੱਛੇ ਮੁੜ ਕੇ ਬੀਤੇ ਦੀ ਪੜਚੋਲ ਕਰਨੀ ਹੈ। ਅੱਜ ਇਸ ਪਲ ਖੜ੍ਹ ਕੇ ਵਰਤਮਾਨ ਵਿਚਾਰਨਾ ਹੈ। ਬੀਤੇ ਅਤੇ ਵਰਤਮਾਨ ਦੀ ਸੰਜੀਦਾ ਪੜਚੋਲ 'ਚੋਂ ਬਿਹਤਰ ਭਵਿੱਖ ਦੇ ਨਕਸ਼ ਘੜਨੇ ਹਨ। ਕਿਸੇ ਖ਼ਾਸ ਕਿਰਦਾਰ ਦਾ ਨਿੱਜੀ ਸਫ਼ਰ ਮਨੁੱਖ ਅਤੇ ਆਲਮ ਦੇ ਅਮੁੱਕ ਸਫ਼ਰ ਦਾ ਬਿੰਬ ਬਣਦਾ ਹੈ।

ਇਹ ਜ਼ਰੂਰੀ ਨਹੀਂ ਕਿ ਪੰਧ ਵੰਨਗੀ ਦੀ ਹਰ ਫ਼ਿਲਮ ਅਰਥ-ਭਰਪੂਰ ਹੋਵੇ। ਕਈ ਫ਼ਿਲਮਸਾਜ਼ ਇਸ ਵੰਨਗੀ ਨੂੰ ਬੇਤੁਕੀਆਂ ਰੋਮਾਂਚਕਾਰੀ ਜਾਂ ਡਰਾਉਣੀਆਂ ਫ਼ਿਲਮਾਂ ਲਈ ਵੀ ਵਰਤਦੇ ਹਨ। ਅਸੀਂ ਇਸ ਵੰਨਗੀ ਦੀ ਸਮਰੱਥਾ ਅਤੇ ਅਹਿਮੀਅਤ ਬਾਬਤ ਗੱਲ ਕਰ ਰਹੇ ਹਾਂ ਜਿਹਨੂੰ ਵਰਤਣ ਵਾਲੇ ਦਾ ਕਸੂਰ ਹੋ ਸਕਦਾ ਹੈ ਪਰ ਵੰਨਗੀ ਦਾ ਨਹੀਂ। 'ਮੋਟਰਸਾਈਕਲ ਡਾਇਰੀਜ਼' ਬ੍ਰਾਜ਼ੀਲੀਆਈ ਹਦਾਇਤਕਾਰ ਵਾਲਟਰ ਸੈਲੇਸ ਦੀ ਫ਼ਿਲਮ ਹੈ। ਆਲਮੀ ਇਨਕਲਾਬੀ ਚੀ ਗੁਵੇਰਾ ਨੇ ਸੱਠਵਿਆਂ ਦੇ ਸ਼ੁਰੂ 'ਚ ਦੱਖਣੀ ਅਮਰੀਕਾ ਮਹਾਂਦੀਪ ਦਾ ਮੋਟਰਸਾਈਕਲ ਨਾਲ ਅਤੇ ਪੈਦਲ ਸਫ਼ਰ ਕੀਤਾ ਸੀ। ਇਹ ਫ਼ਿਲਮ ਇਸ ਸਫ਼ਰ ਬਾਬਤ ਹੈ। ਇਹ ਫ਼ਿਲਮ ਤੀਜੀ ਦੁਨੀਆਂ ਦੇ ਲੋਕਾਂ ਦੀ ਮੰਦਹਾਲੀ ਦਾ ਜ਼ਿਕਰ ਛੇੜਦੀ ਹੈ। ਇਸ ਮੰਦਹਾਲੀ ਦਾ ਫ਼ਾਹਾ ਵੱਢਣ ਲਈ ਸਫ਼ਰ ਦਾ ਯਾਤਰੀ ਚੀ ਗੁਵੇਰਾ ਇਨਕਲਾਬ ਲਈ ਆਪਣੀ ਜ਼ਿੰਦਗੀ ਲਾ ਗਿਆ। ਉਹਦਾ ਜੀਵਨ ਸਫ਼ਰ ਨਿਮਾਣਿਆਂ ਅਤੇ ਨਿਤਾਣਿਆਂ ਦੀ ਧਿਰ ਬਣਦਾ ਹੈ।

ਪੰਧ ਵੰਨਗੀ ਦੀ ਫ਼ਿਲਮ ਬਾਰੇ ਕਿਹਾ ਜਾਂਦਾ ਹੈ ਕਿ ਭਾਵੇਂ ਉਪਰੀ ਨਜ਼ਰੇ ਇਹ ਬਾਹਰੀ ਸਫ਼ਰ ਲਗਦਾ ਹੈ ਪਰ ਅਸਲ ਵਿਚ ਇਹ ਅੰਦਰੂਨੀ ਸਫ਼ਰ ਹੁੰਦਾ ਹੈ। ਜਦੋਂ ਤੱਕ ਮਨੁੱਖੀ ਸੰਵੇਦਨਾ ਜਿਉਂਦੀ ਰਹੇਗੀ। ਪੰਧ ਦੀ ਜਗਿਆਸਾ ਅਤੇ ਜਾਣੇ-ਅਣਜਾਣੇ ਲੋਕਾਂ ਨਾਲ ਜੁੜੀਆਂ ਤੰਦਾਂ ਦਾ ਅਹਿਸਾਸ ਮਨੁੱਖ ਨੂੰ ਬਿਹਤਰ ਜ਼ਿੰਦਗੀ ਦਾ ਹਲੂਣਾ ਦਿੰਦਾ ਰਹੇਗਾ।

# 'ਕ੍ਰਿਸ਼ 3' ਦਾ ਕ੍ਰਿਸ਼ਮਾ

ਰਿਤਿਕ ਰੌਸ਼ਨ, ਕੰਗਨਾ ਰਾਣਾਵਤ ਅਤੇ ਪ੍ਰਿਯੰਕਾ ਚੋਪੜਾ ਦੀ ਫਿਲਮ 'ਕ੍ਰਿਸ਼ 3' ਬਾਕਸ ਆਫਸ 'ਤੇ ਰਿਕਾਰਡ ਬਣਾ ਰਹੀ ਹੈ। ਪੈਸੇ ਹੂੰਝਣ ਦੇ ਮਾਮਲੇ ਵਿਚ ਤਾਂ ਇਹ ਫਿਲਮ '3 ਇਡੀਅਟਸ' ਨੂੰ ਪਿੱਛੇ ਛੱਡ ਹੀ ਗਈ ਹੈ ਅਤੇ ਸ਼ਾਹਰੁਖ਼ ਖਾਨ ਦੀ ਫਿਲਮ 'ਚੇਨਈ ਐਕਸਪ੍ਰੈਸ' ਨੂੰ ਪਿੱਛੇ ਛੱਡਣ ਵਾਲੀ ਹੈ। ਇਹ ਫਿਲਮ ਪਹਿਲੀ ਨਵੰਬਰ ਨੂੰ ਰਿਲੀਜ਼ ਹੋਈ ਸੀ ਅਤੇ ਉਦੋਂ ਤਿਉਹਾਰਾਂ ਵਾਲਾ ਮੌਸਮ ਨਾ ਹੋਣ ਦੇ ਬਾਵਜੂਦ ਇਸ ਨੇ ਧਮਾਕੇ ਵਾਲੀ ਸ਼ੁਰੂਆਤ ਕੀਤੀ। ਇਸ ਫਿਲਮ ਨੇ ਰਿਲੀਜ਼ ਤੋਂ ਬਾਅਦ ਪਹਿਲੇ ਪੰਜ ਦਿਨਾਂ ਵਿਚ ਹੀ 100 ਕਰੋੜ ਰੁਪਏ ਬਟੋਰ ਲਏ। ਉਂਝ ਸਭ ਤੋਂ ਤੇਜ਼ 100 ਕਰੋੜ ਰੁਪਏ ਇਕੱਠੇ ਕਰਨ ਦਾ ਰਿਕਾਰਡ ਅਜੇ 'ਚੇਨਈ ਐਕਸਪ੍ਰੈਸ' ਦਾ ਹੀ ਹੈ। 'ਚੇਨਈ ਐਕਸਪ੍ਰੈਸ' ਨੇ 100 ਕਰੋੜ ਰੁਪਏ ਚਾਰ ਦਿਨਾਂ ਵਿਚ ਹੀ ਕਮਾ ਲਏ ਸਨ। ਉਧਰ 'ਕ੍ਰਿਸ਼ 3' ਨੇ 200 ਕਰੋੜ ਦਾ ਅੰਕੜਾ ਸਿਰਫ਼ 10 ਦਿਨ ਵਿਚ ਪਾਰ ਕਰ ਲਿਆ ਹੈ; ਜਦ ਕਿ 'ਚੇਨਈ ਐਕਸਪ੍ਰੈਸ' ਇਹ ਅੰਕੜਾ 15 ਦਿਨਾਂ ਵਿਚ ਪਾਰ ਕਰ ਸਕੀ ਸੀ। '3 ਇਡੀਅਟਸ' ਨੂੰ ਤਾਂ 200 ਕਰੋੜ ਰੁਪਏ ਕਮਾਉਣ ਵਿਚ 70 ਦਿਨ ਲੱਗ ਗਏ ਸਨ। ਹੁਣ ਤੱਕ ਇਹ ਤਿੰਨ ਫਿਲਮਾਂ ਹੀ ਹਨ ਜਿਨ੍ਹਾਂ ਨੇ 200 ਕਰੋੜ ਰੁਪਏ ਕਮਾਉਣ ਦਾ ਅੰਕੜਾ ਪਾਰ ਕੀਤਾ ਹੈ।



ਰਿਤਿਕ ਤੇ ਕੰਗਨਾ।

## ਕ੍ਰਿਸ਼ 3, ਪੰਜਾਬੀ ਤੇ ਪਰਵਾਸ

*'ਕ੍ਰਿਸ਼ 3' ਵਿਚ ਇਕ ਸੀਨ ਜਹਾਜ਼ ਦੇ ਪਹੀਆਂ ਉਤੇ ਚੜ੍ਹਨ ਦਾ ਹੈ। ਇਹ ਸੀਨ ਬੜਾ ਲੰਮਾ ਹੈ ਅਤੇ ਉਤਸੁਕਤਾ ਵਾਲਾ ਵੀ ਹੈ। ਇਹ ਸੀਨ ਦੇਖ ਕੇ ਪੰਜਾਬ ਦੇ ਉਨ੍ਹਾਂ ਦੋ ਭਰਾਵਾਂ ਦਾ ਚੇਤਾ ਆ ਜਾਂਦਾ ਹੈ ਜਿਹੜੇ ਕੁਝ ਸਾਲ ਪਹਿਲਾਂ ਵਿਦੇਸ਼ ਜਾਣ ਲਈ ਜਹਾਜ਼ ਦੇ ਪਹੀਆਂ ਉਪਰ ਜਾ ਬੈਠੇ ਸਨ। ਇਨ੍ਹਾਂ ਵਿਚੋਂ ਇਕ ਨੌਜਵਾਨ ਦੀ ਮੌਤ ਹੋ ਗਈ ਸੀ। ਪਤਾ ਨਹੀਂ... ਫਿਲਮ ਦੇ ਨਿਰਦੇਸ਼ਕ ਦੇ ਦਿਲੋ-ਦਿਮਾਗ ਵਿਚ ਇਨ੍ਹਾਂ ਭਰਾਵਾਂ ਵਾਲੀ ਖਬਰ ਹੈ ਸੀ ਜਾਂ ਨਹੀਂ ਪਰ ਜਿਸ ਵੀ ਪੰਜਾਬੀ ਨੇ ਭਰਾਵਾਂ ਵਾਲੀ ਉਹ ਖਬਰ ਪੜ੍ਹੀ ਹੋਵੇਗੀ, ਉਨ੍ਹਾਂ ਨੂੰ ਪੰਜਾਬੀਆਂ ਵੱਲੋਂ ਪਰਵਾਸ ਲਈ ਵੇਲੇ ਜਾਂਦੇ ਪਾਪੜਾਂ ਦਾ ਚੇਤਾ ਇਕ ਵਾਰ ਤਾਂ ਜ਼ਰੂਰ ਆਇਆ ਹੋਵੇਗਾ।*

ਇਹ ਫਿਲਮ ਰਕੇਸ਼ ਰੌਸ਼ਨ ਵੱਲੋਂ ਪਹਿਲਾਂ ਬਣਾਈਆਂ ਦੋ ਫਿਲਮਾਂ 'ਕੋਈ ਮਿਲ ਗਿਆ' (2003) ਅਤੇ 'ਕ੍ਰਿਸ਼' (2006) ਦਾ ਅਗਲਾ ਹਿੱਸਾ ਹੈ। ਇਸ ਫਿਲਮ ਵਿਚ ਰਿਤਿਕ ਰੌਸ਼ਨ ਦੀ ਤਾਂ ਪ੍ਰਸੰਸਾ ਹੋਈ ਹੀ ਹੈ ਪਰ ਅਸਲ ਬੱਲੇ-ਬੱਲੇ ਕੰਗਨਾ ਰਾਣਾਵਤ ਦੀ ਹੋਈ ਹੈ ਜਿਸ ਨੇ ਆਪਣਾ ਕਿਰਦਾਰ ਬਹੁਤ ਖ਼ੂਬਸੂਰਤੀ ਅਤੇ ਰੂਹ ਨਾਲ ਨਿਭਾਇਆ ਹੈ। ਇਸ ਫਿਲਮ ਵਿਚ ਕੰਗਨਾ ਰਾਣਾਵਤ ਦੀ ਇੰਨੀ ਚਰਚਾ ਹੋਈ ਕਿ ਫਿਲਮ ਦੀ ਦੂਜੀ ਅਦਾਕਾਰਾ ਪ੍ਰਿਯੰਕਾ ਚੋਪੜਾ ਸੜ-ਬਲ ਗਈ। ਉਹ ਕੰਗਨਾ ਦੀ ਇਸ ਬੱਲੇ-ਬੱਲੇ ਤੋਂ ਇੰਨੀ ਔਖੀ ਹੋਈ ਕਿ ਉਸ ਨੇ ਫਿਲਮ ਦੀ ਮਸ਼ਹੂਰੀ ਲਈ ਕਰਵਾਏ ਜਾ ਰਹੇ ਸਮਾਗਮਾਂ ਵਿਚ ਵੀ ਜਾਣਾ ਛੱਡ ਦਿੱਤਾ। ਅਸਲ ਵਿਚ ਕੰਗਨਾ ਅਦਾਕਾਰਾ ਹੀ ਇੰਨੀ ਉਮਦਾ ਹੈ ਕਿ ਥੋੜ੍ਹੀ ਜਿਹੀ ਥਾਂ ਮਿਲਣ 'ਤੇ ਵੀ ਉਹ ਆਪਣੀ ਛਾਪ ਛੱਡ ਜਾਂਦੀ ਹੈ। ਉਸ ਦਾ ਥੀਏਟਰ ਵਾਲਾ ਪਿਛੋਕੜ ਵੀ ਉਸ ਦੀ ਅਦਾਕਾਰੀ ਵਿਚ ਜਾਨ ਪਾਉਣ ਦਾ ਜ਼ਰੀਆ ਬਣਦਾ ਹੈ। ਆਪਣੀ ਪਹਿਲੀ ਹੀ ਫਿਲਮ 'ਗੈਂਗਸਟਰ' (2006) ਵਿਚ ਉਹਨੇ ਆਪਣੀ ਅਦਾਕਾਰੀ ਦਾ ਲੋਹਾ ਮੰਨਵਾ ਲਿਆ ਸੀ ਅਤੇ 'ਫਿਲਮਫੇਅਰ ਐਵਾਰਡ' ਫੁੰਡ ਲਿਆ ਸੀ। ਇਸ ਤੋਂ ਬਾਅਦ ਉਸੇ ਸਾਲ ਰਿਲੀਜ਼ ਹੋਈ ਫਿਲਮ 'ਵੋਹ ਲਮਹੇ' ਵਿਚ ਤਾਂ ਉਸ ਨੇ ਅਦਾਕਾਰੀ ਦੀ ਕਮਾਲ ਹੀ ਕਰ ਦਿੱਤੀ ਸੀ। ਇਹ ਫਿਲਮ ਪ੍ਰਸਿੱਧ ਅਦਾਕਾਰਾ ਪ੍ਰਵੀਨ ਬਾਬੀ ਦੀ ਜ਼ਿੰਦਗੀ 'ਤੇ ਆਧਾਰਤ ਸੀ। ਕੰਗਨਾ ਨੂੰ ਆਪਣੀ ਨਵੀਂ ਫਿਲਮ 'ਰੱਜੋ' ਤੋਂ ਬਹੁਤ ਆਸਾਂ ਸਨ। ਇਸ ਫਿਲਮ ਵਿਚ ਉਸ ਦਾ ਲੀਡ ਰੋਲ ਸੀ ਪਰ ਇਹ ਫਿਲਮ ਬਾਕਸ ਆਫਸ 'ਤੇ ਕੋਈ ਕ੍ਰਿਸ਼ਮਾ ਨਾ ਕਰ ਸਕੀ। ਫਿਲਮ ਆਲੋਚਕਾਂ ਦਾ ਕਹਿਣਾ ਹੈ ਕਿ ਕੰਗਨਾ ਰਾਣਾਵਤ ਜਿੰਨੀ ਸਮਰੱਥ ਅਦਾਕਾਰਾ ਹੈ, ਉਸ ਪੱਧਰ ਦੀ ਕੋਈ ਫਿਲਮ ਅਜੇ ਤੱਕ ਉਸ ਨੂੰ ਨਹੀਂ ਮਿਲੀ। 'ਕ੍ਰਿਸ਼ 3' ਵਿਚ ਵੀ ਉਸ ਨੇ ਆਪਣੇ ਕਿਰਦਾਰ ਨੂੰ ਆਪਣੀ ਅਦਾਕਾਰੀ ਦੇ ਸਿਰ ਉਤੇ ਹੀ ਚੋਟੀ ਉਤੇ ਪਹੁੰਚਾਇਆ ਹੈ; ਨਹੀਂ ਤਾਂ ਇਸ ਫਿਲਮ ਵਿਚ ਰਿਤਿਕ ਰੌਸ਼ਨ ਪੂਰੀ ਤਾਂ ਛਾਇਆ ਹੋਇਆ ਹੈ। ਅਸਲ ਵਿਚ ਫਿਲਮਸਾਜ਼ ਰਾਕੇਸ਼ ਰੌਸ਼ਨ ਨੇ ਇਹ ਫਿਲਮ ਬਣਾਈ ਹੀ ਆਪਣੇ ਪੁੱਤਰ ਰਿਤਿਕ ਰੌਸ਼ਨ ਲਈ ਹੈ। ਇਸ ਫਿਲਮ ਉਤੇ ਰਾਕੇਸ਼ ਰੌਸ਼ਨ ਨੇ ਇਕ ਅਰਬ 15 ਕਰੋੜ ਰੁਪਏ ਲਾ ਦਿੱਤੇ। ਇਹ ਫਿਲਮ ਪਹਿਲਾਂ 'ਥ੍ਰੀ ਡੀ' ਵਿਚ ਬਣਾਈ ਜਾਣੀ ਸੀ, ਪਰ ਸਮਾਂ ਘੱਟ ਹੋਣ ਕਰ ਕੇ ਇਹ ਵਿਚਾਰ ਤਿਆਗ ਦਿੱਤਾ ਗਿਆ। ਫਿਲਮ ਬੱਚਿਆਂ ਨੇ ਬੜੇ ਚਾਅ ਨਾਲ ਦੇਖੀ ਹੈ ਪਰ ਸਾਰਿਆਂ ਨੂੰ ਇਹ ਫਿਲਮ ਅੱਧੀ ਹੀ ਪਸੰਦ ਆਈ ਹੈ। ਸਭ ਨੂੰ ਪਹਿਲਾ ਹਿੱਸਾ ਹੀ ਵਧੇਰੇ ਚੰਗਾ ਲੱਗਾ ਹੈ। ਦੂਜੇ ਹਿੱਸੇ ਵਿਚ ਜਿੰਨੀ ਮਾਰ-ਧਾੜ ਦਿਖਾਈ ਗਈ ਹੈ, ਉਹ ਅਕਾ ਦੇਣ ਵਾਲੀ ਹੈ। ਇਮਾਰਤਾਂ ਦੀ ਭੰਨ-ਤੋੜ ਮੁੱਕਦੀ ਹੀ ਨਹੀਂ। ਫਿਲਮ ਦਾ ਇਹ ਹਿੱਸਾ ਪਹਿਲਾਂ ਵਾਲੇ ਹਿੱਸੇ ਦਾ ਆਨੰਦ ਵੀ ਖਤਮ ਕਰ ਸੁੱਟਦਾ ਹੈ।

# Clay Oven



**We Cater!**
For all occasions
Up to 10,000 people
All live cooking on the spot.

Lunch Buffet
11am-3pm
$7.95

*Dinner 20% off*

ਕੈਟਰਿੰਗ ਲਈ ਸਾਨੂੰ ਕਾਲ ਕਰੋ

Call for packages today
Ph: 847-219-7432

ਅਸੀਂ ਮਿਡਵੈਸਟ ਦੀਆਂ ਸਾਰੀਆਂ ਸਟੇਟਾਂ ਵਿਚ ਕੈਟਰਿੰਗ ਕਰਦੇ ਹਾਂ

855 East Schaumburg Rd., Schaumburg, IL 60194
Ph: 847-524-3007



28523 Ford Road, Garden City, MI 48135 - e-mail: DICECDJ@GMAIL.COM - www.thedjdice.com

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

**Contact numbers:**
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ
ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography (with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

**Call:734-261-0936 or 734-890-1767**
e-mail: raj@syanvideo.com or visit at: www.syanvideo.com

# Dhillon Truck Stop
# Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536


HURRY! LIMITED-TIME OFFER!
FREE $100 REWARD CARD
Requires 24 month commitment, credit qualification and qualifying S. Asian package ($19.99/mo. or higher).
Use Promotional Code: International
CHOICE
START WITH PUNJABI PACK AND THEN CUSTOMIZE
PUNJABI PACK
$24.99 mo
HINDI MOVIES PACK
$19.99 mo
MASTI PACK
$5.00 mo ADD ON
WILLOW CRICKET HD*
$14.99 mo
WILLOW HD
CALL DISH NOW
855.318.4562
www.DishPunjabiTV.com
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Add-on packages available at additional cost. *Requires HD receiver to view International programming in HD. Must subscribe to a qualifying American HD package to qualify for HD receiver. $100 DISH REWARDS PREPAID MASTERCARD® CARD: Offer valid for activation and installation of qualifying DISH service under Digital Home Advantage with a 24-month commitment and credit qualification plus a qualifying South Asian package of $ 19.99 or higher through 1/31/2014. Must activate service by calling 1-855-318-4562 and provide Promotion Code INTERNATIONAL. Allow 6-8 weeks after service activation for Reward Card delivery. Offer Code required at time of order for service, prior to activation. Limit one Reward Card per DISH account activation. May not be combined with other special offers. After service activation, visit www.mydishrewards.com or call 1-877-682-1215 to check the status of Reward Card and for applicable restrictions for Reward Card usage. Cards are issued by Citibank, N.A. pursuant to a license from MasterCard International and managed by Citi Prepaid Services. This card can be used everywhere MasterCard debit cards are accepted. Cards are issued by Citibank, N.A. pursuant to a license from MasterCard International and managed by Citi Prepaid Services. Cards will not have cash access and can be used everywhere MasterCard debit cards are accepted. Additional Requirements: All prices, fees, charges, packages, programming, features, functionality and offers subject to change without notice. ETF: If you cancel service during first 24 months, early cancellation fee of $20 for each month remaining applies. Installation/Equipment Requirements: A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply.
© 2013 DISH Network L.L.C. All rights reserved.